Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

WEBSITE: DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Listen On Phone
Music 24/7
Application for android and iPhone- Dhol Radio

ਵਧੀਆ ਅਤੇ ਸਸਤੀ ਇੰਸ਼ੋਰੈਂਸ
SAVE UPTO $475!
GILL FINANCIAL AND INSURANCE SERVICES
CALL TODAY FOR A FREE QUOTE!
510-888-1180 209-524-4008
WWW.GILLFINANCIAL.COM
ਕਾਰ, ਘਰ, ਲਿਕਰ ਸਟੋਰ ਅਤੇ ਬਿਜ਼ਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 29, July 19, 2014 | 20451 N Plum Grove Rd., Palatine, IL 60074 | Ph:847-359-0746, Fax:847-705-9388

# ਬੇਵੱਸ ਹੋਏ ਬਾਦਲ, ਸਿਆਸੀ ਕਿਲ੍ਹੇ ਨੂੰ ਸੰਨ੍ਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਿਛਲੇ ਸੱਤ ਸਾਲ ਤੋਂ ਸੱਤਾ 'ਤੇ ਕਾਇਮ ਸ਼੍ਰੋਮਣੀ ਅਕਾਲੀ ਦਲ ਦੀਆਂ ਮੁਸ਼ਬੀਤਾਂ ਨਿੱਤ ਵਧ ਰਹੀਆਂ ਹਨ। ਸੂਬੇ ਦੇ ਡਾਵਾਂਡੋਲ ਆਰਥਿਕ ਢਾਂਚੇ, ਅਮਨ-ਕਾਨੂੰਨ ਦੀ ਮਾੜੀ ਹਾਲਤ, ਅਕਾਲੀ ਆਗੂਆਂ ਦਾ ਨਾਂ ਨਸ਼ਾ ਤਸਕਰੀ ਵਿਚ ਗੂੰਜਣ ਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਨੇ ਅਕਾਲੀ ਦਲ ਦੀ ਫਿਕਰ ਵਧਾ ਦਿੱਤੀ ਹੈ। ਲੋਕ ਸਭਾ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਤੋਂ ਬਾਅਦ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਥੋੜ੍ਹੀ ਕਮਾਨ ਆਪਣੇ ਹੱਥ ਲੈਂਦਿਆਂ ਹੰਭਲਾ ਮਾਰਿਆ, ਪਰ ਲੱਗਦਾ ਹੈ ਕਿ ਹੁਣ ਉਹ ਵੀ ਬੇਵੱਸ ਨਜ਼ਰ ਆ ਰਹੇ ਹਨ।

ਇਸ ਤੱਥ ਦਾ ਖੁਲਾਸਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਕ ਬਿਆਨ ਰਾਹੀਂ ਹੋਇਆ। ਲੀਹੋਂ ਲੱਥੇ ਪ੍ਰਸ਼ਾਸਨ ਨੂੰ ਮੁੜ ਚੁਸਤ-ਦਰੁਸਤ ਕਰਨ ਲਈ ਸ. ਬਾਦਲ ਨੇ ਪਿਛਲੇ ਸਮੇਂ ਵਿਚ ਕਾਫੀ ਸਰਗਰਮੀ ਵਿਖਾਈ, ਪਰ ਹੁਣ ਲੱਗਦਾ ਹੈ ਕਿ ਉਹ ਵੀ ਹਿੰਮਤ ਹਾਰ ਗਏ ਹਨ। ਸ. ਬਾਦਲ ਨੇ ਮੀਡੀਆ ਸਾਹਮਣੇ ਸ਼ਰ੍ਹੇਆਮ ਸਵੀਕਾਰ ਕੀਤਾ ਕਿ ਨੌਕਰਸ਼ਾਹ ਤੇ ਸਿਆਸਤਦਾਨ ਪੈਸਾ ਜਮ੍ਹਾਂ ਕਰਨ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਨੌਕਰਸ਼ਾਹ ਸ਼ਾਸਨ ਵਿਚ ਸੁਧਾਰ ਲਿਆਉਣ ਦੇ ਇੱਛੁਕ ਨਹੀਂ। ਜੇ ਉਹ ਕੁਝ ਕਹਿੰਦੇ ਹਨ ਤਾਂ ਅਫਸਰ ਇਕ-ਦੂਜੇ ਦੇ ਹੱਕ ਵਿਚ ਇਕੱਠੇ ਹੋ ਜਾਂਦੇ ਹਨ ਜਦਕਿ ਸਿਆਸਤਦਾਨ ਤੇ ਜੱਟ ਹਮੇਸ਼ਾ ਲੜਦੇ ਰਹਿੰਦੇ ਹਨ। ਸ. ਬਾਦਲ ਨੇ ਕਿਹਾ ਕਿ ਅਫਸਰਾਂ ਦੀ ਅ-ਕੁਸ਼ਲਤਾ ਕਾਰਨ ਸਰਕਾਰ ਦਾ ਨਾਂ ਬਦਨਾਮ ਹੋ ਰਿਹਾ ਹੈ।

ਉਧਰ, ਸ. ਬਾਦਲ ਦੇ ਇਸ ਬਿਆਨ ਦੀ ਅਲੋਚਨਾ ਕਰਦਿਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜੇ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਸ. ਬਾਦਲ ਆਪਣੇ ਅਫਸਰਾਂ ਤੇ ਮੰਤਰੀਆਂ ਨੂੰ ਨਹੀਂ ਸੰਭਾਲ ਸਕਦੇ ਤਾਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਖੁਦ ਮੰਨ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਮੰਤਰੀ ਵੀ ਜਨਤਾ ਦੇ ਕੰਮ ਕਰਨ ਦੀ ਬਜਾਏ ਆਪਸ ਵਿਚ ਹੀ ਲੜ ਰਹੇ ਹਨ। ਇਸ ਲਈ ਸ. ਬਾਦਲ ਸਰਕਾਰ ਚਲਾਉਣ ਵਿਚ ਨਾਕਾਮ ਰਹੇ ਹਨ ਤੇ ਉਨ੍ਹਾਂ ਨੂੰ ਸੱਤਾ ਵਿਚ ਰਹਿਣ ਦਾ ਕੋਈ ਹੱਕ ਨਹੀਂ।



ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ ਤੇ ਉਨ੍ਹਾਂ ਨੇ ਪਾਰਟੀ ਨੂੰ ਰਵਾਇਤੀ ਲੀਹਾਂ ਤੋਂ ਹਟ ਕੇ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਅੰਦਰ ਟਕਸਾਲੀ ਆਗੂ ਖੂੰਜੇ ਲੱਗ ਗਏ ਹਨ ਤੇ ਪਾਰਟੀ ਅੰਦਰ ਇਕ ਨਵਾਂ ਕਲਚਰ ਪੈਦਾ ਹੋਇਆ ਹੈ।

ਟਕਸਾਲੀ ਆਗੂ ਸੁਖਬੀਰ ਬਾਦਲ ਦੀ ਇਸ ਕਾਰਜਸ਼ੈਲੀ ਤੋਂ ਖਫਾ ਹਨ ਜਿਸ ਵਿਚ ਪੰਥਕ ਏਜੰਡਿਆਂ ਅੱਖੋਂ ਓਹਲੇ ਕੀਤਾ ਗਿਆ ਹੈ। ਅਕਾਲੀ ਦਲ ਵਿਚ ਨੁੱਕਰੇ ਲੱਗੇ ਟਕਸਾਲੀ ਆਗੂਆਂ ਨੇ ਇਸ ਬਾਰੇ ਆਵਾਜ਼ ਬੁਲੰਦ ਵੀ ਕੀਤੀ ਹੈ। ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਅਕਾਲੀ ਦਲ ਪੰਥਕ ਸਿਧਾਂਤਾਂ ਤੋਂ ਦੂਰ ਚਲਾ ਗਿਆ ਹੈ ਜਿਸ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਲੀਡਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਜਸ਼ੈਲੀ 'ਤੇ ਵੀ ਸਵਾਲ ਉਠਾਏ ਹਨ। ਪਾਰਟੀ ਅੰਦਰ ਧੁਖੀ ਅੱਗ ਨੂੰ ਸ਼ਾਂਤ ਕਰਨ ਲਈ ਮੁੱਖ ਮੰਤਰੀ ਬਾਦਲ ਨੇ ਖੁਦ ਕੋਸ਼ਿਸ਼ਾਂ ਵਿੱਢੀਆਂ ਸਨ ਪਰ ਇਸ ਦੇ ਕੋਈ ਸਾਰਥਕ ਸਿੱਟੇ ਸਾਹਮਣੇ ਨਹੀਂ ਆਏ। ਪਿਛਲੇ ਸਮੇਂ ਮੰਤਰੀ ਮੰਡਲ ਦਾ ਵਿਸਥਾਰ, ਨਸ਼ਿਆਂ ਖਿਲਾਫ਼ ਮੁਹਿੰਮ, ਅਫਸਰਾਂ 'ਤੇ ਸ਼ਿਕੰਜਾ, ਪ੍ਰਧਾਨ ਮੰਤਰੀ ਤੇ ਹੋਰ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਇਸੇ ਕਵਾਇਦ ਦਾ ਹਿੱਸਾ ਸਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ 2017 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਫਿਕਰਮੰਦ ਹੈ। ਇਸ ਵਾਰ ਆਮ ਆਦਮੀ ਪਾਰਟੀ (ਆਪ) ਨੇ ਅਕਾਲੀ ਦਲ ਦੇ ਬਰਾਬਰ ਵੋਟ ਪ੍ਰਤੀਸ਼ਤ ਹਾਸਲ ਕੀਤਾ ਹੈ। ਹਾਰ ਤੋਂ ਬਾਅਦ ਕਾਂਗਰਸ ਵੀ ਸਰਗਰਮ ਹੋ ਗਈ ਹੈ ਜਿਸ ਕਰ ਕੇ ਅਕਾਲੀ ਦਲ ਨੂੰ ਕਾਫੀ ਮੁਸ਼ੱਕਤ ਕਰਨੀ ਪੈ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਅਕਸ ਸੁਧਾਰਨ ਲਈ ਹੱਥ ਪੈਰ ਮਾਰਨੇ ਸ਼ੁਰੂ ਕੀਤੇ ਹਨ ਪਰ ਲੋਕ ਸਭਾ ਚੋਣਾਂ ਮਗਰੋਂ ਪੰਜਾਬ ਤੇ ਕੌਮੀ ਪੱਧਰ 'ਤੇ ਨਵੇਂ ਬਣੇ ਸਿਆਸੀ ਸਮੀਕਰਨਾਂ ਕਰ ਕੇ ਬਾਦਲਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਇਸੇ ਦੌਰਾਨ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਰਿਕਾਰਡ ਜਿੱਤ ਮਗਰੋਂ ਜਿੱਥੇ ਇਕ ਪਾਸੇ ਪੰਜਾਬ ਭਾਜਪਾ ਨੇ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਦੂਜੇ ਪਾਸੇ ਸੂਬੇ ਦੀ ਨਿੱਘਰੀ ਹਾਲਤ ਸ. ਬਾਦਲ ਲਈ ਵੱਡੀ ਵੰਗਾਰ ਬਣ ਗਈ ਹੈ। ਲੋਕ ਸਭਾ

(ਬਾਕੀ ਸਫਾ 6 'ਤੇ)

# ਪ੍ਰਤਾਪ ਸਿੰਘ ਬਾਜਵਾ ਦੀ ਸਰਦਾਰੀ ਬਚੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਕੁਰਸੀ ਨੂੰ ਫਿਲਹਾਲ ਕੋਈ ਖਤਰਾ ਨਹੀਂ। ਲੋਕ ਸਭਾ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਮਗਰੋਂ ਸ. ਬਾਜਵਾ ਨੂੰ ਹਟਾਉਣ ਦੀ ਮੰਗ ਉੱਠੀ ਸੀ। ਪੰਜਾਬ ਦੇ ਕਈ ਵਿਧਾਇਕਾਂ ਨੇ ਹਾਈਕਮਾਨ ਨੂੰ ਪੱਤਰ ਲਿਖ ਕੇ ਬਾਜਵਾ ਦੇ ਅਸਤੀਫੇ ਦੀ ਮੰਗ ਕੀਤੀ ਸੀ। ਚਰਚਾ ਸੀ ਕਿ ਸ. ਬਾਜਵਾ ਦੀ ਛੁੱਟੀ ਹੋ ਸਕਦੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਵਿਚ ਵੱਡੀ ਜ਼ਿੰਮੇਵਾਰੀ ਮਿਲਣ ਕਰ ਕੇ ਸ਼ਾਇਦ ਕਾਂਗਰਸ ਹਾਈਕਮਾਨ ਸ. ਬਾਜਵਾ ਦੀ ਪ੍ਰਧਾਨਗੀ ਬਰਕਰਾਰ ਰੱਖਣਾ ਚਹੁੰਦੀ ਹੈ। ਕਾਂਗਰਸ ਹਾਈਕਮਾਨ ਨੇ ਸਾਫ਼ ਕਰ ਦਿੱਤਾ ਹੈ ਕਿ ਸ. ਬਾਜਵਾ ਨੂੰ ਨਹੀਂ ਬਦਲਿਆ ਜਾਵੇਗਾ। ਹਾਈਕਮਾਨ ਨੇ ਇਹ ਫ਼ੈਸਲਾ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਹੋਈ ਕਾਂਗਰਸ ਦੀ ਹਾਰ ਦੇ ਕਾਰਨਾਂ ਦਾ ਪਤਾ ਲਾਉਣ ਲਈ ਹਿਮਾਚਲ ਪ੍ਰਦੇਸ਼ ਦੇ ਮੰਤਰੀ ਧਨੀ ਰਾਮ ਸ਼ਾਂਡਿਲ ਦੀ ਅਗਵਾਈ ਹੇਠ ਬਣਾਈ ਤੱਥ ਖੋਜ ਕਮੇਟੀ ਦੀ ਰਿਪੋਰਟ ਦੀ ਪੜਚੋਲ ਕੀਤੇ ਬਿਨਾਂ ਹੀ ਲੈ ਲਿਆ ਹੈ। ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਸਪਸ਼ਟ ਕਰ ਦਿੱਤਾ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸ. ਬਾਜਵਾ ਨੂੰ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਸ. ਬਾਜਵਾ ਬੜੇ ਪ੍ਰਪੱਕ ਆਗੂ ਹਨ ਤੇ ਪੰਜਾਬ ਕਾਂਗਰਸ ਦੀ ਅਗਵਾਈ ਯੋਗ ਢੰਗ ਨਾਲ ਕਰ ਰਹੇ ਹਨ। ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੂੰ ਵੀ ਬਦਲਣ ਦੀ ਕੋਈ ਤਜਵੀਜ਼ ਨਹੀਂ। ਉਨ੍ਹਾਂ ਹਰ ਧਿਰ ਦਾ ਪੱਖ ਪੂਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੀ ਲੋਕ ਸਭਾ ਵਿਚ ਪਾਰਟੀ ਦੇ ਉਪ ਨੇਤਾ ਵਜੋਂ ਬਣਦੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਉਂਜ ਉਨ੍ਹਾਂ ਮੰਨਿਆ ਕਿ ਸ. ਬਾਜਵਾ ਤੋਂ ਅਸਤੀਫ਼ਾ ਮੰਗਣ ਵਾਲੇ ਕੁਝ ਵਿਧਾਇਕਾਂ ਦਾ ਮਾਮਲਾ ਉਨ੍ਹਾਂ ਸਾਹਮਣੇ ਆਇਆ ਸੀ ਤੇ ਉਨ੍ਹਾਂ ਦੋਵਾਂ ਧਿਰਾਂ ਦੀ ਗਲਤਫਹਿਮੀ ਦੂਰ ਕਰਨ ਦਾ ਯਤਨ ਕੀਤਾ ਹੈ।

REAL ESTATE & HOME LOANS
ਖਰੀਦਣ ਲਈ ਕਾਲ ਕਰੋ।
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com


Raja SWEETS & CATERING
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faleeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com



STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਂਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring




ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
269.99 Installed
LP22.5
CASH PRICE
STEER OR DRIVE
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
FET, SALES TAX, MOUNTING INCLUDED
INSTALLED OUT THE DOOR PRICE
661-203-0433

# ਬਾਦਲ ਦੀਆਂ ਉਮੀਦਾਂ 'ਤੇ ਖਰਾ ਨਾ ਉਤਰਿਆ ਮੋਦੀ ਦਾ ਬਜਟ

**ਚੰਡੀਗੜ੍ਹ:** ਐਨ.ਡੀ.ਏ ਸਰਕਾਰ ਵੱਲੋਂ ਪੇਸ਼ ਕੀਤੇ ਗਏ ਆਪਣੇ ਪਲੇਠੇ ਆਮ ਬਜਟ ਵਿਚ ਪੰਜਾਬ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਮੋਦੀ ਸਰਕਾਰ ਤੋਂ ਵੱਡੀਆਂ ਉਮੀਦਾਂ ਲਾਈ ਬੈਠੇ ਸਨ ਪਰ ਕੇਂਦਰੀ ਬਜਟ ਵਿਚ ਅਜਿਹਾ ਕੁਝ ਨਹੀਂ ਹੈ ਜਿਸ ਨਾਲ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਸੂਬੇ ਨੂੰ ਕੋਈ ਰਾਹਤ ਮਿਲ ਸਕੇ। ਵਿੱਤ ਮੰਤਰੀ ਅਰੁਣ ਜੇਤਲੀ ਦੇ ਪੰਜਾਬ ਨਾਲ ਗੂੜ੍ਹੇ ਰਿਸ਼ਤੇ ਦੇ ਮੱਦੇਨਜ਼ਰ ਵੀ ਸੂਬੇ ਨੂੰ ਕੇਂਦਰੀ ਮਦਦ ਦਾ ਹੱਕਦਾਰ ਸਮਝਿਆ ਜਾ ਰਿਹਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਪੰਜਾਬ ਦੀਆਂ ਜਾਇਜ਼ ਮੰਗਾਂ ਬਜਟ ਵਿਚ ਸ਼ਾਮਲ ਕਰਾਉਣ ਲਈ ਬਜਟ ਤੋਂ ਪਹਿਲਾਂ ਕਈ ਕੇਂਦਰੀ ਮੰਤਰੀਆਂ ਨੂੰ ਨਿੱਜੀ ਤੌਰ 'ਤੇ ਮਿਲੇ ਵੀ ਪਰ ਹੱਥ ਪੱਲੇ ਕੁਝ ਵੀ ਪਿਆ ਨਜ਼ਰ ਨਹੀਂ ਆਉਂਦਾ।




ਪੰਜਾਬ ਦੇ ਸਿਰ ਚੜ੍ਹੇ ਤਕਰੀਬਨ ਇਕ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਮੁੱਦੇ ਦਾ ਬਜਟ ਵਿਚ ਜ਼ਿਕਰ ਤੱਕ ਨਹੀਂ ਹੈ। ਪੰਜਾਬ ਦੇ ਕਿਸਾਨਾਂ ਦੀ ਨਿਘਰ ਰਹੀ ਹਾਲਤ ਕਾਰਨ ਹੋ ਰਹੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਰੋਕਣ, ਫ਼ਸਲੀ ਵਿਭਿੰਨਤਾ ਲਈ ਕਣਕ-ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਤੇ ਫ਼ਸਲਾਂ ਦਾ ਬੀਮਾ ਕਰਨ ਦੇ ਮੁੱਦੇ ਵੀ ਬਜਟ ਵਿਚੋਂ ਗਾਇਬ ਹਨ। ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਦੀ ਸ਼ਰਮਨਾਕ ਹਾਰ ਦਾ ਕਾਰਨ ਬਣੀ ਨਸ਼ਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਵੀ ਪੰਜਾਬ ਨੂੰ ਬਜਟ ਵਿਚ ਕੋਈ ਪੈਕੇਜ ਨਹੀਂ ਦਿੱਤਾ ਗਿਆ। ਪੰਜਾਬ ਦੀ ਸਨਅਤ ਨੂੰ ਪੱਕੇ ਪੈਰੀਂ ਕਰਨ ਲਈ ਪਹਾੜੀ ਰਾਜਾਂ ਦੀ ਤਰਜ਼ 'ਤੇ ਰਿਆਇਤਾਂ ਦੇਣ ਦੀ ਮੰਗ ਵੀ ਵਿੱਤ ਮੰਤਰੀ ਨੇ ਠੁਕਰਾ ਦਿੱਤੀ ਹੈ। ਇੰਨਾ ਹੀ ਨਹੀਂ, ਪੰਜਾਬ ਵਿਚ ਕੋਈ ਵੀ ਵੱਡੀ ਸਨਅਤ ਦੀ ਸਥਾਪਨਾ ਦੀ ਤਜਵੀਜ਼ ਬਜਟ ਦਾ ਹਿੱਸਾ ਨਹੀਂ ਬਣੀ।

ਆਮ ਬਜਟ ਵਿਚ ਪੰਜਾਬ ਲਈ ਕੋਈ ਸਾਰਥਕ ਪਹਿਲਕਦਮੀ ਤਾਂ ਕੀ ਹੋਣੀ ਸੀ, ਸਗੋਂ ਮੋਦੀ ਸਰਕਾਰ ਦੀਆਂ ਉਦਾਰਵਾਦੀ ਨੀਤੀਆਂ ਦਾ ਸਭ ਤੋਂ ਵੱਧ ਖ਼ਮਿਆਜ਼ਾ ਵੀ ਪੰਜਾਬ ਨੂੰ ਭੁਗਤਣ ਦੇ ਆਸਾਰ ਬਣ ਗਏ ਹਨ। ਖਾਦਾਂ ਤੇ ਡੀਜ਼ਲ ਤੋਂ ਸਰਕਾਰੀ ਕੰਟਰੋਲ ਖ਼ਤਮ ਕਰਨ ਦੀਆਂ ਨੀਤੀਆਂ ਪੰਜਾਬ ਦੇ ਕਿਸਾਨ ਲਈ ਬੇਹੱਦ ਖ਼ਤਰਨਾਕ ਸਾਬਤ ਹੋਣਗੀਆਂ ਕਿਉਂਕਿ ਮੁਲਕ ਵਿਚੋਂ ਪੰਜਾਬ ਹੀ ਸਭ ਤੋਂ ਵੱਧ ਖੇਤੀ ਕਾਰਜਾਂ ਲਈ ਇਨ੍ਹਾਂ ਦੀ ਵਰਤੋਂ ਕਰਦਾ ਹੈ। ਗ਼ੌਲਣਯੋਗ ਹੈ ਕਿ ਪੰਜਾਬ ਦਾ ਕਿਸਾਨ ਹਰ ਸਾਲ 11 ਲੱਖ ਲਿਟਰ ਡੀਜ਼ਲ ਖੇਤੀ ਕਾਰਜਾਂ ਲਈ ਵਰਤਦਾ ਹੈ। ਇਸ ਤਰ੍ਹਾਂ ਡੀਜ਼ਲ ਦਾ ਭਾਅ ਲਗਾਤਾਰ ਵਧਣ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਕਿਸਾਨਾਂ ਨੂੰ ਹੋਣਾ ਹੈ। ਪੰਜਾਬ ਦੀਆਂ ਖੇਤੀ ਫ਼ਸਲਾਂ ਦੇ ਲਾਹੇਵੰਦ ਭਾਅ ਮਿਲਣੇ ਯਕੀਨੀ ਬਣਾਉਣ ਲਈ ਸੂਬੇ ਵਿਚ ਖੇਤੀ ਆਧਾਰਤ ਕੋਈ ਸਨਅਤ ਲਗਾਉਣ ਦਾ ਪ੍ਰਸਤਾਵ ਵੀ ਬਜਟ ਵਿਚ ਨਹੀਂ ਹੈ। ਕੁੱਲ ਮਿਲਾ ਕੇ ਆਮ ਬਜਟ ਪੰਜਾਬ ਦੇ ਲੋਕਾਂ ਲਈ ਆਸ ਦੀ ਥਾਂ ਨਿਰਾਸ਼ਾ ਵਾਲਾ ਹੀ ਕਿਹਾ ਜਾ ਸਕਦਾ ਹੈ। ਆਮ ਬਜਟ ਵਿਚ ਪੰਜਾਬ ਲਈ ਗ਼ੌਲਣਯੋਗ ਇਕੋ-ਇਕ ਮੁੱਖ ਪ੍ਰਾਪਤੀ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ (ਆਈ.ਆਈ.ਐਮ.) ਦੀ ਸਥਾਪਨਾ ਦੀ ਤਜਵੀਜ਼ ਹੀ ਹੈ। ਕੌਮੀ ਪੱਧਰ ਦੀ ਇਸ ਸੰਸਥਾ ਦੀ ਸੂਬੇ ਵਿਚ ਸਥਾਪਨਾ ਨਾਲ ਜਿਥੇ ਵਿਦਿਆਰਥੀਆਂ ਨੂੰ ਲਾਭ ਪਹੁੰਚੇਗਾ, ਉਥੇ ਜਿਸ ਖਿੱਤੇ ਵਿਚ ਇਹ ਬਣੇਗੀ, ਉਸ ਇਲਾਕੇ ਦਾ ਵਿਕਾਸ ਵੀ ਹੋਵੇਗਾ। ਆਈ.ਆਈ.ਐਮ. ਤੋਂ ਇਲਾਵਾ ਆਮ ਬਜਟ ਵਿਚ ਮੁਹਾਲੀ ਵਿਖੇ ਸਥਾਪਤ ਹੋਣ ਵਾਲੇ ਬਾਇਓ ਪ੍ਰੋਸੈਸਿੰਗ ਯੂਨਿਟ ਦਾ ਖੇਤੀ ਬਾਇਓਟੈਕਨਾਲੋਜੀ ਕਲਸਟਰ ਦੇ ਤੌਰ 'ਤੇ ਵਿਸਥਾਰ ਕਰਨ ਦੀ ਮੱਦ ਵੀ ਸ਼ਾਮਲ ਹੈ।

ਇੰਜ ਸੂਬੇ 'ਚ ਖੇਤੀ ਬਾਇਓਟੈਕਨਾਲੋਜੀ ਦੇ ਵਿਕਾਸ ਦੇ ਨਾਲ-ਨਾਲ ਖੇਤੀ-ਵਿਭਿੰਨਤਾ ਦੇ ਖੇਤਰ ਵਿਚ ਖੋਜ ਦੀਆਂ ਸੰਭਾਵਨਾਵਾਂ ਵਧ ਸਕਣਗੀਆਂ। ਆਮ ਬਜਟ ਦੀਆਂ ਇਨਵੈਸਟਮੈਂਟ ਅਲਾਊਂਸ, ਫੋਰਜਿੰਗ ਐਂਡ ਕਾਸਟਿੰਗ ਸਨਅਤ, ਖੇਤੀ ਸਿੰਚਾਈ ਤੇ ਸੋਲਰ ਊਰਜਾ ਆਦਿ ਬਾਰੇ ਕੁਝ ਤਜਵੀਜ਼ਾਂ ਦਾ ਲਾਭ ਵੀ ਪੰਜਾਬ ਨੂੰ ਮਿਲ ਸਕਦਾ ਹੈ। ਇਸ ਤੋਂ ਇਲਾਵਾ ਛੇ ਧਾਰਮਿਕ ਤੇ ਵਿਰਾਸਤੀ ਸ਼ਹਿਰਾਂ ਦੇ ਵਿਕਾਸ ਹਿੱਤ ਸ਼ੁਰੂ ਕੀਤੇ ਜਾਣ ਵਾਲੇ 100 ਕਰੋੜ ਰੁਪਏ ਦੇ 'ਹਿਰਦੇ' ਪ੍ਰੋਗਰਾਮ ਵਿਚ ਅੰਮ੍ਰਿਤਸਰ ਨੂੰ ਸ਼ਾਮਲ ਕੀਤਾ ਜਾਣਾ ਸ਼ਲਾਘਾਯੋਗ ਹੈ ਭਾਵੇਂ ਕਿ ਹਿੱਸੇ ਮੁਤਾਬਕ ਅੰਮ੍ਰਿਤਸਰ ਨੂੰ ਇਸ ਯੋਜਨਾ ਤਹਿਤ ਸਿਰਫ 17 ਕਰੋੜ ਰੁਪਏ ਹੀ ਪ੍ਰਾਪਤ ਹੋਣ ਦੀ ਆਸ ਹੈ ਜੋ ਕਿ ਊਠ ਦੇ ਮੂੰਹ ਵਿਚ ਜੀਰਾ ਪਾਉਣ ਵਾਲੀ ਗੱਲ ਹੀ ਹੈ। ਆਮ ਬਜਟ ਵਿਚ ਪੇਸ਼ ਪੰਜਾਬ ਨਾਲ ਸਬੰਧਤ ਇਹ ਤਜਵੀਜ਼ਾਂ ਭਾਵੇਂ ਕਾਫ਼ੀ ਅਹਿਮ ਤੇ ਸ਼ਲਾਘਾਯੋਗ ਹਨ ਪਰ ਕਾਫ਼ੀ ਨਹੀਂ ਹਨ। ਸਰਹੱਦੀ ਸੂਬਾ ਹੋਣ ਤੋਂ ਇਲਾਵਾ ਵਿੱਤ ਮੰਤਰੀ ਦੀ ਪੰਜਾਬ ਨਾਲ ਨੇੜਤਾ ਤੇ ਅਕਾਲੀ ਦਲ ਦੇ ਐਨ.ਡੀ.ਏ. ਦਾ ਸਭ ਤੋਂ ਪੁਰਾਣਾ ਤੇ ਭਰੋਸੇਯੋਗ ਸਹਿਯੋਗੀ ਹੋਣ ਵਜੋਂ ਮੋਦੀ ਸਰਕਾਰ ਨੂੰ ਆਮ ਬਜਟ ਵਿਚ ਜੇਕਰ ਪੰਜਾਬ ਨੂੰ ਜੋ ਵਿਸ਼ੇਸ਼ ਤਰਜੀਹ ਨਹੀਂ ਸੀ ਦੇਣੀ ਤਾਂ ਘੱਟੋ-ਘੱਟ ਬਣਦਾ ਹੱਕ ਤਾਂ ਦੇਣਾ ਹੀ ਚਾਹੀਦਾ ਸੀ ਪਰ ਅਜਿਹਾ ਨਹੀਂ ਹੋਇਆ ਜਾਪਦਾ।

## ਪੰਜਾਬ ਸਰਕਾਰ ਇੰਨੇ ਵਿਚ ਹੀ ਖ਼ੁਸ਼

**ਚੰਡੀਗੜ੍ਹ:** ਸੂਬੇ ਦਾ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਆਰਥਿਕ ਤੰਗੀਆਂ ਕਾਰਨ ਭਾਵੇਂ ਵਿਸ਼ੇਸ਼ ਪੈਕੇਜ ਲਈ ਲਗਾਤਾਰ ਜ਼ੋਰ ਪਾਉਂਦਾ ਆ ਰਿਹਾ ਸੀ ਪਰ ਬਜਟ ਵਿਚ ਕੁਝ ਵੀ ਪੱਲੇ ਨਾ ਪੈਣ 'ਤੇ ਵੀ ਕੇਂਦਰ ਸਰਕਾਰ ਤੋਂ ਨਾਰਾਜ਼ ਨਹੀਂ । ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਸਨਅਤੀ ਪੈਕੇਜਾਂ ਦੀ ਆਸ ਹੈ।

ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਕੇਂਦਰੀ ਬਜਟ ਵਿਚੋਂ ਸੂਬੇ ਨੂੰ ਕੋਈ ਵਿੱਤੀ ਰਾਹਤ ਨਾ ਮਿਲਣ 'ਤੇ ਉਹ ਨਿਰਾਸ਼ ਨਹੀਂ ਹਨ, ਜਦਕਿ ਇਸ ਵੇਲੇ ਕੇਂਦਰ ਸਰਕਾਰ ਕੋਲ ਕਿਸੇ ਵੀ ਸੂਬੇ ਨੂੰ ਸੰਕਟ ਵਿਚੋਂ ਕੱਢਣਾ ਔਖਾ ਸੀ, ਖਾਸਕਰ ਜਦੋਂ ਵਿੱਤੀ ਤਣਾਅ ਬਹੁਤ ਹੈ ਤੇ ਆਰਥਿਕ ਹਾਲਾਤ ਚੰਗੇ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇੜ ਭਵਿੱਖ ਵਿਚ ਵਿੱਤੀ ਪੈਕੇਜ ਦੀ ਮੰਗ ਜ਼ੋਰ-ਸ਼ੋਰ ਨਾਲ ਕਰੇਗੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਕਾਂਗਰਸ ਵੱਲੋਂ 10 ਸਾਲਾਂ ਤੱਕ ਪੰਜਾਬ ਨੂੰ ਅੱਖੋਂ ਪਰੋਖੇ ਕਰਨ ਨਾਲ ਸੂਬੇ ਨੂੰ ਵਿਕਾਸ ਪੱਖੋਂ ਵੱਡਾ ਘਾਟਾ ਪਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਰੁਣ ਜੇਤਲੀ ਵੱਲੋਂ ਪੇਸ਼ ਕੀਤੇ ਆਮ ਬਜਟ ਨੇ ਪੰਜਾਬ ਨਾਲ ਵਿਤਕਰੇ ਭਰੇ ਦੌਰ ਦਾ ਅੰਤ ਕਰ ਦਿੱਤਾ ਹੈ। ਇਸ ਨਾਲ ਵਿਸ਼ੇਸ਼ ਕਰਕੇ ਖੇਤੀ ਤੇ ਫੂਡ ਪ੍ਰੋਸੈਸਿੰਗ ਖੇਤਰਾਂ ਨੂੰ ਵੱਡਾ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪਿਛਲੇ ਇਕ ਦਹਾਕੇ ਵਿਚ ਪਹਿਲੀ ਵਾਰ ਹੈ ਕਿ ਕੇਂਦਰੀ ਬਜਟ ਦੌਰਾਨ ਪੰਜਾਬ ਨਾਲ ਸਬੰਧਤ ਮੁੱਦਿਆਂ ਨੂੰ ਮਹੱਤਤਾ ਦਿੱਤੀ ਗਈ ਹੈ। ਪੰਜਾਬ ਵਿਚ ਫੂਡ ਪ੍ਰੋਸੈਸਿੰਗ ਸਨਅਤ ਤੇਜ਼ੀ ਨਾਲ ਵਧ ਫੁੱਲ ਰਹੀ ਹੈ ਤੇ ਵਿੱਤ ਮੰਤਰੀ ਵੱਲੋਂ ਇਸ ਖੇਤਰ ਵਿਚ ਐਕਸਾਇਜ਼ ਡਿਊਟੀ 10 ਤੋਂ ਘਟਾ ਕੇ ਛੇ ਫ਼ੀਸਦੀ ਕਰਨ ਨਾਲ ਪੰਜਾਬ ਨੂੰ ਹੋਰ ਲਾਭ ਹੋਵੇਗਾ।

## ਅਕਾਲੀਆਂ ਲਈ ਸੁਖਾਵਾਂ ਨਹੀਂ ਬਜਟ: ਅਮਰਿੰਦਰ ਸਿੰਘ

ਚੰਡੀਗੜ੍ਹ: ਲੋਕ ਸਭਾ ਵਿਚ ਕਾਂਗਰਸ ਦੇ ਉਪ ਆਗੂ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੇਂਦਰੀ ਬਜਟ ਨੇ ਜ਼ਰੂਰ ਹੀ ਅਕਾਲੀਆਂ ਨੂੰ ਨਿਰਾਸ਼ ਕੀਤਾ ਹੋਏਗਾ ਕਿਉਂਕਿ ਪੰਜਾਬ ਨੂੰ ਵਿੱਤੀ ਔਖਾਂ ਵਿਚੋਂ ਕੱਢਣ ਲਈ ਇਸ ਨੂੰ ਕੇਂਦਰ ਤੋਂ ਕੁਝ ਨਹੀਂ ਮਿਲਿਆ।

ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤਾਂ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕੋਈ ਜਾਦੂ ਧੂੜ ਕੇ ਪਤਾ ਨਹੀਂ ਕੀ ਕਰ ਦੇਣਾ ਹੈ ਪਰ ਵਿੱਤ ਮੰਤਰੀ ਨੇ ਪੰਜਾਬ ਨੂੰ ਹਿਮਾਚਲ ਦੀ ਤਰਜ਼ 'ਤੇ ਕੋਈ ਪੈਕੇਜ ਨਹੀਂ ਦਿੱਤਾ, ਜਦਕਿ ਅਕਾਲੀਆਂ ਨੇ ਪੰਜਾਬ ਦੇ ਲੋਕਾਂ ਨੂੰ ਵੱਡੇ-ਵੱਡੇ ਸਬਜ਼ਬਾਗ ਦਿਖਾਏ ਹੋਏ ਸਨ ਕਿ ਇਕ ਵਾਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਤੇ ਅਰੁਣ ਜੇਤਲੀ ਵਿੱਤ ਮੰਤਰੀ ਬਣ ਲੈਣ, ਫਿਰ ਦੇਖਿਓ ਪੰਜਾਬ ਕਿਵੇਂ ਝੱਟ ਵਿੱਤੀ ਸੰਕਟ ਵਿਚੋਂ ਬਾਹਰ ਨਿਕਲਦਾ।

ਕੈਪਟਨ ਨੇ ਕਿਹਾ ਕਿ ਰਾਹਤ ਉਡੀਕਦੇ ਪੰਜਾਬ ਨੂੰ ਇਕ ਆਈ.ਆਈ.ਐਮ. ਦਾ ਭਰੋਸਾ ਮਿਲਿਆ ਹੈ।

**Matrimonial**

**ਵਰ ਦੀ ਲੋੜ**

Suitable Match for Green Card holder, Jat Sikh girl, 28, 5'-3", fair complexion, BSc nursing, innocently divorcee after brief marriage, working as a RN. Divorcees considerable. Send bio-data and photo to E-mail: csahi1949@gmail.com or Call: 209-483-9783 26 to 30

**ਸਾਥੀ ਦੀ ਭਾਲ**

Wanted match for 51 year, 5'-10" divorced U.S. citizen, Sikh boy, Physical Therapist professional, no kids. Contact: 812-265-8238 26 to 29

**ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**

ਫਲੋਰਿਡਾ ਵਿਚ ਚੰਗੇ ਚਲਦੇ ਭਾਰਤੀ ਰੈਸਟੋਰੈਂਟ ਲਈ
ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ 850-510-3466

LAW OFFICE OF NIRWAN & ASSOCIATES


Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Security Cameras
Special promotion for limited time only
1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc. Fax-(209) 982-9133

**ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ**

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 816-806-6065

# ਬਰਿਕਸ ਦੇਸ਼ਾਂ ਵੱਲੋਂ ਨਵਾਂ ਬੈਂਕ ਸਥਾਪਤ ਕਰਨ ਦਾ ਫ਼ੈਸਲਾ

**ਫੋਰਟਲੇਜ਼ਾ:** ਬਰਿਕਸ ਦੇਸ਼ਾਂ ਨੇ 100 ਅਰਬ ਅਮਰੀਕੀ ਡਾਲਰ ਦੀ ਪੂੰਜੀ ਵਾਲਾ ਨਵਾਂ ਵਿਕਾਸ ਬੈਂਕ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ ਜਿਸ ਲਈ ਬਾਨੀ ਮੈਂਬਰ ਬਰਾਬਰ ਹਿੱਸਾ ਪਾਉਣਗੇ। ਭਾਰਤ ਕਿਸੇ ਵੀ ਮੈਂਬਰ ਦੇਸ਼ ਦੀ ਬੈਂਕ 'ਤੇ ਇਜਾਰੇਦਾਰੀ ਰੋਕਣ ਲਈ ਉਪਰੋਕਤ ਨੁਕਤੇ ਬਰਾਬਰ ਹਿੱਸੇਦਾਰੀ 'ਤੇ ਜ਼ੋਰ ਦੇ ਰਿਹਾ ਸੀ। ਬ੍ਰਾਜ਼ੀਲ ਦੇ ਇਸ ਤਟੀ ਸ਼ਹਿਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ, ਰੂਸ ਦੇ ਵਲਾਦੀਮੀਰ ਪੂਤਿਨ, ਬ੍ਰਾਜ਼ੀਲ ਦੀ ਡਿਲਮਾ ਰੌਸੇਫ ਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਭਾਰਤ ਵੱਲੋਂ 2012 ਵਿਚ ਨਵੀਂ ਦਿੱਲੀ ਵਿਚ ਹੋਏ ਬਰਿਕਸ ਸੰਮੇਲਨ ਦੌਰਾਨ ਪੇਸ਼ ਕੀਤੇ ਵਿਚਾਰ ਨੂੰ ਠੋਸ ਰੂਪ ਦੇਣ ਦਾ ਫ਼ੈਸਲਾ ਕੀਤਾ।

ਬੈਂਕ ਦੀ ਸਥਾਪਨਾ ਬਾਰੇ ਸਮਝੌਤਾ ਤੇ 100 ਅਰਬ ਡਾਲਰ ਦੇ ਹੰਗਾਮੀ ਰਾਖਵਾਂ ਪ੍ਰਬੰਧ ਲਈ ਸਮਝੌਤਾ ਪੰਜ ਦੇਸ਼ਾਂ ਦੀ ਸਿਖਰ ਮੀਟਿੰਗ ਵਿਚ ਕੀਤਾ ਗਿਆ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਵ ਨੇਤਾਵਾਂ ਨਾਲ ਆਪਣੀ ਪਹਿਲੀ ਗੱਲਬਾਤ ਸ਼ੁਰੂ ਕੀਤੀ। ਪਹਿਲਾਂ ਪਹਿਲ ਇਹ ਬੈਂਕ 100 ਅਰਬ ਡਾਲਰ ਦੀ ਪੂੰਜੀ ਵਾਲੀ ਹੋਵੇਗਾ ਤੇ ਇਸ ਦੀ ਸ਼ੁਰੂਆਤ ਬਾਨੀ ਦੇਸ਼ਾਂ ਦੇ ਬਰਾਬਰ ਹਿੱਸੇ ਨਾਲ 50 ਅਰਬ ਡਾਲਰ ਨਾਲ ਕੀਤੀ ਜਾਵੇਗੀ।

# ਸੁਖਬੀਰ ਦੇ ਨਿਰਵਿਘਨ ਬਿਜਲੀ ਦੇ ਦਾਅਵੇ ਹਵਾ ਹੋਏ

**ਚੰਡੀਗੜ੍ਹ:** ਪੰਜਾਬ ਇਸ ਸਮੇਂ ਗੰਭੀਰ ਬਿਜਲੀ ਸੰਕਟ ਦਾ ਸ਼ਿਕਾਰ ਹੋ ਗਿਆ ਹੈ। ਸਰਕਾਰ ਤੇ ਪਾਵਰਕੌਮ ਇਸ ਸੰਕਟ ਦੇ ਦੌਰ ਵਿਚ ਲਾਚਾਰ ਦਿਖਾਈ ਦੇ ਰਹੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੁਝ ਮਹੀਨੇ ਪਹਿਲਾਂ ਤੱਕ ਸੂਬੇ ਵਿਚ ਬਿਜਲੀ ਵਾਧੂ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ। ਇਨ੍ਹਾਂ ਦਾਅਵਿਆਂ ਦੀ ਪਹਿਲੀ ਹੀ ਗਰਮੀ ਨੇ ਫੂਕ ਕੱਢ ਦਿੱਤੀ ਹੈ। ਸਰਕਾਰ ਤੇ ਪਾਵਰਕੌਮ ਦਾ ਸਾਰਾ ਦਾਰੋਮਦਾਰ ਹਾਲ ਦੀ ਘੜੀ ਬਾਰਸ਼ਾਂ 'ਤੇ ਟਿਕਿਆ ਹੋਇਆ ਹੈ। ਮੌਸਮ ਵਿਭਾਗ ਵੱਲੋਂ ਮੌਨਸੂਨ ਦੇ ਕਮਜ਼ੋਰ ਰਹਿਣ ਦੀਆਂ ਦਿੱਤੀਆਂ ਰਿਪੋਰਟਾਂ ਨੂੰ ਵੀ ਪਾਵਰਕੌਮ ਨੇ ਗੰਭੀਰਤਾ ਨਾਲ ਨਹੀਂ ਲਿਆ, ਇਹੀ ਕਾਰਨ ਹੈ ਕਿ ਬਿਜਲੀ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ।

ਸੋਕੇ ਵਰਗੇ ਹਾਲਾਤ ਪੈਦਾ ਹੋਣ ਕਾਰਨ ਬਿਜਲੀ ਦੀ ਮੰਗ ਪਿਛਲੇ ਸਾਲ ਨਾਲੋਂ 350 ਲੱਖ ਯੂਨਿਟ ਪ੍ਰਤੀ ਦਿਨ ਵਧ ਗਈ ਹੈ। ਪਾਵਰਕੌਮ ਦਾ ਮੰਨਣਾ ਹੈ ਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਦੌਰਾਨ ਬਿਜਲੀ ਦੀ ਪ੍ਰਤੀ ਦਿਨ ਮੰਗ ਜੇਕਰ ਦੋ ਹਜ਼ਾਰ ਲੱਖ ਯੂਨਿਟ ਸੀ ਜੋ ਇਸ ਵਾਰੀ ਵਧ ਕੇ 2350 ਲੱਖ ਯੂਨਿਟ ਪ੍ਰਤੀ ਦਿਨ ਤੱਕ ਅੱਪੜ ਗਈ ਹੈ। ਬਿਜਲੀ ਦੇ ਪਿੰਡਾਂ ਵਿਚ 10 ਤੋਂ 12 ਘੰਟੇ ਤੱਕ ਦੇ ਕੱਟ ਲੱਗ ਰਹੇ ਹਨ ਤੇ ਸ਼ਹਿਰੀ ਖੇਤਰ ਵਿਚ ਚਾਰ ਤੋਂ ਅੱਠ ਘੰਟਿਆਂ ਤੱਕ ਦੇ ਕੱਟ ਲੱਗ ਰਹੇ ਹਨ।

ਪਾਵਰਕੌਮ ਵੱਲੋਂ ਬਿਜਲੀ ਦੀ ਕਿੱਲਤ ਦਾ ਜ਼ਿੰਮਾ ਕੋਲ ਇੰਡੀਆ ਦੇ ਸਿਰ ਸੁੱਟ ਕੇ ਖ਼ੁਦ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਿਗਮ ਦਾ ਦਾਅਵਾ ਹੈ ਕਿ ਕੋਇਲੇ ਦੀ ਕਮੀ ਕਾਰਨ ਰਾਜਪੁਰਾ ਥਰਮਲ ਪਲਾਂਟ ਨੇ ਜਿਥੇ 1400 ਮੈਗਾਵਾਟ ਬਿਜਲੀ ਦਾ ਉਤਪਾਦਨ ਦੇਣਾ ਸੀ, ਉਹ ਘਟ ਕੇ 500 ਮੈਗਾਵਾਟ ਤੱਕ ਰਹਿ ਗਿਆ। ਇਸੇ ਤਰ੍ਹਾਂ ਤਲਵੰਡੀ ਸਾਬੋ ਥਰਮਲ ਪਲਾਂਟ ਤੋਂ ਵੀ ਬਿਜਲੀ ਦਾ ਉਤਪਾਦਨ ਨਹੀਂ ਹੋ ਰਿਹਾ।

ਪੰਜਾਬ ਸਰਕਾਰ ਵੱਲੋਂ ਵਾਧੂ ਬਿਜਲੀ ਹੋਣ ਦੇ ਦਾਅਵਿਆਂ ਦਾ ਇਕ ਪੱਖ ਇਹ ਵੀ ਹੈ ਕਿ ਸਰਕਾਰ ਵੱਲੋਂ ਨਿੱਜੀ ਖੇਤਰ ਦੇ ਥਰਮਲ ਪਲਾਂਟਾਂ ਦੇ ਸਹਾਰੇ ਇਹ ਦਾਅਵੇ ਕੀਤੇ ਜਾ ਰਹੇ ਸਨ। ਪਿਛਲੇ ਸਮੇਂ ਦੌਰਾਨ ਸਰਕਾਰੀ ਖੇਤਰ ਦੇ ਥਰਮਲਾਂ ਵਿਚ ਕੋਈ ਪ੍ਰਗਤੀ ਨਹੀਂ ਹੋਈ ਹੈ।

# ਭਾਰਤ ਤੇ ਚੀਨ ਨੇ 'ਉਲਝੀ ਤਾਣੀ' ਸੁਲਝਾਉਣ ਲਈ ਵਚਨਬੱਧਤਾ ਪ੍ਰਗਟਾਈ

**ਫੋਰਟਾਲੇਜ਼ਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਥੇ ਚੀਨੀ ਰਾਸ਼ਟਰਪਤੀ ਸ਼ੀ ਚਿਨਪਿੰਗ ਨਾਲ ਮੁਲਾਕਾਤ ਕੀਤੀ ਤੇ ਸਰਹੱਦੀ ਮਸਲੇ ਦੇ ਹੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਦੋਵੇਂ ਧਿਰਾਂ ਇਸ ਉਲਝੀ ਤਾਣੀ ਨੂੰ ਸੁਲਝਾਉਣ ਵਿਚ ਸਫਲ ਹੋ ਗਈਆਂ ਤਾਂ ਇਸ ਨਾਲ ਟਕਰਾਅਪੂਰਨ ਮਸਲਿਆਂ ਦੇ ਸ਼ਾਂਤੀਪੂਰਨ ਹੱਲ ਦੀ ਦੁਨੀਆਂ ਸਾਹਮਣੇ ਮਿਸਾਲ ਬਣ ਜਾਵੇਗੀ। ਬ੍ਰਿਕਸ ਸੰਮੇਲਨ ਵਿਚ ਹਿੱਸਾ ਲੈਣ ਲਈ ਪੁੱਜੇ ਸ੍ਰੀ ਮੋਦੀ ਤੇ ਸ੍ਰੀ ਸ਼ੀ ਨੇ ਥੋੜ੍ਹੇ ਸਮੇਂ ਲਈ ਮੁਲਾਕਾਤ ਕੀਤੀ। ਸ੍ਰੀ ਮੋਦੀ ਨੇ ਚੀਨੀ ਆਗੂ ਨਾਲ ਮੁਲਾਕਾਤ ਤੋਂ ਬਾਅਦ ਟਵੀਟ ਕੀਤਾ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਪਿੰਗ ਨਾਲ ਬਹੁਤ ਹੀ ਲਾਹੇਵੰਦ ਮੀਟਿੰਗ ਕੀਤੀ। ਅਸੀਂ ਵੱਖੋ-ਵੱਖਰੇ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ।

ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵਾਂ ਧਿਰਾਂ ਨੇ ਸਰਹੱਦੀ ਮਸਲੇ ਦਾ ਹੱਲ ਲੱਭਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਆਪਸੀ ਭਰੋਸਾ, ਸਰਹੱਦ 'ਤੇ ਅਮਨ ਤੇ ਸਥਿਰਤਾ ਨੂੰ ਮਜ਼ਬੂਤ ਕਰਨ ਦੀ ਅਹਿਮੀਅਤ ਦਰਸਾਈ ਹੈ। ਸ੍ਰੀ ਮੋਦੀ ਨੇ ਸ੍ਰੀ ਸ਼ੀ ਨੂੰ ਕਿਹਾ ਕਿ ਜੇਕਰ ਭਾਰਤ ਤੇ ਚੀਨ ਸਰਹੱਦੀ ਮਸਲਾ ਸੁਚੱਜੇ ਢੰਗ ਨਾਲ ਸੁਲਝਾ ਲੈਣ ਤਾਂ ਸਾਰੀ ਦੁਨੀਆਂ ਸਾਹਮਣੇ ਟਕਰਾਅਪੂਰਨ ਮਸਲਿਆਂ ਦੇ ਸ਼ਾਂਤੀਪੂਰਨ ਹੱਲ ਦੀ ਇਕ ਮਿਸਾਲ ਪੈਦਾ ਹੋ ਜਾਵੇਗੀ। ਬਿਆਨ ਮੁਤਾਬਕ ਮੁਲਾਕਾਤ ਦੌਰਾਨ ਸ੍ਰੀ ਮੋਦੀ ਨੇ ਤਿੱਬਤ ਵਿਚ ਕੈਲਾਸ਼-ਮਾਨਸਰੋਵਰ ਯਾਤਰਾ ਲਈ ਇਕ ਹੋਰ ਲਾਂਘੇ ਦਾ ਵਾਧਾ ਕਰਨ ਦਾ ਸੁਝਾਅ ਦਿੱਤਾ ਤੇ ਚੀਨੀ ਰਾਸ਼ਟਰਪਤੀ ਨੇ ਇਸ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਇਸ ਯਾਤਰਾ ਵਿਚ 19500 ਫੁੱਟ ਦੀ ਉਚਾਈ ਵਾਲਾ ਬੇਹੱਦ ਔਝੜ ਖੇਤਰ ਆਉਂਦਾ ਹੈ।

# ਨਾਵਲਕਾਰਾ ਨੇਡਾਈਨ ਗੋਰਡਾਈਮਰ ਦਾ ਦੇਹਾਂਤ

**ਜੌਹੈਨਸਬਰਗ:** ਦੱਖਣੀ ਅਫਰੀਕਾ ਦੀ ਨੋਬੇਲ ਪੁਰਸਕਾਰ ਜੇਤੂ ਲੇਖਕਾ ਤੇ ਨਸਲਵਾਦ ਵਿਰੋਧੀ ਕਾਰਕੁਨ ਨੇਡਾਈਨ ਗੋਰਡਾਈਮਰ ਦੀ ਮੌਤ ਹੋ ਗਈ ਹੈ। ਉਹ 90 ਸਾਲਾਂ ਦੇ ਸਨ ਤੇ ਉਹ ਦੇਸ਼ ਦੀਆਂ ਸਮਾਜਿਕ ਅਲਾਮਤਾਂ ਪ੍ਰਤੀ ਵੱਖਰੇ ਨਜ਼ਰੀਏ ਸਦਕਾ ਜਾਣੇ ਜਾਂਦੇ ਸੀ।

ਆਪਣੇ 15 ਨਾਵਲਾਂ ਤੇ ਦੁਨੀਆਂ ਭਰ ਦੀਆਂ 40 ਭਾਸ਼ਾਵਾਂ ਵਿਚ ਛਪ ਚੁੱਕੀਆਂ ਲਘੂ ਕਹਾਣੀਆਂ ਤੇ ਗੈਰ-ਗਲਪ ਤੇ ਹੋਰ ਕਾਰਜਾਂ ਰਾਹੀਂ ਗੋਰਡਾਈਮਰ ਨੇ ਘੱਟ ਗਿਣਤੀ ਗੋਰਿਆਂ ਦੇ ਸ਼ਾਸਨ ਦੌਰਾਨ ਪ੍ਰਚੱਲਤ ਨਸਲਵਾਦੀ ਪ੍ਰਣਾਲੀ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਉਨ੍ਹਾਂ ਨੂੰ 1991 ਵਿਚ ਸਾਹਿਤ ਦਾ ਨੋਬੇਲ ਪੁਰਸਕਾਰ ਦਿੱਤਾ ਗਿਆ ਸੀ।

'ਏ ਗੈਸਟ ਆਫ ਆਨਰ', 'ਦਿ ਕਨਜ਼ਰਵੇਸ਼ਨਿਸਟ', 'ਬਰਗਰੇਜ਼ ਡਾਟਰ', 'ਜੁਲਾਈ'ਜ਼ ਪੀਪਲ' ਅਤੇ 'ਏ ਸਪੋਰਟ ਆਫ ਨੇਚਰ' ਜਿਹੇ ਨਾਵਲ ਬਹੁਤ ਚਾਅ ਨਾਲ ਪੜ੍ਹੇ ਗਏ ਸਨ ਤੇ ਨੋਬੇਲ ਪੁਰਸਕਾਰ ਕਮੇਟੀ ਨੇ ਉਨ੍ਹਾਂ ਦੀ ਨਾਵਲ ਰਚਨਾ ਨੂੰ ਬਾਕਮਾਲ ਕਰਾਰ ਦਿੱਤਾ ਸੀ।

# ਇਸਰਾਈਲ ਵੱਲੋਂ ਮਿਸਰ ਦਾ ਜੰਗਬੰਦੀ ਪ੍ਰਸਤਾਵ ਮਨਜ਼ੂਰ

**ਯੋਰੋਸ਼ਲਮ:** ਇਸਰਾਈਲ ਤੇ ਹਮਾਸ ਵਿਚਾਲੇ ਚੱਲ ਰਹੀ ਲੜਾਈ ਦੌਰਾਨ ਇਕ ਰਾਹਤ ਭਰੀ ਖ਼ਬਰ ਆਈ ਹੈ। ਮਿਸਰ ਦੇ ਸੰਘਰਸ਼ ਵਿਰਾਮ ਦੇ ਪ੍ਰਸਤਾਵ ਨੂੰ ਇਸਰਾਈਲ ਨੇ ਮੰਨ ਲਿਆ ਹੈ, ਹਾਲਾਂਕਿ ਹਮਾਸ ਨੇ ਇਸ ਪ੍ਰਸਤਾਵ ਨੂੰ 'ਆਤਮ-ਸਮਰਪਣ' ਕਹਿ ਕੇ ਨਕਾਰ ਦਿੱਤਾ ਹੈ। ਇਸਰਾਈਲ ਦੀ ਕੈਬਨਿਟ ਬੈਠਕ ਵਿਚ ਸੰਘਰਸ਼ ਵਿਰਾਮ ਬਾਰੇ ਫ਼ੈਸਲਾ ਹੋਇਆ, ਉਥੇ ਹਮਾਸ ਦੇ ਹਥਿਆਰਬੰਦ ਗੁੱਟ ਨੇ ਇਸ ਨੂੰ 'ਆਤਮ ਸਮਰਪਣ' ਕਰਾਰ ਦਿੱਤਾ ਹੈ। ਹਮਾਸ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਮਿਸਰ ਦਾ ਸੰਘਰਸ਼ ਵਿਰਾਮ ਦਾ ਪ੍ਰਸਤਾਵ ਮੰਨਣਯੋਗ ਨਹੀਂ ਹੈ।

ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਸਮਝੌਤੇ ਦੇ ਸੰਘਰਸ਼ ਵਿਰਾਮ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਦੋਹਾਂ ਪੱਖਾਂ ਦੇ ਆਗੂਆਂ ਦੀਆਂ ਲੰਬੀਆਂ ਬੈਠਕਾਂ ਦੇ ਬਾਅਦ ਇਹ ਪ੍ਰਸਤਾਵ ਸਾਹਮਣੇ ਆਇਆ ਹੈ। ਇਸਰਾਈਲ ਤੇ ਗਾਜ਼ਾ ਵਿਚ ਸ਼ਾਸਨ ਕਰਨ ਵਾਲੇ ਹਮਾਸ ਵਿਚਾਲੇ ਸੰਘਰਸ਼ ਵਿਰਾਮ ਨਾਲ ਗਾਜ਼ਾ ਦੇ ਲੋਕਾਂ ਨੂੰ ਰਾਹਤ ਮਿਲਣ ਦੀ ਉਮੀਦ ਹੈ।

# ਵੈਦਿਕ-ਹਾਫਿਜ਼ ਮੁਲਾਕਾਤ 'ਤੇ ਹੰਗਾਮਾ

**ਨਵੀਂ ਦਿੱਲੀ:** ਭਾਜਪਾ ਦੇ ਕੱਟੜ ਸਮਰਥਕ ਯੋਗ ਗੁਰੂ ਰਾਮਦੇਵ ਦੇ ਸਾਥੀ ਵੇਦ ਪ੍ਰਤਾਪ ਵੈਦਿਕ ਦੀ 26/11 ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਹਾਫਿਜ਼ ਸਈਦ ਨਾਲ ਮੁਲਾਕਾਤ 'ਤੇ ਬਵਾਲ ਖੜ੍ਹਾ ਹੋ ਗਿਆ ਹੈ। ਲੋਕ ਸਭਾ ਤੇ ਰਾਜ ਸਭਾ ਵਿਚ ਸੀਨੀਅਰ ਕੈਬਨਿਟ ਮੰਤਰੀਆਂ ਨੇ ਵੈਦਿਕ-ਸਈਅਦ ਮੁਲਾਕਾਤ ਨਾਲੋਂ ਸਰਕਾਰ ਦਾ ਪੱਲਾ ਝਾੜਦਿਆਂ ਕਿਹਾ ਕਿ ਉਹ ਇਕ ਪੱਤਰਕਾਰ ਦੇ ਤੌਰ 'ਤੇ ਪਾਕਿਸਤਾਨੀ ਦਹਿਸ਼ਤਪਸੰਦ ਨੂੰ ਮਿਲਿਆ ਸੀ ਪਰ ਸਰਕਾਰ ਦੇ ਇਸ ਜਵਾਬ ਤੋਂ ਵਿਰੋਧੀ ਪਾਰਟੀਆਂ ਦੀ ਤਸੱਲੀ ਨਾ ਹੋਈ ਤੇ ਦੋਵਾਂ ਸਦਨਾਂ ਵਿਚ ਖ਼ੂਬ ਰੌਲਾ ਪਿਆ।

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵੈਦਿਕ ਨੂੰ 'ਆਰ.ਐਸ.ਐਸ. ਦਾ ਬੰਦਾ' ਦੱਸਦਿਆਂ ਸਵਾਲ ਕੀਤਾ ਕਿ ਕੀ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਵੀ ਮੁਲਾਕਾਤ ਕਰਾਉਣ ਵਿਚ ਕੋਈ ਭੂਮਿਕਾ ਨਿਭਾਈ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨੇ ਲੋਕ ਸਭਾ ਵਿਚ ਆਖਿਆ ਕਿ ਵੈਦਿਕ ਦੇ ਪਾਕਿਸਤਾਨ ਦੌਰੇ ਤੇ ਉਥੇ ਹਾਫਿਜ਼ ਸਈਦ ਨਾਲ ਉਸ ਦੀ ਮੁਲਾਕਾਤ ਨਾਲ ਸਰਕਾਰ ਦਾ ਕੋਈ ਲਾਗਾ-ਦੇਗਾ ਨਹੀਂ ਹੈ। ਉਨ੍ਹਾਂ ਕਿਹਾ ਕਿ ਨਾ ਉਸ ਨੇ ਪਾਕਿਸਤਾਨ ਜਾਣ ਤੋਂ ਪਹਿਲਾਂ ਤੇ ਨਾ ਹੀ ਉਥੇ ਪਹੁੰਚ ਕੇ ਸਾਨੂੰ ਕੋਈ ਇਤਲਾਹ ਦਿੱਤੀ ਸੀ ਕਿ ਉਹ ਸਈਅਦ ਨੂੰ ਮਿਲਣ ਲੱਗਿਆ ਹੈ। ਇਹ ਇਕ ਨਿੱਜੀ ਦੌਰਾ ਤੇ ਨਿੱਜੀ ਮੁਲਾਕਾਤ ਸੀ। ਉਪਰਲੇ ਸਦਨ ਵਿਚ ਵਿੱਤ ਮੰਤਰੀ ਅਰੁਣ ਜੇਤਲੀ ਨੇ ਇਹੀ ਜਵਾਬ ਪੇਸ਼ ਕੀਤਾ।

# ਨਿਊ ਸਾਊਥ ਵੇਲਜ਼ ਚੋਣਾਂ ਲਈ ਪਾਰਟੀਆਂ ਦੀ ਨਜ਼ਰ ਭਾਰਤੀਆਂ 'ਤੇ

**ਸਿਡਨੀ:** ਆਸਟਰੇਲੀਆ ਦੇ ਮੁੱਖ ਰਾਜ ਨਿਊ ਸਾਊਥ ਵੇਲਜ਼ ਦੀਆਂ ਅਸੈਂਬਲੀ ਚੋਣਾਂ ਮਾਰਚ-2015 ਲਈ ਰਾਜਨੀਤਕ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਰਾਜਨੀਤਕ ਪਾਰਟੀਆਂ ਨੇ 93 ਮੈਂਬਰੀ ਇਸ ਸਦਨ ਵਿਚ ਬਹੁਮਤ ਬਣਾਉਣ ਲਈ ਗਿਣਤੀਆਂ-ਮਿਣਤੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਵਾਰ ਵੀ ਇਨ੍ਹਾਂ ਚੋਣਾਂ ਵਿਚ ਮੁੱਖ ਮੁਕਾਬਲਾ ਹੁਕਮਰਾਨ ਲਿਬਰਲ ਮਾਈਕ ਬੇਅਰਡ ਤੇ ਮੁੱਖ ਵਿਰੋਧੀ ਪਾਰਟੀ ਲੇਬਰ ਦੇ ਜੌਹਨ ਰੌਬਰਟਸਨ ਵਿਚ ਹੀ ਹੋਣ ਦੇ ਪੱਕੇ ਆਸਾਰ ਬਣੇ ਹੋਏ ਹਨ।

ਲੇਬਰ ਤੇ ਲਿਬਰਲ ਪਾਰਟੀਆਂ ਦੀ ਮੁੱਖ ਟੇਕ ਪਰਵਾਸੀ ਆਸਟਰੇਲੀਅਨਾਂ ਉਪਰ ਹੈ। ਇਸ ਵਾਰ ਇਨ੍ਹਾਂ ਚੋਣਾਂ ਵਿਚ ਭਾਰਤੀ ਪਰਵਾਸੀ ਆਪਣਾ ਫੈਸਲਾਕੁਨ ਰੋਲ ਅਦਾ ਕਰਨਗੇ। ਰਾਜਨੀਤਕ ਪਾਰਟੀਆਂ ਨੇ ਭਾਰਤੀਆਂ ਨੂੰ ਆਪਣੇ ਨਾਲ ਜੋੜਨ ਲਈ ਉਨ੍ਹਾਂ ਦੇ ਪ੍ਰਭਾਵ ਵਾਲੇ ਹਲਕਿਆਂ ਵਿਚ ਪਾਰਟੀ ਟਿਕਟਾਂ ਦੇਣ ਦਾ ਦੌਰ ਵੀ ਸ਼ੁਰੂ ਕਰ ਦਿੱਤਾ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਤੋਂ ਬਾਅਦ ਹੁਣ ਆਸਟਰੇਲੀਆ ਵਿਚ ਵੀ ਭਾਰਤੀਆਂ ਨੇ ਰਾਜਨੀਤਕ ਪਕੜ ਬਣਾਉਣੀ ਸ਼ੁਰੂ ਕਰ ਦਿੱਤੀ ਹੈ।

ਤਕਰੀਬਨ 16 ਸਾਲ ਲਗਾਤਾਰ ਨਿਊ ਸਾਊਥ ਵੇਲਜ਼ ਸੂਬੇ ਅੰਦਰ ਲੇਬਰ ਪਾਰਟੀ ਦੀ ਸਰਕਾਰ ਪਿਛਲੀਆਂ ਚੋਣਾਂ 2011 ਵਿਚ ਲਿਬਰਲ ਤੇ ਨੈਸ਼ਨਲ ਕੋਰੀਲੇਸ਼ਨ ਗੱਠਜੋੜ ਪਾਸੋਂ 20 ਸੀਟਾਂ ਦੇ ਅੰਤਰ ਨਾਲ ਸੱਤਾ ਤੋਂ ਬਾਹਰ ਹੋ ਗਈ ਸੀ।

ਸ਼ਰਾਬ ਦੀ ਬੋਤਲ ਤੋਹਫੇ ਵਜੋਂ ਲੈਣ ਦੇ ਸਕੈਂਡਲ ਵਿਚ ਫਸੇ ਮੁੱਖ ਮੰਤਰੀ ਬੈਰੀ ਓਫੈਰਲ ਦੀ ਕੁਰਸੀ ਲਿਬਰਲ ਪਾਰਟੀ ਨੇ 17 ਅਪਰੈਲ ਨੂੰ ਮਾਈਕ ਬੇਅਰਡ ਨੂੰ ਸੌਂਪ ਕੇ ਲੋਕਾਂ ਮੂਹਰੇ ਪੇਸ਼ ਕੀਤਾ ਹੈ। ਸੂਬੇ ਦੀਆਂ ਇਨ੍ਹਾਂ ਚੋਣਾਂ ਵਿਚ ਫੈਡਰਲ ਰਾਜਨੀਤਕ ਸਰਗਰਮੀਆਂ ਦਾ ਵੀ ਸਿੱਧਾ ਅਸਰ ਪਵੇਗਾ।

ਪ੍ਰਧਾਨ ਮੰਤਰੀ ਟੋਨੀ ਐਬਟ ਦੀ ਅਗਵਾਈ ਹੇਠਲੀ ਲਿਬਰਲ ਸਰਕਾਰ ਦੀਆਂ ਨਵੀਆਂ ਨੀਤੀਆਂ ਤੇ ਉਨ੍ਹਾਂ ਦਾ ਵਿਰੋਧ ਮੁੱਖ ਚੋਣ ਮੁੱਦਾ ਹੋਵੇਗਾ।

## ਅਲ-ਕਾਇਦਾ ਵੱਲੋਂ ਭਾਰਤ ਖ਼ਿਲਾਫ਼ ਜਹਾਦ ਦੀ ਅਪੀਲ

**ਨਵੀਂ ਦਿੱਲੀ:** ਯੂਨਾਈਟਿਡ ਜਹਾਦ ਕੌਂਸਲ ਦੇ ਚੇਅਰਮੈਨ ਸੱਯਦ ਸਲਾਹੁਦੀਨ ਨੇ ਕਸ਼ਮੀਰ ਸਮੱਸਿਆ ਨੂੰ ਨਵਾਂ ਮੋੜ ਦੇਣ ਦੀ ਕੋਸ਼ਿਸ਼ ਕੀਤੀ ਹੈ। ਸਲਾਹੁਦੀਨ ਨੇ ਕਸ਼ਮੀਰ ਵਿਚ ਵੱਖਵਾਦੀਆਂ ਦੀ ਹਿੰਸਾ ਨੂੰ ਇਰਾਕ ਤੇ ਸੀਰੀਆ ਵਿਚ ਪੈਨ ਇਸਲਾਮਿਕ ਜਹਾਦ ਨਾਲ ਜੋੜਿਆ ਹੈ। ਸਲਾਹੁਦੀਨ ਨੇ ਐਲਾਨ ਕੀਤਾ ਹੈ ਕਿ ਕਸ਼ਮੀਰ ਵਿਚ ਅਲਕਾਇਦਾ, ਤਾਲਿਬਾਨ ਜਾਂ ਇਸ ਤਰ੍ਹਾਂ ਦੀ ਵਿਚਾਰਧਾਰਾ ਰੱਖਣ ਵਾਲੇ ਸੰਗਠਨਾਂ ਦਾ ਸਵਾਗਤ ਕੀਤਾ ਜਾਵੇਗਾ।

ਯੂਨਾਈਟਿਡ ਜਹਾਦ ਕੌਂਸਲ ਵਿਚ ਹਰਕਤ-ਉਲ-ਅੰਸਾਰ, ਹਿਜ਼ਬੁਲ-ਮੁਜਾਹਦੀਨ, ਅਲ-ਜਹਾਦ, ਅਲ-ਬਰਕ, ਅਲ-ਬਦਰ, ਇਖ਼ਵਾਨ-ਉਲ-ਮੁਸਲਮੀਨ ਤੇ ਤਹਿਰੀਕ-ਉਲ-ਮੁਜਾਹਦੀਨ ਵਰਗੇ ਅੱਤਵਾਦੀ ਸੰਗਠਨ ਸ਼ਾਮਲ ਹਨ। ਉਨ੍ਹਾਂ ਨੇ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫਰਾਬਾਦ ਵਿਚ ਇਕ ਰੈਲੀ ਦੌਰਾਨ ਕਸ਼ਮੀਰ ਨੂੰ ਗ੍ਰਹਿ ਯੁੱਧ ਦਾ ਸ਼ਿਕਾਰ ਦੇਸ਼ ਦੱਸਿਆ। ਉਨ੍ਹਾਂ ਕਿਹਾ ਕਿ ਇਥੇ ਜਹਾਦੀਆਂ ਨੂੰ ਦਖ਼ਲ ਦੇਣਾ ਚਾਹੀਦਾ ਹੈ।

# ਏ.ਪੀ.ਸੀ.ਏ. ਦੇ ਬੇ-ਏਰੀਆ ਚੈਪਟਰ ਦਾ ਸ਼ੁਭ ਅਰੰਭ 23 ਤੋਂ

**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਅਮੈਰਿਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ.ਪੀ.ਸੀ.ਏ.) ਸੰਸਥਾ ਨੇ ਬੇ-ਏਰੀਆ ਵਿਚ ਆਪਣਾ ਦੂਜਾ ਚੈਪਟਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਵਿਸ਼ਾਲ ਇਕੱਠ 23 ਜੁਲਾਈ, ਬੁੱਧਵਾਰ ਨੂੰ ਮਿਲਪੀਟਸ ਦੇ ਇੰਡੀਆ ਕਮਿਊਨਿਟੀ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਬਾਰੇ ਐਸੋਸੀਏਸ਼ਨ ਦੇ ਮੋਢੀ ਮੈਂਬਰ ਅਤੇ ਚੇਅਰਮੈਨ ਜੈਗ ਕਪੂਰ ਨੇ ਦੱਸਿਆ ਕਿ ਸੰਸਥਾ ਸਮੁੱਚੇ ਗੈਸੋਲੀਨ ਰਿਟੇਲਰਾਂ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਨੂੰ ਇਕ ਮੰਚ ਉਤੇ ਲਿਆਉਣ ਲਈ ਹੋਂਦ ਵਿਚ ਆਈ ਹੈ। ਇਸ ਦੀ ਸ਼ੁਰੂਆਤ ਕੈਲੀਫੋਰਨੀਆ ਤੋਂ ਕੀਤੀ ਜਾ ਰਹੀ ਹੈ ਅਤੇ ਫਿਰ ਇਸ ਦਾ ਵਿਸਥਾਰ ਅਮਰੀਕਾ ਭਰ ਵਿਚ ਕੀਤਾ ਜਾਵੇਗਾ। ਇਸ ਐਸੋਸੀਏਸ਼ਨ ਦਾ ਮੁੱਖ ਮਕਸਦ ਇਕ ਅਜਿਹਾ ਢਾਂਚਾ ਖੜ੍ਹਾ ਕਰਨਾ ਹੈ ਜਿਸ ਵਿਚ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਨੂੰ ਪੂਰੀ ਨੁਮਾਇੰਦਗੀ ਮਿਲੇ। ਅਜਿਹੇ ਮੰਚ ਦੀ ਲੋੜ ਬੜੀ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਇਸ ਐਸੋਸੀਏਸ਼ਨ ਦਾ ਮੁੱਖ ਮਕਸਦ ਆਜ਼ਾਦ ਕਨਵੀਨੀਐਂਸ ਸਟੋਰ ਰਿਟੇਲਰਾਂ ਵਿਚਕਾਰ ਕਾਰੋਬਾਰੀ ਮਾਹੌਲ ਨੂੰ ਹੁਲਾਰਾ ਦੇਣਾ ਅਤੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ ਤਾਂਕਿ ਉਹ ਆਪੋ-ਆਪਣੇ ਕਾਰੋਬਾਰ ਨੂੰ ਹੋਰ ਅਗੇਰੇ ਲਿਜਾ ਸਕਣ। ਇਸ ਤੋਂ ਇਲਾਵਾ ਐਸੋਸੀਏਸ਼ਨ ਦਾ ਇਕ ਹੋਰ ਮਕਸਦ ਸਟੇਟ ਅਤੇ ਫੈਡਰਲ ਪੱਧਰ ਉਤੇ ਵਿਧਾਨਕ ਅਤੇ ਰੈਗੂਲੇਟਰੀ ਪਾਲਿਸੀ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਆਪਣੇ ਮੈਂਬਰਾਂ ਨੂੰ ਦੇਣਾ ਹੈ। ਇਸ ਦੇ ਨਾਲ-ਨਾਲ ਮੈਂਬਰਾਂ ਨੂੰ ਨਿੱਤ ਦਿਨ ਆਉਂਦੀਆਂ ਔਕੜਾਂ ਨਾਲ ਨਜਿੱਠਣਾ ਵੀ ਹੈ। ਇਹ ਵਿਕਰੇਤਾਵਾਂ ਨੂੰ ਸਹੀ ਭਾਅ ਮਿਲਣ ਅਤੇ ਚੰਗੇਰੇ ਨੈਟਵਰਕ ਲਈ ਮਦਦ ਕਰੇਗੀ। ਐਸੋਸੀਏਸ਼ਨ ਆਪਣੇ ਮੈਂਬਰਾਂ ਨੂੰ ਵਪਾਰ ਸ਼ੋਅਜ਼ ਵਿਚ ਹਿੱਸਾ ਲੈਣ ਦਾ ਮੌਕਾ ਦੇਵੇਗੀ ਤਾਂਕਿ ਉਹ ਵੱਖ-ਵੱਖ ਵਸਤਾਂ ਉਤੇ ਰਕਮਾਂ ਲਾਉਣ ਤੋਂ ਪਹਿਲਾਂ ਖ਼ੁਦ ਇਨ੍ਹਾਂ ਦੀ ਨਿਰਖ-ਪਰਖ ਕਰ ਸਕਣ ਅਤੇ ਇਸ ਬਾਰੇ ਵਧੀਆ ਫੈਸਲਾ ਕਰ ਸਕਣ। ਐਸੋਸੀਏਸ਼ਨ ਆਪਣੇ ਮੈਂਬਰਾਂ ਨੂੰ ਆਪਣੇ ਖੇਤਰ ਵਿਚ ਅਗਾਂਹ ਲੰਘਣ ਬਾਰੇ ਬਾਕਾਇਦਾ ਸਿਖਿਅਤ ਵੀ ਕਰਦੀ ਰਹੇਗੀ। ਜਿਹੜੇ ਮੈਂਬਰਾਂ ਕੋਲ ਘੱਟ ਤਜ਼ਰਬਾ ਹੋਵੇਗਾ, ਉਨ੍ਹਾਂ ਲਈ ਵੀ ਕਾਰੋਬਾਰ ਵਿਚ ਚਮਕਣ ਦਾ ਮੌਕਾ ਮੁਹੱਈਆ ਕੀਤਾ ਜਾਵੇਗਾ।

APCA
AMERICAN PETROLEUM AND CONVENIENCE STORE ASSOCIATION

ਐਸੋਸੀਏਸ਼ਨ ਦੇ ਚੇਅਰਮੈਨ ਜੈਗ ਕਪੂਰ ਦਾ ਸਪਸ਼ਟ ਕਹਿਣਾ ਹੈ, "ਸਾਡਾ ਮਕਸਦ ਆਪਣੇ ਮੈਂਬਰਾਂ ਨੂੰ ਵਧੀਆ ਮੰਚ ਦੇਣਾ ਹੈ। ਕਨਵੀਨੀਐਂਸ ਸਟੋਰ ਕਾਰੋਬਾਰ ਵਿਚ ਆਪਣੇ ਤਜ਼ਰਬੇ ਦੇ ਆਧਾਰ 'ਤੇ ਅਸੀਂ ਹੁਣ ਇਸ ਸਥਿਤੀ ਵਿਚ ਹਾਂ ਕਿ ਆਪਣੇ ਮੈਂਬਰਾਂ ਨੂੰ ਆਪੋ-ਆਪਣਾ ਕਾਰੋਬਾਰ ਵਧਾਉਣ ਵਿਚ ਜੋ ਕੁਝ ਵੀ ਚਾਹੀਦਾ ਹੈ, ਉਹ ਸਾਰਾ ਕੁਝ ਦੇ ਸਕਦੇ ਹਾਂ।

ਜ਼ਿਕਰਯੋਗ ਹੈ ਕਿ ਚੇਅਰਮੈਨ ਜੈਗ ਕਪੂਰ ਨੇ ਆਪਣਾ ਪਹਿਲਾ 'ਸਟੌਪ-ਐਨ-ਸੇਵ' ਕਨਵੀਨੀਐਂਸ ਗਰੌਸਰੀ ਸਟੋਰ 1982 ਵਿਚ ਸ਼ੁਰੂ ਕੀਤਾ ਸੀ ਅਤੇ ਹੁਣ ਉਹ 'ਸਟੌਪ-ਐਨ-ਸੇਵ' ਕੰਪਨੀ ਦੇ ਮੁਖੀ ਹਨ। ਉਨ੍ਹਾਂ ਨੇ ਮੁਕਾਬਲੇ ਵਿਚ ਚੱਲ ਰਹੇ 22 ਸਟੋਰਾਂ ਦੀ ਚੇਨ ਜੋ ਬੋਨਫੇਅਰ ਮਾਰਕਿਟਸ ਕਰ ਕੇ ਜਾਣੇ ਜਾਂਦੇ ਸਨ, ਵੀ ਆਪਣੇ ਕਾਰੋਬਾਰ ਵਿਚ ਸ਼ਾਮਲ ਕਰ ਲਏ ਅਤੇ ਹੁਣ ਉਹ ਬੋਨਫੇਅਰ ਮਾਰਕਿਟਸ ਕੰਪਨੀ ਦੇ ਚੇਅਰਮੈਨ/ਸੀ.ਈ.ਓ. ਹਨ।

ਐਸੋਸੀਏਸ਼ਨ ਦੇ ਬੁਲਾਰੇ ਮਨਰਾਜ ਨੱਤ ਦਾ ਕਹਿਣਾ ਹੈ, "ਏ.ਪੀ.ਸੀ.ਏ. ਹੇਠਾਂ ਤੱਕ ਵਿਚਰ ਰਹੀ ਸੰਸਥਾ ਹੈ ਜਿਹੜੀ ਛੋਟੇ ਕਾਰੋਬਾਰੀਆਂ ਲਈ ਵੱਡੇ ਮੌਕੇ ਮੁਹੱਈਆ ਕਰਦੀ ਹੈ। ਅਸੀਂ ਇਹ ਮਹਿਸੂਸ ਕਰਦੇ ਹਾਂ ਕਿ 23 ਜੁਲਾਈ ਨੂੰ ਸ਼ੁਰੂ ਕੀਤਾ ਜਾ ਰਿਹਾ ਨਵਾਂ ਚੈਪਟਰ ਸਾਰੇ ਮੈਂਬਰਾਂ ਨੂੰ ਉਹ ਸੇਵਾਵਾਂ ਅਤੇ ਜਾਣਕਾਰੀ ਦੇਵੇਗਾ ਜੋ ਹਰ ਪੱਖ ਤੋਂ ਉਨ੍ਹਾਂ ਦੇ ਕਾਰੋਬਾਰ ਵਿਚ ਸਹਾਈ ਹੋਣਗੀਆਂ।" ਵਰਣਨਯੋਗ ਹੈ ਕਿ ਮਨਰਾਜ ਨੱਤ ਨੇ ਆਪਣਾ ਪਹਿਲਾ ਸ਼ੈਵਰਨ ਗੈਸ ਸਟੇਸ਼ਨ 2002 ਵਿਚ ਹਾਸਲ ਕੀਤਾ ਸੀ ਅਤੇ ਹੁਣ ਉਹ ਉਤਰੀ ਕੈਲੀਫੋਰਨੀਆ ਵਿਚ ਕਈ ਥਾਂਵਾਂ ਦੇ ਮਾਲਕ ਹਨ।

ਏ.ਪੀ.ਸੀ.ਏ. ਮਿਲਪੀਟਸ ਆਧਾਰਤ ਨਾਨ-ਪ੍ਰਾਫਿਟ ਐਸੋਸੀਏਸ਼ਨ ਹੈ ਜਿਹੜੀ 2013 ਦੇ ਅਖੀਰ ਵਿਚ ਬਣਾਈ ਗਈ ਸੀ। ਇਹ ਕਨਵੀਨੀਐਂਸ ਸਟੋਰ ਕਾਰੋਬਾਰ ਦੇ ਆਪਣੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਸੰਸਥਾ ਹੈ। ਏ.ਪੀ.ਸੀ.ਏ. ਦੇ ਮੈਂਬਰਾਂ ਵਿਚ ਸਮੁੱਚੇ ਕੈਲੀਫੋਰਨੀਆ ਦੇ ਗੈਸ ਸਟੇਸ਼ਨਾਂ ਅਤੇ ਕਨਵੀਨੀਅਸ ਸਟੋਰਾਂ ਦੇ ਮਾਲਕ ਸ਼ਾਮਲ ਹਨ। ਏ.ਪੀ.ਸੀ.ਏ. ਇਸ ਕਾਰੋਬਾਰ ਨਾਲ ਜੁੜੇ ਪੁਰਾਣੇ ਕਾਰੋਬਾਰੀਆਂ ਨੇ ਬਣਾਈ ਸੀ ਜਿਨ੍ਹਾਂ ਦੇ ਕੁੱਲ ਤਜ਼ਰਬੇ ਦਾ ਜਮ੍ਹਾਂ-ਜੋੜ 300 ਸਾਲਾਂ ਤੋਂ ਵੀ ਵੱਧ ਬਣਦਾ ਹੈ। ਇਸ ਸਬੰਧ ਵਿਚ ਹੋਰ ਜਾਣਕਾਰੀ ਲਈ ਜੈਗ ਕਪੂਰ (ਫੋਨ: 408-319-7110), ਮਨਰਾਜ ਨੱਤ (408-802-7181) ਜਾਂ ਸੰਜੀਵ ਪਟੇਲ (408-666-4944) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਕੋਈ ਵੀ ਜਾਣਕਾਰੀ ਵੈਬਸਾਈਟ www.apca.us. ਤੋਂ ਵੀ ਹਾਸਲ ਕੀਤੀ ਜਾ ਸਕਦੀ ਹੈ।

# ਵੱਖਰੀ ਗੁਰਦੁਆਰਾ ਕਮੇਟੀ ਨੂੰ ਕਾਨੂੰਨੀ ਮਾਨਤਾ 'ਤੇ ਸਿਆਸਤ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਬਿੱਲ ਪਾਸ ਹੋਣ ਤੋਂ ਬਾਅਦ ਇਸ ਦੀ ਕਾਨੂੰਨੀ ਮਾਨਤਾ 'ਤੇ ਸਿਆਸਤ ਗਰਮਾ ਗਈ ਹੈ। ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਦੀ ਬਿਲ ਉਤੇ ਪ੍ਰਵਾਨਗੀ ਦੀ ਮੋਹਰ ਲੱਗਣ ਪਿੱਛੋਂ ਇਹ ਬਿੱਲ ਹੁਣ ਐਕਟ ਵਿਚ ਬਦਲ ਗਿਆ ਹੈ ਤੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਦਾਅਵਾ ਹੈ ਕਿ ਐਕਟ ਨੂੰ ਦੇਸ਼ ਦੇ ਰਾਸ਼ਟਰਪਤੀ ਕੋਲ ਭੇਜਣ ਦੀ ਲੋੜ ਨਹੀਂ ਹੈ। ਹੁਣ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਲਈ ਕੰਮ ਸ਼ੁਰੂ ਹੋ ਗਿਆ ਹੈ।

ਹੁੱਡਾ ਸਰਕਾਰ ਜਿਥੇ ਇਸ ਕਮੇਟੀ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਦੱਸ ਰਹੀ ਹੈ ਉਥੇ ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਇਸ ਨੂੰ ਗ਼ੈਰ ਸੰਵਿਧਾਨਿਕ ਕਰਾਰ ਦੇ ਕੇ ਸਿੱਖਾਂ ਨੂੰ ਦੋਫਾੜ ਕਰਨ ਦੇ ਦੋਸ ਲਗਾ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤਾਂ ਇਸ ਬਿੱਲ ਵਿਰੁੱਧ ਸ਼ਿਕਾਇਤ ਲੈ ਕੇ ਕੇਂਦਰ ਕੋਲ ਵੀ ਪਹੁੰਚ ਕਰ ਚੁੱਕੇ ਹਨ। ਹਾਲਾਂਕਿ ਕੇਂਦਰ ਨੇ ਇਸ ਮਾਮਲੇ ਵਿਚ ਦਖਲ ਦੇਣ ਤੋਂ ਟਾਲਾ ਵੱਟ ਲਿਆ ਹੈ।

ਸ. ਬਾਦਲ ਕਿਹਾ ਕਿ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਹਾਲੇ ਸਿਰਫ ਕਾਗ਼ਜ਼ਾਂ ਵਿਚ ਹੀ ਬਣੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਨੇ ਵੱਖਰੀ ਕਮੇਟੀ ਦਾ ਮੁੱਦਾ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਸ਼ਾਮਲ ਕਰ ਲਿਆ ਹੈ ਜਿਸ ਤੋਂ ਕਾਂਗਰਸ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀ ਕਾਂਗਰਸ ਸਰਕਾਰ ਅੰਗਰੇਜ਼ਾਂ ਦੇ ਸਮੇਂ ਵਰਗਾ ਵਿਵਹਾਰ ਕਰ ਰਹੀ ਹੈ। ਪਹਿਲਾਂ ਵੀ ਕਈ ਵਾਰ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਚੁੱਕੀ ਗਈ ਹੈ ਪਰ ਸਿੱਖਾਂ ਨੇ ਕਾਂਗਰਸ ਦੇ ਇਹ ਮਨਸੂਬੇ ਪੂਰੇ ਨਹੀਂ ਹੋਣ ਦਿੱਤੇ। ਉਧਰ ਸ. ਮੱਕੜ ਨੇ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਨਰਾਜ਼ ਸਿੱਖ ਆਗੂਆਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਹਰਿਆਣੇ ਲਈ ਵੱਖਰੀ ਸਬ-ਕਮੇਟੀ ਦੇ ਬਣਾਏ ਗਏ ਫਾਰਮੂਲੇ ਉਪਰ ਉਹ ਆਪਣੀ ਮੋਹਰ ਲਗਾਉਣ ਤਾਂ ਜੋ ਆਪਸੀ ਏਕਤਾ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ।

ਉਧਰ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਹਰਿਆਣਾ ਕਾਨੂੰਨੀ ਤੌਰ 'ਤੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਹੱਕ ਰੱਖਦਾ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦਾ ਵਰਤਮਾਨ ਖਾਸਾ ਇਕ 'ਅੰਤਰਰਾਜੀ ਬਾਡੀ' ਵਜੋਂ 'ਆਰਜ਼ੀ ਹਸਤੀ' ਵਾਲਾ ਹੈ। ਇਕ ਸਿੱਖ ਵਿਦਵਾਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਸਾਬਕਾ ਮੁਖੀ ਤੇ ਡੀਨ ਪ੍ਰੋ. ਕਸ਼ਮੀਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨਾਂ 72 ਤੇ 88 ਅਧੀਨ ਹਰਿਆਣਾ, ਸੂਬੇ ਵਿਚਲੇ ਗੁਰਦੁਆਰਿਆਂ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਸਕਦਾ ਹੈ।

ਹਰਿਆਣਾ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਕਸ਼ਮੀਰ ਸਿੰਘ ਬਨਾਮ ਭਾਰਤ ਸਰਕਾਰ ਕੇਸ ਵਿਚ ਫੈਸਲੇ ਦੀ ਰੋਸ਼ਨੀ ਵਿਚ ਵੀ ਵੱਖਰੀ ਕਮੇਟੀ ਬਣਾ ਸਕਦਾ ਹੈ। ਪ੍ਰੋ. ਕਸ਼ਮੀਰ ਸਿੰਘ ਨੇ 'ਕੁਮੈਂਟਰੀ ਆਨ ਦਿ ਸਿੱਖ ਗੁਰਦੁਆਰਾਜ਼ ਐਕਟ 1925' ਨਾਂ ਦੀ ਪੁਸਤਕ ਵੀ ਲਿਖੀ ਹੈ। ਪੰਜਾਬ ਵਿਧਾਨ ਪ੍ਰੀਸ਼ਦ ਨੇ ਸਿੱਖ ਗੁਰਦੁਆਰਾ ਐਕਟ 1925 ਪਾਸ ਕੀਤਾ ਸੀ ਜੋ ਇਤਿਹਾਸਕ ਤੇ ਅਹਿਮ ਸਿੱਖ ਗੁਰਦੁਆਰਿਆਂ ਉਤੇ ਲਾਗੂ ਹੁੰਦਾ ਹੈ। ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਥਾਨਕ ਗੁਰਦੁਆਰਾ ਕਮੇਟੀਆਂ 241 ਗੁਰਦੁਆਰਿਆਂ ਦੇ ਪ੍ਰਬੰਧ ਲਈ ਬਣਾਈਆਂ ਸਨ ਪਰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨਾਂ ਰਾਹੀਂ ਐਸ.ਜੀ.ਪੀ.ਸੀ. ਦੇ ਅਧਿਕਾਰ ਹੇਠਲੇ ਗੁਰਦੁਆਰਿਆਂ ਦੀ ਗਿਣਤੀ ਵਧਦੀ ਰਹੀ। ਭਾਰਤ ਦੀ ਵੰਡ ਸਮੇਂ 761 ਗੁਰਦੁਆਰੇ ਇਸ ਐਕਟ ਅਧੀਨ ਚਲਾਏ ਜਾ ਰਹੇ ਸਨ। ਵੰਡ ਮਗਰੋਂ ਕਈ ਅਹਿਮ ਤੇ ਇਤਿਹਾਸਕ ਗੁਰਦੁਆਰੇ ਉਧਰ ਰਹਿ ਗਏ।

ਮਗਰੋਂ 1959 ਵਿਚ ਪੰਜਾਬ ਵਿਧਾਨ ਪ੍ਰੀਸ਼ਦ ਨੇ ਪੈਪਸੂ ਤੱਕ ਐਕਟ ਦਾ ਘੇਰਾ ਵਧਾ ਲਿਆ। ਭਾਰਤੀ ਸੰਸਦ ਵੱਲੋਂ ਪਾਸ ਪੰਜਾਬ ਪੁਨਰਗਠਨ ਐਕਟ 1966 ਨੇ ਐਸ.ਜੀ.ਪੀ.ਸੀ. ਨੂੰ ਅੰਤਰਰਾਜੀ ਬਾਡੀ ਕਾਰਪੋਰੇਟ ਵਿਚ ਤਬਦੀਲ ਕਰ ਦਿੱਤਾ। ਪ੍ਰੋ. ਕਸ਼ਮੀਰ ਸਿੰਘ ਮੁਤਾਬਕ ਇਸ ਅੰਤਰਰਾਜੀ ਕਾਰਪੋਰੇਟ ਬਾਡੀ ਦੀ ਹੈਸੀਅਤ ਵਿਚ ਐਸ.ਜੀ.ਪੀ.ਸੀ. ਆਪਣੇ ਪੁਰਾਣੇ ਖੇਤਰਾਂ (1966 ਤੋਂ ਪਹਿਲੇ) ਵਿਚ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਵੀ ਕੰਮਕਾਰ ਕਰਦੀ ਰਹੇਗੀ ਜਦ ਤੱਕ ਕਿ ਕੋਈ ਹੋਰ ਵਿਵਸਥਾ ਜਾਂ ਕਾਨੂੰਨ ਇਸ ਬਾਰੇ ਨਹੀਂ ਬਣਾਇਆ ਜਾਂਦਾ।



## ਕੇਂਦਰ ਨੇ ਦਖਲ ਦੇਣ ਤੋਂ ਵੱਟਿਆ ਟਾਲਾ

**ਨਵੀਂ ਦਿੱਲੀ:** ਹਰਿਆਣਾ ਸਰਕਾਰ ਨੂੰ ਸੂਬੇ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਤੋਂ ਰੋਕਣ ਲਈ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਨਾਉਣ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਆਖਰੀ ਹੰਭਲੇ ਨੂੰ ਕੇਂਦਰ ਤੋਂ ਕੋਈ ਚੱਜ ਦਾ ਹੁੰਗਾਰਾ ਨਹੀਂ ਮਿਲਿਆ ਸਮਝਿਆ ਜਾ ਰਿਹਾ। ਇਹ ਵੀ ਪਤਾ ਲੱਗਿਆ ਹੈ ਕਿ ਗ੍ਰਹਿ ਮੰਤਰੀ ਨੇ ਸ. ਬਾਦਲ ਨਾਲ ਸਿਰਫ 10 ਮਿੰਟ ਮੁਲਾਕਾਤ ਕੀਤੀ। ਭਾਵੇਂ ਪੰਜਾਬ ਸਰਕਾਰ ਦੇ ਅਧਿਕਾਰੀ ਇਥੇ ਇਸ ਬਾਰੇ ਅਨਜਾਣਤਾ ਹੀ ਪ੍ਰਗਟਾਉਂਦੇ ਰਹੇ, ਪਰ ਸੂਤਰਾਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਬਾਦਲ, ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਇਸ ਮਸਲੇ ਦੀ ਹੱਲ ਲਈ ਮਿਲੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸਦਨ ਵਿਚ ਕੇਂਦਰ ਤੋਂ ਹਰਿਆਣਾ ਦੀ ਇਹ ਸਰਗਰਮੀ ਰੋਕੇ ਜਾਣ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰ ਨੂੰ ਯਾਦ ਕਰਵਾਇਆ ਕਿ ਪੰਡਤ ਜਵਾਹਰ ਲਾਲ ਨਹਿਰੂ ਤੇ ਮਾਸਟਰ ਤਾਰਾ ਸਿੰਘ ਸਿੱਖ ਆਗੂ ਵਿਚਾਲੇ ਸਮਝੌਤਾ ਹੋਇਆ ਸੀ ਤੇ ਸ੍ਰੀ ਨਹਿਰੂ ਨੇ ਭਰੋਸਾ ਦਿਵਾਇਆ ਸੀ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਵੇਗੀ।

# ਮੱਕੜ ਵੱਲੋਂ ਉਪ ਕਮੇਟੀ ਦਾ ਆਖਰੀ ਪੈਂਤੜਾ

**ਚੰਡੀਗੜ੍ਹ:** ਹਰਿਆਣਾ ਵਿਚ ਵੱਖਰੀ ਕਮੇਟੀ ਬਣਨ ਤੋਂ ਰੋਕਣ ਵਿਚ ਅਸਫਲ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਹਰਿਆਣਾ ਦੇ ਸਿੱਖਾਂ ਨੂੰ 'ਵਧੇਰੇ ਅਧਿਕਾਰ' ਦੇਣ ਦਾ ਪੈਂਤੜਾ ਖੇਡਿਆ ਹੈ। ਸ਼੍ਰੋਮਣੀ ਕਮੇਟੀ ਨੇ ਚੰਡੀਗੜ੍ਹ ਵਿਚ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਸਬ ਕਮੇਟੀ ਦੇ ਗਠਨ ਦਾ ਐਲਾਨ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਵੱਖਰੀ ਸਬ-ਕਮੇਟੀ ਅੰਦਰ ਹਰਿਆਣਾ ਵਿਚੋਂ ਚੁਣੇ ਗਏ ਸਮੁੱਚੇ ਮੈਂਬਰਾਂ ਵਿਚੋਂ ਇਕ ਵੱਖਰਾ ਮੀਤ ਪ੍ਰਧਾਨ ਬਣਾਇਆ ਜਾਵੇਗਾ ਤੇ ਕੁਰੂਕਸ਼ੇਤਰ ਵਿਖੇ ਵੱਖਰਾ ਸਬ-ਆਫ਼ਿਸ ਸਥਾਪਤ ਕੀਤਾ ਜਾਵੇਗਾ। ਨਾਲ ਹੀ ਹਰਿਆਣਾ ਦੀ ਸਬ ਕਮੇਟੀ ਲਈ ਐਡੀਸ਼ਨਲ ਸਕੱਤਰ ਦੀ ਨਿਯੁਕਤੀ ਕੀਤੀ ਜਾਵੇਗੀ ਤੇ ਸਮੁੱਚਾ ਪ੍ਰਬੰਧ ਸਬ-ਕਮੇਟੀ ਦੀ ਨਿਗਰਾਨੀ ਹੇਠ ਹੋਵੇਗਾ। ਇਹ ਸਬ-ਕਮੇਟੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਹੇਠ ਆਪਣਾ ਸਮੁੱਚਾ ਪ੍ਰਬੰਧ ਕਰੇਗੀ।

ਸ. ਮੱਕੜ ਨੇ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਨਰਾਜ਼ ਸਿੱਖ ਆਗੂਆਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਹਰਿਆਣੇ ਲਈ ਵੱਖਰੀ ਸਬ-ਕਮੇਟੀ ਦੇ ਬਣਾਏ ਗਏ ਫਾਰਮੂਲੇ ਉਪਰ ਉਹ ਆਪਣੀ ਮੋਹਰ ਲਗਾਉਣ ਤਾਂ ਜੋ ਆਪਸੀ ਏਕਤਾ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਾਂਗਰਸ 'ਤੇ ਦੋਸ਼ ਲਾਇਆ ਕਿ ਇਸ ਦੇ ਆਗੂ ਸ਼੍ਰੋਮਣੀ ਕਮੇਟੀ ਨੂੰ ਵੰਡਣ ਦੇ ਯਤਨਾਂ ਵਿਚ ਹਨ। ਬੇਸ਼ੱਕ ਭੁਪਿੰਦਰ ਸਿੰਘ ਹੁੱਡਾ ਹਰਿਆਣਾ ਵਿਧਾਨ ਸਭਾ ਅੰਦਰ ਵੱਖਰੀ ਕਮੇਟੀ ਬਣਾਉਣ ਦਾ ਬਿੱਲ ਪਾਸ ਕਰਾਉਣ ਲਈ ਤਰਲੋ-ਮੱਛੀ ਹੋ ਰਹੇ ਹਨ ਪਰ ਕਾਨੂੰਨੀ ਪ੍ਰਕਿਰਿਆ ਮੁਕੰਮਲ ਹੋਣ ਤੱਕ ਇਹ ਬਿੱਲ ਲਾਗੂ ਨਹੀਂ ਹੋ ਸਕਦਾ। ਉਨ੍ਹਾਂ ਸਪੱਸ਼ਟ ਕਿਹਾ ਕਿ ਵੱਖਰੀ ਹਰਿਆਣਾ ਕਮੇਟੀ ਦੇ ਗਠਨ ਨੂੰ ਰੋਕਣ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲ ਚੁੱਕੇ ਹਨ।

## ਗੁਰਦੁਆਰਾ ਕਮੇਟੀ ਨਿਯਮਾਂ ਮੁਤਾਬਕ ਬਣੀ: ਹੁੱਡਾ



**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਇਜ਼ ਕਰਾਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੁਕਤਾਚੀਨੀ ਕੀਤੀ। ਸ. ਬਾਦਲ ਵੱਲੋਂ ਹਰਿਆਣਾ ਗੁਰਦੁਆਰਾ ਕਮੇਟੀ ਨੂੰ ਗੈਰ-ਸੰਵਿਧਾਨਕ ਕਰਾਰ ਦੇਣ 'ਤੇ ਸ੍ਰੀ ਹੁੱਡਾ ਨੇ ਕਿਹਾ ਹੈ ਕਿ ਅਸੀਂ ਕਾਨੂੰਨੀ ਦਾਇਰੇ ਅੰਦਰ ਪ੍ਰਕਿਰਿਆ ਅਪਣਾਈ ਹੈ ਤੇ ਸਭ ਕੁਝ ਨਿਯਮਾਂ ਤਹਿਤ ਹੋਇਆ ਹੈ। ਉਧਰ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਿੱਖਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਤੋਂ ਹਰਿਆਣਾ ਸਰਕਾਰ ਨੂੰ ਵਰਜਿਆ ਸੀ। ਹਾਲਾਂਕਿ ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਦੀ ਵੱਖਰੀ ਕਮੇਟੀ ਬਾਰੇ ਡਾ. ਮਨਮੋਹਨ ਸਿੰਘ ਨਾਲ ਕਦੇ ਵੀ ਕੋਈ ਗੱਲ ਹੀ ਨਹੀਂ ਹੋਈ।

# ਸਿੱਖ ਕਾਂਗਰਸ ਦੀਆਂ ਆਸਾਂ ਨੂੰ ਬੂਰ ਨਹੀਂ ਪੈਣ ਦੇਣਗੇ: ਜਥੇਦਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣ ਬਾਰੇ ਸਰਕਾਰ ਵੱਲੋਂ ਬਿੱਲ ਪਾਸ ਕਰਨ ਦੀ ਕਾਰਵਾਈ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਹੈ। ਉਨ੍ਹਾਂ ਕਿਹਾ ਕਿ ਹੁੱਡਾ ਸਰਕਾਰ ਵੱਲੋਂ ਇਹ ਕਾਰਵਾਈ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ ਪਰ ਹਰਿਆਣਾ ਦੇ ਸਿੱਖ ਕਾਂਗਰਸ ਦੀਆਂ ਆਸਾਂ ਨੂੰ ਬੂਰ ਨਹੀਂ ਪੈਣ ਦੇਣਗੇ। ਉਨ੍ਹਾਂ ਹਰਿਆਣਾ ਦੀ ਸਿੱਖ ਸੰਗਤ ਨੂੰ ਕਿਹਾ ਕਿ ਉਹ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇਕੱਠੇ ਹੋਵੇ ਤੇ ਹੁੱਡਾ ਸਰਕਾਰ ਤੋਂ ਸੁਚੇਤ ਰਹਿੰਦਿਆਂ ਉਸ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰੇ।

ਉਨ੍ਹਾਂ ਕਿਹਾ ਕਿ ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਚੰਗਾ ਸੁਨੇਹਾ ਮਿਲੇਗਾ ਕਿ ਸਿੱਖ ਕੌਮ ਆਪਣੇ ਧਾਰਮਿਕ ਮਾਮਲਿਆਂ ਵਿਚ ਕਿਸੇ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀ।

# ਸ਼੍ਰੋਮਣੀ ਕਮੇਟੀ ਉਪਰ ਬਾਦਲਾਂ ਦਾ ਗਲਬਾ ਖਤਮ ਹੋਣਾ ਸ਼ੁਰੂ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਏ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰਲੇ ਗਲਬੇ ਦੇ ਖ਼ਾਤਮੇ ਦੀ ਸ਼ੁਰੂਆਤ ਹੋ ਗਈ ਹੈ।



ਸ. ਬਾਜਵਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਜਬੂਰੀ ਦਾ ਪਤਾ ਇਸੇ ਗੱਲ ਤੋਂ ਲੱਗ ਜਾਂਦਾ ਹੈ ਕਿ ਬੀਤੇ ਦਿਨੀਂ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਸਭ ਤੋਂ ਤਾਕਤਵਰ ਮੰਨੇ ਜਾਂਦੇ ਮੈਨੇਜਮੈਂਟ ਐਕਸਪਰਟ ਨੂੰ ਹਟਾਉਣ ਦਾ ਫ਼ੈਸਲਾ ਲਿਆ ਹੈ ਪਰ ਇਸ ਨੂੰ ਸੁਖਬੀਰ ਬਾਦਲ ਦੀ ਮਨਜ਼ੂਰੀ ਲਈ ਪੈਂਡਿੰਗ ਰੱਖ ਲਿਆ ਹੈ ਜਿਨ੍ਹਾਂ ਦੀ ਸਿਫ਼ਾਰਸ਼ 'ਤੇ ਇਸ ਵਿਅਕਤੀ ਦੀ ਨਿਯੁਕਤੀ ਕੀਤੀ ਗਈ ਸੀ, ਉਸ ਦੀ ਨਿਯੁਕਤੀ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਰੱਦ ਕਰ ਦਿੱਤੀ ਸੀ ਪਰ ਉਸ ਨੂੰ ਦੁੱਗਣੀ ਤਨਖ਼ਾਹ 'ਤੇ ਮੁੜ ਨਿਯੁਕਤ ਕਰ ਦਿੱਤਾ ਗਿਆ ਸੀ।

# ਸ਼੍ਰੋਮਣੀ ਕਮੇਟੀ ਦੀ ਅਣਦੇਖੀ ਦਾ ਸਿੱਟਾ ਹੈ ਵੱਖਰੀ ਕਮੇਟੀ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਅਣਦੇਖੀ ਦਾ ਸਿੱਟਾ ਹੈ। ਜੇਕਰ ਸਾਲ 2009 ਵਿਚ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਵੱਖਰੀ ਸਬ-ਕਮੇਟੀ ਦੀ ਸਥਾਪਨਾ ਕਰ ਦਿੱਤੀ ਜਾਂਦੀ ਤਾਂ ਇਸ ਵੰਡ ਨੂੰ ਰੋਕਿਆ ਜਾ ਸਕਦਾ ਸੀ। ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਵੱਖਰੀ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਸਾਲ 1996 ਵਿਚ ਉਭਰੀ ਸੀ ਜੋ 18 ਵਰ੍ਹਿਆਂ ਬਾਅਦ ਸ਼੍ਰੋਮਣੀ ਕਮੇਟੀ ਦੀ ਵੰਡ ਦਾ ਸਬੱਬ ਬਣੀ।

ਇਹ ਮੰਗ ਉਸ ਵੇਲੇ ਉਭਰੀ ਸੀ ਜਦੋਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਰਹੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੂੰ ਜਬਰੀ ਹਰਾਉਣ ਦਾ ਯਤਨ ਕੀਤਾ ਗਿਆ ਸੀ। ਉਸ ਵੇਲੇ ਸ. ਝੀਂਡਾ ਨੇ ਮਾਨ ਧੜੇ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੀ ਚੋਣ ਲੜੀ ਸੀ। ਸਾਲ 1999 ਤੇ 2000 ਵਿਚ ਸ. ਝੀਂਡਾ ਨੇ ਆਪਣੇ ਨਾਲ ਅਜਿਹੇ ਸਮਰਥਕ ਸ਼ਾਮਲ ਕਰ ਲਏ ਜਿਨ੍ਹਾਂ ਨੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਮੰਗ ਨੂੰ ਪਹਿਲੀ ਵਾਰ ਉਭਾਰਿਆ ਸੀ। ਉਸ ਵੇਲੇ ਇਹ ਮੰਗ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮੀਟਿੰਗ ਵਿਚ ਵੀ ਉਭਰੀ ਸੀ ਜਿਸ ਨੂੰ ਨਕਾਰ ਦਿੱਤਾ ਗਿਆ ਸੀ।




ਹਰਿਆਣਾ ਵਿਧਾਨ ਸਭਾ ਚੋਣਾਂ ਸਮੇਂ ਸਿੱਖ ਆਗੂਆਂ ਨੇ ਕਾਂਗਰਸ ਨਾਲ ਸਾਂਝ ਕਰਕੇ ਇਸ ਮਾਮਲੇ ਨੂੰ ਉਭਾਰਿਆ ਤੇ ਸਰਕਾਰ ਸਥਾਪਤ ਹੋਣ ਤੋਂ ਬਾਅਦ ਵੱਖਰੀ ਕਮੇਟੀ ਸਥਾਪਤ ਕਰਨ ਲਈ ਉਥੋਂ ਦੇ ਸਿੱਖਾਂ ਦੀ ਰਾਏ ਲੈਣ ਵਾਸਤੇ ਚੱਠਾ ਕਮੇਟੀ ਬਣਾਈ ਗਈ।

ਇਹ ਕਮੇਟੀ ਸ਼ਾਇਦ ਉਸ ਵੇਲੇ ਬਣ ਜਾਂਦੀ ਪਰ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਦਖ਼ਲਅੰਦਾਜ਼ੀ ਕਾਰਨ ਇਸ ਨੂੰ ਰੋਕ ਦਿੱਤਾ ਗਿਆ ਸੀ। ਸਾਲ 2009 ਵਿਚ ਇਸ ਮੰਗ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਆਣਾ ਦੇ ਸਿੱਖ ਆਗੂਆਂ ਨਾਲ ਗੱਲਬਾਤ ਕਰਕੇ ਵਿਚਲਾ ਰਾਹ ਲੱਭਣ ਦਾ ਯਤਨ ਕੀਤਾ ਗਿਆ ਸੀ। ਉਸ ਵੇਲੇ ਤਜਵੀਜ਼ ਰੱਖੀ ਗਈ ਸੀ ਕਿ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਕ ਵੱਖਰੀ ਸਬ-ਕਮੇਟੀ ਦਾ ਗਠਨ ਕਰ ਦਿੱਤਾ ਜਾਵੇ ਤੇ ਇਸ ਦਾ ਇਕ ਵੱਖਰਾ ਦਫ਼ਤਰ ਕੁਰੂਕਸ਼ੇਤਰ ਵਿਚ ਸਥਾਪਤ ਕੀਤਾ ਜਾਵੇ। ਇਹ ਯੋਜਨਾ ਪੂਰੀ ਹੋਣ ਕੰਢੇ ਸੀ ਕਿ ਹਰਿਆਣਾ ਦੇ ਹੀ ਇਕ ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਇਸ ਦੇ ਰਾਹ ਵਿਚ ਅੜਿੱਕਾ ਖੜ੍ਹਾ ਕਰ ਦਿੱਤਾ ਜਿਸਦੇ ਸਿੱਟੇ ਵਜੋਂ ਇਹ ਕਮੇਟੀ ਨਾ ਬਣ ਸਕੀ। ਹੁਣ ਭਾਵੇਂ ਸ਼੍ਰੋਮਣੀ ਕਮੇਟੀ ਨੇ ਵੀ ਵੱਖਰੀ ਸਬ-ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ ਪਰ ਇਹ ਐਲਾਨ ਅਜਾਈਂ ਚਲਾ ਗਿਆ ਕਿਉਂਕਿ ਹੁੱਡਾ ਸਰਕਾਰ ਨੇ ਵੱਖਰੀ ਕਮੇਟੀ ਬਣਾਉਣ ਬਾਰੇ ਵਿਧਾਨ ਸਭਾ ਵਿਚ ਬਿੱਲ ਪਾਸ ਕਰ ਦਿੱਤਾ ਹੈ। ਹਰਿਆਣਾ ਦੀ ਵੱਖਰੀ ਕਮੇਟੀ ਲਈ 41 ਮੈਂਬਰ ਹੋਣਗੇ ਜਦਕਿ ਇਸ ਵੇਲੇ ਹਰਿਆਣਾ ਵਿਚ 11 ਸ਼੍ਰੋਮਣੀ ਕਮੇਟੀ ਮੈਂਬਰ ਹਨ। ਇਸ ਦਾ ਦਫ਼ਤਰ ਕੁਰੂਕਸ਼ੇਤਰ ਵਿਚ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਜਿਥੇ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਇਕ ਉਪ-ਦਫਤਰ ਸਥਾਪਤ ਕੀਤਾ ਜਾ ਚੁੱਕਿਆ ਹੈ। ਹਰਿਆਣਾ ਕਮੇਟੀ ਦਾ ਸੰਵਿਧਾਨ ਵੀ ਸ਼੍ਰੋਮਣੀ ਕਮੇਟੀ ਦੇ ਸੰਵਿਧਾਨ ਵਾਂਗ ਹੀ ਹੋਵੇਗਾ।

ਪੰਜ ਸਾਲ ਬਾਅਦ ਮੈਂਬਰਾਂ ਦੀ ਚੋਣ ਹੋਵੇਗੀ ਤੇ ਇਨ੍ਹਾਂ ਵੱਲੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਫ਼ਿਲਹਾਲ ਉਥੇ ਸ਼੍ਰੋਮਣੀ ਕਮੇਟੀ ਦੇ 11 ਮੈਂਬਰਾਂ ਦੀ ਚੋਣ 2011 ਵਿਚ ਹੋ ਚੁੱਕੀ ਹੈ ਪਰ ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਚੋਣ ਦਾ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਜਿਸ ਕਾਰਨ 11 ਮੈਂਬਰਾਂ ਦੀ ਹੋਂਦ ਨਾ ਹੋਇਆਂ ਵਰਗੀ ਹੈ।

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੰਡੀਗੜ੍ਹ ਦੇ ਸਿੱਖ ਵੀ ਹੁਣ ਵੱਖਰੀ ਕਮੇਟੀ ਦੇ ਰਾਹ ਤੁਰੇ

**ਚੰਡੀਗੜ੍ਹ:** ਹਰਿਆਣੇ ਦੀ ਤਰਜ਼ 'ਤੇ ਹੁਣ ਚੰਡੀਗੜ੍ਹ ਦੇ ਸਿੱਖ ਵੀ 'ਚੰਡੀਗੜ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਉਣ ਦੇ ਰਾਹ ਤੁਰ ਪਏ ਹਨ। ਇਸ ਮਕਸਦ ਲਈ ਇਥੋਂ ਦੇ 'ਸਾਹਨੀ ਤੇ ਰਿਆੜ ਧੜੇ' ਸਰਗਰਮ ਹੋ ਗਏ ਹਨ। ਦੋਵੇਂ ਧੜੇ ਪਿਛਲੇ ਚਾਰ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਚੰਡੀਗੜ੍ਹ ਦੇ ਸਿੱਖ ਮਸਲਿਆਂ ਤੋਂ ਕਿਨਾਰਾ ਰੱਖਣ ਤੇ ਇਥੋਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ ਕਮੇਟੀ ਦੀਆਂ ਅਹੁਦੇਦਾਰੀਆਂ ਤੇ ਕਾਰਜਕਾਰਨੀ ਕਮੇਟੀ ਤੋਂ ਵੀ ਦਰਕਿਨਾਰ ਕਰਨ ਦੀ ਗੱਲ ਆਖ ਰਹੇ ਹਨ।

ਇਕ ਪਾਸੇ ਜਿਥੇ ਚੰਡੀਗੜ੍ਹ ਗੁਰਦੁਆਰਾ ਤਾਲਮੇਲ ਕਮੇਟੀ ਦੇ ਚੇਅਰਮੈਨ ਜਥੇਦਾਰ ਗੁਰਪ੍ਰਤਾਪ ਸਿੰਘ ਰਿਆੜ ਨੇ 'ਚੰਡੀਗੜ੍ਹ ਐਸ.ਜੀ.ਪੀ.ਸੀ.' ਦੀ ਸਥਾਪਤੀ ਲਈ ਆਉਂਦੇ ਦਿਨੀਂ ਇਥੋਂ ਦੀਆਂ ਕਈ ਗੁਰਦੁਆਰਾ ਕਮੇਟੀਆਂ ਦੇ ਆਗੂਆਂ ਨਾਲ ਮਿਲਕੇ ਪੰਜਾਬ ਦੇ ਰਾਜਪਾਲ ਤੇ ਨਗਰ ਪ੍ਰਸ਼ਾਸ਼ਕ ਸ਼ਿਵਰਾਜ ਪਾਟਿਲ ਤੇ ਉਨ੍ਹਾਂ ਦੇ ਸਲਾਹਕਾਰ ਨਾਲ ਮੁਲਾਕਾਤਾਂ ਕਰਨ ਦੀ ਗੱਲ



ਆਖੀ ਹੈ, ਉਥੇ ਚੰਡੀਗੜ੍ਹ ਗੁਰਦੁਆਰਾ ਅਸਥਾਪਨ ਕਮੇਟੀ ਦੇ ਜਨਰਲ ਸਕੱਤਰ ਸ. ਗੁਰਜੋਤ ਸਿੰਘ ਸਾਹਨੀ ਨੇ ਵੱਖਰੀ ਕਮੇਟੀ ਦੀ ਹਮਾਇਤ ਕਰਦਿਆਂ ਰਾਜਧਾਨੀ ਦੇ ਸਿੱਖਾਂ ਲਈ 'ਘੱਟ ਗਿਣਤੀ ਕਮਿਸ਼ਨ' ਸਥਾਪਤ ਕਰਾਉਣ ਦੀ ਮੰਗ ਵੀ ਕੇਂਦਰ ਸਰਕਾਰ ਕੋਲ ਉਠਾਉਣ ਦੀ ਗੱਲ ਆਖੀ ਹੈ। ਹਾਲਾਂਕਿ ਇਨ੍ਹਾਂ ਦੋਵਾਂ ਧੜਿਆਂ ਦਾ ਇਹ ਵੀ ਮੰਨਣਾ ਹੈ ਕਿ ਚੰਡੀਗੜ੍ਹ ਵਿਚ ਸਿਰਫ ਚਾਰ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੈ, ਜਦਕਿ ਬਾਕੀ ਗੁਰਦੁਆਰਿਆਂ ਦਾ ਪ੍ਰਬੰਧ ਵੱਖ-ਵੱਖ ਕਮੇਟੀਆਂ ਕੋਲ ਹੈ, ਜਿਨ੍ਹਾਂ ਨੂੰ 'ਚੰਡੀਗੜ੍ਹ ਐਸ.ਜੀ.ਪੀ.ਸੀ.' ਵਰਗੀ ਸੰਸਥਾ ਅਧੀਨ ਲਿਆਉਣਾ ਵੱਡੀ ਚੁਣੌਤੀ ਹੋਵੇਗੀ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਦੀਆਂ ਗੁਰਦੁਆਰਾ ਕਮੇਟੀਆਂ ਤਿੰਨ ਧੜਿਆਂ ਵਿਚ ਵੰਡੀਆਂ ਹੋਈਆਂ ਹਨ। ਕਈ ਗੁਰਦੁਆਰਾ ਕਮੇਟੀਆਂ 'ਚੰਡੀਗੜ੍ਹ ਸਮੂਹ ਗੁਰਦੁਆਰਾ ਪ੍ਰਬੰਧਕ ਸੰਗਠਨ' ਨਾਲ ਹਨ, ਕੁਝ ਕਮੇਟੀਆਂ 'ਗੁਰਦੁਆਰਾ ਤਾਲਮੇਲ ਕਮੇਟੀ' ਨਾਲ ਹਨ, ਜਦਕਿ ਚੰਡੀਗੜ੍ਹ ਦੀ ਬੁੱਧੀਜੀਵੀ ਸਿੱਖ ਜਮਾਤ ਤੇ ਕੁੱਝ ਕਮੇਟੀਆਂ ਚੰਡੀਗੜ੍ਹ ਦੇ ਸੀਨੀਅਰ ਤੇ ਬਜ਼ੁਰਗ ਪੰਥਕ ਆਗੂ ਸ. ਜੋਗਿੰਦਰ ਸਿੰਘ ਸਾਹਨੀ ਦੇ ਨਾਲ ਖੜ੍ਹਦੀਆਂ ਹਨ।

ਚੰਡੀਗੜ੍ਹ ਦੇ ਸਿੱਖਾਂ ਵਿਚ ਇਕ ਹੋਰ ਨੁਕਤਾ ਉੱਭਰ ਰਿਹਾ ਹੈ ਕਿ ਹੁਣ ਰਾਜਧਾਨੀ ਵਿਚ ਦੋ ਸ਼੍ਰੋਮਣੀ ਕਮੇਟੀ ਚੋਣਾਂ ਹੋਇਆ ਕਰਨਗੀਆਂ, ਕਿਉਂਕਿ ਪੰਜਾਬ ਤੇ ਹਰਿਆਣਾ ਦੋਵਾਂ ਸੂਬਿਆਂ ਦੀ ਰਾਜਧਾਨੀ ਮੰਨੇ ਜਾਣ ਕਾਰਨ ਇਥੇ ਇਕ ਚੋਣ ਅੰਮ੍ਰਿਤਸਰ ਕਮੇਟੀ ਦੇ ਮੈਂਬਰ ਲਈ ਤੇ ਇਕ ਹਰਿਆਣਾ ਕਮੇਟੀ ਦੇ ਮੈਂਬਰ ਲਈ ਹੋਇਆ ਕਰੇਗੀ।

# ਹਰਿਆਣਾ ਸਰਕਾਰ ਐਡਹਾਕ ਕਮੇਟੀ ਲਈ ਪੱਬਾਂ ਭਾਰ

**ਚੰਡੀਗੜ੍ਹ:** ਹਰਿਆਣਾ ਸਰਕਾਰ ਸੂਬੇ ਲਈ ਵੱਖਰੀ ਗੁਰਦੁਆਰਾ ਕਮੇਟੀ ਦੀ ਚੋਣ ਤੱਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਐਡਹਾਕ ਕਮੇਟੀ ਨੂੰ ਸੌਂਪਣ ਦੀ ਤਿਆਰੀ ਵਿਚ ਜੁਟ ਗਈ ਹੈ। ਹਰਿਆਣਾ ਸਰਕਾਰ ਦੇ ਇਕ ਮੰਤਰੀ, ਜਿਨ੍ਹਾਂ ਵੱਖਰੀ ਕਮੇਟੀ ਦੇ ਮਸਲੇ 'ਤੇ ਮੁੱਖ ਮੰਤਰੀ ਤੇ ਸਿੱਖ ਨੇਤਾਵਾਂ ਨੂੰ ਨੇੜੇ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਦਾ ਕਹਿਣਾ ਹੈ ਕਿ ਸਰਕਾਰ ਚੋਣਾਂ ਨੇੜੇ ਹੋਣ ਕਾਰਨ ਕਮੇਟੀ ਲਈ ਨਾਮਜ਼ਦਗੀਆਂ ਦਾ ਕੰਮ ਸਿਰੇ ਲਾਉਣ ਲਈ ਤਤਪਰ ਹੈ ਤੇ ਵੱਖਰੀ ਐਡਹਾਕ ਕਮੇਟੀ ਨੂੰ ਸੇਵਾ ਦਾ ਅਵਸਰ ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਉਂਜ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ 18 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਆਰਜ਼ੀ ਕਮੇਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਹਰਿਆਣਾ ਤੋਂ ਚੁਣੇ ਗਏ ਮੈਂਬਰਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਪੱਖੀ 11 ਮੈਂਬਰਾਂ ਦੇ ਨਾਂ ਵੀ ਦੱਸੇ ਜਾ ਰਹੇ ਹਨ। ਕਮੇਟੀ ਦੀ ਸਾਲ 2004 ਵਿਚ ਹੋਈ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਚਾਰ ਤੇ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਧੜੇ ਦੇ ਸੱਤ ਮੈਂਬਰ ਚੁਣੇ ਗਏ ਸਨ। ਇਸ ਤੋਂ ਬਾਅਦ ਕਮੇਟੀ ਦੀ 2011 ਦੀ ਚੋਣ ਵਿਚ ਪਾਸਾ ਪਲਟ ਗਿਆ ਸੀ ਤੇ ਵੱਖਰੀ ਕਮੇਟੀ ਦੇ ਧੜੇ ਦੇ ਮੈਂਬਰਾਂ ਦੀ ਗਿਣਤੀ ਸਿਰਫ ਚਾਰ ਹੀ ਰਹਿ ਗਈ ਸੀ। ਸੁਪਰੀਮ ਕੋਰਟ ਨੇ ਇਕ ਕੇਸ ਦਾ ਫ਼ੈਸਲਾ ਕਰਦਿਆਂ ਸਾਲ 2004 ਵਿਚ ਚੁਣੇ ਗਏ ਮੈਂਬਰਾਂ 'ਤੇ ਆਧਾਰਤ ਕਾਰਜਕਾਰਨੀ ਨੂੰ ਮਾਨਤਾ ਦਿੱਤੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਿਸੇ ਤਰ੍ਹਾਂ ਦੇ ਕਾਨੂੰਨੀ ਅੜਿੱਕੇ ਤੋਂ ਬਚਣ ਵਾਸਤੇ ਸਰਕਾਰ ਇਨ੍ਹਾਂ ਨੂੰ ਕਮੇਟੀ ਵਿਚ ਸ਼ਾਮਲ ਕਰ ਰਹੀ ਹੈ। ਦੋਹਾਂ ਚੋਣਾਂ ਦੌਰਾਨ ਚੁਣੇ 22 ਮੈਂਬਰਾਂ ਵਿਚੋਂ ਦੋ ਦੁਬਾਰਾ ਚੁਣੇ ਗਏ ਹਨ। ਇਸ ਤਰ੍ਹਾਂ ਇਹ ਗਿਣਤੀ 20 ਬਣ ਰਹੀ ਹੈ।

ਹਰਿਆਣਾ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਗਠਨ ਵੇਲੇ ਜਗਦੀਸ਼ ਸਿੰਘ ਝੀਂਡਾ ਪ੍ਰਧਾਨ ਚੁਣੇ ਗਏ ਸਨ ਜਦੋਂ ਕਿ ਦੀਦਾਰ ਸਿੰਘ ਨਲਵੀ ਨੂੰ ਜਨਰਲ ਸਕੱਤਰ ਬਣਾਇਆ ਗਿਆ ਸੀ। ਚਾਰ ਸਾਲ ਪਹਿਲਾਂ ਸ. ਨਲਵੀ ਤੇ ਝੀਂਡਾ ਵੱਖ-ਵੱਖ ਹੋ ਗਏ। ਇਕ ਧੜੇ ਦੇ ਪ੍ਰਧਾਨ ਸ. ਝੀਂਡਾ ਤੇ ਦੂਜੇ ਦੇ ਸ. ਨਲਵੀ ਥਾਪੇ ਗਏ ਪਰ ਕੁਝ ਮਹੀਨੇ ਪਹਿਲਾਂ ਵੱਖਰੀ ਕਮੇਟੀ ਦੀ ਪ੍ਰਾਪਤੀ ਲਈ ਦੋਵੇਂ ਧੜੇ ਇਕ ਹੋ ਗਏ ਸਨ। ਸਮਝਿਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਵੱਖਰੀ ਐਡਹਾਕ ਕਮੇਟੀ ਦੀਆਂ ਅਹੁਦੇਦਾਰੀਆਂ ਦੇ ਗੁਣੇ ਨਾਲ ਹੀ ਪ੍ਰਧਾਨਗੀ ਦਾ ਅਹੁਦਾ ਸ. ਝੀਂਡਾ ਨੂੰ ਦੇਣ ਬਾਰੇ ਵਿਚਾਰ ਬਣਾਇਆ ਜਾ ਰਿਹਾ ਹੈ। ਉਂਜ ਵੀ ਅਹੁਦੇਦਾਰੀਆਂ ਲੈਣ ਲਈ ਸ. ਨਲਵੀ ਨਾਲੋਂ ਝੀਂਡਾ ਪੱਖੀ ਮੈਂਬਰ ਜ਼ਿਆਦਾ ਸਰਗਰਮ ਦੱਸੇ ਜਾ ਰਹੇ ਹਨ।

ਮਿਲੀ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਭਾਵੇਂ ਗੁਰਦੁਆਰਾ ਐਕਟ ਬਣਾ ਦਿੱਤਾ ਗਿਆ ਹੈ ਤੇ ਆਰਜ਼ੀ ਕਮੇਟੀ ਦੇ ਗਠਨ ਦੀ ਤਿਆਰੀ ਵੀ ਚਲ ਰਹੀ ਹੈ ਪਰ ਸਰਕਾਰ ਲਈ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਵਿਚੋਂ ਗੁਰਦੁਆਰਿਆਂ ਦਾ ਪ੍ਰਬੰਧ ਲੈਣਾ ਮੁਸ਼ਕਲ ਹੋ ਰਿਹਾ ਹੈ। ਗੁਰਦੁਆਰਿਆਂ ਦੀ ਚੱਲ ਤੇ ਅਚੱਲ ਜਾਇਦਾਦ ਸਮੇਤ ਗੋਲਕ ਨਵੀਂ ਚੁਣੀ ਆਰਜ਼ੀ ਕਮੇਟੀ ਦੇ ਹਵਾਲੇ ਕਰਨੀ ਹੋਵੇਗੀ। ਗੁਰਦੁਆਰਿਆਂ ਵਿਚ ਕਮੇਟੀ ਦੇ ਮੁਲਾਜ਼ਮ ਤੇ ਟਾਸਕ ਫੋਰਸ ਤਾਇਨਾਤ ਹੈ ਤੇ ਚਾਰਜ ਲੈਣ ਵੇਲੇ ਸਰਕਾਰ ਸੂਬੇ ਦਾ ਮਾਹੌਲ ਵਿਗੜਣ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਚਿੰਤਤ ਹੈ। ਵੱਖਰੀ ਕਮੇਟੀ ਦੇ ਵਿਰੋਧ ਵਿਚ ਸਿੱਖਾਂ ਵੱਲੋਂ ਹਰਿਆਣਾ ਵਿਚ ਕੀਤੇ ਜਾ ਰਹੇ ਰੋਸ ਵਿਖਾਵੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਲਈ ਫ਼ਿਕਰ ਦਾ ਕਾਰਨ ਬਣ ਰਹੇ ਹਨ।

## ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀ ਹੋ ਸਕਦੀ ਹੈ ਛਾਂਟੀ

**ਅੰਮ੍ਰਿਤਸਰ:** ਹਰਿਆਣਾ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਉਥੋਂ ਦੀ ਸਿੱਖ ਸੰਗਤ ਵੱਲੋਂ ਸੰਭਾਲਣ ਲਈ ਵੱਖਰੀ ਕਮੇਟੀ ਬਣਾਉਣ ਦਾ ਰਾਹ ਪੱਧਰਾ ਹੋ ਜਾਣ ਤੋਂ ਬਾਅਦ ਉਥੋਂ ਦੇ ਗੁਰਦੁਆਰਿਆਂ ਤੇ ਹੋਰ ਅਦਾਰਿਆਂ ਵਿਚ ਸ਼੍ਰੋਮਣੀ ਕਮੇਟੀ ਅਧੀਨ ਕੰਮ ਕਰ ਰਹੇ ਤਕਰੀਬਨ 500 ਮੁਲਾਜ਼ਮਾਂ ਦਾ ਭਵਿੱਖ ਸੰਕਟ ਵਿਚ ਪੈ ਸਕਦਾ ਹੈ।

ਹਰਿਆਣਾ ਗੁਰਦੁਆਰਾ ਬਿੱਲ ਪਾਸ ਹੋਣ ਤੋਂ ਬਾਅਦ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਇਕ ਆਰਜ਼ੀ ਕਮੇਟੀ ਦਾ ਗਠਨ ਕਰ ਦਿੱਤਾ ਜਾਵੇਗਾ ਜੋ ਨਵੀਂ ਕਮੇਟੀ ਦੀ ਚੋਣ ਤੱਕ ਕੰਮ ਚਲਾਵੇਗੀ। ਇਸ ਕਮੇਟੀ ਵੱਲੋਂ ਹੀ ਉਥੋਂ ਦੇ ਗੁਰਧਾਮਾਂ ਤੇ ਹੋਰ ਅਦਾਰਿਆਂ ਦਾ ਪ੍ਰਬੰਧ ਕਰਨ ਲਈ ਨਵੇਂ ਪ੍ਰਬੰਧ ਕੀਤੇ ਜਾਣਗੇ। ਇਹ ਐਡਹਾਕ ਕਮੇਟੀ ਹੀ ਤੈਅ ਕਰੇਗੀ ਕਿ ਉੱਥੋਂ ਦੇ ਪ੍ਰਬੰਧਾਂ ਲਈ ਕੀ ਕੀਤਾ ਜਾਣਾ ਹੈ।

ਨਵੀਂ ਕਮੇਟੀ ਵੱਲੋਂ ਪ੍ਰਬੰਧ ਵਾਸਤੇ ਨਵੇਂ ਕਰਮਚਾਰੀਆਂ ਦੀ ਭਰਤੀ ਵੀ ਕੀਤੀ ਜਾ ਸਕਦੀ ਹੈ। ਇਸ ਸਥਿਤੀ ਵਿਚ ਪਹਿਲਾਂ ਹੀ ਉਥੇ ਸ਼੍ਰੋਮਣੀ ਕਮੇਟੀ ਅਧੀਨ ਕੰਮ ਕਰ ਰਹੇ 540 ਕਰਮਚਾਰੀਆਂ ਦਾ ਭਵਿੱਖ ਸੰਕਟ ਵਿਚ ਪੈ ਜਾਵੇਗਾ। ਇਸ ਵੇਲੇ ਹਰਿਆਣਾ ਵਿਚ 8 ਇਤਿਹਾਸਕ ਗੁਰਦੁਆਰੇ ਹਨ ਜੋ ਸਿੱਖ ਗੁਰਦੁਆਰਾ ਐਕਟ 1925 ਦੇ ਸੈਕਸ਼ਨ 85 ਹੇਠ ਆਉਂਦੇ ਹਨ।

# ਹਰਿਆਣਾ ਵਲੋਂ ਲਿੰਕ ਨਹਿਰ ਦੀ ਉਸਾਰੀ ਲਈ ਮਤਾ ਪਾਸ

**ਚੰਡੀਗੜ੍ਹ:** ਦੋ ਦਿਨਾ ਹਰਿਆਣਾ ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਤੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਆਪਣੇ ਹੱਥਾਂ ਵਿਚ ਲੈਣ ਦੀ ਮੰਗ ਕੀਤੀ ਗਈ। ਇਸ ਮਤੇ ਨੂੰ ਹਾਕਮ ਧਿਰ ਸਮੇਤ ਇੰਡੀਅਨ ਨੈਸ਼ਨਲ ਲੋਕ ਦਲ ਤੇ ਭਾਜਪਾ ਦੇ ਮੈਂਬਰਾਂ ਨੇ ਸਹਿਮਤੀ ਦੇ ਦਿੱਤੀ ਹੈ। ਸਦਨ ਵਿਚ ਫ਼ੈਸਲਾ ਲਿਆ ਗਿਆ ਕਿ ਨਹਿਰ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਪ੍ਰਧਾਨ ਮੰਤਰੀ 'ਤੇ ਜ਼ੋਰ ਪਾਉਣ ਲਈ ਵਫ਼ਦ ਭੇਜਿਆ ਜਾਵੇਗਾ ਜਿਸ ਵਿਚ ਤਿੰਨਾਂ ਸਿਆਸੀ ਪਾਰਟੀਆਂ ਦੇ ਪ੍ਰਤੀਨਿਧਾਂ ਸਮੇਤ ਆਜ਼ਾਦ ਵਿਧਾਇਕਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਸਦਨ ਦੇ ਕਸਟੋਡੀਅਨ ਵਜੋਂ ਸਪੀਕਰ ਨੂੰ ਵੀ ਵਫਦ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ।

ਇਸ ਮਤੇ ਦੇ ਖਰੜੇ ਮੁਤਾਬਕ ਸੁਪਰੀਮ ਕੋਰਟ ਦੇ ਚਾਰ ਜੂਨ ਦੇ ਇਕ ਫੈਸਲੇ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਐਸਵਾਈਐੱਲ ਨਹਿਰ ਦੀ ਉਸਾਰੀ ਆਪਣੇ ਹੱਥਾਂ ਵਿਚ ਲੈ ਕੇ ਇਸ ਨੂੰ ਮੁਕੰਮਲ ਕਰਨਾ ਯਕੀਨੀ ਬਣਾਵੇ। ਸੰਸਦੀ ਮਾਮਲਿਆਂ ਬਾਰੇ ਮੰਤਰੀ ਰਣਦੀਪ ਸਿੰਘ ਸੂਰਜੇਵਾਲਾ ਨੇ ਮਤਾ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 78 ਤਹਿਤ ਹਰਿਆਣਾ ਸਰਕਾਰ ਨੇ 20 ਅਕਤੂਬਰ 1969 ਨੂੰ ਕੇਂਦਰ ਸਰਕਾਰ ਤੋਂ ਆਪਣੇ ਹਿੱਸੇ ਦਾ ਪਾਣੀ ਲੈਣ ਦੀ ਮੰਗ ਕੀਤੀ ਸੀ ਜਿਸ 'ਤੇ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ 25 ਮਾਰਚ 1976 ਨੂੰ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਜਾਬ ਅਤੇ ਹਰਿਆਣਾ ਨੂੰ 3.5 ਮਿਲੀਅਨ ਏਕੜ ਫੁੱਟ ਪਾਣੀ ਬਰਾਬਰ-ਬਰਾਬਰ ਵੰਡ ਦਿੱਤਾ ਸੀ। ਉਸ ਸਮੇਂ ਇਹ ਵੀ ਕਿਹਾ ਗਿਆ ਸੀ ਕਿ ਹਰਿਆਣਾ ਨੂੰ ਪਾਣੀ ਦੇਣ ਲਈ ਪੰਜਾਬ ਦੇ ਖੇਤਰ ਤੋਂ ਇਕ ਨਹਿਰ ਬਣਾਈ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਸਰਕਾਰ ਵੱਲੋਂ ਪੰਜਾਬ ਨੂੰ ਉਸਾਰੀ ਲਈ ਦੋ ਕਰੋੜ ਰੁਪਏ ਵੀ ਦਿੱਤੇ ਗਏ ਸਨ ਪਰ ਇਸ ਦੇ ਬਾਵਜੂਦ ਪਾਣੀਆਂ ਦੀ ਵੰਡ ਦਾ ਮਾਮਲਾ ਉਲਝਦਾ ਗਿਆ। ਉਨ੍ਹਾਂ ਕਿਹਾ ਕਿ ਅੱਠ ਅਪਰੈਲ 1982 ਨੂੰ ਨਹਿਰ ਦੀ ਉਸਾਰੀ ਪਿੰਡ ਕਪੂਰੀ ਤੋਂ ਸ਼ੁਰੂ ਹੋ ਗਈ ਸੀ ਜਿਸ ਤੋਂ ਬਾਅਦ ਰਾਜੀਵ-ਲੌਂਗੋਵਾਲ ਸਮਝੌਤਾ ਵੀ ਹੋਇਆ ਪਰ ਪਰਨਾਲਾ ਉਥੇ ਦਾ ਉਥੇ ਖੜ੍ਹਾ ਹੈ।

# ਬੇਵੱਸ ਹੋਏ ਬਾਦਲ, ਸਿਆਸੀ ਕਿਲ੍ਹੇ ਨੂੰ ਸੰਨ੍ਹ

*(ਸਫਾ ਇਕ ਦੀ ਬਾਕੀ)*

ਚੋਣਾਂ ਵਿਚ ਬਹੁਮਤ ਹਾਸਲ ਕਰਨ ਮਗਰੋਂ ਭਾਜਪਾ ਨੂੰ ਅਕਾਲੀ ਦਲ ਦੀ ਜ਼ਿਆਦੀ ਪ੍ਰਵਾਹ ਨਹੀਂ ਜਿਸ ਦੀ ਮਿਸਾਲ ਪੰਜਾਬ ਭਾਜਪਾ ਦੇ ਤੇਵਰਾਂ ਤੋਂ ਮਿਲਦੀ ਹੈ। ਪੰਜਾਬ ਭਾਜਪਾ ਨੇ ਪਹਿਲੀ ਵਾਰ ਵੱਡੇ ਭਾਈਵਾਲ ਅਕਾਲੀ ਦਲ ਖ਼ਿਲਾਫ਼ ਖੁੱਲ੍ਹ ਕੇ ਭੜਾਸ ਕੱਢੀ ਹੈ।

ਭਾਜਪਾ ਦੇ ਲੀਡਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੇ ਮਾੜੇ ਅਕਸ ਕਾਰਨ ਪੰਜਾਬ ਵਿਚ ਮੋਦੀ ਦੀ ਲਹਿਰ ਨਹੀਂ ਚੱਲ ਸਕੀ। ਪੰਜਾਬ ਵਿਚ ਹਾਰ ਦੇ ਕਾਰਨ ਲੱਭਣ ਲਈ ਬਣਾਈ ਕਮੇਟੀ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਚੋਣਾਂ ਵਿਚ ਰੇਤਾ ਬੱਜਰੀ ਮਾਫੀਆ, ਡਰੱਗ ਮਾਫੀਆ, ਬੇਲੋੜੇ ਟੈਕਸ ਆਦਿ ਮੁੱਦੇ ਅਹਿਮ ਰਹੇ ਜਿਸ ਕਾਰਨ ਗੱਠਜੋੜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਹੀ ਨਹੀਂ, ਸੁਖਬੀਰ ਦੀਆਂ ਕੁਝ ਨੀਤੀਆਂ ਕਾਰਨ ਵੀ ਪਰਿਵਾਰ ਨੂੰ ਕਈ ਮਾਮਲਿਆਂ 'ਤੇ ਮੂੰਹ ਦੀ ਖਾਣੀ ਪਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸਭ ਤੋਂ ਵੱਡਾ ਇਨਾਮੀ ਕਬੱਡੀ ਕੱਪ 23 ਅਗਸਤ ਨੂੰ

## ਧੜੇਬੰਦੀ ਤੋਂ ਉਪਰ ਉਠ ਕੇ ਆਉਣ ਦਾ ਖੁੱਲ੍ਹਾ ਸੱਦਾ: ਗਾਖਲ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਪੰਜਾਬੀਆਂ ਦੀ ਦੁਨੀਆਂ ਵਿਚ ਸਭ ਤੋਂ ਵੱਖਰੀ, ਜੋਸ਼, ਜੁੱਸੇ ਤੇ ਤਾਕਤ ਦਾ ਪ੍ਰਦਰਸ਼ਨ ਕਰਨ ਵਾਲੀ ਮਾਂ ਖੇਡ ਕਬੱਡੀ ਦਾ ਨਵਾਂ ਇਤਿਹਾਸ ਸਿਰਜਣ ਲਈ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਇਕ ਵਾਰ ਫਿਰ ਅੱਗੇ ਆ ਗਿਆ ਹੈ। ਕਬੱਡੀ ਫ਼ੈਡਰੇਸ਼ਨਜ਼ ਆਫ਼ ਕੈਲੀਫ਼ੋਰਨੀਆ ਨਾਲ ਬਾਂਹ 'ਚ ਬਾਂਹ ਪਾ ਕੇ ਕਰਵਾਏ ਜਾ ਰਹੇ ਦਸਵੇਂ ਵਿਸ਼ਵ ਕਬੱਡੀ ਕੱਪ ਦੀ ਖਾਸੀਅਤ ਇਹ ਹੋਵੇਗੀ ਕਿ ਅਮਰੀਕਾ ਦੀ ਧਰਤੀ 'ਤੇ ਹੋਣ ਵਾਲੇ ਇਸ ਕੁੰਭ ਦਾ ਪਹਿਲਾ ਇਨਾਮ ਇੱਕੀ ਹਜ਼ਾਰ ਡਾਲਰ ਦਾ ਹੋਵੇਗਾ।

ਕਲੱਬ ਦੇ ਕਰਤਾ-ਧਰਤਾ ਅਤੇ ਖੇਡ ਖੇਤਰ ਦੀ ਜਾਣੀ-ਪਛਾਣੀ ਹਸਤੀ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ 23 ਅਗਸਤ, ਸਨਿਚਰਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਵਿਚ ਜਿਥੇ ਦੁਨੀਆਂ ਭਰ ਦੇ ਨਾਮੀ ਖਿਡਾਰੀਆਂ ਨੂੰ ਇਕ ਖੇਡ ਮੰਚ 'ਤੇ ਵੇਖਣ ਦਾ ਮੌਕਾ ਮਿਲੇਗਾ, ਉਥੇ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪਾਕਿਸਤਾਨ ਦੇ ਕਬੱਡੀ ਖਿਡਾਰੀ ਵੀ ਇਸ ਕਬੱਡੀ ਕੱਪ ਵਿਚ ਆਪੋ-ਆਪਣੇ ਜੌਹਰ ਦਿਖਾਉਣ।

ਇਥੇ ਰਾਜਾ ਸਟੀਵਸ ਵਿਖੇ ਮੱਖਣ ਸਿੰਘ ਨਾਲ ਕੀਤੀ ਸਾਂਝੀ ਗੱਲਬਾਤ ਨੂੰ ਅੱਗੇ ਤੋਰਦਿਆਂ ਸ. ਗਾਖਲ ਨੇ ਕਿਹਾ ਕਿ ਇਸ ਕਬੱਡੀ ਕੱਪ ਲਈ ਸਾਰੇ ਵਰਗਾਂ, ਜਥੇਬੰਦੀਆਂ ਤੇ ਕਲੱਬਾਂ ਨੂੰ ਬੇਨਤੀ ਹੈ ਕਿ ਸਭ ਧੜੇਬੰਦੀਆਂ ਤੋਂ ਉਪਰ ਉਠ ਕੇ ਕਬੱਡੀ ਦੇ ਇਸ ਮਹਾਂ-ਪ੍ਰਦਰਸ਼ਨ ਵਿਚ ਪਹੁੰਚੋ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕਬੱਡੀ ਕੱਪ ਦੇ ਪ੍ਰਦਰਸ਼ਨ ਸਮੇਂ ਹਜ਼ਾਰਾਂ ਪ੍ਰੇਮੀਆਂ ਦਾ ਇਕੱਠ ਜਿਥੇ ਨੌਜਵਾਨਾਂ ਨੂੰ ਖੇਡਾਂ, ਖਾਸ ਤੌਰ 'ਤੇ ਕਬੱਡੀ ਨਾਲ ਜੁੜਨ ਲਈ ਉਤਸ਼ਾਹ ਦੇਵੇਗਾ, ਉਥੇ ਪੰਜਾਬ ਤੱਕ ਨਸ਼ਿਆਂ 'ਚ ਡੁੱਬੀ ਜਵਾਨੀ ਨੂੰ ਬਾਹਰ ਕੱਢਣ ਲਈ ਸੰਦੇਸ਼ ਵੀ ਦੇਵੇਗਾ।

ਯੁਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਅਨੁਸਾਰ ਐਤਕੀਂ ਇਸ ਸਭ ਤੋਂ ਵੱਡੇ ਇਨਾਮੀ ਵਿਸ਼ਵ ਕਬੱਡੀ ਕੱਪ ਵਿਚ ਫਸਵੇਂ ਮੈਚ ਵੇਖਣ ਲਈ ਜਿਥੇ ਦਸ ਹਜ਼ਾਰ ਤੋਂ ਵੱਧ ਦਰਸ਼ਕਾਂ ਦੇ ਪੁੱਜਣ ਦੀ ਆਸ ਹੈ, ਉਥੇ ਫਰੀ ਪਾਰਕਿੰਗ, ਫਰੀ ਐਂਟਰੀ ਦਾ ਪ੍ਰਬੰਧ ਹੋਵੇਗਾ। ਰਾਜਾ ਸਵੀਟਸ ਦੇ ਲਾਜਵਾਬ ਖਾਣਿਆਂ ਦਾ ਅਨੰਦ ਵੀ ਮਿਲੇਗਾ। ਉਨ੍ਹਾਂ ਅਨੁਸਾਰ ਇਹ ਵੀ ਪਹਿਲਾ ਮੌਕਾ ਹੋਵੇਗਾ ਜਦੋਂ ਵਿਸ਼ਵ ਦੇ ਸਾਰੇ ਵੱਡੇ ਖਿਡਾਰੀ ਇਕ ਥਾਂ ਇਕੱਠੇ ਹੋਣਗੇ ਅਤੇ ਨਵੀਆਂ ਪੈੜਾਂ ਪਾਉਣਗੇ। ਕਬੱਡੀ ਤੋਂ ਇਲਾਵਾ ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ।

ਕਲੱਬ ਦੇ ਦੋਹਾਂ ਅਹੁਦੇਦਾਰਾਂ ਨੇ ਅਮਰੀਕਾ ਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਕੰਮ-ਧੰਦੇ ਤੋਂ ਇਕ ਦਿਨ ਵਿਹਲ ਕੱਢ ਕੇ 23 ਅਗਸਤ ਨੂੰ ਇਸ ਕੱਪ ਵਿਚ ਸ਼ਾਮਲ ਹੋਣ। ਕੈਂਪ ਦੀਆਂ ਸਾਰੀਆਂ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਹੋਰ ਜਾਣਕਾਰੀ ਲਈ ਅਮੋਲਕ ਸਿੰਘ ਗਾਖਲ ਫੋਨ: 831-247-4637 ਜਾਂ ਗੁਰਦਾਵਰ ਸਿੰਘ ਮਹੇੜੂ ਫੋਨ: 510-468-9381 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ ਦੀਆਂ 9,174 ਵੈਬਸਾਈਟਾਂ ਹੈਕ

**ਨਵੀਂ ਦਿੱਲੀ:** ਸੰਚਾਰ ਤੇ ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਮਈ, 2014 ਤੱਕ ਦੁਨੀਆ ਭਰ ਦੇ ਵੱਖ-ਵੱਖ ਥਾਂਵਾਂ ਦੇ ਹੈਕਰਾਂ ਨੇ 9,174 ਭਾਰਤੀ ਵੈੱਬਸਾਈਟਾਂ ਨੂੰ ਹੈਕ ਕੀਤਾ।

ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਹੈਕਰ ਅਮਰੀਕਾ, ਯੂਰਪ, ਬ੍ਰਾਜ਼ੀਲ, ਤੁਰਕੀ, ਚੀਨ, ਪਾਕਿਸਤਾਨ, ਬੰਗਲਾਦੇਸ਼, ਅਲਜੀਰੀਆ ਤੇ ਸੰਯੁਕਤ ਅਰਬ ਅਮੀਰਾਤ ਦੇ ਸਨ। ਹਮਲਾਵਰ ਖ਼ੁਦ ਨੂੰ ਛੁਪਾ ਲੈਣ ਵਾਲੀ ਤਕਨੀਕ ਤੇ ਛੁਪੇ ਹੋਏ ਸਰਵਰ ਦੀ ਵਰਤੋਂ ਕਰਦੇ ਹਨ ਤਾਂ ਕਿ ਇਹ ਪਤਾ ਨਾ ਲਗਾਇਆ ਜਾ ਸਕੇ ਕਿ ਕਿਸ ਕੰਪਿਊਟਰ ਤੋਂ ਹਮਲਾ ਕੀਤਾ ਗਿਆ ਹੈ। ਸਰਕਾਰ ਨੇ ਸਾਰੇ ਮੰਤਰਾਲਿਆਂ ਤੇ ਵਿਭਾਗਾਂ ਨੂੰ ਇਨ੍ਹਾਂ ਸਾਈਬਰ ਹਮਲਿਆਂ ਨਾਲ ਨਿਪਟਣ ਲਈ ਕੰਪਿਊਟਰ ਸੁਰੱਖਿਆ ਨੀਤੀ ਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ।


# Golden State Realty

**Sacramento Office: 9912 Kapalua Ln., Elk Grove, CA 95624**

**Tel: 916-612-5773**

*Courtesy of Sales Manager Traci Lill, Meadows at Galt*

**The Poppy ~ Plan 1** — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*

**@916-612-5773**

**Serving from Bay Area to Sacramento**

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

15 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

# ਬਾਦਲਾਂ ਨੇ ਰਾਜਪਾਲ ਸ਼ਿਵਰਾਜ ਪਾਟਿਲ ਦਾ ਜਹਾਜ਼ ਡੱਕਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਖ਼ਤਿਆਰ ਕੀਤੇ ਰੁਖ਼ ਕਾਰਨ ਰਾਜ ਭਵਨ ਨੇ ਰਾਜਪਾਲ ਸ਼ਿਵਰਾਜ ਵੀ. ਪਾਟਿਲ ਲਈ ਸਰਕਾਰ ਤੋਂ ਵਿਸ਼ੇਸ਼ ਚਾਰਟਰਡ ਜਹਾਜ਼ ਦੀ ਸਹੂਲਤ ਲੈਣੀ ਬੰਦ ਕਰ ਦਿੱਤੀ ਹੈ। ਪਿਛਲੇ ਕਰੀਬ ਛੇ ਮਹੀਨਿਆਂ ਤੋਂ ਸ੍ਰੀ ਪਾਟਿਲ ਨੇ ਪੰਜਾਬ ਤੋਂ ਬਾਹਰ ਜਾਣ ਲਈ ਏਅਰ ਇੰਡੀਆ ਦੀ ਕਮਰਸ਼ਲ ਉਡਾਣ ਦੀ ਸਹੂਲਤ ਹੀ ਲਈ ਹੈ। ਰਾਜ ਭਵਨ ਦੇ ਅਧਿਕਾਰੀਆਂ ਵਿਚ ਇਹ ਤਬਦੀਲੀ ਉਸ ਸਮੇਂ ਆਈ ਜਦੋਂ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਨੌਂ ਲੱਖ 71 ਹਜ਼ਾਰ 352 ਰੁਪਏ ਦੇ ਇਕ ਬਿੱਲ 'ਤੇ ਰਾਜ ਭਵਨ ਦੇ ਅਧਿਕਾਰੀਆਂ ਨੂੰ ਦਸਤਖ਼ਤ ਕਰਨ ਲਈ ਕਿਹਾ।




ਪੰਜਾਬ ਦੇ ਰਾਜਪਾਲ ਵੱਲੋਂ ਵਿਸ਼ੇਸ਼ ਚਾਰਟਰਡ ਜਹਾਜ਼ ਲੈਣ ਦਾ ਮਾਮਲਾ ਸ਼ਹਿਰੀ ਹਵਾਬਾਜ਼ੀ ਵਿਭਾਗ ਨੂੰ ਅਕਸਰ ਰੜਕਦਾ ਰਹਿੰਦਾ ਸੀ। ਇਕ ਜਾਣਕਾਰੀ ਮੁਤਾਬਕ ਜਨਵਰੀ 2012 ਤੋਂ ਜੁਲਾਈ 2013 ਤੱਕ ਦੇ ਸਮੇਂ ਦੌਰਾਨ ਸ੍ਰੀ ਪਾਟਿਲ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਹੈਲੀਕਾਪਟਰ ਤੇ ਵਿਸ਼ੇਸ਼ ਹਵਾਈ ਚਾਰਟਰਡ ਜਹਾਜ਼ਾਂ ਉਪਰ ਸਰਕਾਰੀ ਖ਼ਰਚੇ 'ਤੇ ਜੋ ਸਫ਼ਰ ਕੀਤਾ, ਸਰਕਾਰੀ ਖ਼ਜ਼ਾਨੇ ਨੂੰ ਉਸ ਦੀ ਕੀਮਤ ਤਕਰੀਬਨ ਦੋ ਕਰੋੜ ਰੁਪਏ ਅਦਾ ਕਰਨੀ ਪਈ ਸੀ। ਇਸ ਦੌਰਾਨ ਉਨ੍ਹਾਂ ਆਪਣੇ ਪਿਤਰੀ ਸੂਬੇ ਮਹਾਰਾਸ਼ਟਰ, ਨਵੀਂ ਦਿੱਲੀ ਤੇ ਹੈਦਰਾਬਾਦ ਦੇ ਵਿਸ਼ੇਸ਼ ਦੌਰੇ ਕੀਤੇ ਸਨ। ਉਹ 13 ਜੁਲਾਈ 2012 ਨੂੰ ਚੰਡੀਗੜ੍ਹ ਤੋਂ ਹੈਦਰਾਬਾਦ ਗਏ ਤੇ ਵਾਪਸ ਆਏ 15 ਜੁਲਾਈ ਨੂੰ। ਇਸ ਦੌਰੇ ਦਾ ਖ਼ਰਚ 16 ਲੱਖ 19 ਹਜ਼ਾਰ 628 ਰੁਪਏ ਅਦਾ ਕੀਤਾ ਗਿਆ ਸੀ। ਰਾਜਪਾਲ ਨੇ ਕਈ ਦੌਰੇ ਅਜਿਹੇ ਵੀ ਕੀਤੇ ਸਨ ਜਦੋਂ ਉਹ ਚੰਡੀਗੜ੍ਹ ਤੋਂ ਆਂਧਰਾ ਪ੍ਰਦੇਸ਼ ਗਏ ਤੇ ਹੈਦਰਾਬਾਦ ਦਾ ਗੇੜਾ ਲਗਾ ਕੇ ਵਾਪਸ ਰਾਜ ਭਵਨ ਆ ਗਏ ਸਨ। 11 ਜੁਲਾਈ 2012 ਨੂੰ ਉਨ੍ਹਾਂ ਅਜਿਹਾ ਦੌਰਾ ਕੀਤਾ ਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਅਦਾਇਗੀ ਕੀਤੀ 13 ਲੱਖ 64 ਹਜ਼ਾਰ 460 ਰੁਪਏ ਦੀ। ਚੰਡੀਗੜ੍ਹ ਤੋਂ ਸਿੱਧੇ ਲਾਤੂਰ ਦਾ ਦੌਰਾ ਜੋ ਕਿ 21 ਅਗਸਤ 2012 ਨੂੰ ਕੀਤਾ ਗਿਆ, ਸਰਕਾਰੀ ਖ਼ਜ਼ਾਨੇ ਨੂੰ 14 ਲੱਖ 45 ਹਜ਼ਾਰ 231 ਰੁਪਏ ਵਿੱਚ ਪਿਆ। ਇਸੇ ਸਾਲ ਫਰਵਰੀ ਮਹੀਨੇ ਦੌਰਾਨ ਸ੍ਰੀ ਪਾਟਿਲ ਮਹਾਰਾਸ਼ਟਰ ਦੌਰੇ ਦੌਰਾਨ ਜ਼ੁਹੂ, ਪੰਢਰਪੁਰ ਤੇ ਲਾਤੂਰ ਗਏ। ਇਸ ਦੌਰੇ ਦਾ ਖ਼ਰਚ 11 ਲੱਖ 41 ਹਜ਼ਾਰ 373 ਰੁਪਏ ਅਦਾ ਕਰਨਾ ਪਿਆ। ਇਹ ਖ਼ਰਚਾ ਰੋਜ਼ਾਨਾ 38 ਹਜ਼ਾਰ ਰੁਪਏ ਬਣਦਾ ਹੈ। ਇਨ੍ਹਾਂ ਖ਼ਰਚਿਆਂ ਕਾਰਨ ਹੀ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਰਾਜ ਭਵਨ ਦੇ ਅਧਿਕਾਰੀਆਂ ਤੋਂ ਬਿਲ ਤਸਦੀਕ ਕਰਾਉਣ ਦਾ ਫੈਸਲਾ ਕੀਤਾ ਹੈ। ਰਾਜ ਭਵਨ ਤੇ ਵਿਭਾਗ ਦਰਮਿਆਨ ਠੰਢੀ ਜੰਗ ਚੱਲ ਰਹੀ ਹੈ। ਰਾਜਪਾਲ ਦੇ ਪ੍ਰਮੁੱਖ ਸਕੱਤਰ ਨੇ ਪੁਸ਼ਟੀ ਕੀਤੀ ਹੈ ਕਿ ਸ਼ਹਿਰੀ ਹਵਾਬਾਜ਼ੀ ਵਿਭਾਗ ਵੱਲੋਂ ਬਿੱਲ ਤਸਦੀਕ ਕਰਨ ਲਈ ਲਿਖਿਆ ਗਿਆ ਸੀ ਜੋ ਕਰ ਦਿੱਤੇ ਗਏ ਸਨ। ਰਾਜ ਭਵਨ ਵੱਲੋਂ ਪਿਛਲੇ ਤਕਰੀਬਨ ਛੇ ਮਹੀਨਿਆਂ ਤੋਂ ਰਾਜਪਾਲ ਲਈ ਵਿਸ਼ੇਸ਼ ਚਾਰਟਰਡ ਜਹਾਜ਼ ਦੀ ਮੰਗ ਨਹੀਂ ਕੀਤੀ ਗਈ ਤੇ ਜੇਕਰ ਜ਼ਰੂਰਤ ਹੁੰਦੀ ਹੈ ਤਾਂ ਰਾਜਪਾਲ ਕਮਰਸ਼ਲ ਉਡਾਣ ਰਾਹੀਂ ਹੀ ਸਫਰ ਕਰਦੇ ਹਨ, ਜਿਸ ਲਈ ਉਹ ਅਧਿਕਾਰਤ ਹਨ।

ਸ੍ਰੀ ਪਾਟਿਲ ਵੱਲੋਂ ਨੌਂ ਫਰਵਰੀ 2014 ਨੂੰ ਜ਼ੁਹੂ- ਪੁਣੇ-ਨਿਲਾਂਗਾ-ਪੁਣੇ-ਜ਼ੁਹੂ ਲਈ ਵਿਸ਼ੇਸ਼ ਚਾਰਟਰਡ ਜਹਾਜ਼ ਦੀ ਸਹੂਲਤ ਲਈ ਗਈ ਸੀ। ਵਿਭਾਗ ਦੇ ਸਕੱਤਰ ਏ. ਵੇਣੂ ਪ੍ਰਸਾਦ ਵੱਲੋਂ 25 ਮਾਰਚ 2014 ਨੂੰ ਲਿਖਿਆ ਗਿਆ ਕਿ ਕੀ ਰਾਜਪਾਲ ਦੇ ਏ.ਡੀ.ਸੀ. ਤੋਂ ਇਸ ਬਿੱਲ ਨੂੰ ਤਸਦੀਕ ਕਰਾਉਣ ਦੀ ਜ਼ਰੂਰਤ ਹੈ। ਇਸ ਤੋਂ ਬਾਅਦ ਏ.ਡੀ.ਸੀ. ਵੱਲੋਂ ਇਕ ਅਪਰੈਲ 2014 ਨੂੰ ਬਿਲ ਤਸਦੀਕ ਤਾਂ ਕਰ ਦਿੱਤਾ ਪਰ ਸਰਕਾਰ ਨਾਲ ਰੜਕ ਰੱਖਦਿਆਂ ਜਹਾਜ਼ ਦੀ ਸਹੂਲਤ ਬੰਦ ਕਰ ਦਿੱਤੀ।

ਸ਼ਹਿਰੀ ਹਵਾਬਾਜ਼ੀ ਵਿਭਾਗ ਤੇ ਰਾਜ ਭਵਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਇਸ ਤਰ੍ਹਾਂ ਦਾ ਪਹਿਲਾ ਵਾਕਿਆ ਹੈ ਜਦੋਂ ਸਰਕਾਰ ਨੇ ਰਾਜਪਾਲ ਵੱਲੋਂ ਵਰਤੇ ਜਹਾਜ਼ ਦੇ ਬਿਲ ਤਸਦੀਕ ਕਰਨ ਦੀ ਸ਼ਰਤ ਰੱਖੀ ਹੋਵੇ। ਰਾਜ ਭਵਨ ਨੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਇਸ ਰਵੱਈਏ ਦਾ ਬੁਰਾ ਮਨਾਇਆ। ਸੂਤਰਾਂ ਮੁਤਾਬਕ ਰਾਜ ਭਵਨ ਦੇ ਅਧਿਕਾਰੀਆਂ ਨੂੰ ਇਸ ਵੱਲ ਦੀ ਤਾਕੀਦ ਕੀਤੀ ਗਈ ਕਿ ਪੰਜਾਬ ਵਿਚ ਹੀ ਜੇਕਰ ਰਾਜਪਾਲ ਕਿਤੇ ਜਾਂਦੇ ਹਨ ਤਾਂ ਜਹਾਜ਼ ਜਾਂ ਹੈਲੀਕਾਪਟਰ ਦੀ ਸਹੂਲਤ ਮੰਗੀ ਜਾਵੇ। ਸੂਬੇ ਤੋਂ ਬਾਹਰ ਜਾਣ ਲਈ ਏਅਰ ਇੰਡੀਆ ਦੀ ਕਮਰਸ਼ਲ ਉਡਾਣ ਦੀ ਸਹੂਲਤ ਹੀ ਲਈ ਜਾਵੇ। ਰਾਜ ਭਵਨ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਇਸ ਦੀ ਪੁਸ਼ਟੀ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਪਿਛਲੇ ਮਹੀਨਿਆਂ ਦੌਰਾਨ ਵਿਭਾਗ ਵੱਲੋਂ ਸ੍ਰੀ ਪਾਟਿਲ ਨੇ ਸੱਤ ਮਾਰਚ ਨੂੰ ਅੰਮ੍ਰਿਤਸਰ, 20 ਮਾਰਚ ਨੂੰ ਪਟਿਆਲਾ ਆਦਿ ਲਈ ਹੀ ਸਰਕਾਰੀ ਦੌਰਿਆਂ ਦੌਰਾਨ ਹੈਲੀਕਾਪਟਰ ਦੀ ਸਹੂਲਤ ਲਈ। ਸੂਬੇ ਤੋਂ ਬਾਹਰ ਜਾਣ ਲਈ ਕੋਈ ਸਹੂਲਤ ਨਹੀਂ ਲਈ ਗਈ।

# ਕੈਂਸਰ ਪੀੜਤਾਂ ਲਈ ਕੇਂਦਰੀ ਫੰਡ 'ਚੋਂ ਧੇਲਾ ਵੀ ਨਾ ਲੈ ਸਕੀ ਸਰਕਾਰ

**ਚੰਡੀਗੜ੍ਹ:** ਇਸ ਨੂੰ ਪੰਜਾਬ ਸਰਕਾਰ ਦੀ ਨਾਲਾਇਕੀ ਹੀ ਕਿਹਾ ਜਾ ਸਕਦਾ ਹੈ ਕਿ ਪਿਛਲੇ ਸਾਢੇ ਤਿੰਨ ਵਰ੍ਹਿਆਂ ਵਿਚ ਕੇਂਦਰੀ ਸਿਹਤ ਮੰਤਰੀ ਦੇ ਕੈਂਸਰ ਰਾਹਤ ਫੰਡ ਵਿਚੋਂ ਸੂਬੇ ਦੇ ਕਿਸੇ ਵੀ ਕੈਂਸਰ ਪੀੜਤ ਨੂੰ ਸਹਾਇਤਾ ਨਹੀਂ ਮਿਲ ਸਕੀ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਸਾਲ 2009 ਵਿਚ ਸਥਾਪਤ ਕੀਤਾ ਗਿਆ ਸੀ ਜਿਸ ਦੇ ਤਹਿਤ 100 ਕਰੋੜ ਰੁਪਏ ਦੇ ਫੰਡ ਰੱਖੇ ਗਏ ਹਨ। ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦਾ ਕੋਈ ਜੀਅ ਜੇਕਰ ਕੈਂਸਰ ਪੀੜਤ ਹੈ ਤਾਂ ਉਹ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਇਕ ਲੱਖ ਰੁਪਏ ਤੱਕ ਦੀ ਮਦਦ ਲੈ ਸਕਦਾ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਕੌਮੀ ਅਰੋਗਿਆ ਫੰਡ ਤਹਿਤ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਚਾਲੂ ਕੀਤਾ ਗਿਆ ਸੀ। ਇਸ ਫੰਡ ਤਹਿਤ ਇਕ ਲੱਖ ਰੁਪਏ ਤੋਂ ਜਿਆਦਾ ਦੀ ਵਿੱਤੀ ਮਦਦ ਲਈ ਕੇਸ ਕੇਂਦਰੀ ਸਿਹਤ ਮੰਤਰਾਲੇ ਨੂੰ ਭੇਜਣਾ ਪੈਂਦਾ ਹੈ। ਕੇਂਦਰ ਸਰਕਾਰ ਵੱਲੋਂ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਦੇਸ਼ ਵਿਚ ਸਥਾਪਤ ਕੀਤੇ 27 ਖੇਤਰੀ ਕੈਂਸਰ ਕੇਂਦਰਾਂ ਨੂੰ ਹਰ ਸਾਲ ਜਾਰੀ ਕੀਤਾ ਜਾਂਦਾ ਹੈ। ਇਨ੍ਹਾਂ ਕੇਂਦਰਾਂ ਵਿਚ ਇਲਾਜ ਕਰਾਉਣ ਵਾਲੇ ਗਰੀਬ ਲੋਕ ਕੇਂਦਰੀ ਮਦਦ ਲੈ ਸਕਦੇ ਹਨ। ਪੀ.ਜੀ.ਆਈ ਚੰਡੀਗੜ੍ਹ ਵਿਚ ਵੀ ਖੇਤਰੀ ਕੈਂਸਰ ਕੇਂਦਰ ਹੈ ਜਿਥੋਂ ਸਾਢੇ ਤਿੰਨ ਵਰ੍ਹਿਆਂ ਦੌਰਾਨ ਇਕ ਵੀ ਕੈਂਸਰ ਮਰੀਜ਼ ਨੂੰ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਜਾਰੀ ਨਹੀਂ ਹੋਇਆ।

ਪੰਜਾਬ ਦੇ ਕੈਂਸਰ ਪੀੜਤ ਮਰੀਜ਼ ਪੀ.ਜੀ.ਆਈ ਚੰਡੀਗੜ੍ਹ ਤੋਂ ਇਲਾਵਾ ਅਚਾਰੀਆ ਤੁਲਸੀ ਖੇਤਰੀ ਕੈਂਸਰ ਕੇਂਦਰ ਬੀਕਾਨੇਰ ਵੀ ਜਾਂਦੇ ਹਨ। ਬੀਕਾਨੇਰ ਕੇਂਦਰ ਨੇ ਵੀ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਦਾ ਕੋਈ ਪੈਸਾ ਜਾਰੀ ਨਹੀਂ ਕੀਤਾ। ਵੇਰਵਿਆਂ ਤੋਂ ਸਾਫ ਹੈ ਕਿ ਪੰਜਾਬ ਦਾ ਇਕ ਵੀ ਕੈਂਸਰ ਪੀੜਤ ਕੇਂਦਰੀ ਸਿਹਤ ਮੰਤਰੀ ਦੇ ਫੰਡਾਂ ਵਿਚੋਂ ਇਲਾਜ ਲਈ ਸਹਾਇਤਾ ਨਹੀਂ ਲੈ ਸਕਿਆ ਹੈ। ਦੇਸ਼ ਦੇ ਬਾਕੀ ਕੇਂਦਰਾਂ ਦੀ ਗੱਲ ਕਰੀਏ ਤਾਂ ਇਕ ਅਪਰੈਲ 2011 ਤੋਂ 30 ਮਈ 2014 ਤੱਕ 12580 ਕੈਂਸਰ ਮਰੀਜ਼ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਵਿੱਤੀ ਮਦਦ ਲੈ ਚੁੱਕੇ ਹਨ। ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ 1512 ਕੈਂਸਰ ਪੀੜਤ ਸਾਢੇ ਤਿੰਨ ਵਰ੍ਹਿਆਂ ਵਿਚ ਕੇਂਦਰੀ ਸਿਹਤ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਮਦਦ ਲੈ ਚੁੱਕੇ ਹਨ। ਪੰਜਾਬ ਵਿਚ ਵੱਖਰਾ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਸਥਾਪਤ ਕੀਤਾ ਹੋਇਆ ਹੈ।

ਪੰਜਾਬ ਵਿਚ ਸਾਲ 2013 ਵਿਚ 24512 ਲੋਕ ਕੈਂਸਰ ਪੀੜਤ ਸਨ ਜਦੋਂ ਕਿ 10785 ਲੋਕਾਂ ਦੀ ਇਸ ਸਾਲ ਦੌਰਾਨ ਕੈਂਸਰ ਨਾਲ ਮੌਤ ਹੋਈ ਹੈ। ਭਾਵੇਂ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਪ੍ਰਤੀ ਮਰੀਜ਼ ਡੇਢ ਲੱਖ ਰੁਪਏ ਦੀ ਰਕਮ ਦਿੱਤੀ ਜਾ ਰਹੀ ਹੈ ਪਰ ਪੰਜਾਬ ਸਰਕਾਰ ਕੇਂਦਰੀ ਫੰਡਾਂ ਨਾਲ ਵੀ ਕੈਂਸਰ ਪੀੜਤਾਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਾ ਸਕਦੀ ਹੈ। ਮਿਲੀ ਜਾਣਕਾਰੀ ਮੁਤਾਬਕ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਲੰਘੇ ਛੇ ਮਹੀਨੇ ਵਿਚ ਤਕਰੀਬਨ 50 ਕਰੋੜ ਰੁਪਏ ਕੈਂਸਰ ਪੀੜਤਾਂ ਨੂੰ ਵੰਡੇ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵੀ ਵੱਖਰੇ ਤੌਰ ਉਤੇ ਕੈਂਸਰ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ। ਸਿਹਤ ਵਿਭਾਗ ਪੰਜਾਬ ਦੇ ਕੈਂਸਰ ਰਾਹਤ ਫੰਡ ਦੇ ਸਟੇਟ ਪ੍ਰੋਜੈਕਟ ਇੰਚਾਰਜ ਡਾ.ਜੈ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਦੇ ਸਾਰੇ ਕੈਂਸਰ ਪੀੜਤਾਂ ਦੇ ਮਾਲੀ ਮਦਦ ਦੇ ਕੇਸ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਤਹਿਤ ਹੀ ਕਵਰ ਕਰ ਲਏ ਜਾਂਦੇ ਹਨ। ਉਨ੍ਹਾਂ ਆਖਿਆ ਕਿ ਕੇਂਦਰੀ ਰਾਹਤ ਫੰਡ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ ਜਿਸ ਲਈ ਵੱਖਰੀ ਸੁਸਾਇਟੀ ਬਣੀ ਹੋਈ ਹੈ।

ਸਿਹਤ ਮੰਤਰੀ ਕੈਂਸਰ ਰਾਹਤ ਫੰਡਾਂ ਵਿਚੋਂ ਸਭ ਤੋਂ ਜ਼ਿਆਦਾ ਵਿੱਤੀ ਮਦਦ ਅਸਾਮ ਸੂਬੇ ਨੇ ਲਈ ਹੈ। ਇਸ ਸਮੇਂ ਦੌਰਾਨ ਅਸਾਮ ਦੇ 2526 ਕੈਂਸਰ ਮਰੀਜ਼ਾਂ ਦਾ ਇਲਾਜ ਕੇਂਦਰੀ ਫੰਡਾਂ ਨਾਲ ਹੋਇਆ ਹੈ ਜਦੋਂ ਕਿ ਦੂਜਾ ਨੰਬਰ ਤ੍ਰਿਪਰਾ ਦਾ ਹੈ।

# ਰੱਖੜਾ ਦੀ ਸੁਸਾਇਟੀ ਦੀ ਜਾਂਚ ਸੀ.ਬੀ.ਆਈ. ਹਵਾਲੇ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਚੈਰੀਟੇਬਲ ਸੁਸਾਇਟੀ ਨੂੰ ਮਿਲੇ ਵਿਦੇਸ਼ੀ ਫੰਡਾਂ ਦੀ ਜਾਂਚ ਸੀ.ਬੀ.ਆਈ. ਕਰੇਗੀ। ਜਲੰਧਰ ਦੀ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਪਿਮਸ) ਇਸ ਜਾਂਚ ਨਾਲ ਸ਼ੱਕ ਦੇ ਦਾਇਰੇ ਵਿਚ ਆ ਗਈ ਹੈ ਜਿਸ ਨੂੰ ਪਿਮਸ ਮੈਡੀਕਲ ਐਂਡ ਐਜੂਕੇਸ਼ਨ ਚੈਰੀਟੇਬਲ ਸੁਸਾਇਟੀ ਚਲਾ ਰਹੀ ਹੈ। ਸ੍ਰੀ ਰੱਖੜਾ ਇਸ ਚੈਰੀਟੇਬਲ ਸੁਸਾਇਟੀ ਦੀ ਅਗਵਾਈ ਕਰ ਰਹੇ ਹਨ। ਗ੍ਰਹਿ ਮੰਤਰਾਲੇ ਨੂੰ ਇਸ ਬਾਰੇ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।



ਗ੍ਰਹਿ ਮੰਤਰਾਲੇ ਵੱਲੋਂ ਚੈਰੀਟੇਬਲ ਸੁਸਾਇਟੀ ਦੇ ਰਿਕਾਰਡ ਤੇ ਖਾਤਿਆਂ ਦੀ ਛਾਣਬੀਣ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਮੰਤਰਾਲੇ ਨੂੰ 'ਫੌਰਨ ਕੰਟ੍ਰੀਬਿਊਸ਼ਨ (ਰੈਗੂਲੇਸ਼ਨ) ਐਕਟ 2010' ਦੀਆਂ ਵੱਖ-ਵੱਖ ਧਾਰਾਵਾਂ ਦੀ ਉਲੰਘਣਾ ਬਾਰੇ ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਦੇ ਆਧਾਰ 'ਤੇ ਦੇਸ਼ ਭਰ ਦੀਆਂ ਦੋ ਦਰਜਨ ਐਨ.ਜੀ.ਓਜ਼. ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ ਹੈ। ਇਨ੍ਹਾਂ ਵਿਚ ਸ੍ਰੀ ਰੱਖੜਾ ਦੀ ਚੈਰਿਟੇਬਲ ਸੁਸਾਇਟੀ ਵੀ ਸ਼ਾਮਲ ਹੈ।

ਦੱਸਣਯੋਗ ਹੈ ਕਿ ਸ੍ਰੀ ਰੱਖੜਾ ਵੱਲੋਂ ਪਬਲਿਕ ਪ੍ਰਾਈਵੇਟ ਹਿੱਸੇਦਾਰੀ (ਪੀ.ਪੀ.ਪੀ.) ਤਹਿਤ ਜਲੰਧਰ ਦੀ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਪਿਮਸ) ਚਲਾਈ ਜਾ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਚੈਰੀਟੇਬਲ ਸੁਸਾਇਟੀ ਨੇ ਕੇਂਦਰੀ ਪ੍ਰਵਾਨਗੀ ਤੋਂ ਬਿਨਾਂ ਵਿਦੇਸ਼ੀ ਫੰਡ ਹਾਸਲ ਕੀਤੇ ਹਨ ਤੇ ਉਨ੍ਹਾਂ ਦੀ ਠੀਕ ਵਰਤੋਂ ਨਾ ਹੋਣ ਦਾ ਵੀ ਇਕ ਇਤਰਾਜ਼ ਹੈ। ਇਸ ਤੋਂ ਪਹਿਲਾਂ ਸੀ.ਬੀ.ਆਈ. ਨੇ ਕਾਂਗਰਸ ਦੇ ਧੂਰੀ ਤੋਂ ਵਿਧਾਇਕ ਅਰਵਿੰਦ ਖੰਨਾ ਦੀ ਸੁਸਾਇਟੀ ਨੂੰ ਮਿਲੇ ਵਿਦੇਸ਼ੀ ਫੰਡਾਂ ਦੀ ਜਾਂਚ ਕੀਤੀ ਸੀ। ਸੀ.ਬੀ.ਆਈ. ਨੇ 14 ਦਸੰਬਰ 2010 ਨੂੰ ਚਾਰਜਸ਼ੀਟ ਜਾਰੀ ਕਰ ਦਿੱਤੀ ਸੀ ਤੇ ਹੁਣ ਕੇਸ ਵਿਚਾਰ ਅਧੀਨ ਹੈ। ਗ੍ਰਹਿ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਪੰਜਾਬ ਦੀਆਂ ਸੱਤ ਐਨ.ਜੀ.ਓਜ਼. ਦੀ ਰਜਿਸਟ੍ਰੇਸ਼ਨ ਵੀ ਕੈਂਸਲ ਕੀਤੀ ਗਈ ਹੈ ਜਿਨ੍ਹਾਂ ਵੱਲੋਂ ਫੌਰਨ ਕੰਟ੍ਰੀਬਿਊਸ਼ਨ (ਰੈਗੂਲੇਸ਼ਨ) ਐਕਟ 2010 ਦੀ ਉਲੰਘਣਾ ਕੀਤੀ ਗਈ ਹੈ।

ਗ੍ਰਹਿ ਮੰਤਰਾਲੇ ਨੇ ਦੇਸ਼ ਦੀਆਂ 10 ਐਨ.ਜੀ.ਓਜ਼. ਦੀ ਜਾਂਚ ਦੇ ਕੇਸ ਸਬੰਧਤ ਸੂਬਿਆਂ ਦੀ ਪੁਲਿਸ ਦੇ ਹਵਾਲੇ ਕੀਤੇ ਹਨ। ਦੱਸਣਯੋਗ ਹੈ ਕਿ ਫੌਰਨ ਕੰਟ੍ਰੀਬਿਊਸ਼ਨ (ਰੈਗੂਲੇਸ਼ਨ) ਐਕਟ ਤਹਿਤ ਰਜਿਸਟ੍ਰੇਸ਼ਨ ਹੋਣ ਮਗਰੋਂ ਕੋਈ ਵੀ ਐਨ.ਜੀ.ਓ. (ਗੈਰ ਸਰਕਾਰੀ ਸੰਸਥਾ) ਵਿਦੇਸ਼ ਤੋਂ ਫੰਡ ਲੈ ਸਕਦੀ ਹੈ। ਗ੍ਰਹਿ ਮੰਤਰਾਲੇ ਵੱਲੋਂ ਰਜਿਸਟ੍ਰੇਸ਼ਨ ਦੇਣ ਤੋਂ ਪਹਿਲਾਂ ਸਬੰਧਤ ਐਨ.ਜੀ.ਓ. ਦੀ ਸਕਿਉਰਿਟੀ ਏਜੰਸੀਆਂ ਤੋਂ ਗੁਪਤ ਰਿਪੋਰਟ ਲਈ ਜਾਂਦੀ ਹੈ।

ਇਸ ਐਕਟ ਤਹਿਤ ਰਜਿਸਟਰਡ ਐਨ.ਜੀ.ਓ. ਨੂੰ ਸਾਲਾਨਾ ਰਿਟਰਨ ਗ੍ਰਹਿ ਮੰਤਰਾਲੇ ਨੂੰ ਦੇਣੀ ਜ਼ਰੂਰੀ ਹੈ। ਵੇਰਵਿਆਂ ਮੁਤਾਬਕ ਪੰਜਾਬ ਦੀਆਂ ਐਨ.ਜੀ.ਓਜ਼. ਨੇ ਇਕ ਅਪਰੈਲ 2011 ਤੋਂ ਜੂਨ 2013 ਤੱਕ 295 ਕਰੋੜ ਦੇ ਫੰਡ ਵਿਦੇਸ਼ਾਂ ਵਿਚੋਂ ਲਏ ਹਨ।

# ਗੁਰੂ ਅਰਜਨ ਜੀ ਦੀਆਂ ਨਿਸ਼ਾਨੀਆਂ ਦੀ ਸੰਭਾਲ ਲਈ ਸੇਵਾ

**ਅੰਮ੍ਰਿਤਸਰ:** ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਵਸਤਰ ਤੇ ਹੋਰ ਨੌਂ ਵਸਤਾਂ ਦੀ ਸਾਂਭ ਸੰਭਾਲ ਕਰਕੇ ਇਨ੍ਹਾਂ ਨੂੰ ਮੁੜ ਸੰਗਤਾਂ ਦੇ ਦਰਸ਼ਨਾਂ ਲਈ ਯੋਗ ਪ੍ਰਬੰਧ ਹੇਠ ਰੱਖਿਆ ਗਿਆ ਹੈ। ਗੁਰੂ ਸਾਹਿਬ ਨਾਲ ਸਬੰਧਤ ਇਨ੍ਹਾਂ ਨੌਂ ਵਸਤਾਂ ਵਿਚ 20 ਮਣਕਿਆਂ ਵਾਲਾ ਸਿਮਰਨਾ, ਲੱਕੜ ਦੀ ਚੌਕੀ, ਸੈਲੀ ਟੋਪੀ, ਰੁਮਾਲਾ, ਕੱਪੜੇ ਦਾ ਬਣਿਆ ਬਟੂਆ, ਪਸ਼ਮੀਨਾ ਸਿਲਕ ਦਾ ਬਣਿਆ ਦੋਸ਼ਾਲਾ, ਹਜ਼ੂਰੀਆ, ਪਜਾਮਾ ਤੇ ਚੋਲਾ ਸ਼ਾਮਲ ਹੈ। ਮਾਹਰਾਂ ਦਾ ਦਾਅਵਾ ਹੈ ਕਿ ਇਸ ਸੇਵਾ ਸੰਭਾਲ ਮਗਰੋਂ ਇਨ੍ਹਾਂ ਵਸਤਾਂ ਦੀ ਉਮਰ 500 ਸਾਲ ਹੋਰ ਵਧ ਗਈ ਹੈ।

ਇਹ ਵਸਤਾਂ ਜਲੰਧਰ ਨੇੜੇ ਪਿੰਡ ਬਿਲਗਾ ਵਿਖੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਖੇ ਸੁਸ਼ੋਭਿਤ ਹਨ, ਜਿਨ੍ਹਾਂ ਦੀ ਨੈਸ਼ਨਲ ਮਿਊਜ਼ੀਅਮ ਦੇ ਸਾਬਕਾ ਮੁਖੀ ਐਸ.ਪੀ. ਸਿੰਘ ਦੀ ਨਿਗਰਾਨੀ ਹੇਠ ਮਾਹਰਾਂ ਦੀ ਟੀਮ ਵੱਲੋਂ ਸਾਂਭ ਸੰਭਾਲ ਕੀਤੀ ਗਈ ਹੈ। ਉਨ੍ਹਾਂ ਦੀ ਅਗਵਾਈ ਹੇਠ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ 'ਤੇ ਕੰਧ ਕਲਾ ਤੇ ਨਕਾਸ਼ੀ ਦੀ ਸਾਂਭ ਸੰਭਾਲ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਐਸ.ਪੀ. ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਵਸਤਾਂ ਦੀ ਸਾਂਭ ਸੰਭਾਲ ਦੀ ਸੇਵਾ ਪ੍ਰਵਾਸੀ ਪੰਜਾਬੀ ਹਰਭਜਨ ਸਿੰਘ ਸ਼ੇਰਗਿੱਲ ਨੂੰ ਸੌਂਪੀ ਗਈ ਸੀ। ਸ਼ੇਰਗਿੱਲ ਪਰਿਵਾਰ ਵੱਲੋਂ ਇਥੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਐਨ.ਆਰ.ਆਈ. ਸਰਾਂ ਦੀ ਉਸਾਰੀ ਵਿਚ ਅਹਿਮ ਸਹਿਯੋਗ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸਮੇਂ ਦੇ ਨਾਲ-ਨਾਲ ਇਨ੍ਹਾਂ ਵਸਤਾਂ ਦੀ ਹਾਲਤ ਖਸਤਾ ਹੋ ਚੁੱਕੀ ਸੀ।



ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਮਿਲਣ ਤੋਂ ਬਾਅਦ ਉਨ੍ਹਾਂ ਨੌਂ ਵਸਤਾਂ ਦਾ ਜਾਇਜ਼ਾ ਲੈ ਕੇ ਸੇਵਾ ਸੰਭਾਲ ਨਾਲ ਸਬੰਧਤ ਲੋੜੀਂਦੀ ਰਿਪੋਰਟ ਤਿਆਰ ਕੀਤੀ। ਮਾਹਰਾਂ ਵੱਲੋਂ ਤਕਨੀਕੀ ਪੱਧਰ 'ਤੇ ਜਾਇਜ਼ਾ ਲੈ ਕੇ ਹਰ ਪੱਖ ਨੂੰ ਬਾਰੀਕੀ ਨਾਲ ਘੋਖਿਆ। ਸਾਂਭ ਸੰਭਾਲ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਇਸ ਦੀ ਫੋਟੋਗ੍ਰਾਫੀ ਤੇ ਵੀਡਿਓਗ੍ਰਾਫੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਜਾਮਾ ਸਿਲਕ ਤੇ ਸੂਤੀ ਕੱਪੜੇ ਦਾ ਬਣਿਆ ਹੋਇਆ ਹੈ, ਜਿਸ ਦੀ ਬਿਰਧ ਅਵਸਥਾ ਹੋਣ ਕਾਰਨ ਧਾਗੇ ਨਿਕਲ ਗਏ ਸਨ। ਇਸੇ ਤਰ੍ਹਾਂ ਚੋਲੇ ਦੀ ਵੀ ਖਸਤਾ ਹਾਲਤ ਸੀ। ਕੱਪੜੇ ਵਿਚੋਂ ਧਾਗੇ ਆਪਣਾ ਥਾਂ ਛੱਡ ਰਹੇ ਸਨ। ਇਸੇ ਤਰ੍ਹਾਂ ਹਜ਼ੂਰੀਆ ਤੇ ਦੁਸ਼ਾਲਾ ਸਿਲਕ ਦੇ ਬਣੇ ਹੋਏ ਹਨ। ਸੇਵਾ ਸੰਭਾਲ ਸਮੇਂ ਵਿਗਿਆਨਕ ਢੰਗ ਨਾਲ ਪਹਿਲਾਂ ਇਨ੍ਹਾਂ ਦੀ ਸਾਫ ਸਫਾਈ ਕੀਤੀ ਗਈ। ਧਾਗਿਆਂ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਗਿਆ। ਉਨ੍ਹਾਂ ਦੀ ਪੁਰਾਤਨਤਾ ਨੂੰ ਕਾਇਮ ਰੱਖਦਿਆਂ ਉਸ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ। 20 ਮਣਕਿਆਂ ਵਾਲੇ ਸਿਮਰਨੇ ਵਿਚ ਨਵੀਂ ਤਾਰ ਪਾ ਕੇ ਇਸ ਨੂੰ ਮਜ਼ਬੂਤ ਕੀਤਾ ਗਿਆ ਹੈ। ਪੁਰਾਣੀ ਲੱਕੜ ਦੀ ਚੌਕੀ 'ਤੇ ਸ਼ਰਧਾਲੂਆਂ ਵੱਲੋਂ ਸੋਨਾ ਚੜ੍ਹਾ ਦਿੱਤਾ ਗਿਆ ਹੈ। ਸਾਰੀਆਂ ਵਸਤਾਂ ਦੀ ਤਿੰਨ ਮਹੀਨਿਆਂ ਵਿਚ ਸੇਵਾ ਸੰਭਾਲ ਕੀਤੀ ਗਈ ਹੈ ਤੇ ਹੁਣ ਇਨ੍ਹਾਂ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਯੋਗ ਪ੍ਰਬੰਧਾਂ ਹੇਠ ਰੱਖਿਆ ਗਿਆ ਹੈ। ਇਨ੍ਹਾਂ ਲਈ ਵਿਸ਼ੇਸ਼ ਪ੍ਰਦਰਸ਼ਨੀ ਅਲਮਾਰੀਆਂ ਬਣਾਈਆਂ ਗਈਆਂ ਹਨ ਤਾਂ ਜੋ ਸੰਗਤਾਂ ਇਨ੍ਹਾਂ ਨੂੰ ਹੱਥ ਨਾ ਲਾ ਸਕਨ।

ਇਸ ਅਹਿਮ ਧਰੋਹਰ ਦੀ ਸਾਂਭ ਸੰਭਾਲ ਲਈ ਵਿੱਤੀ ਮਦਦ ਮੁਹੱਈਆ ਕਰ ਰਹੇ ਹਰਭਜਨ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਗੁਰੂ ਸਾਹਿਬ ਨਾਲ ਸਬੰਧਤ ਇਨ੍ਹਾਂ ਅਹਿਮ ਨਿਸ਼ਾਨੀਆਂ ਦੀ ਸਾਂਭ ਸੰਭਾਲ ਨਾਲ ਇਹ ਭਵਿੱਖ ਵਿਚ ਮੁੜ ਸੰਗਤਾਂ ਦੇ ਦਰਸ਼ਨ ਯੋਗ ਬਣ ਗਈਆਂ ਹਨ। ਬਿਲਗਾ ਨੇੜੇ ਬਣਿਆ ਇਤਿਹਾਸਕ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੇ ਵਿਆਹ ਨਾਲ ਸਬੰਧਤ ਹੈ। 1646 ਬਿਕਰਮੀ ਵਿਚ ਜਦੋਂ ਗੁਰੂ ਸਾਹਿਬ ਵਿਆਹ ਲਈ ਗਏ ਸਨ ਤਾਂ ਰਸਤੇ ਵਿਚ ਦੋ ਦਿਨ ਉਨ੍ਹਾਂ ਇਥੇ ਠਹਿਰਾਅ ਕੀਤਾ ਸੀ। ਉਸ ਵੇਲੇ ਸੰਗਤ ਨੇ ਉਨ੍ਹਾਂ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਨਿਸ਼ਾਨੀ ਵਜੋਂ ਇਹ ਵਸਤਾਂ ਉਨ੍ਹਾਂ ਨੂੰ ਭੇਟ ਕੀਤੀਆਂ ਸਨ। ਇਸ ਅਸਥਾਨ 'ਤੇ ਹਰ ਸਾਲ ਮੇਲਾ ਵੀ ਲੱਗਦਾ ਹੈ।

# ਕਾਂਗਰਸਮੈਨ ਮਾਈਕ ਹਾਂਡਾ ਦੇ ਸਕੂਲਾਂ 'ਚ ਐਂਟੀ ਬੁਲਿੰਗ ਕਾਨੂੰਨ ਪ੍ਰਸਤਾਵ ਦਾ ਸਵਾਗਤ

**ਫਰੀਮਾਂਟ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਕੈਲੀਫੋਰਨੀਆ ਤੋਂ ਕਾਂਗਰਸਮੈਨ ਮਾਈਕ ਹਾਂਡਾ ਦੇ ਅਮਰੀਕੀ ਸਕੂਲਾਂ 'ਚ ਸਿੱਖ ਵਿਦਿਆਰਥੀਆਂ ਨਾਲ ਨਸਲੀ ਵਿਤਕਰੇ ਨੂੰ ਰੋਕਣ ਲਈ ਉਨ੍ਹਾਂ ਦੁਆਰਾ ਪ੍ਰਸਤਾਵਿਤ ਐਂਟੀ-ਬੁਲਿੰਗ ਕਾਨੂੰਨ ਦਾ ਸਵਾਗਤ ਕੀਤਾ ਹੈ।

ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਮਰੀਕਾ ਦੇ ਸਕੂਲਾਂ 'ਚ ਸਿੱਖ ਬੱਚਿਆਂ ਨੂੰ ਉਨ੍ਹਾਂ ਦੇ ਪਹਿਰਾਵੇ ਕਾਰਨ ਡਰਾਉਣ-ਧਮਕਾਉਣ ਦੇ ਵਤੀਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਨੂੰਨ ਬਣਨ ਨਾਲ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਹੋ ਰਹੇ ਵਿਤਕਰੇ ਅਤੇ ਜ਼ਿਆਦਤੀਆਂ ਨੂੰ ਕਾਨੂੰਨੀ ਪੱਖੋਂ ਸਹੀ ਪੱਧਰ 'ਤੇ ਉਠਾਉਣ ਦੀ ਸ਼ਕਤੀ ਮਿਲੇਗੀ ਅਤੇ ਇਸ ਨਾਲ ਇਸ ਮੁੱਦੇ ਨੂੰ ਸੁਲਝਾਉਣ ਅਤੇ ਭੇਦਭਾਵ ਕਰਨ ਵਾਲੇ ਵਿਅਕਤੀਆਂ ਨੂੰ ਕਾਨੂੰਨੀ ਤੌਰ 'ਤੇ ਸਜ਼ਾ ਦਿਵਾਉਣ ਦਾ ਰਾਹ ਖੁੱਲ੍ਹੇਗਾ। ਉਨ੍ਹਾਂ ਮਾਈਕ ਹਾਂਡਾ ਵਲੋਂ ਅਮਰੀਕੀ ਸਕੂਲਾਂ 'ਚ ਇਸ ਤਰ੍ਹਾਂ ਦੇ ਵਿਤਕਰੇ ਨੂੰ ਰੋਕਣ ਲਈ 'ਸੇਫ ਸਕੂਲ ਇੰਪਰੂਵਮੈਂਟ' ਐਕਟ ਪਾਸ ਕਰਵਾਉਣਾ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਇਕ ਯੋਗ ਉਪਰਾਲਾ ਹੋਵੇਗਾ, ਜਿਸ ਦੇ ਲਾਗੂ ਹੋਣ ਨਾਲ ਹੋਰ ਧਰਮਾਂ ਤੇ ਖਾਸ ਕਰਕੇ ਸਿੱਖ ਧਰਮ ਨਾਲ ਜੁੜੇ ਵਿਦਿਆਰਥੀਆਂ ਨਾਲ ਹੋ ਰਹੇ ਭੇਦਭਾਵ ਅਤੇ ਹਿੰਸਾ ਤੋਂ ਬਚਾਅ ਹੋ ਸਕੇਗਾ।

ਏਜੀਪੀਸੀ ਆਗੂਆਂ ਨੇ ਕਿਹਾ ਕਿ ਸ੍ਰੀ ਹਾਂਡਾ ਜੋ ਕਿ ਪਹਿਲਾਂ ਹੀ ਸਿੱਖ ਮੁੱਦਿਆਂ 'ਤੇ ਆਪਣੀ ਅਵਾਜ਼ ਉਠਾਉਂਦੇ ਹਨ, ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਕ ਪੱਤਰ ਰਾਹੀਂ ਸਰਵ ਧਰਮ ਸੰਮੇਲਨ ਬੁਲਾਉਣ ਲਈ ਵੀ ਕਿਹਾ ਹੈ। ਇਸ ਸੰਮੇਲਨ ਨਾਲ ਸਿੱਖ ਮੁੱਦਿਆਂ ਨੂੰ ਉਚ ਪੱਧਰ 'ਤੇ ਪਹੁੰਚਾਉਣ ਲਈ ਇਕ ਪਲੇਟਫ਼ਾਰਮ ਮੁਹੱਈਆ ਹੋਏਗਾ। ਉਨ੍ਹਾਂ ਕਿਹਾ ਕਿ ਕੁਝ ਸਰਵਿਆਂ ਮੁਤਾਬਕ ਇਹ ਤੱਥ ਸਾਹਮਣੇ ਆਏ ਹਨ ਕਿ ਅਮਰੀਕੀ ਸਕੂਲਾਂ 'ਚ 67 ਫ਼ੀਸਦੀ ਤੋਂ ਜਿਆਦਾ ਸਿੱਖ ਵਿਦਿਆਰਥੀ ਮਾਰ-ਧਾੜ, ਵਿਤਕਰੇ, ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੇ ਪਹਿਰਾਵੇ 'ਤੇ ਟਿੱਪਣੀਆਂ ਦਾ ਸ਼ਿਕਾਰ ਹੋਏ ਹਨ, ਜੋ ਚਿੰਤਾ ਦਾ ਵਿਸ਼ਾ ਹੈ।

## ਦੋ ਭਾਜਪਾ ਸੰਸਦ ਮੈਂਬਰਾਂ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ

**ਲਖਨਊ:** ਬਾਬਰੀ ਮਸਜਿਦ ਢਾਹੁਣ ਦੇ ਮਾਮਲੇ ਵਿਚ ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਨੇ ਭਾਜਪਾ ਦੇ ਸੰਸਦ ਮੈਂਬਰਾਂ ਸਾਕਸ਼ੀ ਮਹਾਰਾਜਾ ਤੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ਼ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ।

ਇਹ ਗੈਰ ਜ਼ਮਾਨਤੀ ਵਾਰੰਟ ਛੇ ਲੋਕਾਂ ਖਿਲਾਫ਼ ਜਾਰੀ ਕੀਤੇ ਗਏ ਹਨ, ਚਾਰ ਹੋਰਨਾਂ ਵਿਚ ਅਮਰਨਾਥ ਗੋਇਲ, ਜੈ ਬਹਾਦਰ ਗੋਇਲ, ਰਾਮ ਚੰਦਰਾ ਖੱਤਰੀ ਤੇ ਪਵਨ ਪਾਂਡੇ (ਸਾਬਕਾ ਵਿਧਾਇਕ) ਸ਼ਾਮਲ ਹਨ। ਇਹ ਸਾਰੇ ਵਿਅਕਤੀ ਪਿਛਲੇ ਲੰਬੇ ਸਮੇਂ ਤੋਂ ਅਦਾਲਤੀ ਸੁਣਵਾਈ ਵਿਚ ਨਹੀਂ ਪਹੁੰਚ ਰਹੇ ਸਨ। ਮਸਜਿਦ ਢਾਹੁਣ ਦਾ ਕੇਸ ਭਾਜਪਾ ਦੇ ਦੋ ਸੰਸਦ ਮੈਂਬਰਾਂ ਸਮੇਤ 22 ਵਿਅਕਤੀਆਂ ਖਿਲਾਫ਼ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਚੱਲ ਰਿਹਾ ਹੈ। ਪਹਿਲਾਂ ਇਹ ਕੇਸ 42 ਲੋਕਾਂ ਖਿਲਾਫ਼ ਸੀ ਪਰ ਕੁਝ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਹੁਣ ਉਨ੍ਹਾਂ ਵਿਚੋਂ ਸਿਰਫ਼ 22 ਹੀ ਬਚੇ ਹਨ।

## ਮਨਮੋਹਨ ਸਿੰਘ ਨੂੰ ਅਮਰੀਕਾ ਵਿਚ ਜਾਰੀ ਰਹੇਗੀ ਵਿਸ਼ੇਸ਼ ਛੋਟ

**ਵਾਸ਼ਿੰਗਟਨ:** ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਖਿਲਾਫ਼ ਅਮਰੀਕੀ ਅਦਾਲਤ ਵਿਚ ਪਾਏ ਗਏ ਮਨੁੱਖੀ ਹੱਕਾਂ ਦੇ ਘਾਣ ਬਾਰੇ ਕੇਸ ਦੀ ਸੁਣਵਾਈ ਦੌਰਾਨ ਅਮਰੀਕੀ ਨਿਆਂ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਡਾਕਟਰ ਮਨਮੋਹਨ ਸਿੰਘ ਨੂੰ ਅਜੇ ਵੀ ਵਿਸ਼ੇਸ਼ ਛੋਟ ਪ੍ਰਾਪਤ ਹੈ ਤੇ ਉਨ੍ਹਾਂ ਖਿਲਾਫ਼ ਕੇਸ ਨਹੀਂ ਚਲਾਇਆ ਜਾ ਸਕਦਾ।

ਸਿੱਖਜ਼ ਫਾਰ ਜਸਟਿਸ (ਐਸ.ਐਫ.ਜੇ.) ਵੱਲੋਂ ਦਾਖਲ ਪਟੀਸ਼ਨ 'ਤੇ ਵਾਸ਼ਿੰਗਟਨ ਅਦਾਲਤ ਵਿਚ ਅਮਰੀਕੀ ਨਿਆਂ ਵਿਭਾਗ ਨੇ ਇਹ ਜਾਣਕਾਰੀ ਦਿੱਤੀ। ਜਥੇਬੰਦੀ ਨੇ ਦਲੀਲ ਦਿੱਤੀ ਸੀ ਕਿ ਡਾ. ਮਨਮੋਹਨ ਸਿੰਘ ਹੁਣ ਭਾਰਤ ਦੇ ਪ੍ਰਧਾਨ ਮੰਤਰੀ ਨਹੀਂ ਰਹੇ ਤੇ ਵਿਸ਼ੇਸ਼ ਛੋਟ ਦੀ ਗੱਲ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੀ। ਮਈ ਵਿਚ ਅਦਾਲਤ ਨੇ ਨਿਆਂ ਵਿਭਾਗ ਨੂੰ ਇਸ ਬਾਰੇ 10 ਜੁਲਾਈ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਸੀ।

## ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਵਿਰੁੱਧ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 370 ਦੀ ਵੈਧਤਾ 'ਤੇ ਸੁਆਲ ਖੜ੍ਹਾ ਕਰਦੀ ਜਨਹਿੱਤ ਪਟੀਸ਼ਨ ਨੂੰ ਦਾਖਲ ਕਰਨੋਂ ਨਾਂਹ ਕਰ ਦਿੱਤੀ। ਇਸ ਧਾਰਾ ਤਹਿਤ ਜੰਮੂ ਤੇ ਕਸ਼ਮੀਰ ਨੂੰ ਵਿਸ਼ੇਸ਼ ਖੁਦਮੁਖਤਿਆਰ ਦਾ ਦਰਜਾ ਹਾਸਲ ਹੈ। ਚੀਫ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕਈ ਦਹਾਕੇ ਪਹਿਲਾਂ ਲਾਗੂ ਵਿਸ਼ੇਸ਼ ਰੁਤਬੇ ਨੂੰ ਹੁਣ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਇਸ ਬੈਂਚ ਦੇ ਦੂਸਰੇ ਦੋ ਜੱਜ ਜਸਟਿਸ ਪੀ.ਐਸ. ਘੋਸ਼ ਤੇ ਆਰ.ਐਫ. ਨਾਰੀਮਨ ਸਨ।

ਪਟੀਸ਼ਨਰ ਵਿਜੇ ਲਕਸ਼ਮੀ ਝਾਅ ਦੀ ਦਲੀਲ ਸੀ ਕਿ ਧਾਰਾ 370 ਆਰਜ਼ੀ ਵਿਵਸਥਾ ਸੀ ਤੇ ਇਸ ਤਰ੍ਹਾਂ ਜੰਮੂ-ਕਸ਼ਮੀਰ ਦੀ ਸੰਵਿਧਾਨਕ ਸਭਾ ਦੇ 26 ਜਨਵਰੀ 1957 ਨੂੰ ਭੰਗ ਹੋਣ ਮਗਰੋਂ ਆਪਣੇ ਆਪ ਇਸ ਦੀ ਮਿਆਦ ਪੁੱਗ ਜਾਂਦੀ ਹੈ। ਪਟੀਸ਼ਨਰ ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਕੇਂਦਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਜੰਮੂ-ਕਸ਼ਮੀਰ ਦਾ ਸੰਵਿਧਾਨ ਰੱਦ ਕਰਨ ਯੋਗ, ਲਾਗੂ ਨਾ ਕੀਤਾ ਜਾ ਸਕਣ ਵਾਲਾ ਗੈਰ-ਕਾਨੂੰਨੀ ਤੇ ਸੰਵਿਧਾਨ ਤੋਂ ਬਾਹਰਾ ਸੀ। ਪਟੀਸ਼ਨ ਵਿਚ 1952 ਦਾ 'ਦਿੱਲੀ ਸਮਝੌਤਾ' ਵੀ ਰੱਦ ਕਰਨ ਦੀ ਬੇਨਤੀ ਕੀਤੀ ਗਈ ਸੀ।

## ਪਹਿਲੀ ਵਿਸ਼ਵ ਜੰਗ ਦੀ ਸ਼ਤਾਬਦੀ ਮੌਕੇ ਭਾਰਤੀ ਫ਼ੌਜੀਆਂ ਦੀ ਸ਼ਲਾਘਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਪਹਿਲੀ ਵਿਸ਼ਵ ਜੰਗ ਦੀ ਸ਼ਤਾਬਦੀ ਨੂੰ ਮਨਾਉਂਦਿਆਂ ਭਾਰਤ ਸਮੇਤ ਲੱਖਾਂ ਸੈਨਿਕਾਂ ਦੇ ਹੌਸਲੇ ਤੇ ਕੁਰਬਾਨੀ ਦੀ ਸ਼ਲਾਘਾ ਕੀਤੀ। 'ਜੰਗ ਤੋਂ ਸਬਕ ਲੈਂਦਿਆਂ ਅਮਨ ਬਹਾਲੀ' ਬਾਰੇ ਕਰਵਾਏ ਸਮਾਗਮ ਵਿਚ ਫਰਾਂਸ ਤੇ ਜਰਮਨੀ ਦੇ ਸਥਾਈ ਮਿਸ਼ਨਾਂ ਤੇ ਭਾਰਤ ਸਮੇਤ 25 ਮੁਲਕਾਂ ਨੇ ਸ਼ਮੂਲੀਅਤ ਕੀਤੀ। ਸੰਯੁਕਤ ਰਾਸ਼ਟਰ ਦੇ ਮੈਂਬਰ ਮੁਲਕਾਂ ਨੇ ਕੂਟਨੀਤੀ ਤੇ ਗੱਲਬਾਤ ਰਾਹੀਂ ਸੁਲ੍ਹਾ ਸਫਾਈ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਕਿਹਾ ਕਿ ਜੰਗ ਦੇ 100 ਸਾਲਾਂ ਬਾਅਦ ਮੁਲਕ ਲੋਕਾਂ ਨੂੰ ਅਮਨ, ਵਿਕਾਸ ਤੇ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕ ਕਰਦੇ ਰਹਿੰਦੇ ਹਨ।

## ਸੋਨੀਆ ਖ਼ਿਲਾਫ਼ ਅਮਰੀਕੀ ਅਦਾਲਤ ਵਿਚ ਮੁੜ ਅਪੀਲ

**ਕੈਲੀਫੋਰਨੀਆ (ਬਿਊਰੋ):** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਨੂੰ ਖਾਰਜ ਕਰਨ ਨੂੰ ਚੁਣੌਤੀ ਦਿੰਦਿਆਂ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੇ ਅਮਰੀਕੀ ਸਰਕਟ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ।

ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਸਿੱਖਸ ਫਾਰ ਜਸਟਿਸ ਨੇ ਜੱਜ ਕੋਗਨ ਦੇ ਉਸ ਫੈਸਲੇ ਨੂੰ ਅਮਰੀਕੀ ਅਪੀਲ ਬਾਰੇ ਦੂਜੀ ਅਦਾਲਤ ਵਿਚ ਚੁਣੌਤੀ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ (ਟੀ.ਵੀ.ਪੀ.ਏ.) ਸਿੱਖਾਂ ਖ਼ਿਲਾਫ਼ ਨਸਲਕੁਸ਼ੀ ਹਿੰਸਾ ਕਰਨ ਵਾਲੇ ਕਾਂਗਸ ਦੇ ਮੈਂਬਰਾਂ ਨੂੰ ਪਨਾਹ ਦੇਣ ਤੇ ਬਚਾਉਣ ਲਈ ਸੋਨੀਆ ਗਾਂਧੀ ਨੂੰ ਜਵਾਬਦੇਹ ਨਹੀਂ ਬਣਾਉਂਦਾ। ਸਿੱਖ ਜਥੇਬੰਦੀ ਦੀ ਅਪੀਲ ਕੌਮਾਂਤਰੀ ਕਾਨੂੰਨ ਦੇ ਸਥਾਪਤ ਸਿਧਾਂਤਾਂ 'ਤੇ ਆਧਾਰਤ ਹੈ ਕਿ ਅਪਰਾਧ ਨੂੰ ਛੁਪਾਉਣ ਵਾਲੇ ਵੀ ਅਪਰਾਧ ਕਰਨ ਜਿੰਨੇ ਹੀ ਦੋਸ਼ੀ ਹਨ।

# ਲਸ਼ਕਰ ਵੱਲੋਂ ਆਪਣੇ ਕਾਰਕੁਨਾਂ ਨੂੰ ਨਵਾਂ ਸਬਕ

**ਨਵੀਂ ਦਿੱਲੀ:** ਪਾਕਿਸਤਾਨ ਦੀ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੇ ਆਪਣੇ ਰੰਗਰੂਟਾਂ ਨੂੰ ਹੁਣ ਇਹ ਸਬਕ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਭਾਰਤੀ ਸੁਰੱਖਿਆ ਬਲਾਂ ਵੱਲੋਂ ਫੜੇ ਜਾਣ ਬਾਅਦ ਉਹ ਆਪਣੀ ਉਮਰ ਅਠਾਰਾਂ ਸਾਲ ਤੋਂ ਘੱਟ ਦੱਸਣ ਤਾਂ ਜੋ ਉਹ ਭਾਰਤੀ ਕਾਨੂੰਨਾਂ ਤੋਂ ਬਚ ਸਕਣ ਤੇ ਉਨ੍ਹਾਂ ਦਾ ਕੇਸ ਨਾਬਾਲਗਾਂ ਦੇ ਕੇਸ ਵਜੋਂ ਵਿਚਾਰਿਆ ਜਾ ਸਕੇ। ਜ਼ਿਕਰਯੋਗ ਹੈ ਕਿ ਨਾਬਾਲਗਾਂ ਨਾਲ ਸਬੰਧਤ ਕਾਨੂੰਨ ਵਿਚ ਵਧ ਤੋਂ ਵੱਧ ਸਜ਼ਾ ਸਿਰਫ ਤਿੰਨ ਸਾਲ ਹੈ।



ਲਸ਼ਕਰ-ਏ-ਤੋਇਬਾ ਦੀ ਇਸ ਨਵੀਂ ਕਾਰਸ਼ਤਾਨੀ ਬਾਰੇ ਸੁਰੱਖਿਆ ਬਲਾਂ ਨੂੰ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਇਕ ਅਤਿਵਾਦੀ ਮੁਹੰਮਦ ਨਵੀਦ ਜੁੱਟ ਉਰਫ ਅਬੂ ਹੰਜ਼ਾਲਾ ਨੂੰ ਗ੍ਰਿਫਤਾਰ ਕੀਤਾ। ਉਸ ਨੇ ਆਪਣੀ ਉਮਰ ਸਤਾਰਾਂ ਸਾਲ ਦੱਸੀ ਤੇ ਇਸ ਤੋਂ ਬਾਅਦ ਉਸ ਦੀ ਉਮਰ ਬਾਰੇ ਟੈਸਟ ਕਰਵਾਇਆ ਗਿਆ। ਸਖਤ ਪੁੱਛ-ਪੜਤਾਲ ਦੌਰਾਨ ਜੁੱਟ ਦੀ ਉਮਰ 22 ਸਾਲ ਨਿਕਲੀ। ਉਸ ਨੇ ਦੱਸਿਆ ਕਿ ਸਰਹੱਦ ਪਾਰੋਂ ਉਸ ਦੇ ਅਧਿਕਾਰੀਆਂ ਨੇ ਉਸ ਨੂੰ ਅਜਿਹਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਜੁੱਟ ਅਨੁਸਾਰ ਲਸ਼ਕਰ ਦੀ ਲੀਡਰਸ਼ਿਪ ਇਸ ਸਮੇਂ ਸਕੂਲ ਛੱਡ ਚੁੱਕੇ ਬੱਚਿਆਂ ਜਾਂ ਵਗੜੋਲ ਕਿਸਮ ਦੇ ਰੰਗਰੂਟਾਂ ਨੂੰ ਭਰਤੀ ਕਰਦੀ ਹੈ ਤੇ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਬੱਚਿਆਂ ਦੀ ਤਰ੍ਹਾਂ ਵਰਤਾਅ ਕਰਨ।

ਜੁੱਟ, ਜੋ ਪਾਕਿਸਤਾਨੀ ਫੌਜ ਵਿਚੋਂ ਸੇਵਾਮੁਕਤ ਡਰਾਈਵਰ ਦਾ ਲੜਕਾ ਹੈ, ਨੇ ਦੱਸਿਆ ਕਿ ਉਹ ਪਿਛਲੇ ਸਾਲ ਅਕਤੂਬਰ ਮਹੀਨੇ ਕੇਰਨ ਸੈਕਟਰ ਰਾਹੀਂ ਹੋਰ ਛੇ ਲੜਕਿਆਂ ਨਾਲ ਭਾਰਤ ਵਿਚ ਦਾਖਲ ਹੋਇਆ ਸੀ। ਇਸ ਤੋਂ ਪਹਿਲਾਂ ਉਸ ਨੂੰ ਵੱਖ-ਵੱਖ ਮਦਰੱਸਿਆਂ ਵਿਚ ਲਿਜਾ ਕੇ ਟਰੇਨਿੰਗ ਦਿੱਤੀ ਗਈ। ਉਨ੍ਹਾਂ ਨੂੰ ਜੰਮੂ-ਕਸ਼ਮੀਰ ਦੇ ਉਨ੍ਹਾਂ ਵਿਸ਼ੇਸ਼ ਇਲਾਕਿਆਂ ਬਾਰੇ ਸਮਝਾਇਆ ਗਿਆ, ਜਿਥੇ ਉਨ੍ਹਾਂ ਆਪਣਾ (ਕੰਮ) ਕਰਨਾ ਸੀ। ਇਨ੍ਹਾਂ ਮਦਰੱਸਿਆਂ ਵਿਚ ਅਤਿਵਾਦੀ ਤਿਆਰ ਕਰਨ ਮੌਕੇ ਉਨ੍ਹਾਂ ਨੂੰ ਕਸ਼ਮੀਰ, ਚੇਚੇਨ ਤੇ ਇਰਾਕੀ ਭਾਸ਼ਾ ਵੀ ਸਿਖਾਈ ਜਾਂਦੀ ਹੈ।







# ਬਾਦਲ ਦੇ ਸਹਿਕਾਰਤਾ ਵਿਭਾਗ ਵਿਚ ਲੱਖਾਂ ਦਾ ਘਪਲਾ



**ਚੰਡੀਗੜ੍ਹ:** ਪੰਜਾਬ ਦਾ ਇਕ ਵੱਡਾ ਸਹਿਕਾਰੀ ਅਦਾਰਾ ਮਿਲਕਫੈਡ ਵਿਵਾਦਾਂ ਵਿਚ ਘਿਰ ਗਿਆ ਹੈ। ਲੁਧਿਆਣਾ, ਜਲੰਧਰ ਤੇ ਹੋਰਨਾਂ ਮਿਲਕ ਪਲਾਂਟਾਂ ਵਿਚ ਕਰੋੜਾਂ ਰੁਪਏ ਦੇ ਘਪਲੇਬਾਜ਼ੀ ਦੇ ਤੱਥ ਹੀ ਸਾਹਮਣੇ ਨਹੀਂ ਆਏ ਸਗੋਂ ਇਸ ਅਦਾਰੇ 'ਤੇ ਲੋਕਾਂ ਨੂੰ ਸਿੰਥੈਟਿਕ ਦੁੱਧ ਸਪਲਾਈ ਕਰਨ ਦੇ ਵੀ ਦੋਸ਼ ਲੱਗੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ੁਦ ਸਹਿਕਾਰਤਾ ਵਿਭਾਗ ਦੇ ਮੰਤਰੀ ਹਨ ਤੇ ਇਸ ਲਈ ਉਨ੍ਹਾਂ 'ਤੇ ਵੀ ਘਪਲੇਬਾਜ਼ਾਂ ਦੀ ਪਿੱਠ ਥਾਪੜਨ ਦੇ ਦੋਸ਼ ਲਗਾਏ ਗਏ ਹਨ।

ਲੁਧਿਆਣਾ ਸ਼ਹਿਰ ਤੋਂ ਆਜ਼ਾਦ ਵਿਧਾਇਕਾਂ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਨੇ ਇਸ ਬਾਰੇ ਮੀਡੀਆ ਸਾਹਮਣੇ ਦਸਤਾਵੇਜ਼ਾਂ ਸਮੇਤ ਸਿੰਥੈਟਿਕ ਦੁੱਧ ਸਪਲਾਈ ਹੋਣ ਦੇ ਦੋਸ਼ ਲਾਉਂਦਿਆਂ ਦੱਸਿਆ ਕਿ ਲੁਧਿਆਣਾ ਮਿਲਕ ਪਲਾਂਟ ਵੱਲੋਂ ਮੈਸਰਜ਼ ਗਣੇਸ਼ ਸੇਵਾ ਸੰਮਤੀ ਜੋ ਰਾਜਸਥਾਨ ਨਾਲ ਸਬੰਧ ਰੱਖਦੀ ਹੈ, ਤੋਂ ਸਾਲ 2011 ਦੌਰਾਨ 86 ਲੱਖ ਲਿਟਰ ਤੋਂ ਵੱਧ ਦੁੱਧ ਖ਼ਰੀਦਿਆ। ਬੈਂਸ ਭਰਾਵਾਂ ਨੇ ਦਾਅਵਾ ਕੀਤਾ ਕਿ ਚੁਰੂ ਖੇਤਰ ਨਾਲ ਸਬੰਧ ਰੱਖਣ ਵਾਲੀ ਇਸ ਫ਼ਰਮ ਨੇ ਲੋਕਾਂ ਤੋਂ ਉਕਤ ਸਮੇਂ ਦੌਰਾਨ ਦੁੱਧ ਦੀ ਖ਼ਰੀਦ ਨਹੀਂ ਕੀਤੀ ਪਰ ਮਿਲਕਫੈਡ ਨੂੰ ਕਿੱਥੋਂ ਵੇਚ ਦਿੱਤਾ। ਉਨ੍ਹਾਂ ਕਿਹਾ ਕਿ ਫਰਮ ਨੇ ਸਿੰਥੈਟਿਕ ਦੁੱਧ ਸਪਲਾਈ ਕੀਤਾ ਹੈ। ਇਸ ਲਈ ਮਾਮਲੇ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ।

ਵਿੱਤ ਕਮਿਸ਼ਨਰ (ਸਹਿਕਾਰਤਾ) ਸੰਤੋਸ਼ ਕੁਮਾਰ ਸੰਧੂ ਨੇ ਮੈਸਰਜ਼ ਗਣੇਸ਼ਾ ਸੇਵਾ ਸੰਮਤੀ ਤੋਂ ਦੁੱਧ ਦੀ ਖ਼ਰੀਦ ਨੂੰ ਨਿਯਮਾਂ ਮੁਤਾਬਕ ਸਹੀ ਖ਼ਰੀਦ ਹੋਣ ਦਾ ਦਾਅਵਾ ਕੀਤਾ। ਵਿਧਾਇਕਾਂ ਵੱਲੋਂ ਲਗਾਏ ਗਏ ਦੋਸ਼ਾਂ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਆਡਿਟ ਰਿਪੋਰਟਾਂ ਦੇ ਆਧਾਰ 'ਤੇ ਦੋਸ਼ੀ ਅਫ਼ਸਰਾਂ ਵਿਰੁੱਧ ਕਾਰਵਾਈ ਕਿਉਂ ਨਹੀਂ ਹੋਈ, ਇਸ ਦੀ ਜਾਂਚ ਕਰਾਈ ਜਾਵੇਗੀ। ਉਨ੍ਹਾਂ ਕਿਹਾ ਕਿ ਲੁਧਿਆਣਾ ਮਿਲਕ ਪਲਾਂਟ ਬਾਰੇ ਪਹਿਲਾਂ ਹੀ ਜਾਂਚ ਸ਼ੁਰੂ ਕੀਤੀ ਜਾ ਚੁੱਕੀ ਹੈ। ਮਿਲਕਫੈਡ ਦੀਆਂ ਕੁਝ ਆਡਿਟ ਰਿਪੋਰਟਾਂ ਦੇ ਹਵਾਲੇ ਨਾਲ ਵਿਧਾਇਕਾਂ ਨੇ ਦੱਸਿਆ ਕਿ ਸਾਲ 2011-12 ਦੀ ਆਡਿਟ ਰਿਪੋਰਟ ਮੁਤਾਬਕ 19 ਲੱਖ 28 ਹਜ਼ਾਰ 695 ਰੁਪਏ ਦੇ ਇਕ ਘਪਲੇ ਵਿਚ ਜਨਰਲ ਮੈਨੇਜਰ ਮਿਲਕ ਪਲਾਂਟ ਲੁਧਿਆਣਾ ਸਮੇਤ ਚਾਰ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਇਸੇ ਤਰ੍ਹਾਂ ਨਿਰੀਖਕ ਪੜਤਾਲ ਜਗਦੀਪ ਸਿੰਘ ਦੀ ਇਕ ਰਿਪੋਰਟ ਮੁਤਾਬਕ 18 ਲੱਖ ਦੇ ਦੋ ਵੱਡੇ ਘਪਲੇ ਹੋਏ ਜੋ ਦੁੱਧ ਦੀ ਸਪਲਾਈ ਤੇ ਟਰੇਆਂ ਦੇ ਘਟਣ ਵਿਚ ਹੋਏ।

ਬੈਂਸ ਭਰਾਵਾਂ ਨੇ ਕਿਹਾ ਕਿ ਲੰਘੀ ਚਾਰ ਜੁਲਾਈ ਨੂੰ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਦੌਰਾਨ ਘਪਲੇ ਕਰਨ ਵਾਲੇ ਅਫ਼ਸਰਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਕਲੀਨ ਚਿੱਟ ਦੇ ਦਿੱਤੀ ਗਈ। ਅਧਿਕਾਰੀਆਂ ਦੇ ਇਸ ਤਰ੍ਹਾਂ ਦੇ ਰੁਖ਼ ਤੋਂ ਸਿੱਧ ਹੁੰਦਾ ਹੈ ਕਿ ਮਿਲਕਫੈਡ ਵਿਚ ਹੋ ਰਹੀਆਂ ਬੇਨਿਯਮੀਆਂ ਲਈ ਸੀਨੀਅਰ ਅਧਿਕਾਰੀ ਵੀ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਜ਼ਮੀਨੀ ਹਕੀਕਤਾਂ ਇਹ ਹਨ ਕਿ ਮੈਸਰਜ਼ ਗਣੇਸ਼ ਸੇਵਾ ਸੰਮਤੀ ਨੇ ਰਾਜਸਥਾਨ ਵਿਚ ਲੋਕਾਂ ਤੋਂ ਦੁੱਧ ਨਹੀਂ ਖ਼ਰੀਦਿਆ ਤਾਂ ਮਿਲਕਫੈਡ ਨੇ ਉਨ੍ਹਾਂ ਤੋਂ ਕੀ ਖ਼ਰੀਦਿਆ। ਮਿਲਕਫੈਡ ਨੂੰ ਸਿੰਥੈਟਿਕ ਦੁੱਧ ਸਪਲਾਈ ਹੋਣ ਦਾ ਖ਼ਦਸ਼ਾ ਹੈ ਜਾਂ ਫਿਰ 86 ਲੱਖ ਲੀਟਰ ਦੀ ਖ਼ਰੀਦ ਹੀ ਨਹੀਂ ਹੋਈ ਤੇ ਮਹਿਜ਼ ਕਾਗਜ਼ਾਂ ਵਿਚ ਹੀ ਉਲਟ ਫੇਰ ਹੋਇਆ ਹੈ। ਵਿਧਾਇਕਾਂ ਨੇ ਕਿਹਾ ਕਿ ਦੁੱਧ ਦੀ ਸਪਲਾਈ ਦਾ ਮਾਮਲਾ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਇਸ ਲਈ ਮਾਮਲੇ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਬੈਂਸ ਭਰਾਵਾਂ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਸਹਿਕਾਰਤਾ ਵਿਭਾਗ ਦੇਖਦੇ ਹਨ, ਵੱਲੋਂ ਇਸ ਮਾਮਲੇ 'ਤੇ ਕੁਝ ਵੀ ਨਹੀਂ ਕੀਤਾ ਗਿਆ। ਰੌਚਕ ਤੱਥ ਇਹ ਵੀ ਹੈ ਕਿ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੰਤੋਸ਼ ਕੁਮਾਰ ਸੰਧੂ ਸਹਿਕਾਰਤਾ ਵਿਭਾਗ ਦੇ ਵਿੱਤ ਕਮਿਸ਼ਨਰ ਵੀ ਹਨ। ਇਸ ਤਰ੍ਹਾਂ ਨਾਲ ਇਹ ਵਿਭਾਗ ਪੂਰੀ ਤਰ੍ਹਾਂ ਮੁੱਖ ਮੰਤਰੀ ਦੇ ਕੰਟਰੋਲ ਹੇਠ ਹੈ।

ਮਿਲਕਫੈਡ ਵੱਲੋਂ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਨਵੀਂ ਦਿੱਲੀ ਵਿਚ ਰੋਜ਼ਾਨਾ ਤਕਰੀਬਨ 10.5 ਲੱਖ ਲਿਟਰ ਦੁੱਧ ਸਪਲਾਈ ਕੀਤਾ ਜਾਂਦਾ ਹੈ। ਇਸ ਅਦਾਰੇ ਵੱਲੋਂ ਸਹਿਕਾਰੀ ਦੁੱਧ ਸਭਾਵਾਂ ਤੋਂ ਤਕਰੀਬਨ ਨੌਂ ਲੱਖ ਲਿਟਰ ਦੁੱਧ ਦੀ ਖ਼ਰੀਦ ਕੀਤੀ ਜਾਂਦੀ ਹੈ। ਇਹ ਅਦਾਰਾ ਲੱਸੀ, ਦਹੀ, ਮੱਖਣ ਤੇ ਖੀਰ ਦੀ ਸਪਲਾਈ ਵੀ ਕਰਦਾ ਹੈ। ਇਹ ਵਸਤਾਂ ਦੁੱਧ ਤੋਂ ਬਣਦੀਆਂ ਹਨ। ਖ਼ਰੀਦ ਤੇ ਸਪਲਾਈ ਵਿਚਲਾ ਖੱਪਾ ਪੂਰਾ ਕਰਨ ਲਈ ਮਿਲਕ ਪਲਾਂਟਾਂ ਵੱਲੋਂ 10 ਤੋਂ 15 ਫ਼ੀਸਦੀ ਸੁੱਕੇ ਦੁੱਧ ਤੋਂ ਲਿਕੁਏਡ ਦੁੱਧ ਬਣਾ ਕੇ ਤਾਜ਼ੇ ਤੇ ਸੁੱਕੇ ਦੁੱਧ ਦਾ ਰਲੇਵਾਂ ਕਰਕੇ ਵੇਚਿਆ ਜਾਂਦਾ ਹੈ।

ਮਿਲਕਫੈੱਡ ਦੀ ਮੈਨੇਜਿੰਗ ਡਾਇਰੈਕਟਰ ਅਲਕਨੰਦਾ ਦਿਆਲ ਨੇ ਲੁਧਿਆਣਾ ਮਿਲਕ ਪਲਾਂਟ ਵਿਚ ਘੁਟਾਲੇ ਬਾਰੇ ਮੀਡੀਆ ਵਿਚ ਛਪੀਆਂ ਰਿਪੋਰਟਾਂ ਦਾ ਗੰਭੀਰ ਨੋਟਿਸ ਲੈਂਦਿਆਂ ਸਮੁੱਚੇ ਮਾਮਲੇ ਦੀ ਜਾਂਚ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸ੍ਰੀਮਤੀ ਦਿਆਲ ਨੇ ਮਿਲਕਫੈੱਡ ਦੇ ਚੀਫ਼ ਵਿਜੀਲੈਂਸ ਅਫਸਰ ਤੇ ਵਿੱਤ,ਖਰੀਦ ਤੇ ਮਾਰਕੀਟਿੰਗ ਸੈਕਸ਼ਨਾਂ ਦੇ ਮੁਖੀਆਂ ਉਤੇ ਅਧਾਰਤ ਕਮੇਟੀ ਦਾ ਗਠਨ ਕਰਕੇ ਮਾਮਲੇ ਦੀ ਜਾਂਚ ਕਰਕੇ ਇਕ ਮਹੀਨੇ ਵਿਚ ਰਿਪੋਰਟ ਸੌਂਪਣ ਲਈ ਆਖਿਆ ਹੈ।

# ਚੋਣ ਦੰਗਲ ਨੇ ਰੱਜੇ-ਪੁੱਜਿਆਂ ਨੂੰ ਕੀਤਾ ਕਰਜ਼ਈ

**ਬਠਿੰਡਾ:** ਇਸ ਵਾਰ ਦੀਆਂ ਲੋਕ ਸਭਾ ਚੋਣਾਂ ਜ਼ਿਆਦਾਤਰ ਉਮੀਦਵਾਰਾਂ ਲਈ ਘਾਟੇ ਦਾ ਸੌਦਾ ਹੀ ਰਹੀਆਂ। ਕਈ ਉਮੀਦਵਾਰਾਂ ਦਾ ਨਾ ਲੋਕਾਂ ਨੇ ਸਾਥ ਦਿੱਤਾ ਤੇ ਨਾ ਹੀ ਜੇਬ ਨੇ। ਇਹ ਤੱਥ ਚੋਣ ਕਮਿਸ਼ਨ ਕੋਲ ਉਮੀਦਵਾਰਾਂ ਵੱਲੋਂ ਦਰਜ ਕਰਵਾਏ ਗਏ ਵੇਰਵਿਆਂ ਤੋਂ ਉਭਰ ਕੇ ਸਾਹਮਣੇ ਆਏ ਹਨ। ਫ਼ਰੀਦਕੋਟ ਤੋਂ ਕਾਂਗਰਸੀ ਉਮੀਦਵਾਰ ਜੋਗਿੰਦਰ ਸਿੰਘ ਪੰਜਗਰਾਈਂ ਲਈ ਇਹ ਚੋਣ ਝਟਕਾ ਦੇਣ ਵਾਲੀ ਰਹੀ ਹੈ। ਇਸ ਉਮੀਦਵਾਰ ਨੂੰ ਆਪਣੇ ਪੱਲਿਓਂ 17.73 ਲੱਖ ਰੁਪਏ ਖ਼ਰਚ ਕਰਨੇ ਪਏ ਸਨ। ਉਸ ਦਾ ਚੋਣਾਂ 'ਤੇ 32.28 ਲੱਖ ਰੁਪਏ ਖ਼ਰਚ ਹੋਇਆ ਸੀ ਜਦਕਿ ਉਸ ਨੂੰ ਲੋਕਾਂ ਤੋਂ ਸਿਰਫ਼ 14.55 ਲੱਖ ਰੁਪਏ ਚੰਦਾ ਮਿਲ ਸਕਿਆ। ਇਕ ਪਾਸੇ ਤਾਂ ਚੋਣ ਨਤੀਜੇ ਉਲਟ ਚਲੇ ਗਏ ਤੇ ਦੂਜਾ ਮਾਲੀ ਤੌਰ 'ਤੇ ਵੀ ਇਹ ਚੋਣ ਉਸ ਲਈ ਘਾਟੇ ਵਾਲਾ ਸੌਦਾ ਬਣ ਗਈ।

ਹੁਸ਼ਿਆਰਪੁਰ ਤੋਂ ਕਾਂਗਰਸੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਵੀ ਦੇ ਚੋਣਾਂ 'ਤੇ 16.14 ਲੱਖ ਰੁਪਏ ਖ਼ਰਚ ਹੋਏ ਜਦਕਿ ਚੋਣ ਫੰਡ ਰਾਹੀਂ ਉਨ੍ਹਾਂ ਨੂੰ 15.15 ਲੱਖ ਹੀ ਮਿਲੇ ਸਨ। ਇਸ ਦੇ ਉਲਟ ਗੁਰਦਾਸਪੁਰ ਤੋਂ ਪ੍ਰਤਾਪ ਸਿੰਘ ਬਾਜਵਾ ਮਾਲੀ ਤੌਰ 'ਤੇ ਕਿਸਮਤ ਵਾਲੇ ਹੋ ਨਿਬੜੇ। ਉਨ੍ਹਾਂ ਨੇ ਚੋਣਾਂ 'ਤੇ 29.97 ਲੱਖ ਰੁਪਏ ਖ਼ਰਚੇ ਸਨ ਜਦਕਿ ਉਨ੍ਹਾਂ ਨੂੰ 33.54 ਲੱਖ ਰੁਪਏ ਚੰਦਾ ਇਕੱਠਾ ਹੋ ਗਿਆ ਸੀ। ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਗਿੱਲ ਨੂੰ ਇਕ ਤਾਂ ਸਫ਼ਲਤਾ ਨਹੀਂ ਮਿਲੀ ਤੇ ਉਪਰੋਂ ਚੋਣ 16.34 ਲੱਖ ਰੁਪਏ ਦਾ ਰਗੜਾ ਲਗਾ ਗਈ। ਉਨ੍ਹਾਂ ਚੋਣਾਂ 'ਤੇ 29.43 ਲੱਖ ਰੁਪਏ ਖ਼ਰਚ ਕੀਤੇ ਸਨ ਜਦਕਿ ਉਨ੍ਹਾਂ ਨੂੰ ਸਿਰਫ਼ 13.09 ਲੱਖ ਰੁਪਏ ਹੀ ਚੰਦੇ ਵਜੋਂ ਮਿਲਿਆ।

ਲੁਧਿਆਣਾ ਤੋਂ ਕਾਂਗਰਸੀ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਭਾਵੇਂ ਕਰਜ਼ਾ ਚੁੱਕ ਕੇ ਚੋਣ ਲੜੀ ਪਰ ਜਿੱਤ ਨੇ ਉਨ੍ਹਾਂ ਦੇ ਜੇਬ ਦਾ ਸੰਕਟ ਭੁਲਾ ਦਿੱਤਾ ਹੈ। ਬਠਿੰਡਾ ਤੋਂ ਮਨਪ੍ਰੀਤ ਸਿੰਘ ਬਾਦਲ ਨੂੰ ਨਾ ਜਿੱਤ ਮਿਲੀ ਤੇ ਨਾ ਹੀ ਚੋਣ ਫੰਡ ਮਿਲਿਆ। ਉਨ੍ਹਾਂ ਨੂੰ ਇਨ੍ਹਾਂ ਚੋਣਾਂ 'ਤੇ ਪੱਲਿਓਂ ਹੀ 49.29 ਲੱਖ ਰੁਪਏ ਖ਼ਰਚ ਕਰਨੇ ਪਏ ਸਨ। ਦੂਜੇ ਪਾਸੇ ਹਰਸਿਮਰਤ ਕੌਰ ਬਾਦਲ ਲਈ ਇਹ ਚੋਣ ਦੰਗਲ ਕਿਸਮਤ ਵਾਲਾ ਰਿਹਾ ਹੈ। ਉਹ ਕੇਂਦਰੀ ਵਜ਼ੀਰ ਵੀ ਬਣ ਗਏ ਹਨ ਤੇ ਉਨ੍ਹਾਂ ਨੂੰ ਚੋਣਾਂ ਦੌਰਾਨ ਪੱਲਿਓਂ ਸਿਰਫ਼ 14.58 ਲੱਖ ਰੁਪਏ ਹੀ ਖ਼ਰਚ ਕਰਨੇ ਪਏ ਸਨ। ਫ਼ਿਰੋਜ਼ਪੁਰ ਤੋਂ ਸੁਨੀਲ ਜਾਖੜ ਨੂੰ ਇਕ ਤਾਂ ਹਾਰ ਨੇ ਨਮੋਸ਼ੀ ਦਿੱਤੀ ਤੇ ਦੂਜਾ ਉਨ੍ਹਾਂ ਨੂੰ ਪੱਲਿਓਂ 22.02 ਲੱਖ ਰੁਪਏ ਖ਼ਰਚ ਕਰਨੇ ਪਏ।

ਲੁਧਿਆਣਾ ਤੋਂ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਨੂੰ ਇਕ ਤਾਂ ਲੋਕਾਂ ਨੇ ਝਟਕਾ ਦੇ ਦਿੱਤਾ ਤੇ ਉਪਰੋਂ ਉਨ੍ਹਾਂ ਨੂੰ ਚੋਣ 48.39 ਲੱਖ ਰੁਪਏ ਦੀ ਸੱਟ ਮਾਰ ਗਈ। ਅੰਮ੍ਰਿਤਸਰ ਤੋਂ ਅਰੁਣ ਜੇਤਲੀ ਹਾਰ ਕੇ ਵੀ ਜਿੱਤ ਗਏ ਹਨ। ਉਨ੍ਹਾਂ ਨੂੰ ਕੇਂਦਰੀ ਵਿੱਤ ਮੰਤਰੀ ਦਾ ਅਹੁਦਾ ਮਿਲ ਗਿਆ ਹੈ। ਉਨ੍ਹਾਂ ਨੂੰ ਚੋਣਾਂ ਵਿਚ ਪੱਲਿਓਂ ਸਿਰਫ਼ 50 ਹਜ਼ਾਰ ਰੁਪਏ ਹੀ ਖ਼ਰਚ ਕਰਨੇ ਪਏ ਕਿਉਂਕਿ ਸਾਰਾ ਖ਼ਰਚਾ ਪੰਜਾਬ ਭਾਜਪਾ ਨੇ ਚੁੱਕਿਆ ਸੀ। ਸੰਗਰੂਰ ਤੋਂ ਵਿਜੇਇੰਦਰ ਸਿੰਗਲਾ ਨੂੰ ਲੋਕਾਂ ਨੇ ਦੋਵੇਂ ਤਰ੍ਹਾਂ ਨਾਲ ਸਬਕ ਸਿਖਾਇਆ। ਲੋਕਾਂ ਨੇ ਸ੍ਰੀ ਸਿੰਗਲਾ ਨੂੰ ਸਿਰਫ਼ 1.47 ਲੱਖ ਰੁਪਏ ਹੀ ਚੋਣ ਫੰਡ ਵਜੋਂ ਦਿੱਤੇ ਤੇ ਵੋਟਾਂ ਪਾਉਣ ਤੋਂ ਵੀ ਹੱਥ ਪਿਛਾਂਹ ਖਿੱਚ ਲਿਆ।

# ਪੰਜਾਬ ਲਈ 'ਆਪ' ਨੇ ਐਡਹਾਕ ਕਮੇਟੀਆਂ ਬਣਾਈਆਂ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਪੰਜਾਬ ਅੰਦਰ 'ਮਿਸ਼ਨ ਵਿਸਥਾਰ' ਤਹਿਤ ਦੋ ਐਡਹਾਕ ਕਮੇਟੀਆਂ ਬਣਾਈਆਂ ਹਨ। ਇਸ ਦੇ ਨਾਲ ਸੂਬੇ ਅੰਦਰ ਪਹਿਲਾਂ ਬਣੀਆਂ ਸਾਰੀਆਂ ਕਮੇਟੀਆਂ ਭੰਗ ਕਰ ਦਿੱਤੀਆਂ ਗਈਆਂ ਹਨ। ਪੱਤਰਕਾਰ ਜਰਨੈਲ ਸਿੰਘ ਨੂੰ ਪੰਜਾਬ ਮਾਮਲਿਆਂ ਦਾ ਨਿਗਰਾਨ ਬਣਾਇਆ ਗਿਆ ਹੈ। 'ਆਪ' ਨੇ ਪੰਜਾਬ ਲਈ ਪੰਜ ਬੁਲਾਰਿਆਂ ਦੇ ਨਾਂ ਵੀ ਤੈਅ ਕੀਤੇ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪਾਰਟੀ ਦੇ ਸਿਆਸੀ ਮਾਮਲਿਆਂ ਦੀ ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ। 'ਆਪ' ਵੱਲੋਂ ਕਾਰਜਕਾਰਨੀ ਤੇ ਜਥੇਬੰਦਕ (ਦੋਵੇਂ ਐਡਹਾਕ) ਕਮੇਟੀਆਂ ਦਾ ਸਮਾਂ ਘੱਟ ਤੋਂ ਘੱਟ ਛੇ ਮਹੀਨੇ ਤੇ ਵੱਧ ਤੋਂ ਵੱਧ ਸਾਲ ਦਾ ਤੈਅ ਕੀਤਾ ਹੈ। ਇਹ ਕਮੇਟੀਆਂ ਪੰਜਾਬ ਅੰਦਰ ਪਾਰਟੀ ਦੀਆਂ ਜੜ੍ਹਾਂ ਬੂਥ ਪੱਧਰ 'ਤੇ ਜਮਾਉਣ ਦਾ ਕੰਮ ਕਰਨਗੀਆਂ। ਕਾਰਜਕਾਰਨੀ ਕਮੇਟੀ ਵੱਲੋਂ ਸੂਬੇ ਵਿਚ ਸਿਆਸੀ ਮੁਹਿੰਮਾਂ, ਮੁੱਦਿਆਂ ਦੇ ਆਧਾਰ 'ਤੇ ਕਮੇਟੀਆਂ ਬਣਾਉਣਾ, ਅਗਲੀ ਕਤਾਰ ਦੇ ਢਾਂਚਾਗਤ ਪ੍ਰਬੰਧ ਸਿਰਜਣੇ ਤੇ ਪਾਰਟੀ ਬਣਤਰ 'ਤੇ ਨਜ਼ਰ ਰੱਖਣ ਦਾ ਕਾਰਜ ਕੀਤਾ ਜਾਵੇਗਾ। ਜਥੇਬੰਦਕ ਕਮੇਟੀ ਜ਼ਿਲ੍ਹਾ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰੇਗੀ ਤੇ ਵਰਕਰਾਂ ਨੂੰ ਬੂਥ ਪੱਧਰ 'ਤੇ ਲਾਮਬੰਦ ਕਰੇਗੀ। ਪਾਰਟੀ ਵੱਲੋਂ ਡਾਕਟਰ ਧਰਮਵੀਰ ਗਾਂਧੀ, ਭਗਵੰਤ ਮਾਨ (ਦੋਵੇਂ ਸੰਸਦ ਮੈਂਬਰ), ਐਚ.ਐਸ. ਫੂਲਕਾ, ਕੁਲਤਾਰ ਸਿੰਘ ਤੇ ਹਰਿੰਦਰ ਸਿੰਘ ਨੂੰ ਪੰਜਾਬ ਦੇ ਪਾਰਟੀ ਬੁਲਾਰੇ ਬਣਾਇਆ ਗਿਆ ਹੈ। ਪੱਤਰਕਾਰ ਜਰਨੈਲ ਸਿੰਘ ਨੂੰ ਪੰਜਾਬ ਦਾ ਨਿਗਰਾਨ ਬਣਾਉਣ ਦੇ ਨਾਲ-ਨਾਲ ਫ਼ਿਰੋਜ਼ਪੁਰ, ਫਾਜ਼ਿਲਕਾ, ਜਲੰਧਰ, ਕਪੂਰਥਲਾ ਤੇ ਮੁਕਤਸਰ ਜ਼ਿਲ੍ਹਿਆਂ ਅੰਦਰ ਪਾਰਟੀ ਢਾਂਚੇ ਦੇ ਗਠਨ ਦੀ ਨਿਗਰਾਨੀ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਡਾਕਟਰ ਦਲਜੀਤ ਸਿੰਘ ਤਿੰਨ ਮੈਂਬਰੀ ਅਨੁਸ਼ਾਸਨ ਕਮੇਟੀ ਦੀ ਅਗਵਾਈ ਕਰਨਗੇ ਤੇ ਐਚ.ਐਸ. ਕਿੰਗਰਾ ਵਰਕਰਾਂ ਦੀ ਸਿਖਲਾਈ ਦਾ ਜ਼ਿੰਮਾ ਸਾਂਭਣਗੇ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਅਣਗਹਿਲੀ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ (ਬਿਊਰੋ):** ਸੁਪਰੀਮ ਕੋਰਟ ਨੇ ਪਟਿਆਲਾ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਵਰਤੀ ਗਈ ਅਣਗਹਿਲੀ ਦੇ ਮਾਮਲੇ ਵਿਚ ਨਾਰਾਜ਼ਗੀ ਜਤਾਈ ਹੈ। ਪਟਿਆਲਾ ਦੇ ਸੀ. ਬੀ. ਆਈ. ਦੇ ਵਿਸ਼ੇਸ਼ ਜੱਜ ਨੇ ਬੀਮਾ ਸਰਵੇਅਰ ਤੇ ਪੋਲਟਰੀ ਫਾਰਮ ਦੇ ਮਾਲਕ ਨੂੰ ਅਪਰਾਧਕ ਸਾਜ਼ਿਸ਼ ਘੜਨ ਦੇ ਜੁਰਮ ਵਿਚ ਦੋ ਸਾਲ ਤੇ ਧੋਖਾਧੜੀ ਦੇ ਮਾਮਲੇ ਵਿਚ ਢਾਈ-ਢਾਈ ਸਾਲ ਦੀ ਸਜ਼ਾ ਸੁਣਾਈ ਹੈ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਰੋਕੂ ਐਕਟ (ਪੀ. ਸੀ. ਏ.) ਤਹਿਤ ਬੀਮਾ ਕੰਪਨੀ ਦੇ ਹੁਸ਼ਿਆਰਪੁਰ ਵਿਚ ਡਵੀਜ਼ਨਲ ਮੈਨੇਜਰ ਨੂੰ ਢਾਈ ਸਾਲ ਦੀ ਸਜ਼ਾ ਸੁਣਾਈ ਗਈ। ਸੀ.ਬੀ.ਆਈ. ਨੇ ਤਿੰਨਾਂ ਨੂੰ 1996 ਵਿਚ ਝੂਠਾ ਦਾਅਵਾ ਪੇਸ਼ ਕਰਕੇ ਸੱਤ ਲੱਖ ਰੁਪਏ ਦੀ ਬੀਮਾ ਰਾਸ਼ੀ ਹੜੱਪਣ 'ਤੇ ਸਜ਼ਾ ਸੁਣਾਈ ਸੀ।

ਦੋਸ਼ੀਆਂ ਨੇ 1999 ਵਿਚ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ। ਕੁਝ ਸਮੇਂ ਬਾਅਦ ਮੈਨੇਜਰ ਦੀ ਮੌਤ ਹੋ ਗਈ ਤੇ ਉਸ ਨੂੰ ਕੇਸ ਵਿਚੋਂ ਬਾਹਰ ਕੱਢ ਦਿੱਤਾ ਗਿਆ। ਬਾਕੀ ਬਚੇ ਦੋ ਦੋਸ਼ੀਆਂ ਨੇ ਆਪਣੀ ਸਜ਼ਾ ਦੀ ਮਿਆਦ ਵਿਚ ਕਮੀ ਲਈ ਅਪੀਲ ਦਾਖ਼ਲ ਕੀਤੀ। ਸੀ.ਬੀ.ਆਈ. ਕੋਰਟ ਵੱਲੋਂ ਦੋਹਾਂ ਨੂੰ ਪੀ.ਸੀ.ਏ. ਤਹਿਤ ਸਜ਼ਾ ਨਾ ਸੁਣਾਏ ਜਾਣ ਦਾ ਨੋਟਿਸ ਲਏ ਬਿਨਾਂ ਹਾਈ ਕੋਰਟ ਨੇ ਮਈ 2010 ਵਿਚ ਕਿਹਾ ਕਿ ਪੀ.ਸੀ.ਏ. ਤਹਿਤ ਦੋਹਾਂ ਦੀ ਸਜ਼ਾ ਬਹਾਲ ਰਹੇਗੀ। ਨਾਲ ਹੀ ਉਨ੍ਹਾਂ ਨੂੰ ਪ੍ਰੋਬੇਸ਼ਨ 'ਤੇ ਛੱਡਣ ਦੇ ਹੁਕਮ ਵੀ ਦਿੱਤੇ ਤੇ ਕਿਹਾ ਕਿ ਉਨ੍ਹਾਂ ਨੂੰ ਕੇਸ ਦੌਰਾਨ 20 ਦਿਨਾਂ ਦੀ ਕੈਦ ਤਹਿਤ ਮਾਨਸਿਕ ਤਣਾਅ ਝੱਲਣਾ ਪਿਆ ਹੈ।

ਦੋ ਮੈਂਬਰੀ ਬੈਂਚ ਨੇ ਟਿੱਪਣੀ ਕੀਤੀ ਕਿ ਹਾਈ ਕੋਰਟ ਨੂੰ ਮੁਲਜ਼ਮਾਂ ਦੀ ਸਜ਼ਾ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੀਦੀ ਸੀ। ਸੁਪਰੀਮ ਕੋਰਟ ਨੇ ਦੋਵੇਂ ਦੋਸ਼ੀਆਂ ਨੂੰ ਪ੍ਰੋਬੇਸ਼ਨ 'ਤੇ ਛੱਡਣ ਉਪਰ ਵੀ ਨਾਰਾਜ਼ਗੀ ਪ੍ਰਗਟ ਕੀਤੀ।

# ਮੰਤਰੀਆਂ ਨੂੰ ਮਿਲਣਗੀਆਂ ਨਵੀਆਂ ਲਗਜ਼ਰੀ ਗੱਡੀਆਂ

**ਚੰਡੀਗੜ੍ਹ:** ਲਗਜ਼ਰੀ ਗੱਡੀਆਂ ਦੇ ਸ਼ੌਕੀਨ ਪੰਜਾਬ ਦੇ ਮੰਤਰੀਆਂ ਤੇ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਛੇਤੀ ਹੀ ਖੁਸ਼ਖ਼ਬਰੀ ਮਿਲਣ ਵਾਲੀ ਹੈ। ਪੰਜਾਬ ਸਰਕਾਰ ਨੇ ਨਵੇਂ ਵਾਹਨ ਖਰੀਦਣ ਬਾਰੇ ਆਪੇ ਹੀ ਲਾਈ ਦੋ ਸਾਲ ਦੀ ਪਾਬੰਦੀ ਹਟਾਉਣ ਦੀ ਤਿਆਰੀ ਕਰ ਲਈ ਹੈ। ਸੂਬਾ ਸਰਕਾਰ ਛੇਤੀ ਹੀ ਫਾਰਚੂਨਰ, ਕੈਮਰੀ ਜਾਂ ਕੋਰੋਲਾ ਗੱਡੀਆਂ ਮੰਤਰੀਆਂ ਤੇ ਹੋਰਾਂ ਲਈ ਖਰੀਦੇਗੀ। ਸੂਬਾ ਦੇ ਅਫਸਰਾਂ ਨੂੰ ਹਾਲੇ ਨਵੀਂ ਨੀਤੀ ਆਉਣ ਤੱਕ ਉਡੀਕਣਾ ਪਏਗਾ। ਉਨ੍ਹਾਂ ਬਾਰੇ ਹਾਲੇ ਤੈਅ ਕੀਤਾ ਜਾਣਾ ਹੈ ਕਿ ਉਨ੍ਹਾਂ ਨੂੰ ਨਵੇਂ ਵਾਹਨ ਖਰੀਦਣ ਦੀ ਥਾਂ ਉੱਕਾ-ਪੁੱਕਾ ਸਫਰ ਭੱਤਾ ਦੇਣਾ ਹੈ ਜਾਂ ਉਨ੍ਹਾਂ ਨੂੰ ਲੀਜ਼ 'ਤੇ ਵਾਹਨ ਲੈਣ ਦੀ ਆਗਿਆ ਦਿੱਤੀ ਜਾਏਗੀ। ਸੂਬੇ ਦੇ ਟਰਾਂਸਪੋਰਟ ਵਿਭਾਗ ਨੇ ਹਾਲੇ ਇਸ ਬਾਰੇ ਫੈਸਲਾ ਕਰਨਾ ਹੈ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਮੰਤਰੀਆਂ ਵੱਲੋਂ ਵਰਤੇ ਜਾ ਰਹੇ ਕਈ ਵਾਹਨ ਤਾਂ ਉੱਕਾ ਹੀ ਨਕਾਰਾ ਹੋ ਚੁੱਕੇ ਹਨ। ਦੋ ਸਾਲ ਸਰਕਾਰ ਨੇ ਸੰਜਮ ਰੱਖਿਆ ਤੇ ਪ੍ਰਸ਼ਾਸਨੀ ਖਰਚੇ ਘਟਾਉਣ ਵਿਚ ਪੂਰਾ ਇਹਤਿਆਤ ਵਰਤਿਆ।

ਹੁਣ ਵਾਹਨ ਉੱਕਾ ਹੀ ਦਮ ਛੱਡ ਰਹੇ ਹਨ, ਪਰ ਸਾਰੇ ਵਾਹਨ ਇਕੋ ਵਾਰ ਇਕੱਠੇ ਨਹੀਂ ਖਰੀਦੇ ਜਾਣਗੇ। ਕੇਸ ਦਰ ਕੇਸ ਨਵੀਆਂ ਕਾਰਾਂ ਖਰੀਦਣ ਦੀ ਆਗਿਆ ਦਿੱਤੀ ਜਾਏਗੀ। ਪਿਛਲੇ ਸਾਲ ਵਿੱਤ ਵਿਭਾਗ ਨੇ 250 ਕਰੋੜ ਰੁਪਏ ਟਰਾਂਸਪੋਰਟ ਲਈ ਲਾਂਭੇ ਕਰਕੇ ਰੱਖੇ ਸਨ, ਜੋ ਸਰਕਾਰੀ ਪੁਰਾਣੇ ਵਾਹਨਾਂ ਦੀ ਸਾਂਭ-ਸੰਭਾਲ ਤੇ ਮੁਰੰਮਤ ਲਈ ਸਨ। ਪਿਛਲੇ ਵਿੱਤੀ ਸਾਲ ਦੌਰਾਨ ਟਰਾਂਸਪੋਰਟ ਵਿਭਾਗ ਨੇ ਦੋ ਵਾਰ ਵਿੱਤ ਵਿਭਾਗ ਨੂੰ 130 ਨਵੀਆਂ ਲਗਜ਼ਰੀ ਸੇਡਾਨ ਤੇ ਐਸਯੂਵੀ ਕਾਰਾਂ ਖਰੀਦਣ ਲਈ ਵਧੀਕ ਗਰਾਂਟ ਦੇਣ ਦੀ ਬੇਨਤੀ ਦੀਆਂ ਤਜਵੀਜ਼ਾਂ ਭੇਜੀਆਂ ਸਨ, ਜੋ ਵਿਭਾਗ ਨੇ ਠੁਕਰਾ ਦਿੱਤੀਆਂ ਸਨ।



ਵਿਭਾਗ ਨੇ ਉਦੋਂ ਕਾਰਾਂ ਖਰੀਦਣ ਲਈ 13.50 ਕਰੋੜ ਰੁਪਏ ਮੰਗੇ ਸਨ। ਅਸਲ ਵਿਚ ਕੁਝ ਕੁ ਨਵੀਆਂ ਸਿਆਸੀ ਨਿਯੁਕਤੀਆਂ ਲਈ ਤੇ ਪੰਜਾਬ ਦੇ ਰਾਜਪਾਲ (ਜੋ ਮਰਸਡੀਜ਼ ਚਾਹੁੰਦੇ ਸਨ) ਤੋਂ ਇਲਾਵਾ ਹੋਰ ਕਿਸੇ ਲਈ ਸਰਕਾਰ ਨੇ 2011-12 ਤੋਂ ਵਾਹਨ ਨਹੀਂ ਖਰੀਦੇ। ਦਿਲਚਸਪ ਗੱਲ ਹੈ ਕਿ ਸੂਬੇ ਦੇ ਬਾਬੂ ਵੀ ਵਾਹਨ ਬਦਲਣ ਦੀ ਮੰਗ ਕਰ ਰਹੇ ਹਨ। ਸੂਤਰਾਂ ਮੁਤਾਬਕ ਉਨ੍ਹਾਂ ਬਾਰੇ ਟਰਾਂਸਪੋਰਟ ਵਿਭਾਗ ਨੂੰ ਨੀਤੀ ਬਣਾਉਣ ਲਈ ਕਹਿ ਦਿੱਤਾ ਗਿਆ ਹੈ।

# ਪੰਜਾਬ ਵਿਚ ਆਨਲਾਈਨ ਸਹੂਲਤ ਨੇ ਪਹਿਲੇ ਵਰ੍ਹੇ ਹੀ ਦਮ ਤੋੜਿਆ

**ਮੁਹਾਲੀ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਸਹੂਲਤ ਲਈ ਪਿਛਲੇ ਸਾਲ ਲਾਂਚ ਕੀਤੀ ਗਈ ਸ਼ਿਕਾਇਤ ਨਿਵਾਰਣ ਪੋਰਟਲ ਯੋਜਨਾ ਪਹਿਲੇ ਹੀ ਸਾਲ ਵਿਚ ਦਮ ਤੋੜਦੀ ਨਜ਼ਰ ਆ ਰਹੀ ਹੈ। ਲੋਕ ਵੱਖ-ਵੱਖ ਸਰਕਾਰੀ ਦਫ਼ਤਰਾਂ ਨਾਲ ਸਬੰਧਤ ਦਰਪੇਸ਼ ਸਮੱਸਿਆਵਾਂ ਬਾਰੇ ਸ਼ਿਕਾਇਤ ਨਿਵਾਰਣ ਪੋਰਟਲ 'ਤੇ ਆਨਲਾਈਨ ਸ਼ਿਕਾਇਤਾਂ ਭੇਜ ਰਹੇ ਹਨ ਪਰ ਅਧਿਕਾਰੀਆਂ ਵੱਲੋਂ ਉਨ੍ਹਾਂ ਦੀਆਂ ਸ਼ਿਕਾਇਤਾਂ ਵੱਲ ਤਵੱਜੋ ਨਹੀਂ ਦਿੱਤੀ ਜਾ ਰਹੀ ਹੈ। ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ।

ਜ਼ਿਕਰਯੋਗ ਹੈ ਕਿ ਪ੍ਰਸ਼ਾਸਕੀ ਸੁਧਾਰਾਂ ਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਫੌਰੀ ਹੱਲ ਕਰਨ ਲਈ ਸ਼ਿਕਾਇਤ ਨਿਵਾਰਣ ਪੋਰਟਲ ਯੋਜਨਾ ਲਾਂਚ ਕੀਤੀ ਗਈ ਸੀ ਜਿਸ ਨੂੰ 'ਪੰਜਾਬ ਪਬਲਿਕ ਗ੍ਰੀਵੈਂਸਿਸ ਰੈਡਰੈੱਸ ਐਂਡ ਮਾਨੀਟਰਿੰਗ ਸਿਸਟਮ' ਦਾ ਨਾਂ ਦਿੱਤਾ ਗਿਆ ਸੀ।

ਇਸ ਯੋਜਨਾ ਦਾ ਰਸਮੀ ਉਦਘਾਟਨ ਮਈ 2013 ਨੂੰ ਪੰਜਾਬ ਦੇ ਤਤਕਾਲੀ ਮੁੱਖ ਸਕੱਤਰ ਰਾਕੇਸ਼ ਸਿੰਘ ਨੇ ਕੀਤਾ ਸੀ ਪਰ ਲੋਕਾਂ ਨੂੰ ਇਸ ਦਾ ਬਹੁਤਾ ਲਾਭ ਨਹੀਂ ਹੋ ਰਿਹਾ ਹੈ। ਉਂਜ ਅਕਾਲੀ-ਭਾਜਪਾ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਸਰਕਾਰੀ ਦਫ਼ਤਰਾਂ ਵਿਚ ਲੋਕਾਂ ਦੀ ਖੱਜਲ-ਖੁਆਰੀ ਰੋਕਣ ਲਈ ਸ਼ਿਕਾਇਤ ਨਿਵਾਰਣ ਪੋਰਟਲ 'ਤੇ ਆਨਲਾਈਨ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ ਪਰ ਨਤੀਜਾ ਬਿਲਕੁਲ ਉਲਟ ਵੇਖਣ ਨੂੰ ਮਿਲ ਰਿਹਾ ਹੈ।

ਸ਼ਿਕਾਇਤ ਨਿਵਾਰਣ ਪੋਰਟਲ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਢੇਰ ਲੱਗੇ ਹੋਏ ਹਨ ਪਰ ਅਧਿਕਾਰੀ ਡੱਕਾ ਤੋੜ ਕੇ ਰਾਜ਼ੀ ਨਹੀਂ। ਉਧਰ ਮੁਹਾਲੀ ਇੰਡਸਟਰੀ ਐਂਡ ਕਾਮਰਸ ਐਸੋਸੀਏਸ਼ਨ ਦੇ ਪ੍ਰਧਾਨ ਨਿਖ਼ਿਲ ਸਰਾਫ਼ ਨੇ ਦੱਸਿਆ ਕਿ ਉਨ੍ਹਾਂ ਸ਼ਿਕਾਇਤ ਨਿਵਾਰਣ ਪੋਰਟਲ 'ਤੇ ਆਨਲਾਈਨ ਸਿਸਟਮ ਰਾਹੀਂ ਵੱਖ-ਵੱਖ ਜਨਤਕ ਸਮੱਸਿਆਵਾਂ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮੁੱਖ ਸਕੱਤਰ ਸਰਵੇਸ ਕੌਸ਼ਲ, ਲੋਕ ਨਿਰਮਾਣ ਵਿਭਾਗ, ਟਰਾਂਸਪੋਰਟ ਵਿਭਾਗ, ਜੰਗਲਾਤ ਵਿਭਾਗ, ਸਥਾਨਕ ਸਰਕਾਰਾਂ ਵਿਭਾਗ, ਇੰਡਸਟਰੀ ਐਂਡ ਕਾਮਰਸ ਵਿਭਾਗ ਸਮੇਤ ਹੋਰ ਕਈ ਵਿਭਾਗਾਂ ਦੇ ਮੁਖੀਆਂ ਨੂੰ ਬੀਤੀ 30 ਜੂਨ ਨੂੰ ਵੱਖ-ਵੱਖ ਸ਼ਿਕਾਇਤਾਂ ਭੇਜੀਆਂ ਸਨ ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਇਨ੍ਹਾਂ ਸ਼ਿਕਾਇਤਾਂ ਬਾਰੇ ਉਨ੍ਹਾਂ ਵੱਲੋਂ ਉਕਤ ਸਾਰੇ ਵਿਭਾਗਾਂ ਨੂੰ ਕਈ ਵਾਰ ਯਾਦ ਪੱਤਰ ਵੀ ਭੇਜੇ ਗਏ ਹਨ ਪਰ ਇਹ ਹੱਲ ਨਹੀਂ ਹੋਈਆਂ।

ਸਥਾਨਕ ਵਿਧਾਇਕ ਬਲਬੀਰ ਸਿੰਘ ਸਿੱਧੂ, ਵਿਧਾਇਕ ਜਗਮੋਹਨ ਸਿੰਘ ਕੰਗ ਤੇ ਵਿਧਾਇਕ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਸ਼ਿਕਾਇਤ ਨਿਵਾਰਣ ਪੋਰਟਲ ਮਹਿਜ਼ ਡਰਾਮੇਬਾਜ਼ੀ ਹੈ। ਸੂਬੇ ਦੇ ਲੋਕ ਅਕਾਲੀ-ਭਾਜਪਾ ਸਰਕਾਰ ਦੀਆਂ ਵਧੀਕੀਆਂ ਤੇ ਲੋਕ ਮਾਰੂ ਨੀਤੀਆਂ ਤੋਂ ਅੱਕ ਚੁੱਕੇ ਹਨ।

## ਰੰਗਮੰਚ ਦੀ ਵਿਲੱਖਣ ਹਸਤੀ ਜ਼ੋਹਰਾ ਸਹਿਗਲ ਦਾ ਦੇਹਾਂਤ

**ਨਵੀਂ ਦਿੱਲੀ:** ਰੰਗਮੰਚ ਤੇ ਸਿਨੇਮਾ ਦੀ ਵਿਲੱਖਣ ਹਸਤੀ ਜ਼ੋਹਰਾ ਸਹਿਗਲ ਦਾ 102 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਆਪਣੇ ਲੰਮੇ ਕਰੀਅਰ ਦੌਰਾਨ ਉਨ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਆਪਣੇ ਸਹਿਜ ਅੰਦਾਜ਼ ਵਿਚ ਨਿਭਾਈਆਂ। ਪਦਮ ਵਿਭੂਸ਼ਨ ਤੇ ਪਦਮਸ਼੍ਰੀ ਜੇਤੂ ਸਹਿਗਲ ਕਈ ਦਿਨਾਂ ਤੋਂ ਬਿਮਾਰ ਸਨ। ਜ਼ੋਹਰਾ ਨੇ 1935 ਵਿਚ ਉਦੈ ਸ਼ੰਕਰ ਨਾਲ ਨ੍ਰਤਕੀ ਵਜੋਂ ਕਰੀਅਰ ਦਾ ਆਗਾਜ਼ ਕੀਤਾ ਸੀ। ਉਨ੍ਹਾਂ ਵੱਖ-ਵੱਖ ਬਾਲੀਵੁੱਡ ਫਿਲਮਾਂ ਦੇ ਨਾਲ-ਨਾਲ ਅਗਰੇਜ਼ੀ ਭਾਸ਼ਾਈ ਫਿਲਮਾਂ, ਟੀਵੀ ਲੜੀਵਾਰਾਂ ਤੇ ਨਾਟਕਾਂ ਵਿਚ ਆਪਣੀ ਅਸਰਅੰਦਾਜ਼ ਹਾਜ਼ਰੀ ਦਰਜ ਕਰਾਈ।



ਬਾਲੀਵੁੱਡ ਦੀ 'ਗਰੈਂਡ ਓਲਡ ਲੇਡੀ' ਵਜੋਂ ਜਾਣੀ ਜਾਂਦੀ ਇਹ ਖੁਸ਼ਦਿਲ ਤੇ ਊਰਜਾ ਭਰਪੂਰ ਹਸਤੀ 2007 ਵਿਚ ਸੰਜੇ ਲੀਲਾ ਭੰਸਾਲੀ ਦੀ 'ਸਾਂਵਰੀਆ' ਫਿਲਮ ਵਿਚ ਆਖਰੀ ਵਾਰ ਦੇਖੀ ਗਈ ਸੀ।

## ਪਾਕਿਸਤਾਨੀ ਜਥੇਬੰਦੀ ਨੇ ਇਸਲਾਮਿਕ ਸਟੇਟ ਨਾਲ ਸਬੰਧ ਬਣਾਏ

**ਲੰਡਨ:** ਪਾਕਿਸਤਾਨ ਦੀ ਇਕ ਅਤਿਵਾਦੀ ਜਥੇਬੰਦੀ ਨੇ ਅਲ ਕਾਇਦਾ ਨਾਲੋਂ ਨਾਤਾ ਤੋੜ ਕੇ ਇਰਾਕ ਤੇ ਸੀਰੀਆ ਵਿਚ ਸੱਤਾ ਲਈ ਲੜ ਰਹੀ ਅਬੂ-ਬਕਰ-ਅਲ ਬਗ਼ਦਾਦੀ ਦੀ ਅਗਵਾਈ ਵਾਲੀ ਇਸਲਾਮਿਕ ਸਟੇਟ ਨਾਲ ਸਬੰਧ ਸਥਾਪਤ ਕਰ ਲਏ ਹਨ।

ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਵਿਚ ਸਰਗਰਮ ਤਹਿਰੀਕ-ਏ-ਖਿਲਾਫਤ, ਜਿਸ ਨੇ ਕਰਾਚੀ ਵਿਚ ਹੋਏ ਇਕ ਹਮਲੇ ਦੀ ਜ਼ਿੰਮੇਵਾਰੀ ਲਈ ਹੈ ਤੇ ਦੱਖਣੀ ਏਸ਼ੀਆ ਵਿਚ ਇਸਲਾਮਿਕ ਸਟੇਟ ਸਥਾਪਤ ਕਰਨ ਪ੍ਰਤੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਹੈ।

ਇਰਾਕ ਤੇ ਸੀਰੀਆ ਵਿਚ ਇਸਲਾਮਿਕ ਸਟੇਟ ਦੇ ਆਗੂ ਅਬੂ ਬਕਰ ਅਲ ਬਗ਼ਦਾਦੀ ਨੇ ਖੁਦ ਨੂੰ ਖ਼ਲੀਫਾ ਐਲਾਨ ਦਿੱਤਾ ਹੈ ਤੇ ਆਈ. ਐਸ. ਆਈ. ਦਾ ਨਾਂ ਬਦਲ ਕੇ ਇਸਲਾਮਿਕ ਸਟੇਟ ਰੱਖ ਦਿੱਤਾ ਹੈ। ਤਹਿਰੀਕ ਦੇ ਖ਼ਿਲਾਫਤ ਅਫਗਾਨਿਸਤਾਨ, ਪਾਕਿਸਤਾਨ ਤੇ ਭਾਰਤ ਦੇ ਕੁਝ ਹਿੱਸੇ ਵਿਚ ਇਸਲਾਮਿਕ ਰਾਜ ਸਥਾਪਤ ਕਰਨਾ ਚਾਹੁੰਦੀ ਹੈ। ਇਹ ਯਕੀਨ ਕੀਤਾ ਜਾਂਦਾ ਹੈ ਕਿ ਇਹ ਦੱਖਣੀ ਏਸ਼ੀਆ ਦੀ ਪਹਿਲੀ ਅਤਿਵਾਦੀ ਜਥੇਬੰਦੀ ਹੈ, ਜਿਸ ਨੇ ਇਸਲਾਮਿਕ ਸਟੇਟ ਨਾਲ ਸਬੰਧਾਂ ਬਾਰੇ ਦਾਅਵਾ ਜਤਾਇਆ ਹੈ।

## ਹੈਲੀਕਾਪਟਰ ਕੇਸ ਦੀ ਜਾਂਚ ਹੁਣ ਐਨ.ਡੀ.ਏ. ਸਰਕਾਰ ਤੱਕ ਪੁੱਜੀ

**ਨਵੀਂ ਦਿੱਲੀ:** ਵੀ.ਵੀ.ਆਈ.ਪੀ. ਹੈਲੀਕਾਪਟਰ ਦੀ ਖਰੀਦ ਵਿਚ ਹੇਰਾਫੇਰੀ ਦੇ ਕੇਸ ਵਿਚ ਸੀ.ਬੀ.ਆਈ. ਨੇ ਜਾਂਚ ਦਾ ਦਾਇਰਾ 2003 ਦੀ ਐਨ.ਡੀ.ਏ. ਸਰਕਾਰ ਤੱਕ ਵਧਾ ਦਿੱਤਾ ਹੈ। ਜਾਂਚ ਏਜੰਸੀ ਵੱਲੋਂ ਆਪਣੇ ਵਿਸ਼ੇਸ਼ ਨਿਰਦੇਸ਼ਕ ਅਨਿਲ ਕੁਮਾਰ ਸਿਨਹਾ ਤੋਂ ਵੀ ਪੁੱਛਗਿੱਛ ਕੀਤੀ ਜਾ ਸਕਦੀ ਹੈ।

ਸੀ.ਬੀ.ਆਈ. ਵੱਲੋਂ ਪੱਛਮੀ ਬੰਗਾਲ ਦੇ ਸਾਬਕਾ ਰਾਜਪਾਲ ਐਮ.ਕੇ. ਨਰਾਇਣਨ, ਗੋਆ ਦੇ ਸਾਬਕਾ ਰਾਜਪਾਲ ਬੀ.ਵੀ. ਵਾਂਚੂ ਤੇ ਆਂਧਰਾ ਪ੍ਰਦੇਸ਼ ਦੇ ਰਾਜਪਾਲ ਈ.ਐਸ.ਐਲ. ਨਰਸਿਮਹਨ ਤੋਂ ਪੁੱਛਗਿੱਛ ਤੋਂ ਬਾਅਦ ਹੁਣ ਉਨ੍ਹਾਂ ਦੇ ਬਿਆਨਾਂ ਨੂੰ ਮਿਲਾਉਣ ਲਈ ਹਰ ਪੱਖ ਨੂੰ ਘੋਖਿਆ ਜਾਵੇਗਾ। ਇਨ੍ਹਾਂ ਹਸਤੀਆਂ ਨੇ ਦਾਅਵਾ ਕੀਤਾ ਹੈ ਕਿ ਉਡਾਣ ਦੀ ਉਚਾਈ ਘਟਾਉਣ ਦਾ ਫੈਸਲਾ ਸਿਧਾਂਤਕ ਤੌਰ 'ਤੇ 2003 ਵਿਚ ਕੀਤਾ ਗਿਆ ਸੀ। ਉਸ ਸਮੇਂ ਐਨ.ਡੀ.ਏ. ਦੀ ਸਰਕਾਰ ਸੀ।

ਸ੍ਰੀ ਵਾਂਚੂ ਮੁਤਾਬਕ ਪ੍ਰਧਾਨ ਮੰਤਰੀ ਦਫਤਰ ਦੇ ਸੀਨੀਅਰ ਅਧਿਕਾਰੀਆਂ ਨੇ 2003 ਵਿਚ ਬੈਠਕ ਕਰ ਕੇ ਵੱਕਾਰੀ ਐਸ.ਪੀ.ਜੀ. ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਵਿਹਾਰਕ ਲੋੜ ਬਾਰੇ ਫੈਸਲਾ ਕੀਤਾ ਸੀ।

## ਭਾਰਤੀ ਨੂੰ ਅਮਰੀਕੀ ਯੂਨੀਵਰਸਿਟੀ ਦਾ ਅੰਤਰਿਮ ਪ੍ਰਧਾਨ ਥਾਪਿਆ

**ਵਾਸ਼ਿੰਗਟਨ:** ਤਿਰੂਚਿਰਾਪੱਲੀ ਵਿਖੇ ਨੈਸ਼ਨਲ ਇੰਸਟੀਚਿਊਟ ਆਫ ਤਕਨਾਲੋਜੀ ਤੋਂ ਪੜ੍ਹੇ ਭਾਰਤੀ ਮੂਲ ਦੇ ਨਾਗੀ ਨਾਗਨਾਥਨ ਨੂੰ ਟੋਲੈਡੋ ਯੂਨੀਵਰਸਿਟੀ ਦਾ ਅੰਤਰਿਮ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਬੋਰਡ ਮੈਂਬਰਾਂ ਨੇ ਉਨ੍ਹਾਂ ਦੀ ਨਿਯੁਕਤੀ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ।

## ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸਰਕਾਰ ਨੂੰ ਹਰਜਾਨਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੈਦੀ ਲਾਭ ਸਿੰਘ ਦੀ ਹਿਰਾਸਤੀ ਮੌਤ ਲਈ ਪੰਜਾਬ ਸਰਕਾਰ ਨੂੰ ਦੋ ਲੱਖ ਰੁਪਏ ਦਾ ਹਰਜਾਨਾ ਲਗਾਇਆ ਹੈ। ਹਰਜਾਨੇ ਦੀ ਰਕਮ ਮ੍ਰਿਤਕ ਕੈਦੀ ਦੇ ਵਾਰਸਾਂ ਨੂੰ ਮੁਆਵਜ਼ੇ ਦੇ ਰੂਪ ਵਿਚ ਦੇਣ ਲਈ ਕਿਹਾ ਗਿਆ ਹੈ। ਕਮਿਸ਼ਨ ਨੇ ਹਰਜਾਨੇ ਦੀ ਰਕਮ ਦੋਸ਼ੀ ਅਫ਼ਸਰਾਂ ਦੀ ਤਨਖ਼ਾਹ ਵਿਚੋਂ ਕੱਟਣ ਦੀ ਖੁੱਲ੍ਹ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਕੈਦੀ ਲਾਭ ਸਿੰਘ ਦੀ ਜੇਲ੍ਹ ਵਿਚ ਜ਼ਹਿਰ ਨਿਗਲਣ ਨਾਲ ਮੌਤ ਹੋ ਗਈ ਸੀ। ਉਹ ਇਸ ਘਟਨਾ ਤੋਂ ਕੁਝ ਸਮਾਂ ਪਹਿਲਾਂ ਹੀ ਅੰਮ੍ਰਿਤਸਰ ਤੋਂ ਨਾਭਾ ਦੀ ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਵਿਚ ਤਬਦੀਲ ਹੋਇਆ ਸੀ। ਕੈਦੀ ਦੀ ਮੌਤ ਛੇ ਮਈ 2011 ਨੂੰ ਹੋਈ ਸੀ ਤੇ ਇਕ ਦਿਨ ਪਹਿਲਾਂ ਤੱਕ ਉਹ ਬਿਲਕੁਲ ਤੰਦਰੁਸਤ ਸੀ। ਛੇ ਮਈ 2011 ਨੂੰ ਉਹ ਦੂਜੇ ਕੈਦੀ ਸਾਥੀਆਂ ਸਮੇਤ ਸਵੇਰੇ ਸੈਰ ਕਰ ਰਿਹਾ ਸੀ ਕਿ ਉਸ ਦੀ ਤਬੀਅਤ ਅਚਾਨਕ ਵਿਗੜ ਗਈ।

ਉਸ ਦੇ ਸਾਥੀਆਂ ਨੇ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਸੀ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੈਦੀ ਦੀ ਹਿਰਾਸਤੀ ਮੌਤ ਨੂੰ ਗੰਭੀਰਤਾ ਨਾਲ ਲੈਂਦਿਆਂ ਰਾਜ ਕਮਿਸ਼ਨ ਨੂੰ ਮਾਮਲੇ ਦੀ ਜਾਂਚ ਕਰ ਕੇ ਮ੍ਰਿਤਕ ਦੇ ਵਾਰਸਾਂ ਨੂੰ ਇਨਸਾਫ਼ ਦੇਣ ਦੀ ਹਦਾਇਤ ਕੀਤੀ ਸੀ।

ਕਮਿਸ਼ਨ ਵੱਲੋਂ ਕੈਦੀ ਦੀ ਮੌਤ ਬਾਰੇ ਕਰਵਾਈ ਨਿਆਂਇਕ ਜਾਂਚ, ਕੈਮੀਕਲ ਰਿਪੋਰਟ ਤੇ ਪੋਸਟਮਾਰਟਮ ਤੋਂ ਇਹ ਗੱਲ ਸਾਹਮਣੇ ਆਈ ਸੀ ਕਿ ਕੈਦੀ ਦੀ ਮੌਤ ਜ਼ਹਿਰ ਨਿਗਲਣ ਨਾਲ ਹੋਈ ਸੀ। ਕਮਿਸ਼ਨ ਨੇ ਰਿਪੋਰਟਾਂ ਦੇ ਆਧਾਰ 'ਤੇ ਜੇਲ੍ਹ ਸੁਪਰਡੈਂਟ ਦੇ ਜੁਆਬ ਨੂੰ ਆਧਾਰਹੀਣ ਦੱਸਿਆ।

ਕਮਿਸ਼ਨ ਨੇ ਕਿਹਾ ਕਿ ਜੇਲ੍ਹ ਅਧਿਕਾਰੀਆਂ ਹਿਰਾਸਤੀ ਮੌਤਾਂ ਲਈ ਇਕੋ-ਇਕ ਰਟਿਆ ਜੁਆਬ ਦਿੱਤਾ ਜਾ ਰਿਹਾ ਹੈ। ਕਮਿਸ਼ਨ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਹਿਰਾਸਤੀ ਮੌਤਾਂ ਬਾਰੇ ਚਿੰਤਾ ਪ੍ਰਗਟ ਕੀਤੀ ਹੈ ਜਿਸ ਕਰਕੇ ਅਜਿਹੀਆਂ ਵਾਰਦਾਤਾਂ ਨੂੰ ਆਮ ਨਹੀਂ ਲਿਆ ਜਾ ਸਕਦਾ ਹੈ।

## ਉਮਰ ਕੈਦੀਆਂ ਦੀ ਸਜ਼ਾ ਮੁਆਫ਼ੀ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਰਿਹਾ ਕਰਨ ਦੇ ਸੂਬਿਆਂ ਨੂੰ ਮਿਲੇ ਅਧਿਕਾਰਾਂ 'ਤੇ 28 ਜੁਲਾਈ ਤੱਕ ਰੋਕ ਲਾ ਦਿੱਤੀ ਹੈ। ਅਦਾਲਤ ਨੇ ਸੀ. ਬੀ. ਆਈ. ਸਮੇਤ ਕੇਂਦਰੀ ਏਜੰਸੀਆਂ ਵੱਲੋਂ ਸਜ਼ਾ ਸੁਣਾਏ ਗਏ ਮਾਮਲਿਆਂ 'ਚ ਵੀ ਕੇਂਦਰ ਤੋਂ ਮਨਜ਼ੂਰੀ ਲੈਣ ਬਾਰੇ ਸੂਬਿਆਂ ਤੋਂ ਜਵਾਬ ਮੰਗਿਆ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 19 ਜੁਲਾਈ 2014*

## ਫਲਸਤੀਨ ਓ ਫਲਸਤੀਨ!

ਫਲਸਤੀਨ ਅੱਜ ਫਿਰ ਲਹੂ-ਲੁਹਾਨ ਹੈ। ਇਸਰਾਇਲੀ ਬਾਰੂਦ ਫਲਸਤੀਨੀਆਂ ਦੇ ਘਰਾਂ ਉਤੇ ਕਹਿਰ ਵਰਤਾ ਰਿਹਾ ਹੈ। ਇਸ ਕਹਿਰ ਨੂੰ ਡੱਕਣ ਲਈ ਕਿਤੇ ਕੋਈ ਵੱਡੀ ਲਾਮਬੰਦੀ ਨਹੀਂ ਹੋ ਰਹੀ। ਹਾਂ, ਫੇਸਬੁੱਕ ਵਰਗੀਆਂ ਸੋਸ਼ਲ ਸਾਈਟਾਂ ਉਤੇ ਜਾਂ ਇਕ-ਦੂਜੇ ਨੂੰ ਕੀਤੀਆਂ ਈ-ਮੇਲਾਂ ਉਤੇ ਫਲਸਤੀਨੀਆਂ ਨਾਲ ਇਕਜੁੱਟਤਾ ਜ਼ਰੂਰ ਜ਼ਾਹਿਰ ਕੀਤੀ ਜਾ ਰਹੀ ਹੈ। ਇਸਰਾਈਲ ਦਾ ਹਮਲਾਵਰ ਰੁਖ ਢੈਲਾ ਨਹੀਂ ਪੈ ਰਿਹਾ। ਇਹ ਪਹਿਲੀ ਵਾਰ ਨਹੀਂ ਹੈ ਕਿ ਫਸਲਤੀਨੀਆਂ ਉਪਰ ਇਸਰਾਈਲੀ ਕਹਿਰ ਇਸ ਤਰ੍ਹਾਂ ਵਾਰਦ ਹੋਇਆ ਹੈ, ਪਹਿਲਾਂ ਵੀ ਕਈ ਵਾਰ ਅਜਿਹੀਆਂ ਇਕਪਾਸੜ ਕਾਰਵਾਈਆਂ ਵਿਚ ਜਾਨ-ਮਾਲ ਦਾ ਅੰਤਾਂ ਦਾ ਨੁਕਸਾਨ ਕੀਤਾ ਜਾ ਚੁੱਕਾ ਹੈ। ਫਲਸਤੀਨੀਆਂ ਦਾ ਇਹ ਦਰਦ ਹੁਣ ਦਹਾਕਿਆਂ ਦਾ ਸਫਰ ਤੈਅ ਕਰ ਚੁੱਕਾ ਹੈ ਅਤੇ ਇਸ ਦਾ ਕੋਈ ਅੰਤ-ਸਿਰਾ ਫਿਲਹਾਲ ਨਜ਼ਰ ਨਹੀਂ ਆ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਅੱਜ ਤੇਜ਼ੀ ਦੇ ਇਸ ਯੁੱਗ ਵਿਚ ਸਭ ਕੁਝ ਤੇਜ਼ੀ ਨਾਲ ਹੀ ਬਦਲ ਰਿਹਾ ਹੈ, ਪਰ ਫਲਸਤੀਨ ਉਥੇ ਦਾ ਉਥੇ ਹੈ; ਆਪਣੇ ਚਿਰਾਂ ਦੇ ਜ਼ਖਮ ਚੱਟਦਾ ਹੋਇਆ, ਰੋਹ ਤੇ ਰੋਸ ਵਿਚ ਉਬਲਦਾ ਤੇ ਭੁੱਜਦਾ ਹੋਇਆ ਅਤੇ ਬੇਵਸੀ ਵਿਚ ਬਾਰੂਦ ਦਾ ਮੁਕਾਬਲਾ ਇੱਟਾਂ-ਰੋੜਿਆਂ ਨਾਲ ਕਰਦਾ ਹੋਇਆ। ਇਸਰਾਈਲ ਦੇ ਇਸ ਵਾਰ ਦੇ ਹਮਲੇ ਦਾ ਮੁੱਖ ਕਾਰਨ ਫਲਸਤੀਨੀਆਂ ਦੇ ਤੱਤੇ ਗਰੁਪ 'ਹਮਾਸ' ਵੱਲੋਂ ਦਾਗੇ ਰਾਕੇਟਾਂ ਨੂੰ ਦੱਸਿਆ ਜਾ ਰਿਹਾ ਹੈ। ਉਂਜ, ਇਹ ਚਰਚਾ ਨਦਾਰਦ ਹੀ ਹੈ ਕਿ 'ਹਮਾਸ' ਨੂੰ ਇਸ ਰਾਹੇ ਤੋਰਿਆ ਕਿਸ ਨੇ ਹੈ? 'ਹਮਾਸ' ਤੋਂ ਪਹਿਲਾਂ ਵਾਲੇ ਜਿਨ੍ਹਾਂ ਫਲਸਤੀਨੀ ਲੀਡਰਾਂ ਨੇ ਅਮਨ-ਅਮਾਨ ਨਾਲ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਸੀ, ਉਨ੍ਹਾਂ ਵੱਲ ਵੀ ਤਾਂ ਬਾਰੂਦ ਦੇ ਗੋਲੇ ਹੀ ਛੱਡੇ ਗਏ ਸਨ। ਮੱਧ-ਪੂਰਬ ਦੇ ਇਸ ਖਿੱਤੇ ਵਿਚ ਮਨੁੱਖੀ ਹਕੂਕ ਦਾ ਸ਼ਰੇਆਮ ਘਾਣ ਹੋ ਰਿਹਾ ਹੈ। ਕੌਮਾਂਤਰੀ ਸੰਸਥਾਵਾਂ ਅਤੇ ਚੌਧਰੀ ਦੇਸ਼ ਵੀ 'ਤੇਲ ਦੀ ਧਾਰ' ਹੀ ਦੇਖ ਰਹੇ ਹਨ। ਫਲਸਤੀਨ ਦੇ ਮਸਲੇ ਬਾਰੇ ਇਨ੍ਹਾਂ ਦਾ ਮੁੱਢ ਤੋਂ ਹੀ ਇਹੀ ਬੇਰੁਖੀ ਵਾਲਾ ਰੁਖ ਰਿਹਾ ਹੈ। ਅਸਲ ਵਿਚ ਇਸ ਖਿੱਤੇ ਵਿਚ ਅਰਬਾਂ ਨੂੰ ਥਾਂ ਸਿਰ ਰੱਖਣ ਦਾ ਇਹ ਉਨ੍ਹਾਂ ਦਾ ਦਾਈਆ ਹੀ ਹੈ ਅਤੇ ਕੌਮਾਂਤਰੀ ਪੱਧਰ ਦੀ ਅਜਿਹੀ ਸਿਆਸਤ ਦਾ ਸ਼ਿਕਾਰ ਫਲਸਤੀਨੀ ਲਗਾਤਾਰ ਬਣ ਰਹੇ ਹਨ।

ਫਲਸਤੀਨ ਵਾਲੇ ਪਾਸਿਉਂ ਜਿਸ ਤਰ੍ਹਾਂ ਦੀਆਂ ਖਬਰਾਂ ਪਿਛਲੇ ਕੁਝ ਸਾਲਾਂ ਤੋਂ ਆ ਰਹੀਆਂ ਹਨ ਤੇ ਉਥੋਂ ਦੇ ਬੁਧੀਜੀਵੀਆਂ ਦੇ ਜਿਸ ਤਰ੍ਹਾਂ ਦੇ ਵਿਚਾਰ ਬਾਹਰਲੇ ਜਗਤ ਤੱਕ ਅੱਪੜ ਰਹੇ ਹਨ, ਉਨ੍ਹਾਂ ਤੋਂ ਇਹ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਉਹ ਕਿਨ੍ਹਾਂ ਅਤੇ ਕਿੰਨੇ ਔਖੇ ਹਾਲਾਤ ਵਿਚੋਂ ਗੁਜ਼ਰ ਰਹੇ ਹਨ। ਪੀੜ੍ਹੀ-ਦਰ-ਪੀੜ੍ਹੀ, ਹਿੰਸਾ ਤੋਂ ਅੱਕੀ ਪਈ ਹੈ। ਇਸਰਾਈਲ ਵੱਲੋਂ ਫਲਸਤੀਨੀ ਖੇਤਰਾਂ ਵਿਚ ਜਬਰੀ ਵਸੇਬੇ ਦੀ ਲੜੀ ਟੁੱਟ ਨਹੀਂ ਰਹੀ, ਸਗੋਂ ਪਹਿਲਾਂ ਨਾਲੋਂ ਵੀ ਵੱਧ ਤੇਜ਼ੀ ਨਾਲ ਫਲਸਤੀਨੀ ਖੇਤਰਾਂ ਵਿਚ ਬਸਤੀਆਂ ਬਣਾਈਆਂ ਜਾ ਰਹੀਆਂ ਹਨ। ਫਿਰ ਜਦੋਂ ਬੇਵੱਸ ਫਲਸਤੀਨੀ, ਬਸਤੀਆਂ ਵਿਚ ਵੱਸਦੇ ਇਨ੍ਹਾਂ ਇਸਰਾਇਲੀਆਂ ਨੂੰ ਕੋਲੋਂ ਲੰਘਦੇ ਦੇਖਦੇ ਹਨ ਤਾਂ ਰੋਹ ਦੀ ਅੱਗ ਵਿਚ ਭੁੱਜਦੇ ਫਲਸਤੀਨੀ ਇੱਟਾਂ-ਰੋੜੇ ਚਲਾਉਂਦੇ ਹਨ ਅਤੇ ਜਵਾਬ ਵਿਚ ਗੋਲੀਆਂ ਖਾਂਦੇ ਹਨ। ਦਹਾਕਿਆਂ ਤੋਂ ਚੱਲ ਰਹੀ ਇਸ ਲਮਕਵੀਂ ਹਿੰਸਾ ਨਾਲ ਜ਼ਮੀਨੀ ਪੱਧਰ 'ਤੇ ਵੀ ਬਹੁਤ ਵੱਡੀ ਤਬਦੀਲੀ ਵਾਪਰ ਚੁੱਕੀ ਹੈ। ਪਿਛਲੇ ਸਾਲਾਂ ਦੌਰਾਨ 'ਹਮਾਸ' ਦੀ ਵਾਹਵਾ ਚੜ੍ਹਤ ਹੋਈ ਹੈ। ਇਸ ਵਿਚ ਜਹਾਦੀ ਤਬਕਾ ਵੀ ਹੌਲੀ-ਹੌਲੀ ਆਣ ਡਟਿਆ ਹੈ। ਸਿੱਟੇ ਵਜੋਂ ਫਲਸਤੀਨੀਆਂ ਦੀ ਇਹ ਲੜਾਈ ਜਹਾਦ ਵਿਚ ਵਟਦੀ ਜਾ ਰਹੀ ਹੈ। ਵਿਰੋਧੀਆਂ ਨੂੰ ਇਹ ਤਬਦੀਲੀ ਬੜੀ ਸੂਤ ਬੈਠ ਰਹੀ ਹੈ। ਉਨ੍ਹਾਂ ਲਈ ਕੋਈ ਨਾ ਕੋਈ ਬਹਾਨਾ ਘੜ ਕੇ ਹਮਲਾ ਕਰਨਾ ਪਹਿਲਾਂ ਨਾਲੋਂ ਕਿਤੇ ਵਧੇਰੇ ਸੌਖਾ ਹੋ ਗਿਆ ਹੈ। ਉਧਰ, ਮਰਹੂਮ ਅਤੇ ਮਿਸਾਲੀ ਫਲਸਤੀਨੀ ਆਗੂ ਯਾਸਰ ਅਰਾਫਾਤ ਵਾਲਾ ਗਰੁਪ 'ਫਤਿਹ' ਸੱਤਾ ਦਾ ਸੁਖ ਮਾਣਦਾ-ਮਾਣਦਾ ਭ੍ਰਿਸ਼ਟਾਚਾਰ ਦੀ ਅਜਿਹੀ ਦਲ-ਦਲ ਵਿਚ ਫਸਿਆ ਕਿ ਅਜੇ ਤੱਕ ਲੀਹ ਉਤੇ ਨਹੀਂ ਪੈ ਸਕਿਆ। ਉਂਜ ਅਜਿਹੇ ਹਾਲਾਤ ਦੇ ਬਾਵਜੂਦ ਫਲਸਤੀਨੀਆਂ ਦਾ ਵਿਰੋਧ, ਰੋਸ ਅਤੇ ਰੋਹ ਬਰਕਰਾਰ ਹੈ, ਪਰ ਇਕਜੁੱਟਤਾ ਬਾਝੋਂ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ। ਪੱਛਮੀ ਕੰਢੇ ਵਿਚ ਅੱਜ ਕੱਲ੍ਹ 'ਫਤਿਹ' ਦੀ ਅਤੇ ਗਾਜ਼ਾ ਪੱਟੀ ਵਿਚ 'ਹਮਾਸ' ਦੀ ਸਰਕਾਰ ਹੈ। ਦੋਹਾਂ ਸਰਕਾਰਾਂ ਦੇ ਮੂੰਹ ਇਕ-ਦੂਜੇ ਦੇ ਵਿਰੁਧ ਹਨ। ਇਸੇ ਕਰ ਕੇ ਵਾਰੀ-ਵਾਰੀ ਦੋਹਾਂ ਨੂੰ ਕੁੱਟ ਪੈ ਰਹੀ ਹੈ। ਇਹ ਗੱਲ ਆਮ ਫਲਸਤੀਨੀ ਤਾਂ ਸਮਝ ਰਿਹਾ ਹੈ, ਪਰ ਲੀਡਰ ਇਸ ਪਾਟਕ ਨੂੰ ਮੁੰਦਣ ਵਿਚ ਅਸਫਲ ਰਹੇ ਹਨ। ਇਸਰਾਈਲ ਵੀ ਹੁਣ ਇਸੇ ਨੀਤੀ ਉਤੇ ਚੱਲ ਰਿਹਾ ਹੈ ਕਿ ਦੋਹਾਂ ਧੜਿਆਂ ਨੂੰ ਕਿਸੇ ਵੀ ਸੂਰਤ ਵਿਚ ਇਕ ਨਾ ਹੋਣ ਦਿੱਤਾ ਜਾਵੇ। ਇਸ ਨੂੰ ਮਾਲੂਮ ਹੈ ਕਿ ਇਕੱਠੇ ਹੋਏ ਫਲਸਤੀਨੀਆਂ ਦੀ ਤਾਕਤ ਉਨ੍ਹਾਂ ਲਈ ਹੁਣ ਨਵੀਂ ਵੰਗਾਰ ਬਣੇਗੀ। ਇਸੇ ਕਰ ਕੇ ਜਦੋਂ ਕੁਝ ਮਹੀਨੇ ਪਹਿਲਾਂ 'ਫਤਿਹ' ਅਤੇ 'ਹਮਾਸ' ਵਿਚਕਾਰ ਆਪਸੀ ਤਾਲਮੇਲ ਵਧਣਾ ਸ਼ੁਰੂ ਹੋਇਆ ਸੀ ਤਾਂ ਇਸਾਰਈਲ ਨੇ ਝੱਟ ਐਲਾਨ ਕਰ ਦਿੱਤਾ ਸੀ ਕਿ ਜੇ ਫਲਸਤੀਨੀ ਰਾਸ਼ਟਰਪਤੀ ਨੇ 'ਹਮਾਸ' ਨਾਲ ਇਸ ਤਰ੍ਹਾਂ ਦਾ ਰਾਬਤਾ ਰੱਖਣਾ ਹੈ ਤਾਂ ਇਹ ਗੱਲਬਾਤ ਲਈ ਚੱਲ ਰਹੀ ਸਰਗਰਮੀ ਤੋਂ ਹੱਥ ਪਿਛਾਂਹ ਖਿੱਚ ਲਵੇਗਾ।

ਅਜਿਹੀ ਸੂਰਤ ਵਿਚ ਬੁਲੰਦ ਸਿਆਸਤ ਹੀ ਮਸਲੇ ਨੂੰ ਖਿੱਚ ਕੇ ਆਪਣੇ ਪਾਸੇ ਕਰ ਸਕਦੀ ਹੈ। ਦੁਖਦਾਈ ਤੱਥ ਇਹੀ ਹੈ ਕਿ ਅੰਤਾਂ ਦੇ ਜਬਰ ਦੇ ਬਾਵਜੂਦ ਫਲਸਤੀਨੀਆਂ ਵਿਚ ਇਸ ਤਰ੍ਹਾਂ ਦੀ ਸਿਆਸਤ ਬੁਲੰਦ ਕਰਨ ਦੀ ਕਨਸੋਅ ਫਿਲਹਾਲ ਨਹੀਂ ਪੈ ਰਹੀ। ਅਜਿਹੀ ਸਿਆਸਤ ਦੇ ਮਾਮਲੇ 'ਤੇ ਫਲਸਤੀਨੀਆਂ ਨੂੰ ਯਾਸਰ ਅਰਾਫਾਤ ਵਰਗਾ ਆਗੂ ਮੁੜ ਕੇ ਨਹੀਂ ਮਿਲਿਆ। ਯਾਸਰ ਅਰਾਫਾਤ ਅਤੇ ਉਸ ਦੀ ਸਿਆਸਤ ਦੀਆਂ ਭਾਵੇਂ ਆਪਣੀਆਂ ਸੀਮਾਵਾਂ ਅਤੇ ਮਜਬੂਰੀਆ ਸਨ, ਪਰ ਉਸ ਨੇ ਕੌਮਾਤਰੀ ਪੱਧਰ ਉਤੇ ਇਕ ਵਾਰ ਤਾਂ ਇਸਰਾਈਲ ਨੂੰ ਘੇਰਾ ਘੱਤਣ ਦਾ ਯਤਨ ਕਰ ਹੀ ਲਿਆ ਸੀ। ਹੁਣ ਵੀ ਇਸਰਾਈਲ ਦੀ ਜਕੜ ਜਿਸ ਦਿਨ ਵੀ ਟੱਟਣੀ ਹੈ, ਉਹ ਹਥਿਆਰਾਂ ਨਾਲ ਨਹੀਂ, ਬੁਲੰਦ ਸਿਆਸਤ ਨਾਲ ਹੀ ਟੁੱਟਣੀ ਹੈ। ਹਾਂ, ਸਿਆਸੀ ਖੇਤਰ ਵਿਚ ਇਸਰਾਈਲ ਨੂੰ ਨੱਥ ਪਾਉਣ ਦਾ ਕ੍ਰਿਸ਼ਮਾ ਕਦੀ ਵੀ ਕਰ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਘੁਰਕੀਆਂ ਤੇ ਬੁਰਕੀਆਂ!*

ਮਾੜਾ ਕਹਿਣਗੇ ਕਿੱਦਾਂ ਜੀ 'ਉਤਲਿਆਂ' ਨੂੰ, ਕਾਕੇ ਜਿਨ੍ਹਾਂ ਦੇ 'ਫਿੱਟ' ਨੇ ਕਰੇ ਹੋਏ।
ਚਿੰਤਾ ਕਾਹਦੀ ਏ ਉਨ੍ਹਾਂ ਨੂੰ ਭੁੱਖਿਆਂ ਦੀ, ਢਿੱਡ ਤੁੰਨ੍ਹ ਕੇ ਜਿਨ੍ਹਾਂ ਦੇ ਭਰੇ ਹੋਏ।
ਚੁੱਪ ਧਾਰਦੇ 'ਸਾਰਾ ਕੁਝ' ਦੇਖ ਕੇ ਵੀ, ਕਹੋ ਜਿਊਂਦੇ ਨਾ, ਅਸਲ ਵਿਚ ਮਰੇ ਹੋਏ।
ਮੋਇਆ ਪੁੱਛਦਾ 'ਦਾਨਿਆਂ-ਭਾਨਿਆਂ' ਨੂੰ, ਮਤਲਬ ਕੱਢ ਕੇ ਵੋਟਾਂ ਦਾ ਪਰੇ ਹੋਏ।
ਭਿੱਜੀ ਬਿੱਲੀ ਦੇ ਵਾਂਗ ਕਈ ਦੜੇ ਰਹਿੰਦੇ, ਸਹਿਮ ਜਾਂਦੇ 'ਪ੍ਰਧਾਨ' ਦੀਆਂ ਘੁਰਕੀਆਂ ਤੋਂ।
ਕੁਝ 'ਖੁਸ਼ੀ' 'ਚ ਅੱਖਾਂ ਨੂੰ ਮੀਚ ਲੈਂਦੇ, ਮਿਲੀਆਂ ਅਹੁਦਿਆਂ ਵਾਲੀਆਂ ਬੁਰਕੀਆਂ ਤੋਂ!

# ਕਿਸ 'ਨੁਕਸਾਨ' ਦੇ ਇੰਤਜ਼ਾਮ ਵਿਚ ਮਸਰੂਫ਼ ਹੈ ਬਾਦਲ ਹਕੂਮਤ?

*ਬਾਦਲ ਸਰਕਾਰ ਐਤਕੀਂ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਦੋ ਦਮਨਕਾਰੀ ਬਿਲ (ਪੰਜਾਬ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿਲ-2014 ਅਤੇ ਪੰਜਾਬ ਵਿਸ਼ੇਸ਼ ਸੁਰੱਖਿਆ ਗਰੁਪ ਬਿੱਲ-2014) ਪੇਸ਼ ਕਰ ਰਹੀ ਹੈ। ਇਨ੍ਹਾਂ ਬਿਲਾਂ ਦਾ ਮੁੱਖ ਮਕਸਦ ਪੰਜਾਬ ਦੇ ਲੋਕਾਂ ਦੇ ਵਿਆਪਕ ਜਨਤਕ ਵਿਰੋਧ ਉਤੇ ਪਾਬੰਦੀਆਂ ਲਾਉਣਾ ਹੈ। ਪਹਿਲਾਂ ਜਨਤਕ ਜਥੇਬੰਦੀਆਂ ਦੇ ਤਿੱਖੇ ਵਿਰੋਧ ਕਾਰਨ ਅਤੇ ਨਾਲ ਹੀ ਚੋਣਾਂ ਕਰ ਕੇ ਇਹ ਬਿਲ ਵਾਪਸ ਲੈ ਲਏ ਸਨ। ਇਨ੍ਹਾਂ ਬਿੱਲਾਂ ਅਤੇ ਇਸ ਬਾਬਤ ਬਾਦਲਾਂ ਦੀ ਪਹੁੰਚ ਬਾਰੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਹ ਉਚੇਚੀ ਟਿੱਪਣੀ ਭੇਜੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*

ਚੋਣਾਂ ਦੀਆਂ ਸਿਆਸੀ ਮਜਬੂਰੀਆਂ ਦਾ ਸੰਖੇਪ ਦੌਰ ਖ਼ਤਮ ਹੁੰਦੇ ਸਾਰ ਹੀ 'ਪੰਥ-ਰਤਨ' ਦੀ ਹਕੂਮਤ ਨੇ ਪੰਜਾਬ ਦੇ ਆਵਾਮ ਨੂੰ ਆਪਣਾ ਅਸਲ ਚਿਹਰਾ ਮੁੜ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। 15 ਜੁਲਾਈ ਤੋਂ ਸ਼ੁਰੂ ਹੋਏ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਹਕੂਮਤ ਉਨ੍ਹਾਂ ਦੋ ਘੋਰ ਦਮਨਕਾਰੀ ਬਿੱਲਾਂ- 'ਪੰਜਾਬ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ-2014' ਅਤੇ 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁਪ ਬਿੱਲ-2014', ਵਿਚੋਂ ਇਕ ਬਿੱਲ ਨੂੰ ਦੁਬਾਰਾ ਲੈ ਕੇ ਆ ਰਹੀ ਹੈ। ਚੇਤੇ ਰਹੇ ਕਿ ਇਹ ਦੋਵੇਂ ਬਿੱਲ ਇਸ ਨੂੰ 2010 ਵਿਚ ਪੰਜਾਬ ਦੇ ਜਾਗਰੂਕ ਲੋਕਾਂ ਦੇ ਵਿਆਪਕ ਜਨਤਕ ਵਿਰੋਧ ਦੇ ਮੱਦੇਨਜ਼ਰ ਅਤੇ ਸਿਰ 'ਤੇ ਖੜ੍ਹੀਆਂ ਵਿਧਾਨ ਸਭਾ ਚੋਣਾਂ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਕਾਰਨ ਵਾਪਸ ਲੈਣੇ ਪਏ ਸਨ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਉਦੋਂ ਹੀ ਸਾਫ਼ ਕਹਿ ਦਿੱਤਾ ਸੀ ਕਿ ਲੋੜੀਂਦੀਆਂ ਸੋਧਾਂ ਕਰ ਕੇ ਇਹ ਬਿੱਲ ਮੁੜ ਵਾਪਸ ਲਿਆਂਦੇ ਜਾਣਗੇ।

ਹਾਲ ਹੀ ਵਿਚ ਪੰਜਾਬ ਮੰਤਰੀ ਮੰਡਲ ਨੇ 'ਪੰਜਾਬ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ-2014' ਨੂੰ ਦੁਬਾਰਾ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਹ ਬਿੱਲ ਹੁਣ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। ਪੁਰਾਣੇ ਸੁਰੱਖਿਆ ਬਿੱਲ ਵਿਚ ਭਾਗ 2-ਸੀ ਜੋੜ ਕੇ ਹੁਣ 'ਰੇਲ ਅਤੇ ਸੜਕੀ ਆਵਾਜਾਈ ਰੋਕਣ' ਨੂੰ ਵੀ ਕਾਨੂੰਨੀ ਜੁਰਮ ਬਣਾ ਦਿੱਤਾ ਗਿਆ ਹੈ। ਹੁਕਮਰਾਨ ਜਦੋਂ ਜਾਇਜ਼ ਮੰਗ ਸੁਣਨ ਲਈ ਤਿਆਰ ਨਹੀਂ ਤਾਂ ਅੰਦੋਲਨਕਾਰੀ ਅਕਸਰ ਹੀ ਰੇਲਵੇ ਜਾਂ ਸੜਕੀ ਆਵਾਜਾਈ ਠੱਪ ਕਰ ਕੇ ਜਾਂ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ ਕੇ ਗੱਲਬਾਤ ਦਾ ਸਮਾਂ ਲੈਣ ਦਾ ਢੰਗ ਅਖ਼ਤਿਆਰ ਕਰਦੇ ਹਨ। ਬੇਸ਼ੱਕ ਇਸ ਬਿੱਲ ਦਾ ਬਹਾਨਾ ਵੀਆਨਾ ਵਿਚ ਕਾਤਲਾਨਾ ਹਮਲੇ ਦੇ ਵਿਰੋਧ 'ਚ ਦਲਿਤਾਂ ਵਲੋਂ ਦੁਆਬੇ 'ਚ ਕੁਝ ਥਾਈਂ ਕੀਤੀ ਭੰਨਤੋੜ ਨੂੰ ਬਣਾਇਆ ਗਿਆ ਹੈ ਪਰ ਹਕੂਮਤ ਜਾਣਦੀ ਹੈ ਕਿ ਉਹ ਇੱਕਾ-ਦੁੱਕਾ ਵਾਕਿਆ ਸੀ ਅਤੇ ਸੰਘਰਸ਼ਾਂ ਲਈ ਸੰਜੀਦਾ ਜਥੇਬੰਦੀਆਂ ਕਦੇ ਵੀ ਇਸ ਤਰ੍ਹਾਂ ਦੀ ਭੰਨਤੋੜ ਨਹੀਂ ਕਰਦੀਆਂ, ਪਰ ਬਾਦਲਾਂ ਦਾ ਨਿਸ਼ਾਨਾ ਤਾਂ ਹੋਰ ਹੈ। ਉਹ ਇਸ ਬਹਾਨੇ ਆਵਾਮ ਦੀ ਜਥੇਬੰਦ ਹੱਕ-ਜਤਾਈ ਨੂੰ ਮਸਲ ਦੇਣਾ ਚਾਹੁੰਦੇ ਹਨ। ਚਰਚਾ ਅਧੀਨ ਬਿੱਲ ਦੀ ਮਦਦ ਨਾਲ ਹਕੂਮਤ ਲੋਕਾਂ ਦੇ ਅੰਦੋਲਨਾਂ ਦੌਰਾਨ ਆਪਣੇ ਏਜੰਟਾਂ ਰਾਹੀਂ ਭੰਨਤੋੜ ਕਰਵਾ ਕੇ ਅੰਦੋਲਨਕਾਰੀਆਂ ਨੂੰ ਝੂਠੇ ਮਾਮਲਿਆਂ 'ਚ ਫਸਾ ਕੇ ਜੇਲ੍ਹ ਭਿਜਵਾ ਸਕਦੀ ਹੈ ਅਤੇ ਭਾਰੀ ਜੁਰਮਾਨਿਆਂ ਰਾਹੀਂ ਉਨ੍ਹਾਂ ਦਾ ਲੱਕ ਤੋੜ ਸਕਦੀ ਹੈ। ਇਕ ਤਰ੍ਹਾਂ ਇਹ ਆਵਾਮੀ ਅੰਦੋਲਨਾਂ ਨੂੰ ਆਗੂ-ਰਹਿਤ ਕਰਨ ਦਾ ਵਿਧਾਨਕ ਸੰਦ ਹੈ। ਲਿਹਾਜ਼ਾ ਇਹ ਦਮਨਕਾਰੀ ਬਿੱਲ ਕਾਨੂੰਨ ਬਣ ਜਾਣ ਦੀ ਸੂਰਤ 'ਚ ਭਵਿੱਖ ਵਿਚ ਲੋਕ ਅੰਦੋਲਨਾਂ ਲਈ ਭਾਰੀ ਖ਼ਤਰੇ ਸਮੋਈ ਬੈਠਾ ਹੈ।

ਦਰਅਸਲ ਬਾਦਲਕਿਆਂ ਦਾ ਸਿਆਸੀ ਧੜਾ ਅਗਾਂਹਵਧੂ ਸਿਆਸੀ ਬਦਲ ਦੀ ਅਣਹੋਂਦ 'ਚ ਅਤੇ ਕਾਂਗਰਸ ਹਕੂਮਤ ਵਲੋਂ ਕੀਤੀ ਗਈ ਬੇਹਿਸਾਬੀ ਲੁੱਟਮਾਰ ਦੇ ਸਤਾਏ ਆਵਾਮ ਦੀ ਬਦਲਾਅ ਦੀ ਤਾਂਘ ਦਾ ਲਾਹਾ ਲੈ ਕੇ ਸੱਤਾ-ਨਸ਼ੀਨ ਹੋਇਆ ਸੀ। ਰਾਜ ਦੀ ਵਾਗਡੋਰ ਸੰਭਾਲਦੇ ਸਾਰ ਹੀ ਇਹ ਆਪਣੀ ਹੁਕਮਰਾਨ ਜਮਾਤ ਦੇ ਚਹੇਤੇ ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਤਨਦੇਹੀ ਨਾਲ ਜੁਟ ਗਿਆ ਜੋ ਇਨ੍ਹਾਂ ਦੀ ਘੋਰ ਧਾੜਵੀ ਫ਼ਿਤਰਤ ਦੇ ਪੂਰੀ ਤਰ੍ਹਾਂ ਰਾਸ ਆਉਂਦਾ ਮਾਡਲ ਹੈ। ਇਸ ਨੂੰ ਲਾਗੂ ਕਰਦੇ ਹੋਏ ਇਨ੍ਹਾਂ ਨੇ ਸੂਬੇ ਦੇ ਹਰ ਜਨਤਕ ਵਸੀਲੇ ਨੂੰ ਆਪਣੇ ਕਬਜ਼ੇ 'ਚ ਲੈ ਕੇ ਬੇਸ਼ੁਮਾਰ ਕਾਰੋਬਾਰੀ ਸਲਤਨਤ ਖੜ੍ਹੀ ਕਰ ਲਈ। ਇਸ ਤੋਂ ਅੱਗੇ ਇਨ੍ਹਾਂ ਨੇ ਜੰਗਲੀ, ਪੰਚਾਇਤੀ, ਅਬਾਦਕਾਰਾਂ ਨੂੰ ਪਟੇ 'ਤੇ ਦਿੱਤੀਆਂ ਜ਼ਮੀਨਾਂ ਤੇ ਲੋਕਾਂ ਦੀਆਂ ਨਿੱਜੀ ਜਾਇਦਾਦਾਂ ਉਪਰ ਵੀ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ। ਹਵਾ, ਧੁੱਪ ਅਤੇ ਪਾਣੀ ਨੂੰ ਛੱਡ ਕੇ ਸ਼ਾਇਦ ਕੋਈ ਵੀ ਖੇਤਰ ਇਨ੍ਹਾਂ ਦੀ ਲਾਲਸਾ ਦਾ ਖਾਜਾ ਬਣਨ ਤੋਂ ਬਚਿਆ ਨਹੀਂ ਹੈ। ਇਸ ਹਕੂਮਤ ਨੇ ਨਸ਼ਿਆਂ ਦੀ ਤਸਕਰੀ ਦੀ ਵੀ ਦਰਿਆਦਿਲ ਹੋ ਕੇ ਪੁਸ਼ਤ-ਪਨਾਹੀ ਕੀਤੀ ਜੋ ਇਨ੍ਹਾਂ ਲਈ ਸੁਪਰ-ਮੁਨਾਫ਼ਿਆਂ ਦੀ ਖਾਣ ਹੈ।

ਦਰਅਸਲ ਇਹ ਹਕੂਮਤ ਵਿਆਪਕ ਖੇਤੀ ਸੰਕਟ, ਰੁਜ਼ਗਾਰ ਮੁਖੀ ਛੋਟੀਆਂ ਤੇ ਦਰਮਿਆਨੀ ਸਨਅਤਾਂ ਦੇ ਉਜਾੜੇ, ਇਸ ਦੇ ਸਿੱਟੇ ਵਜੋਂ ਬੇਵੱਸ ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ, ਵਿਆਪਕ ਬੇਰੋਜ਼ਗਾਰੀ, ਸਿਹਤ ਤੇ ਸਿੱਖਿਆ ਸਹੂਲਤਾਂ ਦੀ ਦੁਰਦਸ਼ਾ, ਨਸ਼ਿਆਂ ਤੇ ਹੋਰ ਜੁਰਮਾਂ ਦੀ ਭਰਮਾਰ, ਔਰਤਾਂ ਤੇ ਬੱਚਿਆਂ ਦੀ ਅਸੁਰੱਖਿਆ, ਆਬੋ-ਹਵਾ ਸਮੇਤ ਵਾਤਾਵਰਣ ਦੇ ਚੌਤਰਫ਼ੇ ਨਿਘਾਰ, ਸਭਿਆਚਾਰ ਦੀ ਘੋਰ ਗਿਰਾਵਟ, ਗੱਲ ਕੀ ਕਿਸੇ ਵੀ ਸਮਾਜੀ ਸਰੋਕਾਰ ਨੂੰ ਸੰਜੀਦਗੀ ਨਾਲ ਮੁਖ਼ਾਤਬ ਹੋਣ ਲਈ ਤਿਆਰ ਨਹੀਂ। ਹੁਕਮਰਾਨ ਤਾਂ ਹਰ ਖੇਤਰ ਵਿਚ ਕਾਰੋਬਾਰੀ ਜੋੜ-ਘਟਾਓ ਦੀ ਵਪਾਰੀ ਜ਼ਿਹਨੀਅਤ ਅਤੇ ਹਰ ਖੇਤਰ ਹੜੱਪ ਲੈਣ ਦੀ ਬਦਨੀਅਤ ਨਾਲ ਕੰਮ ਕਰ ਰਹੇ ਹਨ। ਇਸ ਸਿਆਸੀ ਵਤੀਰੇ ਕਾਰਨ ਸਟੇਟ ਦੀਆਂ ਨਾਮਾਤਰ ਲੋਕ-ਭਲਾਈ ਸਕੀਮਾਂ ਵੀ ਮਜ਼ਾਕ ਬਣ ਕੇ ਰਹਿ ਗਈਆਂ ਹਨ। ਸਮਾਜ ਦਾ ਹਰ ਵਰਗ ਬੇਚੈਨੀ ਨਾਲ ਖੌਲ ਰਿਹਾ ਹੈ। ਉਨ੍ਹਾਂ ਵਿਚ ਆਪਣੇ ਹਿੱਤਾਂ ਲਈ ਜਥੇਬੰਦ ਹੋ ਕੇ ਲੜਨ ਦੀ ਚੇਤਨਾ ਤੇ ਸੂਝ ਪੈਦਾ ਹੋਈ ਹੈ। ਇਹੀ ਵਜ੍ਹਾ ਹੈ ਕਿ ਲੋਕ ਸਭਾ ਚੋਣਾਂ ਖ਼ਤਮ ਹੁੰਦੇ ਸਾਰ (ਜਿਸ ਦੌਰਾਨ ਚੋਣ ਜ਼ਾਬਤਾ ਅਕਾਲੀ ਹੁਕਮਰਾਨਾਂ ਲਈ ਕੋਈ ਮੰਗ ਨਾ ਮੰਨਣ ਜਾਂ ਕੋਈ ਵਾਅਦਾ ਲਾਗੂ ਨਾ ਕਰ ਸਕਣ ਦੀ ਮਜਬੂਰੀ ਦਾ ਵਧੀਆ ਬਹਾਨਾ ਸੀ) ਸਮਾਜ ਦੇ ਵੱਖ-ਵੱਖ ਹਿੱਸੇ ਫਿਰ ਸੜਕਾਂ 'ਤੇ ਆਉਣੇ ਸ਼ੁਰੂ ਹੋ ਗਏ। ਸਿਆਸੀ ਤੌਰ 'ਤੇ ਜਾਗਰੂਕ ਹਿੱਸਿਆਂ ਨੇ ਤਾਂ ਚੋਣਾਂ ਦੌਰਾਨ ਵੀ ਅਸਲ ਲੋਕ ਮੁੱਦਿਆਂ ਉਪਰ ਆਪਣਾ ਚੇਤਨਾ ਮੁਹਿੰਮਾਂ ਤੇ ਸੰਘਰਸ਼ਾਂ ਦਾ ਸਿਲਸਿਲਾ ਬੰਦ ਨਹੀਂ ਕੀਤਾ ਕਿ ਚੋਣਾਂ ਨਾਲ ਕੁਝ ਵੀ ਬਦਲਣ ਵਾਲਾ ਨਹੀਂ ਹੈ ਅਤੇ ਆਪਣੇ ਹਿੱਤਾਂ ਲਈ ਲੋਕਾਂ ਨੂੰ ਦੇਰ-ਸਵੇਰ ਹੁਕਮਰਾਨਾਂ ਵਿਰੁਧ ਸੰਘਰਸ਼ ਦਾ ਰਾਹ ਅਪਨਾਉਣਾ ਹੀ ਪਵੇਗਾ।

ਆਵਾਮ ਨੂੰ ਆਪਣੀ ਰੋਜ਼ਮੱਰਾ ਜ਼ਿੰਦਗੀ ਵਿਚ ਸੱਤਾਧਾਰੀ ਸਿਆਸਤਦਾਨਾਂ-ਰਾਜ-ਮਸ਼ੀਨਰੀ-ਅਪਰਾਧੀਆਂ ਦੇ ਕਿਸ ਤਰ੍ਹਾਂ ਦੇ ਗੱਠਜੋੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹੇਠ ਦਿੱਤੀਆਂ ਕੁਝ ਮਿਸਾਲਾਂ ਤੋਂ ਹਾਲਤ ਦੀ ਨਜ਼ਾਕਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ:

-ਬਾਦਲਾਂ ਦੀਆਂ ਵਾਧੂ ਬਿਜਲੀ ਅਤੇ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੀਆਂ ਗੱਪਾਂ ਨੂੰ ਚੁਣੌਤੀ ਦਿੰਦਿਆਂ ਲੋਕ, ਖ਼ਾਸ ਕਰ ਕੇ ਜਥੇਬੰਦ ਕਿਸਾਨੀ ਸੜਕਾਂ 'ਤੇ ਨਿਕਲ ਰਹੀ ਹੈ। ਸੜਕਾਂ ਦੀ ਮੁਰੰਮਤ ਦਾ ਬਜਟ ਪਤਾ ਨਹੀਂ ਕਿੰਨੀ ਦਫ਼ਾ ਹਜ਼ਮ ਕਰ ਲਿਆ ਗਿਆ ਅਤੇ ਖੱਡਿਆਂ ਦਾ ਰੂਪ ਧਾਰ ਚੁੱਕੀਆਂ ਸੜਕਾਂ ਆਮ ਮੰਜ਼ਰ ਹਨ। ਹਾਲਾਂਕਿ ਬਿਜਲੀ ਦੀ ਪੂਰਤੀ ਤੇ ਸੜਕਾਂ ਦੀ ਮੁਰੰਮਤ ਮਾਮੂਲੀ ਮੰਗਾਂ ਹਨ, ਫਿਰ ਵੀ ਇਨ੍ਹਾਂ ਮੰਗਾਂ ਲਈ ਧਰਨੇ ਤੇ ਘਿਰਾਓ ਕਰਨੇ ਪੈ ਰਹੇ ਹਨ।

-ਨਸ਼ਿਆਂ ਦੀ ਤਸਕਰੀ 'ਚ ਬਾਦਲ ਹਕੂਮਤ ਦੀ ਮਿਲੀਭੁਗਤ ਦੇ ਜੱਗ-ਜ਼ਾਹਰ ਹੋਣ ਅਤੇ ਇਸ ਨਾਲ ਪੰਜਾਬ ਵਿਚ ਜੁਰਮਾਂ ਦੀ ਭਰਮਾਰ ਹੋਣ ਕਾਰਨ ਬਾਦਲਾਂ ਨੂੰ ਭਾਰੀ ਬਦਨਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜਿਸ ਦੇ ਬੰਦੋਬਸਤ ਲਈ ਸਰਵਣ ਸਿੰਘ ਫਿਲੌਰ ਵਰਗੇ ਕੁਝ ਦੋਇਮ ਦਰਜੇ ਦੇ ਸਿਆਸਤਦਾਨਾਂ ਨੂੰ ਬਲੀ ਦਾ ਬੱਕਰਾ ਬਣਾਉਣਾ ਪਿਆ ਅਤੇ ਨਸ਼ਿਆਂ ਨੂੰ ਰੋਕਣ ਲਈ ਢੌਂਗੀ ਮੁਹਿੰਮ ਚਲਾਉਣੀ ਪਈ। ਇਸ ਵਿਚ ਪੁਲਿਸ ਤਸਕਰੀ ਦੇ ਮੁੱਖ ਸਿਆਸੀ ਸੂਤਰਧਾਰਾਂ ਦੀ ਬਜਾਏ ਪ੍ਰਚੂਨ ਤਸਕਰਾਂ ਤੇ ਮਾਮੂਲੀ ਨਸ਼ੇੜੀਆਂ ਨੂੰ ਹੀ ਫੜ-ਫੜ ਕੇ ਜੇਲ੍ਹਾਂ 'ਚ ਬੰਦ ਕਰ ਰਹੀ ਹੈ। ਜਦਕਿ ਲੋਕ-ਰਾਇ ਦੀ ਮੰਗ ਹੈ ਕਿ ਬਾਦਲ ਹਕੂਮਤ ਨਸ਼ਾ ਤਸਕਰੀ ਬਾਰੇ ਡੀ.ਜੀ.ਪੀ.(ਜੇਲ੍ਹ) ਸ਼ਸ਼ੀਕਾਂਤ ਦੀ ਮੁਕੰਮਲ ਰਿਪੋਰਟ ਜਨਤਕ ਕਰੇ ਅਤੇ ਅਸਲ ਸੂਤਰਧਾਰਾਂ ਦੇ ਨਾਂ ਸਾਹਮਣੇ ਲਿਆਵੇ। ਇਹ ਆਵਾਜ਼ ਆਉਣ ਵਾਲੇ ਵਕਤ 'ਚ ਹੁਕਮਰਾਨਾਂ ਲਈ ਵੱਡੀ ਸਿਰਦਰਦੀ ਬਣ ਸਕਦੀ ਹੈ।

-ਬਾਦਲਾਂ ਦੇ ਐਨ ਨੱਕ ਹੇਠ ਜ਼ਿਲ੍ਹਾ ਪ੍ਰਸ਼ਾਸਨ ਫ਼ਰੀਦਕੋਟ ਸ਼ਹਿਰ ਵਿਚੋਂ ਭੇਤਭਰੇ ਢੰਗ ਨਾਲ ਗ਼ਾਇਬ ਹੋਏ 27 ਲੜਕਿਆਂ ਦੇ ਵਾਰਿਸਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ। ਲਿਹਾਜ਼ਾ ਦੋ ਦਰਜਨ ਤੋਂ ਉਪਰ ਲੋਕ ਜਥੇਬੰਦੀਆਂ ਨੂੰ ਸ਼ਰੂਤੀ ਕਾਂਡ ਵਾਂਗ ਹੀ ਮਿਲ ਕੇ ਵਿਆਪਕ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਪਿਆ ਹੈ। 12 ਜੁਲਾਈ ਨੂੰ ਇਸ ਮੰਗ ਨੂੰ ਲੈ ਕੇ ਸ਼ਹਿਰ ਮੁਕੰਮਲ ਬੰਦ ਰਿਹਾ। ਹੋਰ ਮੁੱਦਿਆਂ ਨਾਲ ਜੁੜ ਕੇ ਇਸ ਲੋਕ ਰੋਹ ਦੇ ਵਧਣ ਦੀ ਪੂਰੀ ਸੰਭਾਵਨਾ ਹੈ।

-ਸੰਵਿਧਾਨਕ ਤੌਰ 'ਤੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਦਲਿਤਾਂ ਨੂੰ ਖੇਤੀ ਕਰਨ ਲਈ ਠੇਕੇ 'ਤੇ ਦੇਣ ਦਾ ਇੰਤਜ਼ਾਮ ਹੈ। ਪੰਜਾਬ ਵਿਚ ਕਿਤੇ ਵੀ ਇਹ ਜ਼ਮੀਨ ਸਹੀ ਹੱਕਦਾਰਾਂ ਨੂੰ ਨਹੀਂ ਮਿਲਦੀ। ਹਾਲ ਹੀ ਵਿਚ ਸੰਗਰੂਰ ਜ਼ਿਲ੍ਹਾ ਦਲਿਤਾਂ ਦੀ ਹੱਕ-ਜਤਾਈ ਦੇ ਸੰਘਰਸ਼ ਦਾ ਅਖਾੜਾ ਬਣ ਗਿਆ। ਬਾਲਦ ਕਲਾਂ ਪਿੰਡ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਜਾਅਲੀ ਬੋਲੀ ਰਾਹੀਂ ਜ਼ਮੀਨ ਸਰਕਾਰੇ-ਦਰਬਾਰੇ ਪੁੱਗਤ ਵਾਲੇ ਧਨਾਢਾਂ ਦੇ ਕਬਜ਼ੇ 'ਚ ਰੱਖਣ ਲਈ ਦਲਿਤਾਂ ਉਪਰ ਬੇਰਹਿਮੀ ਨਾਲ ਜਬਰ ਕਰਵਾਇਆ ਅਤੇ ਵੱਡੀ ਤਾਦਾਦ 'ਚ ਦਲਿਤਾਂ ਨੂੰ ਸੰਗੀਨ ਝੂਠੇ ਮੁਕੱਦਮੇ ਮੜ੍ਹ ਕੇ ਜੇਲ੍ਹ ਵਿਚ ਡੱਕ ਦਿੱਤਾ। ਉਨ੍ਹਾਂ ਦਾ ਜੁਡੀਸ਼ੀਅਲ ਰਿਮਾਂਡ ਵਾਰ-ਵਾਰ ਵਧਾ ਕੇ ਉਨ੍ਹਾਂ ਦਾ ਮਨੋਬਲ ਡੇਗਣ ਤੇ ਉਨ੍ਹਾਂ ਨੂੰ ਅਖੌਤੀ ਉਚ ਜਾਤਾਂ ਦੇ ਸਦੀਵੀ ਦਾਬੇ ਹੇਠ ਰੱਖਣ ਦੀ ਚਾਲ ਖੇਡੀ ਜਾ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਇਹ ਹਵਾ ਪੂਰੇ ਸੂਬੇ ਵਿਚ ਫੈਲ ਜਾਣ ਦਾ ਡਰ ਹੈ।

ਬਾਦਲ ਹਕੂਮਤ ਨੇ ਉਲਟਾ ਉਨ੍ਹਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਦੇ ਸੈਂਕੜੇ ਆਗੂਆਂ ਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਬੰਦ ਕੀਤਾ ਹੋਇਆ ਹੈ ਜੋ ਅਕਾਲੀ ਪੁਸ਼ਤ-ਪਨਾਹੀ ਵਾਲੇ ਗੁੰਡਿਆਂ ਹੱਥੋਂ ਜਨਵਰੀ ਮਹੀਨੇ ਬੇਪੱਤ ਹੋਈ ਗੰਧੜ ਪਿੰਡ (ਜ਼ਿਲ੍ਹਾ ਮੁਕਸਤਰ) ਦੀ ਨਾਬਾਲਗ ਦਲਿਤ ਲੜਕੀ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਰ ਰਹੀਆਂ ਹਨ। ਬਾਦਲਾਂ ਨੂੰ ਆਪਣੇ ਪਾਪਾਂ ਦਾ ਡਰ ਹੈ ਕਿ ਅਜਿਹੇ ਸੰਘਰਸ਼ ਹੋਰ ਥਾਂਈਂ ਵੀ ਉਠ ਸਕਦੇ ਹਨ।

-ਰੁਜ਼ਗਾਰ ਦੀ ਮੰਗ ਨੂੰ ਲੈ ਕੇ ਹਕੂਮਤ ਵਲੋਂ ਕੀਤੇ ਵਾਅਦੇ ਲਾਗੂ ਕਰਾਉਣ ਲਈ ਨੌਜਵਾਨ ਕੁੜੀਆਂ-ਮੁੰਡੇ ਨਿੱਤ ਸੜਕਾਂ 'ਤੇ ਨਿਕਲਦੇ ਹਨ ਅਤੇ ਹਕੂਮਤ ਦਾ ਸਿਆਪਾ ਕਰਦੇ ਹਨ। ਝੂਠੀਆਂ ਯਕੀਨ-ਦਹਾਨੀਆਂ ਅਤੇ ਵਾਰ-ਵਾਰ ਘਸੇ-ਪਿਟੇ ਲਾਰਿਆਂ ਨੂੰ ਦੁਹਰਾਉਣ ਅਤੇ ਹੱਕ ਮੰਗਦੇ ਨੌਜਵਾਨਾਂ ਨੂੰ ਪੁਲਿਸ ਕੋਲੋਂ ਕੁਟਵਾਉਣ ਤੇ ਬੇਇੱਜ਼ਤ ਕਰਾਉਣ ਤੋਂ ਬਿਨਾ ਬਾਦਲਾਂ ਕੋਲ ਕੋਈ ਨੀਤੀ ਨਹੀਂ। 12 ਜੁਲਾਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਰੋਪੜ ਵਿਚ ਜਦੋਂ ਸਿੱਖਿਆ ਪ੍ਰੋਵਾਈਡਰਾਂ ਨੇ ਧਰਨਾ ਦੇਣਾ ਚਾਹਿਆ ਤਾਂ ਬਾਦਲ ਹਕੂਮਤ ਨੇ ਤਿੰਨ ਜ਼ਿਲ੍ਹਿਆਂ ਦੀ ਪੁਲਿਸ ਲਗਾ ਕੇ ਆਗੂਆਂ ਨੂੰ ਗੱਲਬਾਤ ਦੇ ਬਹਾਨੇ ਗ੍ਰਿਫ਼ਤਾਰ ਕਰ ਲਿਆ ਅਤੇ ਸ਼ਾਂਤਮਈ ਧਰਨਾ ਵੀ ਨਹੀਂ ਲੱਗਣ ਦਿੱਤਾ। ਚੇਤੇ ਰਹੇ ਕਿ ਸੱਤਾਧਾਰੀਆਂ ਨੇ ਸਕੂਲਾਂ ਵਿਚ ਪੱਕੇ ਅਧਿਆਪਕ ਭਰਤੀ ਕਰਨ ਦੀ ਬਜਾਏ ਸਿੱਖਿਆ

***(ਬਾਕੀ ਅਗਲੇ ਸਫੇ 'ਤੇ)***

# ਸਵੈਮਾਨ ਬਚਾਉਣ ਲਈ ਔਰਤਾਂ ਦੀ ਜੱਦੋਜਹਿਦ

***ਮਨੋਰਮਾ ਨੂੰ ਕਤਲ ਕੀਤੇ ਜਾਣ ਦੀ ਖ਼ਬਰ ਨਾਲ ਉਤਰ-ਪੂਰਬੀ ਰਿਆਸਤਾਂ 'ਚ ਰੋਹ ਦਾ ਤੂਫ਼ਾਨ ਉਠਿਆ ਸੀ। ਦੇਸ਼-ਵਿਦੇਸ਼ ਵਿਚ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਤੇ ਹੋਰ ਇਨਸਾਫ਼ਪਸੰਦ ਤਾਕਤਾਂ ਨੇ ਹਿੰਦੁਸਤਾਨੀ ਫ਼ੌਜ ਵਲੋਂ ਢਾਹੇ ਜਾ ਜ਼ੁਲਮਾਂ ਖ਼ਿਲਾਫ਼ ਆਵਾਜ਼ ਉਠਾਈ ਸੀ, ਪਰ 'ਦਹਿਸ਼ਤਗਰਦੀ' ਪ੍ਰਤੀ ਮੁਲਕ ਦੀ 'ਮੁੱਖਧਾਰਾ' ਦੀ ਸੰਵੇਦਨਸ਼ੀਲ ਚਮੜੀ ਇਸ ਰਾਜਕੀ ਦਹਿਸ਼ਤਗਰਦੀ ਅਤੇ ਇਸ ਦੇ ਖ਼ਿਲਾਫ਼ ਨਿਰਵਸਤਰ ਔਰਤਾਂ ਦੇ ਮੁਜ਼ਾਹਰੇ ਤੋਂ ਵੀ ਬੇਪ੍ਰਵਾਹ ਸੀ। ਉਹ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ, ਪੰਜਾਬ ਵਿਚ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਦੀਆਂ ਮਨਮਾਨੀਆਂ, ਕਸ਼ਮੀਰ ਦੇ ਕੁਨਨ-ਪੌਸ਼ਪੁਰਾ, ਖੈਰਲਾਂਜੀ, ਗੁਜਰਾਤ ਕਤਲੋਗ਼ਾਰਤ, ਸਲਵਾ ਜੂਡਮ, ਨਕਸਲੀ ਪ੍ਰਭਾਵਤ ਸੂਬਿਆਂ ਵਿਚ ਦਰਜਨਾਂ ਪੁਲਿਸ-ਨੀਮ-ਫੌਜੀ ਓਪਰੇਸ਼ਨਾਂ ਦੌਰਾਨ ਸੈਂਕੜੇ ਔਰਤਾਂ ਨਾਲ ਜਬਰ ਜਨਾਹਾਂ/ਸਮੂਹਕ ਜਬਰ ਜਨਾਹਾਂ ਤੇ ਉਨ੍ਹਾਂ ਦੇ ਕਤਲਾਂ ਵਕਤ ਵੀ ਇਵੇਂ ਹੀ ਸੰਵੇਦਨਹੀਣ ਰਹੀ ਸੀ।***

11 ਜੁਲਾਈ ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੇ ਇਤਿਹਾਸ ਵਿਚ ਕਲੰਕਿਤ ਦਿਨ ਜਾਂ ਇਸ ਦੇ ਮੱਥੇ ਉਪਰ ਇਕ ਹੋਰ ਕਾਲਾ ਟਿੱਕਾ ਹੋ ਨਿੱਬੜਿਆ ਹੈ ਜਦੋਂ ਇਸ ਦਿਨ ਇੰਫਾਲ (ਮਨੀਪੁਰ) ਵਿਚ ਹਿੰਦੁਸਤਾਨੀ ਫ਼ੌਜ ਦੀ ਆਸਾਮ ਰਾਈਫ਼ਲਜ਼ ਦੇ ਸਦਰ ਮੁਕਾਮ ਅੱਗੇ ਮਨੀਪੁਰੀ ਔਰਤਾਂ ਨੇ ਨਿਰਵਸਤਰ ਹੋ ਕੇ ਮੁਜ਼ਾਹਰਾ ਕੀਤਾ ਸੀ। ਪੀੜਤ ਮਾਂਵਾਂ ਦੇ ਮੋਰਚੇ 'ਮੈਰਾ ਪੈਬੀ' ਦੀਆਂ ਔਰਤਾਂ ਨੇ ਜੋ ਬੈਨਰ ਚੁੱਕਿਆ ਹੋਇਆ ਸੀ, ਉਸ ਉਪਰ ਬੜੀ ਤਲਖ਼ ਹਕੀਕਤ ਦੀ ਇਬਾਰਤ ਉਕਰੀ ਹੋਈ ਸੀ: 'ਹਿੰਦੁਸਤਾਨ ਦੀ ਫ਼ੌਜ ਸਾਡੇ ਨਾਲ ਜਬਰ-ਜਨਾਹ ਕਰਦੀ ਹੈ।' ਹੁਣ ਉਸ ਮੁਜ਼ਾਹਰੇ ਨੂੰ ਦਸ

**ਬੂਟਾ ਸਿੰਘ**
**ਫੋਨ: 91-94634-74342**

ਸਾਲ ਹੋ ਚੁੱਕੇ ਹਨ, ਪਰ ਇਨਸਾਫ਼ ਦੇ ਜਿਸ ਕਾਜ ਲਈ ਉਨ੍ਹਾਂ ਬਹਾਦਰ ਔਰਤਾਂ ਨੇ ਇੰਤਹਾ ਵਾਲਾ ਇਹ ਕਦਮ ਚੁੱਕਿਆ, ਉਹ ਉਥੇ ਦਾ ਉਥੇ ਖੜ੍ਹਾ ਹੈ। ਔਰਤਾਂ ਦੀ ਜੱਦੋਜਹਿਦ ਜਾਰੀ ਹੈ।

10-11 ਜੁਲਾਈ 2004 ਦੀ ਰਾਤ ਸੀ। ਅਸਾਮ ਰਾਈਫਲਜ਼ ਦੇ ਜਵਾਨਾਂ ਨੇ 32 ਸਾਲ ਦੀ ਮਨੀਪੁਰੀ ਮੁਟਿਆਰ ਕੁਮਾਰੀ ਥਾਂਗਜਮ ਚਾਨੂ ਮਨੋਰਮਾ ਦੇਵੀ ਦੇ ਘਰ ਦਾ ਬੂਹਾ ਖੜਕਾਇਆ, ਤੇ ਉਸ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲੈ ਲਿਆ। ਫ਼ੌਜ ਨੂੰ ਹਾਸਲ ਬੇਪਨਾਹ ਤਾਕਤਾਂ ਵਾਲੇ 'ਗੜਬੜ ਵਾਲੇ ਇਲਾਕਿਆਂ' ਵਿਚ ਅਕਸਰ ਇੰਵ ਹੀ ਹੁੰਦਾ ਹੈ। ਅਗਲੀ ਸਵੇਰ ਮਨੋਰਮਾ ਦੀ ਲਾਸ਼ ਸ਼ਹਿਰ ਦੇ ਬਾਹਰਵਾਰ ਸੁੱਟੀ ਹੋਈ ਮਿਲੀ। ਰਾਤ ਭਰ ਉਸ ਨਾਲ ਕੀਤੀ ਦਰਿੰਦਗੀ, ਬੁਰੀ ਤਰ੍ਹਾਂ ਕੋਹੇ ਉਸ ਦੇ ਜਿਸਮ ਤੋਂ ਸਾਫ਼ ਝਲਕਦੀ ਸੀ। ਜਵਾਨ ਜਿਸਮ ਹੁਣ ਬੇਪਛਾਣ ਲਾਸ਼ ਬਣ ਚੁੱਕਾ ਸੀ। ਹਿਰਾਸਤ ਵਿਚ ਉਸ ਨਾਲ ਜਬਰ-ਜਨਾਹ ਕੀਤਾ ਗਿਆ, ਤੇ ਫਿਰ ਅਸਹਿ-ਅਕਹਿ ਤਸੀਹੇ ਦੇਣ ਪਿੱਛੋਂ ਉਸ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦੇ ਜਨਣ ਅੰਗਾਂ ਉਪਰ ਵੀ ਗੋਲੀਆਂ ਮਾਰੇ ਜਾਣ ਦੇ ਨਿਸ਼ਾਨ ਸਨ। ਫਿਰ ਇਹ ਖਬਰ ਅਖ਼ਬਾਰਾਂ ਦੀ ਸੁਰਖ਼ੀ ਬਣੀ: ਫ਼ੌਜ ਨਾਲ ਮੁਕਾਬਲੇ 'ਚ ਮਾਰੀ ਗਈ ਦਹਿਸ਼ਤਗਰਦ।

ਮਨੋਰਮਾ ਨੂੰ ਇਸ ਤਰ੍ਹਾਂ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਖ਼ਬਰ ਨਾਲ ਉਤਰ-ਪੂਰਬੀ ਰਿਆਸਤਾਂ 'ਚ ਰੋਹ ਦਾ ਤੂਫ਼ਾਨ ਉਠਿਆ ਸੀ। ਦੇਸ਼-ਵਿਦੇਸ਼ ਵਿਚ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਤੇ ਹੋਰ ਇਨਸਾਫ਼ਪਸੰਦ ਤਾਕਤਾਂ ਨੇ ਹਿੰਦੁਸਤਾਨੀ ਫ਼ੌਜ ਵਲੋਂ 'ਗੜਬੜ ਵਾਲੇ ਇਲਾਕਿਆਂ' ਵਿਚ ਢਾਹੇ ਜਾ ਜ਼ੁਲਮਾਂ ਖ਼ਿਲਾਫ਼ ਆਵਾਜ਼ ਉਠਾਈ ਸੀ ਪਰ 'ਦਹਿਸ਼ਤਗਰਦੀ' ਪ੍ਰਤੀ ਮੁਲਕ ਦੀ 'ਮੁੱਖਧਾਰਾ' ਦੀ ਬਹੁਤ ਹੀ ਸੰਵੇਦਨਸ਼ੀਲ ਚਮੜੀ ਇਸ ਰਾਜਕੀ ਦਹਿਸ਼ਤਗਰਦੀ ਅਤੇ ਇਸ ਦੇ ਖ਼ਿਲਾਫ਼ ਨਿਰਵਸਤਰ ਔਰਤਾਂ ਦੇ ਮੁਜ਼ਾਹਰੇ ਤੋਂ ਵੀ ਬੇਪ੍ਰਵਾਹ ਸੀ। ਉਹ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ, ਪੰਜਾਬ ਵਿਚ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਦੀਆਂ ਮਨਮਾਨੀਆਂ, ਕਸ਼ਮੀਰ ਦੇ ਕੁਨਨ-ਪੌਸ਼ਪੁਰਾ, ਖੈਰਲਾਂਜੀ, ਗੁਜਰਾਤ ਕਤਲੋਗ਼ਾਰਤ, ਸਲਵਾ ਜੂਡਮ, ਨਕਸਲੀ ਪ੍ਰਭਾਵਤ ਸੂਬਿਆਂ ਵਿਚ ਦਰਜਨਾਂ ਪੁਲਿਸ-ਨੀਮ-ਫੌਜੀ ਓਪਰੇਸ਼ਨਾਂ ਦੌਰਾਨ ਸੈਂਕੜੇ ਔਰਤਾਂ ਨਾਲ ਜਬਰ ਜਨਾਹਾਂ/ਸਮੂਹਕ ਜਬਰ ਜਨਾਹਾਂ ਤੇ ਉਨ੍ਹਾਂ ਦੇ ਕਤਲਾਂ ਵਕਤ ਵੀ ਇਵੇਂ ਹੀ ਸੰਵੇਦਨਹੀਣ ਰਹੀ ਸੀ। 'ਮੁੱਖਧਾਰਾ ਰਾਸ਼ਟਰ' ਦੀ ਜ਼ਮੀਰ ਸਿਰਫ਼ ਦਸੰਬਰ 2012 ਦੇ ਦਾਮਨੀ ਕਾਂਡ ਵਕਤ ਕੁਝ ਦਿਨਾਂ ਲਈ ਜਾਗੇਗੀ ਅਤੇ ਫਿਰ ਗੂੜ੍ਹੀ ਨੀਂਦ ਸੌਂ ਜਾਵੇਗੀ। ਇਹ ਮਾਰਚ 2014 'ਚ ਭਗਾਣਾ ਦੀਆਂ ਚਾਰ ਬੱਚੀਆਂ ਨਾਲ ਸਮੂਹਕ ਜਬਰ ਜਨਾਹ ਅਤੇ ਰਾਜਧਾਨੀ ਵਿਚ ਉਨ੍ਹਾਂ ਦੀ ਇਨਸਾਫ਼ ਲਈ ਹਾਲੀਆ ਡੇਢ ਮਹੀਨਾ ਲੰਮੀ ਜੱਦੋਜਹਿਦ ਵਕਤ ਵੀ ਸੁੱਤੀ ਰਹੇਗੀ। ਆਖ਼ਿਰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੀ ਫ਼ੌਜ ਮੁਲਕ ਦੀ 'ਏਕਤਾ-ਅਖੰਡਤਾ' ਦੀ ਰਾਖੀ ਲਈ ਅਤੇ ਦਹਿਸ਼ਤਗਰਦੀ ਵਿਰੁਧ ਜੰਗ ਲੜ ਰਹੀ ਹੈ। ਫ਼ੌਜ-ਪੁਲਿਸ ਐਨੀਆਂ 'ਕੁਰਬਾਨੀਆਂ' ਕਰ ਰਹੀ ਹੈ, ਉਸ ਵਿਚ ਅਜਿਹੇ ਨਿੱਕੇ-ਨਿੱਕੇ ਮਾਮਲੇ ਕੀ ਮਾਇਨੇ ਰੱਖਦੇ ਹਨ ਭਲਾ!

ਪਰ 'ਗੜਬੜ ਵਾਲੇ ਇਲਾਕਿਆਂ' ਦੇ ਆਵਾਮ ਲਈ ਇਨਸਾਫ਼ ਬਹੁਤ ਵੱਡਾ ਸਵਾਲ ਹੈ। ਦਸ ਵਰ੍ਹੇ ਗੁਜ਼ਰ ਜਾਣ ਤੋਂ ਬਾਅਦ ਵੀ ਬੇਕਸੂਰ ਮਨੋਰਮਾ ਨੂੰ ਇੰਵ ਕਤਲ ਕਰਨ ਵਾਲੇ ਦੋਸ਼ੀ ਫ਼ੌਜ ਅਧਿਕਾਰੀਆਂ ਅਤੇ ਜਵਾਨਾਂ ਦੇ ਖ਼ਿਲਾਫ਼ ਮੁਕੱਦਮਾ ਸ਼ੁਰੂ ਨਹੀਂ ਹੋਇਆ। ਮਨੀਪੁਰ ਹਕੂਮਤ ਨੇ ਜੋ ਇਕਲੌਤਾ ਜਾਂਚ ਕਮਿਸ਼ਨ ਬੈਠਾਇਆ ਸੀ, ਉਸ ਦੀ ਪੜਤਾਲ ਦਾ ਨਿਚੋੜ ਕੀ ਸੀ, ਇਸ ਬਾਰੇ ਕੋਈ ਨਹੀਂ ਜਾਣਦਾ; ਕਿਉਂਕਿ ਫ਼ੌਜ ਨੇ ਆਪਣੇ ਮਨਮਾਨੀਆਂ ਦੇ ਲਾਇਸੰਸ (ਅਫਸਪਾ) ਦਾ ਇਸਤੇਮਾਲ ਕਰਦੇ ਹੋਏ ਮਨੀਪੁਰ ਹਕੂਮਤ ਦੇ ਖ਼ਿਲਾਫ਼ ਪਟੀਸ਼ਨ ਦਾਇਰ ਕਰ ਦਿੱਤੀ ਸੀ ਕਿ ਸੂਬਾ ਹਕੂਮਤ ਫ਼ੌਜੀ ਮਾਮਲਿਆਂ 'ਚ ਜਾਂਚ ਕਰਾਉਣ ਵਾਲੀ ਕੌਣ ਹੁੰਦੀ ਹੈ, ਉਸ ਨੂੰ ਤਾਂ ਜਾਂਚ ਦਾ ਅਧਿਕਾਰ ਹੀ ਨਹੀਂ ਹੈ। ਫ਼ੌਜ ਦੀ ਇਹ ਮਨਮਾਨੀ ਤਾਕਤ ਹਿੰਦੁਸਤਾਨ ਦੇ ਵਿਸਤਾਰਵਾਦੀ ਰਾਜ ਵਲੋਂ ਆਪਣੇ ਸੌੜੇ ਹਿੱਤਾਂ ਲਈ ਫ਼ੌਜ ਨੂੰ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਜ਼ਰੀਏ ਬਖ਼ਸ਼ੇ ਕਤਲਾਂ ਦੇ ਲਾਇਸੰਸ-ਨੁਮਾ ਵਿਸ਼ੇਸ਼ ਅਧਿਕਾਰਾਂ ਦੇ ਵਜੂਦ-ਸਮੋਈ ਹੋਈ ਹੈ। ਇਸੇ ਬੇਪਨਾਹ ਦਮਨਕਾਰੀ ਕਾਨੂੰਨ ਨੂੰ ਰੱਦ ਕਰਾਉਣ ਲਈ ਮਨੀਪੁਰ ਦੀ ਸਿਰੜੀ ਧੀ ਇਰੋਮ ਸ਼ਰਮੀਲਾ ਇਕ ਦਹਾਕੇ ਤੋਂ ਲਗਾਤਾਰ ਭੁੱਖ ਹੜਤਾਲ 'ਤੇ ਬੈਠੀ ਹੈ।

ਦਰਅਸਲ ਜਿਥੇ ਜਿਥੇ ਆਵਾਮ ਨੂੰ ਕੁਚਲਣ ਲਈ ਹਿੰਦੁਸਤਾਨੀ ਰਾਜ ਨੇ ਫ਼ੌਜ ਜਾਂ ਨੀਮ-ਫ਼ੌਜ ਲਗਾਈ ਹੋਈ ਹੈ, ਹਰ ਥਾਂ ਔਰਤਾਂ ਅਕਹਿ ਸੰਤਾਪ ਝੱਲ ਰਹੀਆਂ ਹਨ। ਸਿਰਫ਼ ਉਨ੍ਹਾਂ ਦੇ ਨਾਂ ਅਤੇ ਇਲਾਕੇ ਵੱਖਰੇ ਹਨ, ਦਰਦ ਕਹਾਣੀ ਇਕੋ ਜਿਹੀ ਹੈ। 30 ਮਈ 2009 ਨੂੰ ਸ਼ੋਪੀਆਂ (ਕਸ਼ਮੀਰ ਘਾਟੀ) ਦੀਆਂ ਦੋ ਮੁਟਿਆਰਾਂ ਨੀਲੋਫਰ ਅਤੇ ਆਸੀਆ ਪਿੰਡ ਦੇ ਬਾਹਰਵਾਰ ਗੁੰਮ ਹੋ ਗਈਆਂ। ਅਗਲੇ ਦਿਨ ਉਨ੍ਹਾਂ ਦੀਆਂ ਲਾਸ਼ਾਂ ਇਕ ਐਸੇ ਪਹਾੜੀ ਨਾਲੇ ਵਿਚੋਂ ਮਿਲੀਆਂ ਜਿਸ ਵਿਚ ਅੱਜ ਤਾਈਂ ਕਿਸੇ ਦੇ ਡੁੱਬ ਕੇ ਮਰ ਜਾਣ ਦੀ ਇਕ ਵੀ ਮਿਸਾਲ ਨਹੀਂ ਹੈ। ਇਹ ਉਹ ਇਲਾਕਾ ਹੈ ਜੋ ਫ਼ੌਜ ਦੇ ਭਾਰੀ ਸੁਰੱਖਿਆ ਇੰਤਜ਼ਾਮਾਂ ਨਾਲ ਘਿਰਿਆ ਹੋਇਆ ਹੈ। ਤਸੀਹਿਆਂ ਅਤੇ ਸਮੂਹਕ ਜਬਰ ਜਨਾਹ ਨਾਲ ਕੋਹੀਆਂ ਲਾਸ਼ਾਂ ਦੀ ਹਾਲਤ ਦੇਖ ਕੇ ਪੂਰਾ ਸ਼ੋਪੀਆਂ ਹੀ ਸੜਕਾਂ 'ਤੇ ਨਿਕਲ ਆਇਆ ਸੀ। ਫ਼ੌਜ ਦੇ ਭਾਰੀ ਦਬਾਅ ਹੇਠ ਪ੍ਰਸ਼ਾਸਨਿਕ ਅਧਿਕਾਰੀ ਕਤਲਾਂ ਦੀ ਜਾਂਚ ਕਰਨ ਲਈ ਵੀ ਤਿਆਰ ਨਹੀਂ ਹੋਏ। ਆਖ਼ਿਰ ਜ਼ਬਰਦਸਤ ਆਵਾਮੀ ਦਬਾਅ ਹੇਠ ਸੀ.ਬੀ.ਆਈ. ਕੋਲੋਂ ਜਾਂਚ ਕਰਵਾਈ ਗਈ ਜਿਸ ਨੇ ਪੰਜ ਮਹੀਨੇ ਬਾਅਦ ਲਾਸ਼ਾਂ ਕਬਰ ਵਿਚੋਂ ਕਢਵਾ ਕੇ ਦੁਬਾਰਾ ਪੋਸਟ-ਮਾਰਟਮ ਕਰਵਾ ਕੇ ਰਿਪੋਰਟ ਪੇਸ਼ ਕਰ ਦਿੱਤੀ ਕਿ ਉਨ੍ਹਾਂ ਦੀ ਮੌਤ ਪਾਣੀ 'ਚ ਡੁੱਬ ਕੇ ਹੀ ਹੋਈ ਸੀ।

20 ਅਗਸਤ 2007 ਨੂੰ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਜ਼ਿਲ੍ਹੇ ਦੇ ਵਾਕਾਪਲੀ ਪਿੰਡ ਦੀਆਂ ਗਿਆਰਾਂ ਕੌਂਧ ਕਬੀਲੇ ਦੀਆਂ ਔਰਤਾਂ ਨਾਲ ਨਕਸਲੀਆਂ ਵਿਰੋਧੀ ਖ਼ਾਸ ਕਮਾਂਡੋਜ਼ 'ਗਰੇਅ ਹਾਊਂਡਜ਼' ਨੇ ਸਮੂਹਕ ਜਬਰ ਜਨਾਹ ਕੀਤਾ ਸੀ। ਇਸ ਦੇ ਖ਼ਿਲਾਫ਼ ਆਵਾਮੀ ਅੰਦੋਲਨ ਦੇ ਦਬਾਅ ਮੁਕੱਦਮਾ ਚਲਿਆ। ਹਾਈਕੋਰਟ ਨੇ 26 ਅਪਰੈਲ 2012 ਨੂੰ ਔਰਤਾਂ ਦੇ ਹੱਕ 'ਚ ਫ਼ੈਸਲਾ ਦਿੱਤਾ। ਆਂਧਰਾ ਪੁਲਿਸ ਯੂਨੀਅਨ ਨੇ ਸਪਰੀਮ ਕੋਰਟ ਵਿਚ ਜਾ ਕੇ ਇਸ ਫ਼ੈਸਲੇ ਦੇ ਖ਼ਿਲਾਫ਼ ਸਟੇਅ ਲੈ ਲਈ। ਲਿਹਾਜ਼ਾ ਉਨ੍ਹਾਂ ਬਦਨਸੀਬ ਔਰਤਾਂ ਲਈ ਨਿਆਂ ਦੇ ਬੂਹੇ ਬੰਦ ਹਨ।

'ਗੜਬੜ ਵਾਲੇ' ਇਲਾਕਿਆਂ ਵਿਚ ਕਿਤੇ ਨਾ ਕਿਤੇ ਇਹ ਰੋਜ਼ਾਨਾ ਹੀ ਵਾਪਰਦਾ ਹੈ।

'ਅਫਸਪਾ' ਵਰਗੇ ਵਿਸ਼ੇਸ਼ ਅਧਿਕਾਰਾਂ ਨਾਲ ਲੈਸ ਹਿੰਦੁਸਤਾਨੀ ਪੁਲਿਸ+ਫ਼ੌਜ ਤੇ ਨੀਮ ਫ਼ੌਜ ਦੇ ਖ਼ੂੰਖ਼ਾਰ ਚਿਹਰੇ ਤੋਂ ਕਦੇ-ਕਦਾਈਂ ਮਨੋਰਮਾ ਜਾਂ ਕੁਨਨ-ਪੌਸ਼ਪੁਰਾ ਜਾਂ ਸੋਨੀ ਸੋਰੀ ਮਾਮਲੇ ਵਕਤ 'ਰਾਸ਼ਟਰੀ ਸੇਵਾ' ਦਾ ਨਕਾਬ ਭੋਰਾ ਕੁ ਖਿਸਕ ਜਾਂਦਾ ਹੈ, ਪਰ ਸਥਾਪਤੀ ਦਾ ਸਮੁੱਚਾ ਰਾਜਤੰਤਰ ਗ੍ਰਹਿ ਮੰਤਰੀ, ਗ੍ਰਹਿ ਸਕੱਤਰ ਤੋਂ ਲੈ ਕੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਤਕ ਐਨਾ ਕੁਸ਼ਲ ਹੈ ਕਿ ਫਟਾਫਟ ਥਾਂ ਤੋਂ ਹਿੱਲੇ ਨਕਾਬ ਨੂੰ ਥਾਂ ਸਿਰ ਕਰਨ ਦੇ ਸਿਰਤੋੜ ਯਤਨਾਂ 'ਚ ਜੁੱਟ ਜਾਂਦਾ ਹੈ। ਮੁਜਰਮਾਂ ਨੂੰ ਤੱਤੀ 'ਵਾ ਵੀ ਨਹੀਂ ਲੱਗਣ ਦਿੱਤੀ ਜਾਂਦੀ, ਸਗੋਂ ਕਈ ਮਾਮਲਿਆਂ 'ਚ ਤਾਂ ਛੱਤੀਸਗੜ੍ਹ ਦੇ ਸਿਰੇ ਦੇ ਬਦਨਾਮ ਪੁਲਿਸ ਅਧਿਕਾਰੀ (ਐਸ.ਪੀ.) ਅੰਕਿਤ ਗਰਗ ਵਰਗਿਆਂ ਦੀ ਹਿੱਕ ਉਪਰ ਹਿੰਦੁਸਤਾਨ ਦਾ ਰਾਸ਼ਟਰਪਤੀ ਬਹਾਦਰੀ ਦੇ ਵਿਸ਼ੇਸ਼ ਤਮਗੇ ਜੜਦਿਆਂ ਖ਼ਾਸ ਮਾਣ ਵੀ ਮਹਿਸੂਸ ਕਰਦਾ ਹੈ।

'ਅਫਸਪਾ' ਤਹਿਤ ਵਿਸ਼ੇਸ਼ ਅਧਿਕਾਰਾਂ ਦਾ ਰੱਖਿਆ ਕਵਚ ਹੀ ਹਿੰਦੁਸਤਾਨੀ ਹਥਿਆਰਬੰਦ ਤਾਕਤਾਂ ਦੀਆਂ ਮਨਮਾਨੀਆਂ ਦਾ ਇਕੋ-ਇਕ ਸਰੋਤ ਨਹੀਂ ਹੈ। ਇਹ ਵੰਨ-ਸੁਵੰਨੇ ਕਾਨੂੰਨਾਂ, ਹਕੂਮਤ ਦੀਆਂ ਕਾਰਵਾਈਆਂ ਅਤੇ ਨਿਆਂ ਪ੍ਰਬੰਧ ਦੇ ਫ਼ੈਸਲਿਆਂ ਦੀ ਸ਼ਕਲ ਵਿਚ, ਭਾਵ ਰਾਜਤੰਤਰ ਦੇ ਸਮੁੱਚੇ ਵਤੀਰੇ ਅਤੇ ਮੂਲ ਫ਼ਿਤਰਤ 'ਚ ਮੌਜੂਦ ਹੈ।

ਇਸ ਦਾ ਇਕ ਰੂਪ ਖ਼ਾਸ ਕਾਨੂੰਨਾਂ ਜ਼ਰੀਏ ਫ਼ੌਜ ਨੂੰ ਮਨਮਾਨੀਆਂ ਦਾ ਲਾਇਸੰਸ ਹੈ। ਅਫਸਪਾ, ਆਰਮੀ ਐਕਟ, ਅਤੇ ਹੋਰ ਆਮ ਕਾਨੂੰਨਾਂ ਮੁਤਾਬਿਕ ਫ਼ੌਜ ਦੇ ਜਵਾਨਾਂ ਉਪਰ ਅਦਾਲਤਾਂ ਵਿਚ ਮੁਕੱਦਮਾ ਚਲਾਉਣ ਤੋਂ ਪਹਿਲਾਂ ਕੇਂਦਰੀ ਹਕੂਮਤ ਜਾਂ ਫ਼ੌਜ ਦੇ ਸਬੰਧਤ ਅਫ਼ਸਰ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਸ਼ਰਤ ਹੈ।

ਇਸ ਦਾ ਦੂਜਾ ਰੂਪ ਹਕੂਮਤ ਅਤੇ ਇਸ ਦੀਆਂ ਵੱਖੋ-ਵੱਖਰੀਆਂ ਏਜੰਸੀਆਂ ਵਲੋਂ ਇਨ੍ਹਾਂ ਘਿਨਾਉਣੇ ਜੁਰਮਾਂ ਦੇ ਮੁਜਰਮਾਂ ਨੂੰ ਬਚਾਉਣ ਦੇ ਯਤਨ ਹਨ। ਅਜਿਹਾ ਬਹੁਤ ਹੀ ਘੱਟ ਹੁੰਦਾ ਹੈ ਕਿ ਕੇਂਦਰੀ ਹਕੂਮਤ ਫ਼ੌਜ ਜਾਂ ਨੀਮ ਫ਼ੌਜੀ ਤਾਕਤਾਂ ਦੇ ਖ਼ਿਲਾਫ਼ ਆਮ ਅਦਾਲਤਾਂ 'ਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਵੇ। ਮਿਸਾਲ ਵਜੋਂ 1989 ਤੋਂ ਲੈ ਕੇ 2011 ਤਕ ਜੰਮੂ ਕਸ਼ਮੀਰ ਵਿਚ ਤਾਇਨਾਤ ਹਿੰਦੁਸਤਾਨੀ ਫ਼ੌਜ ਦੇ ਅਧਿਕਾਰੀਆਂ ਤੇ ਜਵਾਨਾਂ ਦੇ ਖ਼ਿਲਾਫ਼ ਕਾਰਵਾਈ ਹਿੱਤ 44 ਦਰਖ਼ਾਸਤਾਂ ਰੱਖਿਆ ਮੰਤਰਾਲੇ ਨੂੰ ਦਿੱਤੀਆਂ ਗਈਆਂ। ਮੰਤਰਾਲੇ ਨੇ ਇਨ੍ਹਾਂ ਵਿਚੋਂ 33 ਦਰਖ਼ਾਸਤਾਂ ਰੱਦ ਕਰ ਦਿੱਤੀਆਂ, ਜਦਕਿ 11 ਮਾਮਲੇ ਅਜੇ ਤਕ ਵਿਚਾਰ-ਅਧੀਨ ਹਨ। ਪੀੜਤਾਂ ਨੂੰ ਇਨਸਾਫ਼ ਕਿਸੇ ਮਾਮਲੇ 'ਚ ਵੀ ਨਹੀਂ।




***ਆਰਮੀ ਹੈੱਡਕੁਆਰਟਰ ਅੱਗੇ ਨਿਵਸਤਰ ਹੋ ਕੇ ਰੋਸ ਵਿਖਾਵਾ ਕਰ ਰਹੀਆਂ ਮਨੀਪੁਰ ਦੀਆਂ ਮੁਟਿਆਰਾਂ।***

ਇਸ ਦਾ ਤੀਜਾ ਰੂਪ ਨਿਆਂ ਪਾਲਿਕਾ ਦੇ ਫ਼ੈਸਲੇ ਹਨ। ਹਾਲ ਹੀ ਵਿਚ ਕਸ਼ਮੀਰ ਦੇ ਪਥਰੀਬਲ ਮਾਮਲੇ ਵਿਚ ਸੀ.ਬੀ.ਆਈ. ਨੇ ਫ਼ੌਜ ਦੇ ਜਵਾਨਾਂ ਨੂੰ ਅਨੰਤਨਾਗ ਵਿਚ ਪੰਜ ਬੇਕਸੂਰ ਕਸ਼ਮੀਰੀਆਂ ਨੂੰ ਫਰਜ਼ੀ ਮੁਕਾਬਲੇ ਵਿਚ ਕਤਲ ਕਰਨ ਦਾ ਦੋਸ਼ੀ ਮੰਨਿਆ, ਪਰ ਸੁਪਰੀਮ ਕੋਰਟ ਨੇ ਫ਼ੌਜ ਦੀ ਅਪੀਲ ਮਨਜ਼ੂਰ ਕਰਦੇ ਹੋਏ ਆਦੇਸ਼ ਦਿੱਤਾ ਕਿ ਫ਼ੌਜੀ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਕਰਨ ਦਾ ਅਧਿਕਾਰ ਸਿਰਫ਼ ਫ਼ੌਜ ਨੂੰ ਹੈ। ਇਹ ਉਸ ਆਹਲਾ ਅਦਾਲਤ ਦੀ ਫ਼ੌਜ ਦੀ ਮਨਮਾਨੀਆਂ ਕਰਨ ਦੀ ਖ਼ੁਦਮੁਖਤਿਆਰ ਹੈਸੀਅਤ ਉਪਰ ਮੋਹਰ ਸੀ। ਇਹ ਅਦਾਲਤੀ ਵਤੀਰਾ ਆਮ ਨਿਆਂ ਦੇ ਸਰਵ-ਪ੍ਰਵਾਨਤ ਮੂਲ ਅਸੂਲ ਦਾ ਹੀ ਖੁੱਲ੍ਹ-ਮ-ਖੁੱਲ੍ਹਾ ਉਲੰਘਣ ਹੈ। ਕੋਈ ਵੀ ਦੋਸ਼ੀ ਧਿਰ, ਚਾਹੇ ਉਹ ਸਰਕਾਰੀ ਏਜੰਸੀ ਕਿਉਂ ਨਾ ਹੋਵੇ, ਆਪਣੇ ਮਾਮਲੇ 'ਚ ਖ਼ੁਦ ਹੀ ਮੁਕੱਦਮਾ ਸੁਣ ਕੇ ਫ਼ੈਸਲਾ ਨਹੀਂ ਦੇ ਸਕਦੀ।

ਹੁਕਮਰਾਨਾਂ ਦੇ ਇਸ਼ਾਰੇ 'ਤੇ ਹਥਿਆਰਬੰਦ ਤਾਕਤਾਂ ਵਲੋਂ ਕੀਤੀ ਜਾ ਰਹੀ ਹਿੰਸਾ ਤੇ ਦਹਿਸ਼ਤਗਰਦੀ ਨੂੰ 'ਕੌਮੀ ਹਿੱਤਾਂ', 'ਏਕਤਾ ਤੇ ਅਖੰਡਤਾ' ਅਤੇ 'ਪ੍ਰਭੂਸੱਤਾ' ਦੇ ਨਾਂ ਹੇਠ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਜ਼ਾਹਰਾ ਤੌਰ 'ਤੇ ਇਥੇ ਦੋ ਤਰ੍ਹਾਂ ਦੇ ਕਾਨੂੰਨ ਲਾਗੂ ਹਨ। ਇਕ ਪਾਸੇ ਜਿਥੇ ਔਰਤ ਅੰਦੋਲਨ ਨੇ ਔਰਤਾਂ ਉਪਰ ਹੋ ਰਹੀ ਹਿੰਸਾ ਦੇ ਖ਼ਿਲਾਫ਼ ਸਜ਼ਾ ਯਕੀਨੀ ਬਣਵਾ ਕੇ ਕੁਝ ਜਿੱਤ ਹਾਸਲ ਕੀਤੀ ਗਈ ਹੈ, ਉਥੇ ਦੂਜੇ ਪਾਸੇ 'ਲੜਾਈ ਦੇ ਖੇਤਰਾਂ' (ਕਨਫਲਿਕਟ ਜ਼ੋਨ) ਵਿਚ ਉੱਥੋਂ ਦੇ ਸਮਾਜ ਦੀ ਅਜੇ ਵੀ ਜਬਰ ਜਨਾਹ, ਅਗਵਾ ਅਤੇ ਹਿਰਾਸਤ ਵਿਚ ਮੌਤਾਂ ਦੇ ਮਾਮਲਿਆਂ 'ਚ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕੋਈ ਵਾਹ-ਪੇਸ਼ ਨਹੀਂ ਜਾ ਰਹੀ। ਆਮ ਅਦਾਲਤ ਵਿਚ ਮੁਜਰਮ ਫ਼ੌਜੀਆਂ ਦੇ ਖ਼ਿਲਾਫ਼ ਮੁਕੱਦਮਾ ਚਲਾਉਣਾ ਹੀ ਅਸੰਭਵ ਹੈ। ਇਕ ਹੀ ਤਰ੍ਹਾਂ ਦੇ ਜੁਰਮ ਲਈ ਮੁਲਕ ਵਿਚ ਵੱਖੋ-ਵੱਖਰੇ ਢੰਗਾਂ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਦਾਮਨੀ ਮਾਮਲੇ 'ਚ ਫਾਂਸੀ ਦੀ ਸਜ਼ਾ ਹੈ; ਭਾਵ ਆਮ ਹਾਲਾਤ ਵਾਲੇ ਇਲਾਕਿਆਂ ਵਿਚ ਜਬਰ ਜਨਾਹ ਤੇ ਕਤਲ ਸਜ਼ਾਯੋਗ ਜੁਰਮ ਹਨ, ਪਰ ਲੜਾਈ ਦੇ ਖੇਤਰਾਂ 'ਚ ਫ਼ੌਜ-ਨੀਮ ਫ਼ੌਜ ਜਾਂ ਪੁਲਿਸ ਵਲੋਂ ਕੀਤੇ ਇਸੇ ਤਰ੍ਹਾਂ ਦੇ ਜੁਰਮਾਂ 'ਚ ਸਜ਼ਾ ਤੋਂ ਮੁਕੰਮਲ ਛੋਟ ਹੈ। ਇਥੇ ਜਬਰ ਜਨਾਹ ਅਤੇ ਦਮਨ ਇਨ੍ਹਾਂ ਦੀ ਸਰਕਾਰੀ ਡਿਊਟੀ ਦਾ ਹਿੱਸਾ ਹੈ। ਅਜੇ ਵੀ 'ਮੁੱਖਧਾਰਾ' ਉਮੀਦ ਕਰਦੀ ਹੈ ਕਿ ਇਨ੍ਹਾਂ ਖੇਤਰਾਂ ਦੇ ਆਵਾਮ 'ਇੰਤਹਾਪਸੰਦੀ' ਦਾ ਸਾਥ ਨਾ ਦੇਣ।

15 ਅਗਸਤ ਦੇ ਦਿਨ ਪੂਰੀ ਧੂਮਧਾਮ ਨਾਲ 'ਆਜ਼ਾਦੀ' ਦੇ ਜਸ਼ਨ ਮਨਾਏ ਜਾਣਗੇ। ਉਸ ਸਰਜ਼ਮੀਨ ਉਪਰ ਜਿੱਥੇ ਔਰਤ ਦਾ ਸਵੈ-ਮਾਣ ਉਨ੍ਹਾਂ ਤਾਕਤਾਂ ਹੱਥੋਂ ਹੀ ਖ਼ਤਰੇ 'ਚ ਹੈ ਜਿਨ੍ਹਾਂ ਦੀ ਉਸਾਰੀ ਹੀ 'ਰਾਖੀ' ਦੇ ਉਦੇਸ਼ ਨਾਲ ਕੀਤੀ ਗਈ ਹੈ। ਕੀ ਕਿਸੇ ਸਮਾਜ ਨਾਲ ਇਸ ਤੋਂ ਕੁਹਜਾ ਮਜ਼ਾਕ ਹੋ ਸਕਦਾ ਹੈ?

---

# ਕਿਸ 'ਨੁਕਸਾਨ' ਦੇ ਇੰਤਜ਼ਾਮ 'ਚ ਮਸਰੂਫ਼ ਹੈ ਬਾਦਲ ਹਕੂਮਤ?

***(ਪਿਛਲੇ ਸਫੇ ਦੀ ਬਾਕੀ)***

ਪ੍ਰੋਵਾਈਡਰਾਂ ਦੇ ਨਾਂ ਹੇਠ 5000 ਕੁੜੀਆਂ ਅਤੇ 2000 ਮੁੰਡੇ ਆਰਜ਼ੀ ਨੌਕਰੀ 'ਤੇ ਰੱਖੇ ਹੋਏ ਹਨ। 2011 'ਚ ਉਦੋਂ ਦੇ ਸਿਖਿਆ ਮੰਤਰੀ ਵਲੋਂ ਉਨ੍ਹਾਂ ਨੂੰ ਰੈਗੂਲਰ ਕਰਨ ਅਤੇ ਸਹੀ ਪੇ-ਸਕੇਲ ਦੇਣ ਦਾ ਜੋ ਵਾਅਦਾ ਕੀਤਾ ਸੀ, ਉਹ ਅੱਜ ਤਕ ਵਫ਼ਾ ਨਹੀਂ ਹੋਇਆ। ਇਰਾਕ ਵਿਚ ਫਸੇ ਨੌਜਵਾਨਾਂ ਦੀ ਜਾਨ ਬਚਾਉਣ ਦੇ ਖੇਖਣ ਕਰ ਰਹੇ ਬਾਦਲਾਂ ਨੂੰ ਪਤਾ ਹੈ ਕਿ ਰੋਜ਼ਗਾਰ ਦੀ ਮੁਕੰਮਲ ਅਣਹੋਂਦ ਹੀ ਨੌਜਵਾਨਾਂ ਨੂੰ ਪਰਦੇਸਾਂ ਵਿਚ ਜਾਨ ਜੋਖ਼ਮ 'ਚ ਪਾਉਣ ਲਈ ਮਜਬੂਰ ਕਰਦੀ ਹੈ। ਇਨ੍ਹਾਂ ਬੇਰੋਜ਼ਗਾਰਾਂ ਅਤੇ ਆਰਜ਼ੀ ਰੋਜ਼ਗਾਰ ਨਾਲ ਵਰਚਾਏ ਨੌਜਵਾਨਾਂ ਦੇ ਸੰਘਰਸ਼ ਹੋਰ ਤਿੱਖੇ ਹੋਣਗੇ ਇਹ ਖ਼ਤਰਾ ਬਾਦਲਾਂ ਦੇ ਸਿਰ 'ਤੇ ਮੰਡਲਾ ਰਿਹਾ ਹੈ।

-ਬਾਦਲਾਂ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਡੇਰਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਰਹੀ ਹੈ। ਹਾਲ ਹੀ ਵਿਚ ਭਾਈਰੂਪਾ (ਜ਼ਿਲ੍ਹਾ ਬਠਿੰਡਾ) ਦੇ ਲੋਕਾਂ ਉਪਰ ਮੜ੍ਹੇ ਸੰਗੀਨ ਕੇਸ ਰਾਜ-ਮਸ਼ੀਨਰੀ ਦੀ ਦੁਰਵਰਤੋਂ ਅਤੇ ਸੱਤਾਧਾਰੀਆਂ ਦੀਆਂ ਮਨਮਾਨੀਆਂ ਦੀ ਆਹਲਾ ਮਿਸਾਲ ਹਨ।

ਇਹ ਉਹ ਨਾਜ਼ੁਕ ਹਾਲਾਤ ਹਨ ਜਿਨ੍ਹਾਂ ਵਿਚ ਆਵਾਮ ਦੀ ਬੇਚੈਨੀ ਤੇ ਸੰਘਰਸ਼ ਵਧ ਰਹੇ ਹਨ।

ਭਾਰਤ ਵਿਚ ਬੇਇਨਸਾਫ਼ੀ ਅਤੇ ਨਾਬਰਾਬਰੀ ਵਾਲੇ ਢਾਂਚੇ ਵਿਰੁਧ ਉਠਣ ਵਾਲੇ ਆਵਾਮੀ ਸੰਘਰਸ਼ਾਂ ਨੂੰ ਸੱਤਾ ਦੀ ਤਾਕਤ ਨਾਲ ਕੁਚਲਣ ਦੀ ਵਿਆਪਕ ਸਮਰੱਥਾ ਵਾਲੇ ਬੇਸ਼ੁਮਾਰ ਕਾਨੂੰਨ ਪਹਿਲਾਂ ਹੀ ਸੰਵਿਧਾਨ ਦੀ ਪੋਥੀ ਦਾ ਸ਼ਿੰਗਾਰ ਹਨ। ਅੰਗਰੇਜ਼ਾਂ ਦੇ ਜ਼ਮਾਨੇ ਅਤੇ 'ਆਜ਼ਾਦ ਹਿੰਦੁਸਤਾਨ' ਦੇ ਬਣਾਏ ਇਨ੍ਹਾਂ ਕਾਨੂੰਨਾਂ ਦੀ ਮੂਲ ਫ਼ਿਤਰਤ ਸਾਂਝੀ ਹੈ। ਇਕ ਪਾਸੇ ਇਹ ਸੱਤਾ 'ਤੇ ਕਾਬਜ਼ ਥੋੜ੍ਹੀ ਗਿਣਤੀ ਸਰਮਾਏਦਾਰਾਂ-ਜਗੀਰਦਾਰਾਂ, ਨੌਕਰਸ਼ਾਹੀ ਅਤੇ ਮੁੱਖਧਾਰਾ ਸਿਆਸਤਦਾਨਾਂ ਦੀ ਜਮਾਤ ਦੇ ਹਿੱਤਾਂ ਦੀ ਸੁਰੱਖਿਆ ਦੀ ਜ਼ਾਮਨੀ ਹਨ, ਦੂਜੇ ਪਾਸੇ ਬਹੁ-ਗਿਣਤੀ ਮਿਹਨਤਕਸ਼ ਆਵਾਮ ਦੀ ਹੱਕ-ਜਤਾਈ ਨੂੰ ਦਬਾਉਣ ਤੇ ਉਨ੍ਹਾਂ ਨੂੰ ਨਿਤਾਣੇ, ਮੁਥਾਜ ਤੇ ਬੇਵਸ ਮੰਗਤੇ ਬਣਾਈ ਰੱਖਣ ਦਾ ਜਾਬਰ ਸੰਦ ਹਨ। ਬਾਦਲਾਂ ਨੂੰ ਪਹਿਲਾਂ ਹੀ ਬੇਥਾਹ ਦਮਨਕਾਰੀ ਰਾਜ-ਮਸ਼ੀਨਰੀ ਦੇ ਹੁੰਦਿਆਂ ਹੋਰ ਕਾਨੂੰਨ ਬਣਾਉਣ ਦੀ ਲੋੜ ਇਸ ਲਈ ਵੀ ਹੈ ਕਿ ਉਹ ਰਾਜ-ਧਰਮ ਦੇ ਮੁੱਢਲੇ ਕਾਇਦੇ-ਕਾਨੂੰਨਾਂ ਨੂੰ ਪੂਰੀ ਤਰ੍ਹਾਂ ਛਿੱਕੇ ਟੰਗ ਕੇ ਸੂਬੇ ਨੂੰ ਆਪਣੀ ਨਿੱਜੀ ਸਲਤਨਤ ਵਾਂਗ ਚਲਾ ਰਹੇ ਹਨ। ਸਰਕਾਰੇ-ਦਰਬਾਰੇ ਆਵਾਮ ਦੀ ਸੁਣਵਾਈ ਤੇ ਇਨਸਾਫ਼ ਖੰਭ ਲਾ ਕੇ ਉਡ ਚੁੱਕੇ ਹਨ ਅਤੇ ਕੂੜ ਪ੍ਰਧਾਨ ਹੈ। ਇਨ੍ਹਾਂ ਹਾਲਾਤ ਵਿਚ ਨਿੱਜੀ ਸਲਤਨਤ ਦੀ ਸੁਖਬੀਰ ਮਾਰਕਾ ਮੈਨੇਜਮੈਂਟ ਵਿਚੋਂ ਅਜਿਹੇ ਨਵੇਂ ਵਧੇਰੇ ਦਮਨਕਾਰੀ ਕਾਨੂੰਨ ਜਨਮ ਲੈ ਰਹੇ ਹਨ। ਦਰਅਸਲ ਬਾਦਲਕੇ ਇਸ ਜ਼ਮੀਨੀ ਹਕੀਕਤ ਨਾਲ ਜੂਝ ਰਹੇ ਆਵਾਮ ਦੇ ਨਿੱਤ ਦੇ ਸੰਘਰਸ਼ਾਂ ਤੋਂ ਖਹਿੜਾ ਛੁਡਾਉਣਾ ਅਤੇ ਆਪਣਾ ਬਾਕੀ ਰਹਿੰਦਾ ਸਮਾਂ ਲੁੱਟਮਾਰ ਦਾ ਰਾਜ ਬੇਰੋਕ-ਟੋਕ ਚਲਾਉਣਾ ਚਾਹੁੰਦੇ ਹਨ।

ਜਥੇਬੰਦ ਸੰਘਰਸ਼ ਰਾਹੀਂ ਸਰਕਾਰ ਦੀਆਂ ਗ਼ਲਤ ਨੀਤੀਆਂ ਵਿਰੁਧ ਜਨਤਕ ਦਬਾਅ ਲਾਮਬੰਦ ਕਰ ਕੇ ਹਕੂਮਤ ਨੂੰ ਲੋਕ ਵਿਰੋਧੀ ਅਤੇ ਸਮਾਜਕ ਤਰੱਕੀ ਵਿਰੋਧੀ ਨੀਤੀਆਂ ਵਾਪਸ ਲੈਣ ਲਈ ਮਜਬੂਰ ਕਰਨਾ ਜਮਹੂਰੀਅਤ ਦਾ ਮੁੱਖ ਸਾਧਨ ਹੈ; ਪਰ ਹਿੰਦੁਸਤਾਨ ਦੀ ਹੁਕਮਰਾਨ ਜਮਾਤ ਲਈ ਜਮਹੂਰੀਅਤ ਮਹਿਜ਼ ਜਾਪ ਕਰਨ ਵਾਲਾ ਮੰਤਰ ਹੈ, ਹਕੀਕਤ 'ਚ ਇਸ ਨੂੰ ਲਾਗੂ ਕਰਨਾ ਉਹ ਜ਼ਰੂਰੀ ਨਹੀਂ ਸਮਝਦੇ।

ਲਿਹਾਜ਼ਾ ਅਜਿਹੇ ਦਮਨਕਾਰੀ ਕਦਮ ਵਾਰ-ਵਾਰ ਸਾਹਮਣੇ ਆ ਰਹੇ ਹਨ ਜੋ ਨਾਗਰਿਕਾਂ ਦੇ ਜਮਹੂਰੀ ਹੱਕਾਂ ਉਪਰ ਵੱਡਾ ਹਮਲਾ ਹਨ। ਇਨ੍ਹਾਂ ਦੇ ਪਿੱਛੇ ਹਕੂਮਤੀ ਨੀਤੀਆਂ ਨਾਲ ਅਸਹਿਮਤ ਆਵਾਜ਼ਾਂ, ਖ਼ਾਸ ਕਰ ਕੇ ਜਥੇਬੰਦ ਲੋਕ ਸੰਘਰਸ਼ਾਂ ਨੂੰ ਦਬਾਉਣ ਅਤੇ ਮਨੁੱਖ ਜ਼ਿੰਦਗੀ ਦੀ ਬਿਹਤਰੀ ਲਈ ਸੰਘਰਸ਼ ਦੇ ਜਮਹੂਰੀ ਹੱਕ ਨੂੰ ਕੁਚਲਣ ਦਾ ਚੰਦਰਾ ਇਰਾਦਾ ਕੰਮ ਕਰਦਾ ਹੈ। ਇਨ੍ਹਾਂ ਦਾ ਇਕੋ ਇਕ ਮਨੋਰਥ ਜਥੇਬੰਦ ਸੰਘਰਸ਼ਾਂ ਨੂੰ ਫਾਸ਼ੀਵਾਦੀ ਦਮਨ ਦੀ ਮਾਰ ਹੇਠ ਲਿਆ ਕੇ ਜਮਹੂਰੀ ਚੇਤਨਾ ਨੂੰ ਕਮਜ਼ੋਰ ਕਰਨਾ ਅਤੇ ਜਮਹੂਰੀ ਹੱਕਾਂ ਦੀ ਸਪੇਸ ਨੂੰ ਹੋਰ ਸੁੰਗੇੜਨਾ ਹੈ। ਲਿਹਾਜ਼ਾ ਅਜਿਹੇ ਕਾਨੂੰਨ ਜਮਹੂਰੀਅਤ ਦੀ ਮੂਲ ਭਾਵਨਾ ਦਾ ਹੀ ਨਿਖੇਧ ਹਨ, ਪਰ ਇਤਿਹਾਸ ਗਵਾਹ ਹੈ ਕਿ ਸੱਤਾ ਦਾ ਜਬਰ-ਜ਼ੁਲਮ ਆਵਾਮ ਦੀ ਇਨਸਾਫ਼ ਅਤੇ ਚੰਗੀ ਜ਼ਿੰਦਗੀ ਲਈ ਜੱਦੋਜਹਿਦ ਦੀ ਰੀਝ ਨੂੰ ਕਦੇ ਵੀ ਖ਼ਤਮ ਨਹੀਂ ਕਰ ਸਕਿਆ।

# ਲਤੀਫੇ ਵਰਗਾ ਲੇਖ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਜਨਵਰੀ ਮਹੀਨੇ ਦਾ ਅਖੀਰ ਹਫਤਾ ਚੱਲ ਰਿਹਾ ਸੀ। ਉਸ ਦਿਨ ਮੈਂ ਰੋਜ਼ਾਨਾ ਦੇ ਨੇਮ ਮੁਤਾਬਕ ਦਰਿਆ ਵੱਲ ਸੈਰ ਕਰਨ ਜਾਣਾ ਇਸ ਕਾਰਨ ਰੱਦ ਨਹੀਂ ਸੀ ਕੀਤਾ ਕਿ ਬਾਹਰ ਗੂੜ੍ਹੀ ਧੁੰਦ ਪਈ ਹੋਈ ਸੀ; ਸਗੋਂ 'ਵਾਕ' ਇਸ ਕਰ ਕੇ ਕੈਂਸਲ ਕੀਤੀ ਸੀ ਕਿਉਂਕਿ ਰਾਤੀਂ ਖਾਓ-ਪੀਓ ਵੇਲੇ ਮੈਨੂੰ ਪਿੰਡ ਦੇ ਇਕ ਪੰਚ ਦਾ ਫੋਨ ਆਇਆ ਸੀ ਕਿ 'ਅਸੀਂ ਸੁਵਖਤੇ ਤੁਹਾਨੂੰ ਮਿਲਣ ਆਉਣਾ ਹੈ, ਸਾਨੂੰ ਉਡੀਕ ਕੇ ਕਿਤੇ ਜਾਇਓ।' ਆਪਣੇ ਵਿਹੜੇ ਵਿਚ ਹੀ ਮੈਂ ਦੋ-ਚਾਰ ਕੁ ਸੌਖੀਆਂ ਜਿਹੀਆਂ ਕਸਰਤਾਂ ਕਰ ਕੇ ਨੂਰ-ਨੂਰ ਕਰਦਾ ਅੰਦਰ ਆ ਵੜਿਆ। ਬੈਠਕ ਵਿਚ ਸੋਫੇ 'ਤੇ ਬੈਠਾ-ਬੈਠਾ ਮੈਂ ਆਉਣ ਵਾਲੇ ਪੰਚਾਂ ਦੇ 'ਮਿਸ਼ਨ' ਬਾਰੇ ਸੋਚਣ ਲੱਗ ਪਿਆ, ਕਿਉਂ ਜੁ ਉਨ੍ਹਾਂ ਮੈਨੂੰ ਰਾਤੀਂ ਹੀ ਥੋੜ੍ਹਾ ਜਿਹਾ ਇਸ਼ਾਰਾ ਕਰ ਦਿੱਤਾ ਸੀ; ਅਖੇ, ਅਸੀਂ ਪਿੰਡ ਦੇ ਸ਼ਮਸ਼ਾਨਘਾਟ ਦੇ ਸੁਧਾਰ ਵਾਸਤੇ 'ਕਾਰ ਸੇਵਾ' ਅਰੰਭੀ ਹੋਈ ਹੈ, ਉਸ ਵਿਚ ਤੁਹਾਡਾ ਹਿੱਸਾ ਪੁਆਉਣਾ ਹੈ।

ਮੈਨੂੰ ਸ਼ਮਸ਼ਾਨਘਾਟ ਬਾਰੇ ਭਗਵੰਤ ਮਾਨ ਦਾ ਟੋਟਕਾ ਚੇਤੇ ਕਰ ਕੇ ਹਾਸਾ ਆ ਰਿਹਾ ਸੀ। ਇਕ ਸੀ.ਡੀ. ਵਿਚ ਪੇਂਡੂ ਲੋਕਾਂ ਵੱਲੋਂ ਕਿਸੇ ਐਮ.ਐਲ.ਏ. ਜਾਂ ਵਜ਼ੀਰ ਕੋਲੋਂ ਸਿਵਿਆਂ ਦੇ ਸੁਧਾਰ ਲਈ ਗ੍ਰਾਂਟਾਂ ਮੰਗਣ 'ਤੇ ਵਿਅੰਗ ਕੱਸਦਿਆਂ ਉਹ ਕਹਿੰਦਾ ਹੈ, "ਓ ਯਾਰੋ, ਐਧਰੋਂ ਉਥੇ ਨੂੰ ਕੋਈ ਜਾਣਾ ਨਹੀਂ ਚਾਹੁੰਦਾ! ਉਧਰ ਗਿਆਂ ਨੇ ਕੋਈ ਸ਼ਿਕਾਇਤ ਲੈ ਕੇ ਇੱਧਰ ਆਉਣਾ ਨਹੀਂ। ਸੋ, ਕਿਸੇ ਚੱਜ ਦੇ ਕੰਮ ਲਈ ਗ੍ਰਾਂਟ ਮੰਗ ਲਓ। ਕੋਈ ਲਾਇਬਰੇਰੀ ਹੀ ਬਣਵਾ ਲਓ ਜੋ ਜਿਉਂਦਿਆਂ ਦੀ ਜ਼ਿੰਦਗੀ ਸੁਧਾਰ ਦੇਵੇ। ਐਵੇਂ ਕਾਹਨੂੰ ਸਿਵਿਆਂ 'ਤੇ ਪੈਸੇ ਰੋੜ੍ਹਨ ਡਹੇ ਹੋ।"

ਆਉਣ ਵਾਲੇ ਪੰਚਾਇਤੀਆਂ ਨੂੰ ਸਿਵਿਆਂ ਵਾਲੇ ਨਖਤੰਮੇ ਕੰਮ ਤੋਂ ਵਰਜਣ ਲਈ, ਮੈਂ ਮਨ ਹੀ ਮਨ ਦਲੀਲਾਂ ਦੀਆਂ ਲੜੀਆਂ ਜੋੜ ਰਿਹਾ ਸਾਂ ਕਿ ਸਾਡੇ ਗੇਟ ਦੇ ਬਾਹਰ ਕਾਰ ਦਾ ਹਾਰਨ ਵੱਜਿਆ। ਬੇਟਾ ਗੇਟ ਖੋਲ੍ਹਣ ਜਾ ਰਿਹਾ ਸੀ। ਮੈਨੂੰ ਆਪਣੇ ਆਪ 'ਤੇ ਪਛਤਾਵਾ ਹੋਣ ਲੱਗਾ, 'ਮਨਾ! ਅਸੀਂ ਵਿਦੇਸ਼ਾਂ 'ਚ ਬੈਠੇ ਐਵੇਂ ਪੰਜਾਬ ਬਾਰੇ ਝੂਰੀ ਜਾਂਦੇ ਰਹਿੰਦੇ ਹਾਂ। ਪੰਜਾਬ ਡੁੱਬ ਚੱਲਿਆ... ਖੁਦਕੁਸ਼ੀਆਂ... ਕਰਜਾ...ਨਸ਼ਿਆਂ ਨੇ ਮਾਰ'ਤਾ। ਪੰਜਾਬ ਦੇ ਤਾਂ ਪਿੰਡਾਂ ਵਿਚ ਵੀ ਇੰਨੀ ਅਮੀਰੀ ਆ ਗਈ ਹੈ ਕਿ ਇਹ ਹੁਣ ਪਿੰਡ ਵਿਚ ਵੀ ਕਿਸੇ ਦੇ ਘਰੇ ਜਾਣ ਲਈ ਕਾਰ 'ਤੇ ਚੜ੍ਹ ਕੇ ਜਾਂਦੇ ਨੇ। ਇਹ ਤਾਂ ਪੂਰੇ ਰੰਗਾਂ 'ਚ ਵਸਦੇ ਨੇ। ਅਸੀਂ ਲੋਕ ਐਵੇਂ ਪਰਦੇਸਾਂ ਵਿਚ ਬੈਠੇ ਕੁੜ੍ਹੀ ਜਾਨੇ ਹਾਂ।'

ਅਮੀਰੀ ਦੀ ਨਿਸ਼ਾਨੀ ਮੰਨੀ ਜਾਂਦੀ ਵੱਡੀ ਚਿੱਟੀ ਕਾਰ ਸਾਡੇ ਵਿਹੜੇ 'ਚ ਆ ਕੇ ਰੁਕੀ। ਖੜੱਚ-ਖੜੱਚ ਦੀ ਆਵਾਜ਼ ਨਾਲ ਕਾਰ ਦੀਆਂ ਬਾਰੀਆਂ ਖੁੱਲ੍ਹੀਆਂ। ਗਰਾਈਆਂ ਦੀ ਥਾਂ ਕਾਰ ਵਿਚੋਂ ਓਪਰੇ ਜਿਹੇ ਚਾਰ ਬੰਦੇ ਉਤਰੇ। ਤਿੰਨ ਕਲੀਨ ਸ਼ੇਵ, ਇਕ ਸਰਦਾਰ! ਅੰਦਰ ਬੈਠਾ ਮੈਂ ਤਾਕੀ ਦੀਆਂ ਜਾਲੀਆਂ ਵਿਚੋਂ ਸਭ ਦੇਖ ਰਿਹਾ ਸਾਂ। ਚਹੁੰਆਂ ਦੇ ਹੀ ਟੌਹਰ ਟੱਪੇ ਤੋਂ ਇੰਜ ਜਾਪ ਰਿਹਾ ਸੀ, ਜਿਵੇਂ ਇਹ ਵੀ ਕੋਈ ਐਨ.ਆਰ.ਆਈ. ਹੋਣ। ਵਿਹੜੇ ਵਿਚੋਂ ਆ ਰਹੀ ਇਨ੍ਹਾਂ ਦੇ ਬੂਟਾਂ ਦੀ ਖੜੱਪ-ਖੜੱਪ ਸੁਣ ਕੇ ਮੈਂ ਅੰਦਾਜ਼ਿਆਂ ਦੇ ਘੋੜੇ ਦੁੜਾਉਣ ਲੱਗਾ, 'ਜੇ ਇਹ ਕੋਈ ਬਾਹਰੋਂ ਆਏ ਸੱਜਣ ਹੁੰਦੇ, ਤਦ ਇਨ੍ਹਾਂ ਨੇ ਬਿਨਾਂ ਅਗਾਊਂ ਫੋਨ ਕੀਤਿਆਂ ਇੰਜ ਅਚਨਚੇਤੀ ਨਹੀਂ ਸੀ ਆਉਣਾ।...ਅਸੀਂ ਕਿਉਂਕਿ ਅਮਰੀਕਾ ਤੋਂ ਆਪਣੇ ਬੇਟੇ ਦਾ ਵਿਆਹ ਕਰਨ ਗਏ ਸੀ; ਸੋਚਿਆ, ਕੋਈ ਆਪਣੀ ਕੁੜੀ ਦਾ ਰਿਸ਼ਤਾ ਕਰਨ ਦਾ ਚਾਹਵਾਨ ਹੋਵੇਗਾ।...ਫਿਰ ਇਹ ਗੱਲ ਵੀ ਮੇਰੇ ਮਨ ਨੂੰ ਨਾ ਲੱਗੀ, ਕਿਉਂਕਿ ਇਹੋ ਜਿਹੇ ਕੰਮਾਂ ਵਿਚ ਕਿਸੇ ਨਾ ਕਿਸੇ ਵਿਚੋਲੇ ਦਾ ਹੋਣਾ ਲਾਜ਼ਮੀ ਹੁੰਦਾ ਹੈ, ਪਰ ਇਨ੍ਹਾਂ ਚਾਰੇ ਬੰਦਿਆਂ 'ਚ ਕੋਈ ਵੀ ਸਾਡਾ ਜਾਣੂ ਨਹੀਂ ਸੀ। ਉਧੇੜ-ਬੁਣ ਵਿਚ ਪਿਆ ਮੈਂ ਉਨ੍ਹਾਂ ਬਾਰੇ ਸਿਵਲ ਕੱਪੜਿਆਂ 'ਚ ਪੁਲਸੀਏ ਹੋਣ ਦਾ ਸ਼ੱਕ ਕਰ ਹੀ ਰਿਹਾ ਸਾਂ ਕਿ ਉਨ੍ਹਾਂ ਨੇ ਅੰਦਰ ਵੜਦਿਆਂ ਹੀ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਏ।

ਉਨ੍ਹਾਂ ਦੇ ਨਰਮ-ਨਰਮ ਨਿੱਘੇ ਹੱਥਾਂ ਤੋਂ ਭਾਵੇਂ ਇਹ ਸਾਫ ਮਲੂਮ ਹੋ ਰਿਹਾ ਸੀ ਕਿ ਉਹ ਏ.ਸੀ. ਗੱਡੀ ਵਿਚ ਸਫਰ ਕਰ ਕੇ ਆਏ ਹਨ, ਪਰ ਉਨ੍ਹਾਂ ਨੇ 'ਸਤਿ ਸ੍ਰੀ ਅਕਾਲ' ਤੋਂ ਬਾਅਦ ਬਾਹਰ ਪੈ ਰਹੀ ਕੜਾਕੇਦਾਰ ਠੰਢ ਤੇ ਸੰਘਣੀ ਧੁੰਦ ਦਾ ਜ਼ਿਕਰ ਕਰਦਿਆਂ ਗੱਲਾਂ ਦੀ ਪੂਣੀ ਛੋਹੀ। ਸਾਡੇ ਘਰ ਦੀ ਰਸੋਈ ਵਿਚ ਹੁੰਦੀ ਘੁਸਰ-ਮੁਸਰ ਮੇਰੇ ਕੰਨਾਂ ਤੱਕ ਵੀ ਪਹੁੰਚਣ ਲੱਗ ਪਈ। ਉਨ੍ਹਾਂ ਅਣਪਛਾਤੇ ਅਤੇ ਬਿਨ-ਬੁਲਾਏ ਮਹਿਮਾਨਾਂ ਦੀਆਂ ਗੱਲਾਂ ਦਾ ਦਿਲ ਰੱਖਵਾਂ ਜਿਹਾ ਹੁੰਗਾਰਾ ਭਰਦਿਆਂ ਮੈਂ ਵੀ ਉਕੋ-ਚਿੱਤੀ ਵਿਚ ਪਿਆ ਹੋਇਆ ਸਾਂ। ਉਨ੍ਹਾਂ ਦੀ ਨਕਲੋ-ਹਰਕਤ ਤੋਂ ਕਿਆਫੇ ਲਾਉਣ ਦੀ ਅੰਦਰੂਨੀ ਕਸ਼ਮਕਸ਼ ਚੱਲੀ ਜਾ ਰਹੀ ਸੀ, ਪਰ ਪੱਲੇ ਕੱਖ ਨਹੀਂ ਸੀ ਪੈ ਰਿਹਾ ਕਿ ਇਹ ਭੱਦਰਪੁਰਸ਼ ਹੋਏ ਕੌਣ?

"ਤੁਹਾਡਾ ਸਫਰ ਫੇ' ਠੀਕ-ਠਾਕ ਰਿਹਾ ਸਰਦਾਰ ਸਾਬ੍ਹ ਜੀ?" ਉਨ੍ਹਾਂ ਵਿਚੋਂ ਇਕ, ਕਾਫੀ ਮੋਟੇ ਢਿੱਡ ਵਾਲੇ ਬਾਬੂ ਨੇ ਆਪਣੀ ਟਾਈ ਸਵਾਰ ਕੇ ਗੱਲਬਾਤ ਦਾ ਕਾਂਟਾ ਬਦਲਿਆ। ਮੈਂ ਭਾਵੇਂ ਮੂੰਹੋਂ 'ਹਾਂ ਜੀ-ਹਾਂ ਜੀ' ਕਹਿ ਰਿਹਾ ਸਾਂ, ਪਰ ਨਜ਼ਰ ਮੇਰੀ ਇਕ ਪਾਸੇ ਬੈਠੇ ਉਨ੍ਹਾਂ ਦੇ ਸਾਥੀ ਸਰਦਾਰ ਜੀ 'ਤੇ ਹੀ ਕੇਂਦ੍ਰਿਤ ਰਹੀ ਜੋ ਆਪਣੇ ਨਾਲ ਲਿਆਂਦੇ ਕਾਲੇ ਬੈਗ ਦੀ ਜ਼ਿੱਪ ਖੋਲ੍ਹਣ ਲੱਗ ਪਏ ਸਨ।

ਮੇਰੇ ਸਮੇਤ ਬਾਕੀ ਅਸੀਂ ਸਾਰੇ ਇਕ-ਇਕ ਬਿਸਕੁਟ ਚੁੱਕ ਕੇ ਚਾਹ ਪੀਣ ਲੱਗ ਪਏ, ਪਰ ਬੈਗ ਖੋਲ੍ਹਣ ਵਾਲੇ ਸਰਦਾਰ ਜੀ ਬੈਗ ਦੀ ਫਰੋਲਾ-ਫਰਾਲੀ ਕਰਨ ਲੱਗ ਪਏ। ਕਾਗਜ਼ ਪੱਤਰ ਜਿਹੇ ਆਸੇ-ਪਾਸੇ ਕਰਦਿਆਂ ਉਨ੍ਹਾਂ ਪਹਿਲਾਂ ਇਕ ਐਲਬਮ ਕੱਢ ਕੇ ਮੇਜ਼ 'ਤੇ ਰੱਖੀ। ਮੇਜ਼ 'ਤੇ ਟੇਢੀ ਪਈ ਐਲਬਮ ਉਤੋਂ ਮੈਂ ਹਾਲੇ ਵਿੰਗੀ ਜਿਹੀ ਗਰਦਨ ਕਰ ਕੇ ਅੱਖਰ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਸਰਦਾਰ ਜੀ ਨੇ ਬੈਗ ਵਿਚੋਂ ਇਕ ਹੋਰ ਕਿਤਾਬ ਜਿਹੀ ਕੱਢ ਕੇ ਮੇਜ਼ ਉਪਰ ਟਿਕਾ ਦਿੱਤੀ।

ਉਹੀ ਗੱਲ ਹੋਈ। ਅਖੇ 'ਪੁੱਟਿਆ ਪਹਾੜ ਨਿਕਲਿਆ ਚੂਹਾ!' ਉਸ ਕਿਤਾਬ ਜਿਹੀ ਵਿਚ ਰੱਖਿਆ ਨੀਲੇ ਰੰਗ ਦਾ ਕਾਰਬਨ ਪੇਪਰ ਬਾਹਰ ਨਿਕਲਿਆ ਹੋਇਆ ਦਿਖਾਈ ਦੇ ਰਿਹਾ ਸੀ। ਮੈਨੂੰ ਸਮਝਦਿਆਂ ਇਕ ਪਲ ਵੀ ਨਾ ਲੱਗਾ ਕਿ ਰਸੀਦ ਬੁੱਕ ਅਤੇ ਐਲਬਮ ਚੁੱਕੀ ਫਿਰਦੇ ਇਹ ਕੋਈ 'ਹਾਈ-ਫਾਈ ਕਾਰ ਸੇਵਕ' ਨੇ।

ਉਗਰਾਹੀ ਕਰਨ ਵਾਲਿਆਂ ਸਾਰਿਆਂ ਨੂੰ ਇਕੋ ਰੱਸੇ ਤਾਂ ਨਹੀਂ ਬੰਨ੍ਹਿਆ ਜਾ ਸਕਦਾ, ਤੇ ਨਾ ਹੀ ਸਾਰੀਆਂ ਖ਼ੈਰਾਇਤੀ ਸੰਸਥਾਵਾਂ ਮਾੜੀਆਂ ਹੁੰਦੀਆਂ, ਪਰ ਇਸ ਕਾਰੋਬਾਰ ਬਾਰੇ ਮੇਰਾ ਆਪਣਾ ਤਜਰਬਾ ਬਹੁਤ ਕੌੜਾ-ਕੁਸੈਲਾ ਹੈ। ਬੱਸ, ਇਹੀ ਕਹਿ ਸਕਦਾ ਹਾਂ ਕਿ ਇਨ੍ਹਾਂ ਬੀਬੇ ਰਾਣੇ ਦਿਖਾਈ ਦਿੰਦੇ ਲੋਕਾਂ ਦੇ ਹਾਥੀ ਵਾਂਗ ਖਾਣ ਵਾਲੇ ਦੰਦ ਹੋਰ ਤੇ ਬਾਹਰ ਦਿਸਦੇ ਦੰਦ ਹੋਰ ਹੁੰਦੇ ਹਨ। ਇਹੋ ਜਿਹੇ ਕਪਟੀ ਲੋਕਾਂ ਨੂੰ ਚਾਰ ਛਿੱਲੜ ਦੇਣ ਦੀ ਬਜਾਏ ਮੈਂ ਗਰੀਬ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਲੈ ਦੇਣੀਆਂ ਜਾਂ ਉਸ ਦੀ ਸਕੂਲੀ ਫੀਸ ਦੇਣ ਨੂੰ ਚੰਗਾ ਸਮਝਦਾ ਹਾਂ।

"ਸਾਹਬ ਜੀ, ਅਸੀਂ ਇਕ ਬਹੁਤ ਸਹੂਲਤਾਂ ਵਾਲਾ ਬਿਰਧ ਘਰ...", ਐਲਬਮ ਖੋਲ੍ਹ ਕੇ ਮੇਰੇ ਮੋਹਰੇ ਨੂੰ ਕਰਦਿਆਂ ਇਕ ਜਣਾ ਹੁਸ਼ਿਆਰਪੁਰ ਲਾਗੇ ਕਿਸੇ ਬਿਰਧ ਆਸ਼ਰਮ ਬਾਰੇ ਚਾਨਣਾ ਪਾਉਣ ਹੀ ਲੱਗਾ ਸੀ ਕਿ ਮੈਂ ਜ਼ਰਾ ਖੁਸ਼ਕ ਭਾਸ਼ਾ ਵਿਚ ਉਨ੍ਹਾਂ ਨੂੰ ਪੁੱਛਿਆ, "ਤੁਹਾਨੂੰ ਇੰਡੀ ਦੂਰੋਂ ਮੇਰਾ ਅਮਰੀਕਾ ਤੋਂ ਆਏ ਦਾ ਮੁਸ਼ਕ ਕਿੱਦਾਂ ਆ ਗਿਆ? ਮੈਂ ਤਾਂ ਤੁਹਾਨੂੰ ਜਾਣਦਾ ਈ ਹੈ ਨ੍ਹੀਂ?"

ਸਿਰੇ ਦਾ ਚੁਸਤ ਚਲਾਕ ਜਾਪਦਾ ਟਾਈ ਵਾਲਾ ਬਾਬੂ ਮੈਨੂੰ ਫੂਕ ਛਕਾਉਂਦਿਆਂ ਕਹਿੰਦਾ, "ਲਓ ਜੀ, ਤੁਹਾਨੂੰ ਕੌਣ ਨਹੀਂ ਜਾਣਦਾ ਜਨਾਬ, ਤੁਸੀਂ ਤਾਂ ਚੋਟੀ ਦੇ...!" 'ਫੂਕ ਸ਼ਾਸਤਰ' ਦੇ ਸਾਰੇ ਮੰਤਰ ਪੜ੍ਹਦਿਆਂ ਉਸ ਨੇ ਮੈਨੂੰ ਖੁਸ਼ਵੰਤ ਸਿੰਘ ਦੇ ਹਾਣ ਦਾ ਲੇਖਕ ਬਣਾ ਦਿੱਤਾ। ਸਖਤੀ ਨਾਲ ਐਲਬਮ ਦਾ ਪੋਥਾ ਬੰਦ ਕਰਦਿਆਂ ਮੈਂ ਉਨ੍ਹਾਂ ਨੂੰ ਸੌ ਦਾ ਨੋਟ ਫੜਾਉਂਦਿਆਂ ਵਿਦਾ ਹੋਣ ਲਈ ਆਖ ਦਿੱਤਾ। ਮੇਰੇ ਹੱਥ ਵਿਚ ਸੌ ਦਾ ਇਕੋ ਨੋਟ ਦੇਖ ਕੇ, ਅਮਰੀਕਾ ਦੀ 'ਮੋਟੀ ਸਾਮੀ' ਨੂੰ ਝੋਟਣ ਦੇ ਉਨ੍ਹਾਂ ਦੇ ਸਾਰੇ ਮਨਸੂਬੇ ਹਵਾ ਵਿਚ ਹੀ ਉਡ-ਪੁਡ ਗਏ। ਮੈਥੋਂ ਕੁਝ ਹੋਰ 'ਝਾੜਨ' ਦੀ ਝਾਕ ਵਿਚ ਉਨ੍ਹਾਂ ਬਹੁਤ 'ਲੱਲੇ-ਭੱਭੇ' ਕੀਤੇ, ਪਰ ਚਾਹ ਛਕਾਉਣ ਬਾਅਦ ਉਨ੍ਹਾਂ ਚਾਰੇ ਕਾਰ ਸੇਵਕਾਂ ਨੂੰ ਅਸੀਂ ਰਵਾਨਾ ਕਰ ਦਿੱਤਾ।

ਚੀਨੀ ਕਹਾਵਤ ਹੈ ਕਿ ਘਰੋਂ ਵਿਦਾ ਹੋਏ ਅਣਸੱਦੇ ਪ੍ਰਾਹੁਣਿਆਂ ਦੀਆਂ ਪਿੱਠਾਂ ਸੋਹਣੀਆਂ ਲਗਦੀਆਂ ਹੁੰਦੀਆਂ ਹਨ। 'ਬੜੇ ਬੇਆਬਰੂ ਹੋ ਕਰ... ਨਿਕਲੇ' ਇਨ੍ਹਾਂ ਬਦੋ-ਬਦੀ ਦੇ ਮਹਿਮਾਨਾਂ ਦੀ 'ਨਿਕਾਸੀ' ਉਪਰੰਤ ਸਾਡੇ ਘਰ ਦੇ ਘੁੱਟੇ ਵੱਟੇ ਮਾਹੌਲ ਵਿਚ ਇਕਦਮ ਹਾਸਣ ਮੱਚ ਗਈ।

"ਟੌਪ ਦੀ ਏ.ਸੀ. ਗੱਡੀ ਵਿਚ ਹੁਸ਼ਿਆਰਪੁਰ ਲਾਗਿਉਂ ਬੰਦੇ ਆਏ ਚਾਰ...ਤੇ ਸਹੇ ਦੇ ਕੰਨ ਵਰਗਾ ਨੋਟ ਮਿਲਿਆ ਇਕ...ਆਹ ਤਾਂ ਸਾਡੇ ਘਰ ਅੱਜ ਉਹੀ ਲਤੀਫੇ ਵਾਲੀ ਗੱਲ ਹੋਈ ਐ।"

ਉਚੀ-ਉਚੀ ਠਹਾਕੇ ਮਾਰ ਕੇ ਹੱਸਦਿਆਂ ਮੇਰੇ ਬੇਟੇ ਨੇ ਲਤੀਫਾ ਸੁਣਾਇਆ; ਅਖੇ, ਬਜ਼ਾਰ ਵਿਚ ਕੋਈ ਸੂਟਿਡ-ਬੂਟਿਡ ਅਮੀਰਜ਼ਾਦਾ ਗੱਡੀ ਵਿਚੋਂ ਬਾਹਰ ਨਿਕਲਿਆ। ਉਹਦੇ ਅੱਗੇ ਭਿਖਾਰੀ ਹੱਥ ਅੱਡ ਕੇ ਬੋਲਿਆ, "ਬਾਬੂ ਜੀ, ਸੁਬ੍ਹਾ ਸੇ ਭੂਖਾ ਘੂੰਮ ਰਹਾ ਹੂੰ...ਭਗਵਾਨ ਕੇ ਨਾਮ ਪਰ ਪਾਂਚ-ਦਸ ਰੁਪਏ ਦੇ ਦੋ, ਕੁਛ ਖਾ ਲੂੰਗਾ।"

ਭਿਖਾਰੀ ਦੇ ਮੂੰਹ 'ਤੇ ਚੁਪੇੜ ਜੜਦਿਆਂ ਬਾਬੂ ਕਹਿੰਦਾ, "ਸਹੁਰਿਓ, ਮੰਗਣ ਲੱਗਿਆਂ ਅਗਲੇ ਦੀ ਸ਼ਾਨੋ-ਸ਼ੌਕਤ ਤਾਂ ਦੇਖ ਲਿਆ ਕਰੋ, ਹੂੰਅ!...ਪਾਂਚ-ਦਸ ਰੁਪਏ!"

ਭਿਖਾਰੀ ਦੀਆਂ ਅੱਖਾਂ 'ਚ ਰਤਾ ਚਮਕ ਆ ਗਈ, "... ਤੋ ਠੀਕ ਹੈ ਬਾਬੂ ਜੀ, ਪੱਚਾਸ ਰੁਪਏ ਦੇ ਦੋ ਫਿਰ?" ਇਕ ਚੁਪੇੜ ਭਿਖਾਰੀ ਦੇ ਹੋਰ ਪੈ ਗਈ। "ਕਮ-ਬਖ਼ਤੇ, ਮੰਗਣ ਵੇਲੇ ਆਪਣੀ ਔਕਾਤ ਵੀ ਦੇਖ ਲਿਆ ਕਰੋ।" ਬਾਬੂ ਨੇ ਦੂਜੀ ਚੁਪੇੜ ਮਾਰਨ ਦਾ ਕਾਰਨ ਵੀ ਦੱਸ ਦਿੱਤਾ।

---

## ਸੰਪਾਦਕ ਦੀ ਡਾਕ

### ਫਿਲਮ 'ਪੰਜਾਬ 1984' ਬਾਰੇ

ਫਿਲਮ 'ਪੰਜਾਬ 1984' ਮੈਂ ਆਪ ਵੀ ਦੇਖੀ ਹੈ ਅਤੇ ਇਨ੍ਹੀਂ ਦਿਨੀਂ ਇਸ ਫਿਲਮ ਬਾਰੇ ਜੋ ਕੁਝ ਛਪਿਆ ਹੈ, ਉਹ ਵੀ ਮੋਟਾ-ਮੋਟਾ ਨਜ਼ਰਾਂ ਵਿਚੋਂ ਕੱਢਿਆ ਹੈ। 'ਪੰਜਾਬ ਟਾਈਮਜ਼' ਦੇ 5 ਜੁਲਾਈ ਵਾਲੇ ਅੰਕ ਵਿਚ ਇਸ ਫਿਲਮ ਦੀ ਪੜਚੋਲ ਵਿਚ ਠੀਕ ਹੀ ਲਿਖਿਆ ਗਿਆ ਹੈ ਕਿ ਉਸ ਕਾਲੇ ਦੌਰ ਨਾਲ ਸਬੰਧਤ ਹਰ ਬੰਦੇ ਦੀ ਆਪਣੀ ਮਾਰਮਿਕ ਕਹਾਣੀ ਹੈ ਅਤੇ ਇਨ੍ਹਾਂ ਲੋਕਾਂ ਦੀਆਂ ਇਹ ਸਾਰੀਆਂ ਕਹਾਣੀਆਂ ਹੀ ਸੱਚੀਆਂ ਹਨ। ਇਸ ਫਿਲਮ ਵਿਚ ਪੰਜਾਬੀ ਬੰਦੇ ਦੀ ਜਿਹੜੀ ਬੇਵਸੀ ਦਿਖਾਈ ਗਈ ਹੈ, ਉਸ ਵੱਲ ਫਿਲਮ ਦੇ ਕੱਟੜ ਆਲੋਚਕ ਧਿਆਨ ਨਹੀਂ ਦੇ ਰਹੇ। ਸੰਘਰਸ਼ ਸੰਘਰਸ਼ ਕੂਕਣ ਵਾਲੇ ਇਨ੍ਹਾਂ ਸੱਜਣਾਂ ਨੂੰ ਤਾਂ ਫਿਲਮ ਦੇ ਨਾਂ 'ਪੰਜਾਬ 1984' ਉਤੇ ਵੀ ਇਤਰਾਜ਼ ਹੈ; ਇਹ ਖੁਦ ਭਾਵੇਂ 1984 ਦੇ ਨਾਂ ਉਤੇ ਜਿੰਨੀ ਮਰਜ਼ੀ ਸਿਆਸਤ ਕਰੀ ਜਾਣ! ਉਸ ਦੌਰ ਬਾਰੇ ਮੈਂ ਇਸ ਫਿਲਮ ਨੂੰ ਕੋਈ ਤੱਥਾਂ 'ਤੇ ਆਧਾਰਤ ਨਹੀਂ ਆਖ ਰਿਹਾ, ਮੇਰਾ ਤਾਂ ਸਿਰਫ ਇੰਨਾ ਕਹਿਣਾ ਹੈ ਕਿ ਜੋ ਹਾਲਾਤ ਇਸ ਫਿਲਮ ਵਿਚ ਪੇਸ਼ ਕੀਤੇ ਗਏ ਹਨ, ਉਹ ਪੰਜਾਬੀਆਂ ਨੇ ਡੇਢ ਦਹਾਕਾ ਤਾਂ ਭੋਗੇ ਹੀ ਹਨ, ਹੁਣ ਤੱਕ ਭੋਗ ਰਹੇ ਹਨ। ਬਹੁਤ ਸਾਰੇ ਪਰਿਵਾਰਾਂ ਨਾਲ ਜਾਂ ਉਨ੍ਹਾਂ ਦੇ ਨੇੜਲਿਆਂ ਨਾਲ ਕੋਈ ਨਾ ਕੋਈ ਭਾਣਾ ਵਰਤ ਚੁੱਕਿਆ ਹੈ ਅਤੇ ਸਾਰੀਆਂ ਧਿਰਾਂ ਆਪੋ-ਆਪਣੇ ਹਿਸਾਬ ਨਾਲ ਅੰਕੜੇ ਇਕੱਠੇ ਕਰੀ ਬੈਠੀਆਂ ਹਨ। ਗੱਲ ਤਾਂ, ਤਾਂ ਬਣਦੀ ਹੈ ਜੇ ਸਮੁੱਚੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਪੜਚੋਲ ਕੀਤੀ ਜਾਵੇ। ਅੱਧੇ ਸੱਚ ਨਾਲ ਤਾਂ ਲੋਕਾਂ ਨੂੰ ਸਿਰਫ ਕੁਝ ਸਮੇਂ ਤੱਕ ਹੀ ਆਪਣੇ ਮਗਰ ਲਾਇਆ ਜਾ ਸਕਦਾ ਹੈ। ਜਦੋਂ ਉਨ੍ਹਾਂ ਨੂੰ ਅਸਲ ਤੱਥਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਆਪੇ ਹੀ ਸਿਰ ਫੜ ਕੇ ਬੈਠ ਜਾਂਦੇ ਹਨ ਅਤੇ ਉਸ ਵਕਤ ਨੂੰ ਕੋਸਦੇ ਹਨ ਜਦੋਂ ਉਹ ਅਜਿਹੇ ਸਿਆਸਤਦਾਨਾਂ ਦੀਆਂ ਚਾਲਾਂ ਵਿਚ ਫਸੇ ਹੁੰਦੇ ਹਨ। ਇਸ ਲਈ ਅੱਜ ਜੇ ਸੱਚ ਜਾਣਨਾ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਲੀਹ ਉਤੇ ਪਾਉਣਾ ਹੈ ਤਾਂ ਉਨ੍ਹਾਂ ਨੂੰ ਉਸ ਸਮੁੱਚੇ ਹਾਲਾਤ ਬਾਰੇ ਦੱਸੀਏ, ਫੈਸਲੇ ਉਹ ਆਪੇ ਹੀ ਕਰ ਲੈਣਗੇ। ਆਪਣੇ ਵੱਲੋਂ ਜੇ ਕੋਈ ਹੀਲਾ ਕੀਤਾ ਜਾ ਸਕਦਾ ਹੈ ਤਾਂ ਉਹ ਇਹੀ ਹੈ ਕਿ ਹਰ ਉਸ ਸ਼ਖਸ ਉਤੇ ਉਂਗਲ ਰੱਖੀ ਜਾਵੇ ਜਿਸ ਦੀ ਸਿਰਫ ਇਕ-ਅੱਧੀ ਗਲਤੀ ਨਾਲ ਹੀ ਪੰਜਾਬ ਘੱਟੋ-ਘੱਟ ਚੌਥਾ ਸਦੀ ਪਿਛਾਂਹ ਜਾ ਮੁੜਿਆ ਸੀ।

*-ਪਲਵਿੰਦਰ ਸਿੰਘ*
*ਮਿਲਪੀਟਸ, ਕੈਲੀਫੋਰਨੀਆ।*

### ਵਿਗਿਆਨੀ ਨਿਊਟਨ ਦਾ ਦੇਸ਼

ਸ. ਤਰਲੋਚਨ ਸਿੰਘ ਦੁਪਾਲਪੁਰ ਧਾਰਮਿਕ ਵਿਸ਼ਿਆਂ ਤੋਂ ਇਲਾਵਾ ਹਲਕੇ-ਫੁਲਕੇ ਸਿਆਸੀ ਤੇ ਸਮਾਜਕ ਵਿਸ਼ਿਆਂ ਨੂੰ ਵੀ ਆਪਣੀ ਸਰਲ, ਸ਼ੁੱਧ ਤੇ ਠੇਠ ਪੰਜਾਬੀ ਅਤੇ ਸੁੰਦਰ ਸ਼ੈਲੀ ਨਾਲ ਦਿਲਕਸ਼ ਬਣਾ ਦਿੰਦੇ ਹਨ। ਉਨ੍ਹਾਂ ਦੇ ਪਾਠਕਾਂ ਦਾ ਘੇਰਾ ਵਿਸ਼ਾਲ ਹੈ। 'ਪੰਜਾਬ ਟਾਈਮਜ਼' ਦੇ 28 ਜੂਨ ਦੇ ਅੰਕ ਵਿਚ ਉਨ੍ਹਾਂ ਨੇ ਕਿਸੇ ਲਿਖਤ ਦੇ ਹਵਾਲੇ ਨਾਲ ਨਿਊਟਨ ਨੂੰ ਅਮਰੀਕੀ ਵਿਗਿਆਨੀ ਤੇ ਸੈਨੇਟ ਦਾ ਮੈਂਬਰ ਦਰਸਾਇਆ ਹੈ। ਦੁਨੀਆਂ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਭੌਤਿਕ ਤੇ ਗਣਿਤ ਵਿਗਿਆਨੀ ਅਤੇ ਮਹਾਨ ਫਿਲਾਸਫਰ ਸਰ ਆਇਜ਼ੈਕ ਨਿਊਟਨ ਅੰਗਰੇਜ਼ (ਇੰਗਲੈਂਡਵਾਸੀ) ਸੀ। ਉਹ ਕੈਂਬਰਿਜ 'ਚ ਪ੍ਰੋਫੈਸਰ, ਰਾਇਲ ਸੁਸਾਇਟੀ ਦਾ ਪ੍ਰਧਾਨ ਤੇ ਉਚ ਸਰਕਾਰੀ ਪਦਵੀ 'ਤੇ ਰਿਹਾ। ਉਸ ਦਾ ਜੀਵਨ ਕਾਲ (1642-1727) ਅਮਰੀਕਾ ਦੀ ਆਜ਼ਾਦੀ ਦੇ ਐਲਾਨ (4 ਜੁਲਾਈ 1776) ਤੋਂ ਕਾਫੀ ਪਹਿਲਾਂ ਦਾ ਹੈ। ਹਾਈ ਸਕੂਲ ਦੇ ਸਾਇੰਸ ਦੇ ਵਿਦਿਆਰਥੀ ਨਿਊਟਨ ਦੇ ਨਾਂ ਤੋਂ ਉਸ ਦੇ ਗਤੀ ਦੇ ਤਿੰਨ ਨਿਯਮਾਂ ਨੂੰ ਪੜ੍ਹਦਿਆਂ ਵਾਕਫ ਤਾਂ ਹੋ ਜਾਂਦੇ ਹਨ ਪਰ ਉਸ ਦੇ ਜੀਵਨ ਬਾਰੇ ਜਾਣਕਾਰੀ ਆਮ ਤੌਰ 'ਤੇ ਅਖਬਾਰਾਂ ਰਸਾਲਿਆਂ ਤੋਂ ਪ੍ਰਾਪਤ ਕਰਦੇ ਹਨ। ਸ. ਦੁਪਾਲਪੁਰ ਨੇ ਵੀ ਨਿਊਟਨ ਸਬੰਧੀ ਜਾਣਕਾਰੀ ਕਿਸੇ ਅਜਿਹੇ ਸਾਧਨ ਤੋਂ ਹੀ ਪ੍ਰਾਪਤ ਕੀਤੀ ਜਾਪਦੀ ਹੈ। ਸ. ਦੁਪਾਲਪੁਰ ਦੇ ਪਾਠਕ ਕਿਉਂਕਿ ਉਨ੍ਹਾਂ ਦੀਆਂ ਲਿਖਤਾਂ 'ਚੋਂ ਹਵਾਲੇ ਦੇ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਤੱਥਾਂ ਦੀ ਘੋਖ ਪੜਤਾਲ ਕਰ ਕੇ ਲਿਖਣਾ ਜ਼ਰੂਰੀ ਹੈ।

ਇਕ ਨੁਕਤਾ ਹੋਰ, ਆਪਣੇ ਲੇਖ ਵਿਚਲੇ ਵਿਚਾਰਾਂ ਦੀ ਪ੍ਰੋੜਤਾ ਲਈ ਤੇ ਵਿਸ਼ੇ ਦੇ ਅਨੁਕੂਲ ਕੋਈ ਸ਼ਿਅਰ, ਖਾਸ ਤੌਰ 'ਤੇ ਉਰਦੂ ਦਾ, ਗਾਲਿਬ ਜਾਂ ਇਕਬਾਲ ਦਾ ਸ਼ਿਅਰ ਅਕਸਰ ਪਰੋਸ ਦਿੱਤਾ ਜਾਂਦਾ ਹੈ। ਸ਼ਿਅਰ ਆਧਾਰ ਸੋਮੇ ਤੋਂ ਨਹੀਂ ਪੜ੍ਹਿਆ ਹੁੰਦਾ, ਇਹ ਸੁਣਿਆ-ਸੁਣਾਇਆ ਜਾਂ ਅਖਬਾਰਾਂ-ਰਸਾਲਿਆਂ ਤੋਂ ਪੜ੍ਹਿਆ ਹੁੰਦਾ ਹੈ। ਸ਼ਿਅਰ ਵਿਚਲੇ ਕਿਸੇ ਸ਼ਬਦ ਦਾ ਸਮਾਨਅਰਥ ਸ਼ਬਦ ਲਿਖ ਕੇ ਅਤੇ ਸ਼ਬਦ ਦੀ ਤਰਤੀਬ ਬਦਲ ਕੇ ਉਸ ਦੇ ਵਜ਼ਨ ਅਤੇ ਰਵਾਨੀ ਵਿਚ ਵਿਘਨ ਪਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸ਼ਿਅਰ ਦੀ ਲਜ਼ਾਕਤ, ਨਫਾਸਤ ਤੇ ਨਜ਼ਾਕਤ ਪਹਿਲਾਂ ਵਾਲੀ ਨਹੀਂ ਰਹਿੰਦੀ। ਸ. ਦੁਪਾਲਪੁਰ ਵਲੋਂ ਲਿਖਿਆ ਇਕਬਾਲ ਦਾ ਸ਼ਿਅਰ, 'ਚੁੱਪ ਨਾ ਰਹ ਸਕਾ ਹਜ਼ਰਤੇ ਯਜ਼ਦਾਂ ਮੇਂ ਭੀ ਇਕਬਾਲ, ਕਰਵਾਏ ਕੋਈ ਬੰਦਾ-ਏ-ਗੁਸਤਾਖ ਕਾ ਮੂੰਹ ਬੰਦ' ਅਸਲ ਵਿਚ ਸ਼ਿਅਰ ਇਉਂ ਹੈ, 'ਚੁਪ ਰਹਿ ਨਾ ਸਕਾ ਹਜ਼ਰਤੇ ਯਜ਼ਦਾਂ ਮੇ ਭੀ ਇਕਬਾਲ, ਕਰਤਾ ਕੋਈ ਇਸ ਬੰਦ-ਏ-ਗੁਸਤਾਖ ਕਾ ਮੂੰਹ ਬੰਦ।' 'ਕਰਵਾਏ ਕੋਈ' ਅਤੇ 'ਕਰਤਾ ਕੋਈ' ਵਿਚ ਫਰਕ ਹੁੰਦਾ ਹੈ।

*-ਮਹਾਂ ਸਿੰਘ ਹਾਂਸ, ਮਿਲਪੀਟਸ, ਫੋਨ: 408-707-9222*

### ਜਤਿੰਦਰ ਪਨੂੰ ਦੇ ਲੇਖ

'ਪੰਜਾਬ ਟਾਈਮਜ਼' ਦੇ 5 ਜੁਲਾਈ ਵਾਲੇ ਅੰਕ ਵਿਚ ਜਤਿੰਦਰ ਪਨੂੰ ਵੱਲੋਂ ਲਿਖਿਆ ਲੇਖ 'ਬਾਦਲ ਦੇ ਰਾਜ 'ਚ ਪੰਜਾਬ ਦਾ ਇਹ ਹਾਲ ਕਿਉਂ?' ਪੜ੍ਹਿਆ। ਸੁਰਜੀਤ ਪਾਤਰ ਦਾ ਸ਼ਿਅਰ ਹੈ ਕਿ ਇੰਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ, ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ', ਪਰ ਜਤਿੰਦਰ ਪਨੂੰ ਤਾਂ ਇਸ ਸ਼ਿਅਰ ਦੀ ਵੀ ਕਦੀ ਪ੍ਰਵਾਹ ਨਹੀਂ ਕਰਦੇ ਅਤੇ ਸਦਾ ਹੀ ਹੱਕ, ਸੱਚ ਤੇ ਇਨਸਾਫ 'ਤੇ ਪਹਿਰਾ ਦਿੰਦੇ ਹਨ, ਜਦੋਂ ਕਿ ਅੱਜ ਦੇ ਸਮੇਂ ਵਿਚ ਹਰ ਮਨੁੱਖ ਭ੍ਰਿਸ਼ਟ, ਬੇਈਮਾਨ, ਪੱਖਪਾਤੀ ਤੇ ਖੁਦਗਰਜ਼ ਹੋ ਚੁੱਕਾ ਹੈ। ਜਤਿੰਦਰ ਪਨੂੰ ਇਸ ਵਾਸਤੇ ਵਧਾਈ ਦੇ ਪਾਤਰ ਹਨ। ਸਾਧੂ ਕਦਰਦਾਨ, ਪਾਰਖ ਤੇ ਪ੍ਰਸ਼ੰਸਕ ਹੋਣਾ ਚਾਹੀਦਾ ਹੈ। ਜਿਹੜਾ ਬੰਦਾ ਭੰਡਣਯੋਗ ਹੈ, ਉਸ ਨੂੰ ਭੰਡਣਾ ਵੀ ਚਾਹੀਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਰੇ ਜੋ ਕੁਝ ਵੀ ਲਿਖਿਆ ਹੈ, ਉਹ ਸੱਚ ਲਿਖਿਆ ਹੈ। ਦੋ ਕੁ ਸ਼ਬਦ ਮੈਂ ਵੀ ਮੁੱਖ ਮੰਤਰੀ ਬਾਦਲ ਬਾਰੇ ਕਹਿਣਾ ਚਾਹੁੰਦਾ ਹਾਂ। ਉਹ ਪੰਜ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਪਰ ਅਫਸੋਸ ਕਿ ਪੰਜਾਬ ਦੀ ਸਿਆਸੀ, ਸਮਾਜਕ, ਧਾਰਮਿਕ, ਸਭਿਆਚਾਰਕ ਤੇ ਆਰਥਿਕ ਦਸ਼ਾ ਕੀ ਹੈ? ਇਸ ਦਸ਼ਾ ਵਿਚ ਉਹ ਲੋਕਾਂ ਵਿਚ ਕਿਹੜੇ ਮੂੰਹ ਨਾਲ ਵਿਚਰਦੇ ਹਨ?

*-ਮਾਸਟਰ ਨਿਰਮਲ ਸਿੰਘ ਲਾਲੀ*

---

### ਜਾਪਾਨੀ ਕਵਿਤਾ ਹਾਇਕੂ

'ਪੰਜਾਬ ਟਾਈਮਜ਼' ਦੇ 28 ਜੂਨ ਦੇ ਅੰਕ ਵਿਚ ਛਪੇ ਸ. ਜਨਮੇਜਾ ਸਿੰਘ ਜੌਹਲ ਦੇ ਹਾਇਕੂ ਪੜ੍ਹ ਕੇ ਨਿਰਾਸ਼ਾ ਹੋਈ। ਇਹ ਹਾਇਕੂ ਨਹੀਂ, ਹਾਇਕੂ ਦੀ ਪੈਰੋਡੀ ਹੈ। ਹਾਇਕੂ ਜਾਪਾਨੀ ਕਵਿਤਾ ਦੀ ਉਹ ਗੰਭੀਰ ਵਿਧਾ ਹੈ ਜੋ ਧੁਨੀ ਵਿਗਿਆਨ ਦੇ ਨਿਯਮਾਂ ਅਨੁਸਾਰ ਸ਼ਬਦ ਪਰੋ ਕੇ ਕਿਸੇ ਵਿਸ਼ੇ ਖਿਆਲ ਜਾਂ ਭਾਵਨਾ ਨੂੰ ਤਿੰਨ ਲਾਈਨਾਂ ਵਿਚ ਪੇਸ਼ ਕਰਦੀ ਹੈ। ਇਸ ਨੂੰ ਮਿਨੀ ਖੁੱਲ੍ਹੀ ਕਵਿਤਾ ਨਹੀਂ ਕਿਹਾ ਜਾ ਸਕਦਾ। ਜਦੋਂ ਅਸੀਂ ਬੋਲਦੇ ਹਾਂ ਤਾਂ ਪੀਟਰ ਇੰਜਣ ਦੀ ਠੱਕ-ਠੱਕ ਵਾਂਗ ਸਾਡੇ ਮੂੰਹ ਵਿਚੋਂ ਧੁਨੀਆਂ ਠੱਕ-ਠੱਕ ਕਰ ਕੇ ਨਿਕਲਦੀਆਂ ਹਨ। ਇਕ ਠੱਕ ਨੂੰ ਸਿਲੇਬਲ ਕਹਿੰਦੇ ਹਨ। ਜਿਵੇਂ ਸ਼ਬਦ 'ਟੀ' ਵਿਚ ਇਕ ਅਤੇ ਸ਼ਬਦ 'ਟੇਬਲ' ਵਿਚ (ਟੇ+ਬਲ) ਦੋ ਸਿਲੇਬਲ ਹਨ; ਇਸ ਤਰ੍ਹਾਂ ਜਾਪਾਨੀ ਹਾਇਕੂ ਵਿਚ ਸਤਾਰਾਂ (17) ਸਿਲੇਬਲ ਹੁੰਦੇ ਹਨ ਜੋ ਸ਼ਬਦਾਂ ਦੇ ਸੰਗੀਤ ਅਨੁਸਾਰ ਤਿੰਨ ਲਾਈਨਾਂ ਵਿਚ ਵੰਡ ਦਿੱਤੇ ਜਾਂਦੇ ਹਨ। ਸ. ਜੌਹਲ ਦੇ ਪਹਿਲੇ ਹਾਇਕੂ 'ਰਿਸ਼ਵਤ ਦਾ ਕੇਸ/ਰਿਸ਼ਵਤ ਦੇ ਕੇ/ਬਰੀ ਹੋ ਗਏ' ਵਿਚ ਕੇਵਲ ਦਸ ਸਿਲੇਬਲ ਹਨ। ਸਤਾਰਾਂ ਸਿਲੇਬਲ ਵਾਲੇ ਹਾਇਕੂ ਛੇ+ਸੱਤ+ਚਾਰ ਦਾ ਨਮੂਨਾ ਦੇਖੋ,

ਖੇਤ ਵਿਚ ਇਕ, ਨਿੱਕਾ ਜਿਹਾ ਤਲਾਅ,
ਵਿਚੋਂ ਧਾਹ ਦੇ, ਡੱਡੂ ਨੇ ਮਾਰੀ ਛਾਲ
ਪਾਣੀ ਕਹਿੰਦਾ ਟਊਂ।

ਸ. ਜੌਹਲ ਨੂੰ ਹਾਇਕੂ ਬਾਰੇ ਹੋਰ ਜਾਣਕਾਰੀ ਲੈ ਕੇ ਲਿਖਣਾ ਚਾਹੀਦਾ ਹੈ।

*-ਪ੍ਰੋ. ਸੁਖਦੇਵ ਸਿੰਘ ਗਿੱਲ*
*ਫੋਨ: 916-410-8740*

---

### ਰੂਹ ਦੀ ਖੁਰਾਕ

ਮੈਂ ਪੰਜਾਬ ਟਾਈਮਜ਼ ਦਾ ਲੰਮੇ ਸਮੇਂ ਤੋਂ ਪਾਠਕ ਹਾਂ। ਮੇਰਾ ਮੁੰਡਾ ਟਰੱਕ ਡਰਾਈਵਰ ਹੋਣ ਕਰਕੇ ਭਾਂਤ-ਭਾਂਤ ਦੇ ਅਖਬਾਰ ਚੁਕ ਲਿਆਉਂਦਾ ਹੈ ਪਰ ਰੂਹ ਨੂੰ ਰੱਜ ਪੰਜਾਬ ਟਾਈਮਜ਼ ਪੜ੍ਹ ਕੇ ਹੀ ਆਉਂਦਾ ਹੈ। ਵਿਦੇਸ਼ੀ ਧਰਤੀ 'ਤੇ ਵਧੀਆ ਮਿਆਰੀ ਪਰਚਾ ਲੋਕਾਂ ਤੱਕ ਅੱਪੜਦਾ ਕਰਨ ਲਈ ਵਧਾਈ ਦੇ ਪਾਤਰ ਹੋ। ਬਲਜੀਤ ਬਾਸੀ ਦਾ ਸ਼ਬਦ-ਝਰੋਖਾ ਮੈਨੂੰ ਬਹੁਤ ਪਸੰਦ ਹੈ। ਜਿਸ ਢੰਗ ਨਾਲ ਉਹ ਸ਼ਬਦਾਂ ਦੀ 'ਚੀਰ-ਫਾੜ' ਕਰਦੇ ਹਨ, ਉਨ੍ਹਾਂ ਨੂੰ ਸ਼ਬਦਾਂ ਦਾ ਡਾਕਟਰ ਕਹਿ ਲੈਣ ਨੂੰ ਮਨ ਕਰਦਾ ਹੈ। ਉਨ੍ਹਾਂ ਦਾ ਲੇਖ ਦਿਲਚਸਪ ਵੀ ਹੁੰਦਾ ਹੈ ਤੇ ਗਿਆਨ ਵਧਾਊ ਵੀ। ਜਤਿੰਦਰ ਪਨੂੰ ਪੰਜਾਬ ਤੇ ਭਾਰਤ ਦੀ ਸਿਆਸਤ ਤੋਂ ਭਲੀਭਾਂਤ ਜਾਣੂ ਹਨ, ਤੇ ਉਹ ਆਪਣੇ ਲੇਖ ਰਾਹੀਂ ਸਿਆਸਤਦਾਨਾਂ ਦੇ ਪੋਤੜੇ ਫਰੋਲਦੇ ਰਹਿੰਦੇ ਹਨ। ਖਰੀ ਗੱਲ ਕਹਿਣ ਦਾ ਉਨ੍ਹਾਂ ਦਾ ਅੰਦਾਜ਼ ਨਿਰਾਲਾ ਹੈ।

ਅਖਬਾਰ ਦੇ ਹੋਰ ਲੇਖਕ ਵੀ ਮੇਰੇ ਮਨ ਨੂੰ ਟੁੰਬਦੇ ਹਨ। ਤਰਲੋਚਨ ਸਿੰਘ ਦੁਪਾਲਪੁਰ ਵੀ ਗੱਲਾਂ-ਗੱਲਾਂ 'ਚ ਚੋਭਾ ਲਾ ਜਾਂਦੇ ਹਨ। ਐਸ. ਅਸ਼ੋਕ ਭੌਰਾ ਦੇ ਲੇਖਾਂ ਵਿਚ ਗੱਲਾਂ ਦੇ ਪਿੰਨੇ ਉਦੇੜਦੇ ਜਾਂਦੇ ਹਨ, ਪਰ ਕਦੇ ਕਦੇ ਉਨ੍ਹਾਂ ਦੇ ਲੇਖ ਅਕਾਊ ਲੱਗਦੇ ਹਨ।

*-ਅਮਰ ਸਿੰਘ ਤੁੰਗ*
*ਲਾਸ ਏਂਜਲਸ, ਕੈਲੀਫੋਰਨੀਆ।*

# ਪੰਜਾਬ ਤੋਂ ਪਰੇ ਨਾ ਰਹਿ ਜਾਵੇ ਗੰਗਾ ਦੀ ਸਫਾਈ ਵਾਲੀ ਮੁਹਿੰਮ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਪ੍ਰਦੂਸ਼ਣ ਦਰਜਾਬੰਦੀ ਵਿਚ ਯਮਨਾ ਤੋਂ ਪਿੱਛੋਂ ਗੰਗਾ, ਗੋਮਤੀ, ਘੱਗਰ, ਚੰਬਲ, ਮਾਹੀ ਆਦਿ ਦਾ ਜ਼ਿਕਰ ਆਉਣ ਪਿੱਛੋਂ ਵੀ ਲੁਧਿਆਣੇ ਦੇ ਬੁੱਢੇ ਨਾਲੇ ਦਾ ਨਾਂ ਪਿੱਛੇ ਚਲਾ ਜਾਂਦਾ ਹੈ, ਜਿਹੜਾ ਪੰਜਾਬ ਦਾ ਸਭ ਤੋਂ ਵੱਡਾ ਗੰਦਾ ਵਹਿਣ ਹੈ। ਜੇ ਲੁਧਿਆਣਾ ਉਨ੍ਹਾਂ ਤੋਂ ਵੀ ਪਿੱਛੇ ਹੈ ਤਾਂ ਉਨ੍ਹਾਂ ਦਰਿਆਵਾਂ ਦਾ ਹਾਲ ਕੀ ਹੋਵੇਗਾ, ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਤੱਕ ਇਸ ਬੁੱਢੇ ਨਾਲੇ ਦੇ ਸਵੱਛ ਪਾਣੀ ਵਿਚ ਮੱਛੀਆਂ ਤਰਦੀਆਂ ਹੁੰਦੀਆਂ ਸਨ, ਹੁਣ ਸਿਰਫ ਕੀੜੇ-ਮਕੌੜੇ ਤੇ ਕੈਮੀਕਲ ਵਗ ਰਹੇ ਹਨ।***

ਹਰ ਹੋਰ ਰਿਪੋਰਟ ਜਾਂ ਦਸਤਾਵੇਜ਼ ਵਾਂਗ ਬਜਟ ਨੂੰ ਵੀ ਹਰ ਕੋਈ ਆਪਣੀ ਸੋਚ ਦੀ ਪਹਿਲ ਦੇ ਨੁਕਤਿਆਂ ਦੇ ਪੱਖ ਤੋਂ ਵਿਚਾਰਨਾ ਚਾਹੁੰਦਾ ਹੈ, ਅਸੀਂ ਵੀ। ਕਿਸ ਰਾਜ ਨੂੰ ਕਿੰਨਾ ਗੱਫਾ ਇਸ ਵਿਚੋਂ ਮਿਲ ਗਿਆ ਜਾਂ ਕਿਹੜੇ ਵਰਗ ਦੇ ਲੋਕਾਂ ਨੂੰ ਇਸ ਤੋਂ ਟੈਕਸ ਦੀ ਕਿੰਨੀ ਛੋਟ ਮਿਲੀ ਅਤੇ ਕਿੰਨਾ ਦੂਸਰੇ ਪਾਸਿਓਂ ਉਨ੍ਹਾਂ ਦੀ ਜੇਬ ਵਿਚੋਂ ਕੱਢ ਲਿਆ ਗਿਆ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਰਹਿ ਜਾਂਦੀ। ਸਿੱਧੀ ਲੋੜ ਦੀ ਗੱਲ ਹੋਣ ਕਰ ਕੇ ਲੋਕਾਂ ਨੇ ਇਹ ਜਾਣਕਾਰੀ ਬਜਟ ਪੇਸ਼ ਹੋਣ ਤੋਂ ਕੁਝ ਘੰਟਿਆਂ ਵਿਚ ਪ੍ਰਾਪਤ ਕਰ ਲਈ ਹੁੰਦੀ ਹੈ। ਇਸ ਲਈ ਅਸੀਂ ਅਜਿਹੇ ਨੁਕਤਿਆਂ ਦੀ ਚੀਰ-ਪਾੜ ਵਿਚ ਪੈਣ ਦੀ ਥਾਂ ਇਸ ਦੇਸ਼ ਦੇ ਲੋਕਾਂ ਲਈ ਲੰਮੇ ਸਮੇਂ ਦੇ ਉਨ੍ਹਾਂ ਪੱਖਾਂ ਬਾਰੇ ਗੱਲ ਕਰਨਾ ਚਾਹੁੰਦੇ ਹਾਂ, ਜਿਹੜੇ ਆਮ ਕਰ ਕੇ ਰਾਜਨੀਤੀ ਦੇ ਰੌਲੇ ਵਿਚ ਰੁਲਦੇ ਰਹਿ ਜਾਣ ਕਾਰਨ ਵਿਚਾਰ ਅਧੀਨ ਬਹੁਤ ਘੱਟ ਆਉਂਦੇ ਹਨ। ਇਨ੍ਹਾਂ ਵਿਚ ਇੱਕ ਵੱਡਾ ਮੁੱਦਾ ਭਾਰਤ ਦੀ ਵਧਦੀ ਜਾਂਦੀ ਆਬਾਦੀ ਅਤੇ ਇਸ ਕਾਰਨ ਵਧਦੀਆਂ ਲੋੜਾਂ ਦਾ ਹੈ। ਦੂਸਰਾ, ਭਾਰਤ ਵਿਚ ਹਰ ਪੱਖ ਤੋਂ ਫੈਲ ਰਹੇ ਪ੍ਰਦੂਸ਼ਣ ਦਾ, ਜਿਸ ਦੀ ਚਰਚਾ ਤਾਂ ਬਹੁਤ ਹੁੰਦੀ ਹੈ, ਪਰ ਚਰਚਾ ਹੀ ਹੁੰਦੀ ਹੈ, ਕਰਨ ਦੇ ਪੱਖੋਂ ਬਹੁਤਾ ਕੁਝ ਨਹੀਂ ਹੁੰਦਾ। ਇਸ ਵਾਰੀ ਦੇ ਬਜਟ ਨੇ ਇਹ ਚਰਚਾ ਵੀ ਛੇੜ ਦਿੱਤੀ ਹੈ। ਚਰਚਾ ਦਾ ਬਹਾਨਾ ਇਸ ਬਜਟ ਵਿਚ ਦੇਸ਼ ਦੇ ਇੱਕ ਬੜੇ ਅਹਿਮ ਦਰਿਆ ਗੰਗਾ ਦੀ ਸਫਾਈ ਲਈ ਉਚੇਚਾ ਫੰਡ ਰੱਖਣ ਤੇ ਇਸ ਦੀ ਇੱਕ ਬਾਕਾਇਦਾ ਯੋਜਨਾ ਬਣਾ ਕੇ ਕੰਮ ਸ਼ੁਰੂ ਕਰਨ ਦੇ ਖਜ਼ਾਨਾ ਮੰਤਰੀ ਦੇ ਐਲਾਨ ਨੇ ਪੇਸ਼ ਕੀਤਾ ਹੈ।

ਇਤਿਹਾਸਕ ਪੱਖ ਤੋਂ ਲਈਏ ਜਾਂ ਲੋਕਾਂ ਦੀ ਸ਼ਰਧਾ ਦੇ ਪੱਖ ਤੋਂ, ਦੋਵੇਂ ਤਰ੍ਹਾਂ ਅਹਿਮ ਮੰਨੇ ਜਾ ਸਕਦੇ ਭਾਰਤ ਦੇ ਗੰਗਾ ਦਰਿਆ ਦੀ ਸਫਾਈ ਦੀ ਸੱਚਮੁੱਚ ਲੋੜ ਸੀ। ਜਦੋਂ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਨਰਿੰਦਰ ਮੋਦੀ ਨੇ ਵਾਰਾਣਸੀ ਵਿਚ ਜਾ ਕੇ ਚੋਣ ਲੜਨ ਲਈ ਕਾਗਜ਼ ਭਰੇ ਤਾਂ ਸ਼ੁਰੂਆਤ ਇਸ ਗੱਲ ਨਾਲ ਕੀਤੀ ਸੀ ਕਿ ਨਾ ਮੈਂ ਇਥੇ ਆਇਆ ਹਾਂ, ਨਾ ਕਿਸੇ ਨੇ ਭਿਜਵਾਇਆ ਹੈ, ਮੈਨੂੰ ਮਾਂ ਗੰਗਾ ਨੇ ਆਪ ਬੁਲਾਇਆ ਹੈ। ਸੰਸਾਰ ਦੇ ਕਈ ਦੇਸ਼ਾਂ ਦੇ ਲੋਕਾਂ ਵੱਲੋਂ ਆਪਣੇ ਦਰਿਆਵਾਂ ਨੂੰ ਪਿਤਾ ਜਾਂ ਮਾਂ ਦਾ ਦਰਜਾ ਦੇਣ ਦੀ ਰਿਵਾਇਤ ਉਦੋਂ ਤੋਂ ਹੈ, ਜਦੋਂ ਮਨੁੱਖ ਨੇ ਹਾਲੇ ਖੇਤੀ ਕਰਨੀ ਸ਼ੁਰੂ ਕੀਤੀ ਸੀ, ਸ਼ਾਇਦ ਇਸੇ ਲਈ ਸਿਰਫ ਗੰਗਾ ਹੀ ਨਹੀਂ, ਇਥੇ ਕਈ ਦਰਿਆਵਾਂ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਜਿੰਨਾ ਸੱਚ ਇਹ ਹੈ ਕਿ ਇਨ੍ਹਾਂ ਦਰਿਆਵਾਂ ਦੀ ਪੂਜਾ ਕੀਤੀ ਜਾਂਦੀ ਹੈ, ਉਨਾ ਸੱਚ ਇਹ ਵੀ ਹੈ ਕਿ ਜਿਹੜੇ ਲੋਕ ਇਨ੍ਹਾਂ ਦੀ ਪੂਜਾ ਕਰਦੇ ਹਨ, ਇਨ੍ਹਾਂ ਵਿਚ ਗੰਦਗੀ ਫੈਲਾਉਣ ਤੋਂ ਉਹ ਵੀ ਨਹੀਂ ਰਹਿੰਦੇ। ਕਈ ਤਰ੍ਹਾਂ ਦੀ ਧਾਰਮਿਕ ਸਮੱਗਰੀ ਜਾਂ ਕਰੋੜਾਂ ਲੋਕਾਂ ਦੇ ਅਸਥ ਇਨ੍ਹਾਂ ਦੀ ਭੇਟ ਕਰਨ ਦੇ ਬਹਾਨੇ ਉਹ ਇਸ ਕ੍ਰਿਆ ਵਿਚ ਲਗਾਤਾਰ ਭਾਈਵਾਲ ਬਣਦੇ ਰਹਿੰਦੇ ਹਨ।

ਫਿਰ ਵੀ ਸਭ ਤੋਂ ਵੱਧ ਗੰਦਗੀ ਦਾ ਕਾਰਨ ਸਾਡੇ ਸ਼ਹਿਰਾਂ ਦੇ ਗੰਦੇ ਵਹਿਣ ਬਣਦੇ ਹਨ, ਜਿਹੜੇ ਬਿਨਾਂ ਕਿਸੇ ਵੀ ਸੋਧ-ਸੁਧਾਈ ਤੋਂ ਇਨ੍ਹਾਂ ਦਰਿਆਵਾਂ ਵਿਚ ਪੈਂਦੇ ਜਾਂਦੇ ਹਨ। ਜਦੋਂ ਪ੍ਰਸਿੱਧ ਫਿਲਮਕਾਰ ਰਾਜ ਕਪੂਰ ਨੇ ਇੱਕ ਫਿਲਮ ਦੇ ਗਾਣੇ ਵਿਚ 'ਰਾਮ ਤੇਰੀ ਗੰਗਾ ਮੈਲੀ' ਦੇ ਸ਼ਬਦ ਪਾ ਦਿੱਤੇ ਤਾਂ ਬਹੁਤ ਸਾਰੇ ਲੋਕ ਭੜਕ ਪਏ ਸਨ, ਪਰ 1992 ਵਿਚ ਇਸ ਗੰਦਗੀ ਦੀ ਹਕੀਕੀ ਹਾਲਤ ਉਦੋਂ ਸਾਹਮਣੇ ਆਈ, ਜਦੋਂ ਸੰਸਾਰ ਸਿਹਤ ਸੰਗਠਨ ਦੀ ਰਿਪੋਰਟ ਜਾਰੀ ਹੋਈ ਕਿ ਭਾਰਤ ਦੇ 3119 ਸ਼ਹਿਰਾਂ ਅਤੇ ਕਸਬਿਆਂ ਵਿਚੋਂ ਸਿਰਫ 209 ਵਿਚ ਅੱਧ-ਪਚੱਧਾ ਗੰਦ ਸੋਧਣ ਦਾ ਪ੍ਰਬੰਧ ਹੈ, ਮਸਾਂ ਅੱਠ ਸ਼ਹਿਰ ਜਾਂ ਕਸਬੇ ਹਨ, ਜਿੱਥੇ ਪੂਰਾ ਸੋਧਿਆ ਜਾਂਦਾ ਹੈ। ਸਾਫ ਹੈ ਕਿ ਬਾਕੀ 2910 ਸ਼ਹਿਰਾਂ ਤੇ ਕਸਬਿਆਂ ਵਿਚੋਂ ਗੰਦ ਸਿੱਧਾ ਦਰਿਆਵਾਂ ਵਿਚ ਪੈ ਜਾਂਦਾ ਸੀ। ਅਗਲੀ ਰਿਪੋਰਟ ਤਿੰਨ ਸਾਲ ਪਿੱਛੋਂ 1995 ਵਿਚ ਇਹ ਮਿਲ ਗਈ ਕਿ ਇੱਕ ਸੌ ਚੌਦਾਂ ਸ਼ਹਿਰਾਂ ਤੇ ਕਸਬਿਆਂ ਦਾ ਸਾਰਾ ਗੰਦ ਸਿਰਫ ਗੰਗਾ ਵਿਚ ਪੈ ਰਿਹਾ ਹੈ। ਗੰਗਾ ਕੰਢੇ ਦੇ ਕਈ ਨਗਰਾਂ ਤੇ ਪਿੰਡਾਂ ਦੇ ਲੋਕਾਂ ਵਿਚ ਰਿਵਾਜ ਹੈ ਕਿ ਉਹ ਗੰਗਾ ਕੰਢੇ ਜਾ ਕੇ ਲਾਸ਼ਾਂ ਦਾ ਅੰਤਮ ਸੰਸਕਾਰ ਕਰਦੇ ਹਨ ਤੇ ਅੱਧ-ਸੜੀ ਲਾਸ਼ ਨੂੰ ਦਰਿਆ ਵਿਚ ਰੋੜ੍ਹ ਦਿੱਤਾ ਜਾਂਦਾ ਹੈ। ਇਸ ਨਾਲ ਪ੍ਰਦੂਸ਼ਣ ਹੋਰ ਵੀ ਵਧਦਾ ਗਿਆ ਹੈ।

ਸਥਿਤੀ ਦਾ ਇੱਕ ਪੱਖ ਇਹ ਵੀ ਹੈ ਕਿ ਸਿਰਫ ਗੰਗਾ ਵਿਚ ਪ੍ਰਦੂਸ਼ਣ ਨਹੀਂ, ਇਸ ਨਾਲੋਂ ਵੱਧ ਪ੍ਰਦੂਸ਼ਣ ਦੂਸਰੇ ਵੱਡੇ ਪ੍ਰਮੁੱਖ ਦਰਿਆ ਯਮਨਾ ਵਿਚ ਹੈ। ਪ੍ਰਦੂਸ਼ਣ ਦਰਜਾਬੰਦੀ ਵਿਚ ਯਮਨਾ ਤੋਂ ਪਿੱਛੋਂ ਗੰਗਾ, ਗੋਮਤੀ, ਘੱਗਰ, ਚੰਬਲ, ਮਾਹੀ ਆਦਿ ਦਾ ਜ਼ਿਕਰ ਆਉਣ ਪਿੱਛੋਂ ਵੀ ਲੁਧਿਆਣੇ ਦੇ ਬੁੱਢੇ ਨਾਲੇ ਦਾ ਨਾਂ ਪਿੱਛੇ ਚਲਾ ਜਾਂਦਾ ਹੈ, ਜਿਹੜਾ ਪੰਜਾਬ ਦਾ ਸਭ ਤੋਂ ਵੱਡਾ ਗੰਦਾ ਵਹਿਣ ਹੈ। ਜੇ ਲੁਧਿਆਣਾ ਉਨ੍ਹਾਂ ਤੋਂ ਵੀ ਪਿੱਛੇ ਹੈ ਤਾਂ ਉਨ੍ਹਾਂ ਦਰਿਆਵਾਂ ਦਾ ਹਾਲ ਕੀ ਹੋਵੇਗਾ, ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਤੱਕ ਇਸ ਬੁੱਢੇ ਨਾਲੇ ਦੇ ਸਵੱਛ ਪਾਣੀ ਵਿਚ ਮੱਛੀਆਂ ਤਰਦੀਆਂ ਹੁੰਦੀਆਂ ਸਨ, ਹੁਣ ਸਿਰਫ ਕੀੜੇ-ਮਕੌੜੇ ਤੇ ਕੈਮੀਕਲ ਵਗ ਰਹੇ ਹਨ।

ਗੱਲ ਫਿਰ ਉਸ ਗੰਗਾ ਵੱਲ ਆ ਜਾਂਦੀ ਹੈ, ਜਿਸ ਦੀ ਸਫਾਈ ਨੂੰ ਪਹਿਲ ਦਾ ਕੰਮ ਮੰਨ ਕੇ ਭਾਰਤ ਸਰਕਾਰ ਦਾ ਇੱਕ ਯੋਜਨਾ ਉਤੇ ਕੰਮ ਕਰਨ ਦਾ ਵਿਚਾਰ ਬਣਿਆ ਤੇ ਇਸ ਕੰਮ ਲਈ ਉਚੇਚਾ ਬਜਟ ਕੱਢਿਆ ਗਿਆ ਹੈ। ਸਿਰਫ ਬਜਟ ਨਾਲ ਕੰਮ ਬਣ ਜਾਂਦੇ ਹੋਣ ਤਾਂ ਇਹ ਸਫਾਈ ਬਹੁਤ ਦੇਰ ਦੀ ਹੋ ਜਾਣੀ ਸੀ। ਇਸ ਤੋਂ ਪਹਿਲਾਂ ਵੀ ਕੇਂਦਰ ਦੀਆਂ ਕੁਝ ਸਰਕਾਰਾਂ ਨੇ ਯੋਜਨਾਵਾਂ ਉਲੀਕੀਆਂ, ਬਜਟ ਵੀ ਰਾਖਵਾਂ ਰੱਖ ਲਿਆ, ਪਰ ਅਮਲ ਵਿਚ ਕੰਮ ਕਰਨ ਵੇਲੇ ਵਹਿਣ ਵਗਦੇ ਰਹੇ ਤੇ ਕਾਰਵਾਈ ਕਾਗਜ਼ਾਂ ਵਿਚ ਪੈਂਦੀ ਰਹੀ ਸੀ।

ਹਾਲਾਤ ਵੱਲ ਬੇਰੁਖੀ ਦਾ ਹਾਲ ਦੱਸਣ ਲਈ ਸਾਨੂੰ ਸਵਾਮੀ ਰਾਮਦੇਵ ਦੇ ਦਿੱਲੀ ਵਿਚ ਰੱਖੇ ਮਰਨ-ਵਰਤ ਨੂੰ ਹਰਿਦੁਆਰ ਜਾ ਕੇ ਛੱਡੇ ਜਾਂ ਛੁਡਾਏ ਜਾਣ ਦਾ ਚੇਤਾ ਕਰਨ ਦੀ ਲੋੜ ਪੈ ਸਕਦੀ ਹੈ, ਪਰ ਉਸ ਦੀ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇੱਕ ਹੋਰ ਸਵਾਮੀ ਨਿਗਮਾਨੰਦ ਸਰਸਵਤੀ ਦਾ ਜ਼ਿਕਰ ਕਰਨਾ ਪਵੇਗਾ, ਜਿਹੜਾ ਸਿਰਫ ਪੈਂਤੀ ਸਾਲ ਦੀ ਉਮਰੇ ਗੰਗਾ ਦੇ ਗੰਦ ਦੇ ਖਿਲਾਫ ਰੋਸ ਕਰਦਾ ਜਾਨ ਦੇ ਗਿਆ ਸੀ।

ਬਿਹਾਰ ਦੇ ਦਰਭੰਗਾ ਵਿਚ ਅਗਸਤ 1976 ਵਿਚ ਪੈਦਾ ਹੋਇਆ ਸਵਰੂਪਮ ਕੁਮਾਰ ਝਾਅ ਵੱਡਾ ਹੋਇਆ ਤਾਂ ਉਸ ਦੀ ਇੰਜੀਨੀਅਰ ਬਣਨ ਦੀ ਰੀਝ ਸੀ। ਇਸ ਦੌਰਾਨ ਉਸ ਦਾ ਝੁਕਾਅ ਸੱਚ ਦੀ ਖੋਜ ਨੂੰ ਹੋ ਗਿਆ ਤੇ ਇਸ ਚੱਕਰ ਵਿਚ ਉਹ ਘਰੋਂ ਤੁਰ ਗਿਆ। ਫਿਰ 1997 ਵਿਚ ਉਹ ਉਦੋਂ ਜ਼ਾਹਰ ਹੋਇਆ, ਜਦੋਂ ਕੁਝ ਸਾਧੂਆਂ ਨੇ ਗੰਗਾ ਦੇ ਸੱਜੇ ਕਿਨਾਰੇ ਇੱਕ ਮੈਤਰੀ ਸਦਨ ਬਣਾ ਕੇ ਰੇਤ-ਬੱਜਰੀ ਦੀ ਨਾਜਾਇਜ਼ ਖੁਦਾਈ ਵਿਰੁਧ ਮੋਰਚਾ ਲਾਉਣ ਦਾ ਐਲਾਨ ਕੀਤਾ ਤੇ ਗੰਗਾ ਦੀ ਸਵੱਛਤਾ ਲਈ ਲੜੀਵਾਰ ਭੁੱਖ ਹੜਤਾਲ ਰੱਖ ਲਈ। ਉਦੋਂ ਤੱਕ ਸਵਾਮੀ ਨਿਗਮਾਨੰਦ ਸਰਸਵਤੀ ਬਣ ਚੁੱਕਾ ਇਹ ਸੱਚ ਦਾ ਖੋਜੀ ਉਸ ਲਹਿਰ ਨਾਲ ਜੁੜਿਆ ਤੇ ਫਿਰ 2011 ਵਿਚ ਆਪ ਲਗਾਤਾਰ ਭੁੱਖ ਹੜਤਾਲ ਕਰ ਕੇ ਅੰਨ ਖਾਣਾ ਛੱਡ ਬੈਠਾ। ਦੋ ਵਾਰੀ ਉਸ ਨੂੰ ਫੜ ਕੇ ਜ਼ਬਰਦਸਤੀ ਖੁਰਾਕ ਦਿੱਤੀ ਗਈ, ਪਰ ਉਹ ਐਲਾਨ ਦੇ ਮੁਤਾਬਕ ਪੱਕਾ ਰਿਹਾ। ਅਖੀਰ 2011 ਦੀ ਤੇਰਾਂ ਜੂਨ ਦੇ ਦਿਨ 'ਗੰਗਾ ਪੁੱਤਰ' ਨਿਗਮਾਨੰਦ ਪ੍ਰਾਣ ਤਿਆਗ ਗਿਆ।



*ਵਾਰਾਣਸੀ ਵਿਚ ਗੰਗਾ ਕਿਨਾਰੇ ਪੂਜਾ ਕਰ ਰਹੀਆਂ ਕੁਝ ਸ਼ਰਧਾਲੂ ਔਰਤਾਂ*

ਹੁਣ ਆਈਏ ਸਵਾਮੀ ਰਾਮਦੇਵ ਦੇ ਮਰਨ-ਵਰਤ ਵੱਲ। ਉਹ ਯੋਗੀ ਤੇ ਸਾਧੂ ਤੋਂ ਵੱਧ ਸਿਆਸੀ ਖੇਡਾਂ ਖੇਡਣ ਲਈ ਜਾਣਿਆ ਜਾਂਦਾ ਹੈ। ਜਦੋਂ ਭ੍ਰਿਸ਼ਟਾਚਾਰ ਦੇ ਵਿਰੁਧ ਅੰਨਾ ਹਜ਼ਾਰੇ ਦਾ ਮੋਰਚਾ ਲੱਗਾ ਤਾਂ ਕਾਂਗਰਸੀ ਆਗੂ ਉਸ ਨੂੰ ਆਪ ਅੱਗੇ ਲਿਆਏ ਸਨ, ਜਿਸ ਨਾਲ ਉਹ ਲੋਕਾਂ ਦਾ ਧਿਆਨ ਵੰਡ ਸਕੇ। ਹੋਇਆ ਇਹ ਕਿ ਦਿੱਲੀ ਜਾਂਦੇ ਸਾਰ ਉਸ ਦੀ ਅੱਖ ਭਾਰਤੀ ਜਨਤਾ ਪਾਰਟੀ ਵਾਲਿਆਂ ਨਾਲ ਮਿਲ ਗਈ ਅਤੇ ਉਹ ਕਾਂਗਰਸ ਤੋਂ ਬਾਗੀ ਹੋਣ ਕਰ ਕੇ ਪੁਲਿਸ ਦੀ ਕੁੱਟ ਖਾ ਕੇ ਅੱਧੀ ਰਾਤ ਔਰਤਾਂ ਦੇ ਕੱਪੜੇ ਪਾ ਕੇ ਦੌੜਦਾ ਫੜਿਆ ਗਿਆ। ਦਿੱਲੀ ਵਿਚ ਉਸ ਨੇ ਜਿਸ ਤਰ੍ਹਾਂ ਮਰਨ-ਵਰਤ ਰੱਖਿਆ ਸੀ, ਭਾਜਪਾ ਉਸ ਦਾ ਲਾਭ ਲੈਣਾ ਚਾਹੁੰਦੀ ਸੀ ਤੇ ਜਦੋਂ ਉਹ ਦਿੱਲੀ ਤੋਂ ਦੌੜ ਕੇ ਹਰਿਦੁਆਰ ਜਾ ਪੁੱਜਾ, ਜਿੱਥੇ ਭਾਜਪਾ ਦੀ ਉਤਰਾ ਖੰਡ ਸਰਕਾਰ ਸੀ, ਉਸ ਦੇ ਮਰਨ-ਵਰਤ ਨੂੰ ਸਰਕਾਰੀ ਸ਼ਹਿ ਮਿਲ ਗਈ। ਫਿਰ ਵੀ ਉਹ ਮਸਾਂ ਛੇ ਦਿਨ ਮਰਨ-ਵਰਤ ਨਿਭਾਅ ਸਕਿਆ ਅਤੇ ਜਦੋਂ ਉਸ ਨੇ ਇਹ ਸੰਕੇਤ ਦੇ ਦਿੱਤਾ ਕਿ ਕੁਝ ਕਰੋ ਜਾਂ ਉਹ ਵਰਤ ਛੱਡ ਦੇਵੇਗਾ, ਭਾਜਪਾ ਨੇ ਉਸ ਦਾ ਵਰਤ ਛੁਡਾਉਣ ਦੀਆਂ ਦੇਸ਼ ਭਰ ਦੇ ਸੰਤਾਂ ਤੋਂ ਅਪੀਲਾਂ ਕਰਵਾ ਕੇ ਉਸ ਦੀ ਇੱਜ਼ਤ ਬਚਾ ਲਈ। ਰਾਮਦੇਵ ਨੇ ਕਹਿ ਦਿੱਤਾ ਕਿ ਏਨੇ ਸੰਤਾਂ ਦਾ ਕਿਹਾ ਮੈਥੋਂ ਮੋੜਿਆ ਨਹੀਂ ਗਿਆ। ਵੱਡੇ ਪ੍ਰਭਾਵ ਵਾਲੇ ਸੰਤਾਂ ਅਤੇ ਬਹੁਤ ਸਾਰੇ ਸਿਆਸੀ ਆਗੂਆਂ ਨੇ ਜਦੋਂ ਰਾਮਦੇਵ ਦੇ ਮਰਨ-ਵਰਤ ਦਾ ਆਖਰੀ ਸੀਨ ਭੁਗਤਾਇਆ, ਉਦੋਂ ਸਾਰੇ ਦੇਸ਼ ਦਾ ਮੀਡੀਆ ਉਸ ਹਸਪਤਾਲ ਵਿਚ ਸੀ, ਪਰ ਹਸਪਤਾਲ ਦੇ ਰਾਮਦੇਵ ਮੰਚ ਤੱਕ ਸੀਮਤ ਸੀ। ਉਸੇ ਵਕਤ ਉਸੇ ਹਸਪਤਾਲ ਦੇ ਇੱਕ ਹੋਰ ਕਮਰੇ ਵਿਚ ਉਹ ਸਵਾਮੀ ਨਿਗਮਾਨੰਦ ਆਖਰੀ ਸਾਹ ਗਿਣ ਰਿਹਾ ਸੀ, ਜਿਸ ਲਈ ਗੰਗਾ ਵਿਚ ਭ੍ਰਿਸ਼ਟਾਚਾਰ ਦੇ ਕਾਰਨ ਪਾਇਆ ਜਾ ਰਿਹਾ ਗੰਦ ਸਭ ਤੋਂ ਵੱਡਾ ਮੁੱਦਾ ਸੀ ਤੇ ਇਸੇ ਲਈ ਉਸ ਨੂੰ ਲੋਕੀਂ 'ਗੰਗਾ-ਪੁੱਤਰ' ਆਖਦੇ ਸਨ। ਕਿਸੇ ਨੇ ਉਸ ਦੀ ਸਾਰ ਨਹੀਂ ਸੀ ਲਈ। ਨੌਂਵੇਂ ਦਿਨ ਸਵਾਮੀ ਰਾਮਦੇਵ ਵਰਤ ਛੱਡ ਕੇ ਜਦੋਂ ਵਿਹਲਾ ਹੋਇਆ, ਉਸੇ ਸ਼ਾਮ 'ਗੰਗਾ ਪੁੱਤਰ' ਸਵਾਮੀ ਨਿਗਮਾਨੰਦ ਇਸ ਸੰਸਾਰ ਨੂੰ ਤਿਆਗ ਗਿਆ ਸੀ।

ਗੰਗਾ ਦੀ ਸਫਾਈ ਦੀ ਚਰਚਾ ਦੌਰਾਨ ਜਦੋਂ ਅਸੀਂ ਲੁਧਿਆਣੇ ਦੇ ਬੁੱਢੇ ਨਾਲ ਦੀ ਗੱਲ ਛੇੜਦੇ ਹਾਂ ਤਾਂ ਇਸ ਦਾ ਸਬੰਧ ਸਿਰਫ ਪੰਜਾਬ ਤੱਕ ਨਹੀਂ। ਇਸ ਨਾਲੇ ਦਾ ਸਾਰਾ ਗੰਦ ਅੱਗੇ ਜਾ ਕੇ ਸਤਲੁਜ ਦਰਿਆ ਵਿਚ ਜਾਂਦਾ ਤੇ ਹਰੀਕੇ ਪੱਤਣ ਤੋਂ ਵੱਡੀਆਂ ਨਹਿਰਾਂ ਰਾਹੀਂ ਰਾਜਸਥਾਨ ਤੱਕ ਪਹੁੰਚਦਾ ਹੈ, ਜਿੱਥੇ ਪਾਣੀ ਦੀ ਘਾਟ ਹੋਣ ਕਾਰਨ ਪੀਣ ਵਾਸਤੇ ਵੀ ਇਹੋ ਪਾਣੀ ਵਰਤਿਆ ਜਾਂਦਾ ਹੈ। ਰਾਜਸਥਾਨ ਦੀ ਪਿਛਲੀ ਕਾਂਗਰਸ ਸਰਕਾਰ ਜਦੋਂ ਇਸ ਬਾਰੇ ਕੁਝ ਕਹਿੰਦੀ ਸੀ ਤਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਰਾਜਸੀ ਵਿਰੋਧਾਂ ਕਾਰਨ ਇਸ ਨੂੰ ਸਿਰਫ ਰਾਜਸੀ ਦੂਸ਼ਣਬਾਜ਼ੀ ਦਾ ਹਰਬਾ ਆਖ ਕੇ ਸਾਰ ਦਿੰਦੀ ਸੀ, ਪਰ ਹੁਣ ਉਥੇ ਵੀ ਉਹ ਸਥਿਤੀ ਨਹੀਂ ਰਹੀ। ਭਾਜਪਾ ਮੁੱਖ ਮੰਤਰੀ ਬੀਬੀ ਵਸੁੰਧਰਾ ਰਾਜੇ ਨੇ ਵੀ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਕਹਿ ਦਿੱਤਾ ਹੈ ਕਿ ਲੁਧਿਆਣੇ ਦੇ ਬੁੱਢੇ ਨਾਲੇ ਦਾ ਗੰਦ ਉਸ ਦੇ ਰਾਜ ਦੇ ਲੋਕਾਂ ਲਈ ਕਈ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਉਸ ਦਾ ਭੇਜਿਆ ਇੱਕ ਉਚੇਚਾ ਵਫਦ ਵੀ ਪਿਛਲੇ ਦਿਨੀਂ ਇਥੋਂ ਦਾ ਗੇੜਾ ਮਾਰ ਗਿਆ ਹੈ। ਅਜਿਹੀ ਸਥਿਤੀ ਵਿਚ ਗੰਦੇ ਨਾਲੇ ਵਾਲਾ ਪੱਖ ਵੀ ਹੁਣ ਹੋਰ ਬਹੁਤਾ ਚਿਰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਤੇ ਕੁਝ ਨਾ ਕੁਝ ਛੇਤੀ ਹੀ ਕਰਨਾ ਪਵੇਗਾ।

ਸਾਡੇ ਪੰਜਾਬ ਕੋਲ ਇੱਕ ਸੰਤ ਹੈ, ਨਿਗਮਾਨੰਦ ਵਾਂਗ ਪਾਣੀ ਦੀ ਸਵੱਛਤਾ ਨੂੰ ਸਮਰਪਿਤ ਸੰਤ ਬਲਬੀਰ ਸਿੰਘ ਸੀਚੇਵਾਲ, ਜਿਹੜਾ ਸਵਾਮੀ ਨਿਗਮਾਨੰਦ ਵਾਂਗ ਭੁੱਖ-ਹੜਤਾਲ ਨਹੀਂ ਕਰਦਾ, ਗੰਦ ਦਾ ਬਾਟਾ ਆਪਣੇ ਸਿਰ ਉਤੇ ਚੁੱਕ ਕੇ ਪਹਿਲ ਕਰਦਾ ਅਤੇ ਫਿਰ ਲੋਕਾਂ ਨੂੰ ਇਸ ਕੰਮ ਲਈ ਪ੍ਰੇਰਦਾ ਹੈ। ਇੱਕ ਸੌ ਚੌਹਠ ਕਿਲੋਮੀਟਰ ਲੰਮੀ ਕਾਲੀ ਵੇਈਂ ਸਾਫ ਕਰਨ ਦੇ ਨਾਲ ਉਸ ਨੇ ਵਿਖਾ ਦਿੱਤਾ ਹੈ ਕਿ ਜੇ ਸੱਚਮੁੱਚ ਕੋਈ ਕੁਝ ਕਰਨਾ ਚਾਹੇ ਤਾਂ ਸਿੱਟੇ ਕੱਢ ਸਕਦਾ ਹੈ। ਜਿੰਨਾ ਤਰੱਦਦ ਇਸ ਸੰਤ ਨੇ ਕੀਤਾ ਹੈ, ਜੇ ਉਸ ਵਿਚ ਸਮੇਂ ਦੀਆਂ ਸਰਕਾਰਾਂ ਦਾ ਸਹਿਯੋਗ ਮਿਲਿਆ ਹੁੰਦਾ ਤਾਂ ਇਸ ਤੋਂ ਜ਼ਿਆਦਾ ਸਿੱਟੇ ਕੱਢੇ ਜਾ ਸਕਦੇ ਸਨ। ਹੁਣ ਜਦੋਂ ਭਾਰਤ ਸਰਕਾਰ ਨੇ, ਭਾਵੇਂ ਸ਼ਰਧਾ ਤੇ ਇਸ ਨਾਲ ਜੁੜਿਆ ਵੋਟਾਂ ਦਾ ਪੱਖ ਸੋਚ ਕੇ ਹੀ, ਗੰਗਾ ਦੀ ਸਫਾਈ ਲਈ ਕੋਈ ਯੋਜਨਾ ਬਣਾਈ ਤੇ ਇਸ ਉਤੇ ਪੂਰੀ ਸੰਜੀਦਗੀ ਨਾਲ ਕੰਮ ਕਰਨ ਦਾ ਯਕੀਨ ਦਿਵਾਇਆ ਹੈ ਤਾਂ ਇਹ ਯੋਜਨਾ ਸ਼ੰਭੂ ਵਾਲੇ ਬੈਰੀਅਰ ਤੋਂ ਪਰੇ ਨਹੀਂ ਰਹਿਣੀ ਚਾਹੀਦੀ। ਜਿਹੜੀ ਸਫਾਈ ਦੀ ਲੋੜ, ਪ੍ਰਦੂਸ਼ਣ ਮੁਕਤ ਵਾਤਾਵਰਣ ਦੀ ਲੋੜ ਉਥੇ ਮਹਿਸੂਸ ਕੀਤੀ ਜਾ ਰਹੀ ਹੈ ਤੇ ਠੀਕ ਕੀਤੀ ਜਾ ਰਹੀ ਹੈ, ਉਸ ਦੀ ਆਸ ਰੱਖਣ ਦਾ ਕੁਝ ਨਾ ਕੁਝ ਹੱਕ ਪੰਜਾਬ ਤੇ ਰਾਜਸਥਾਨ ਦੇ ਲੋਕਾਂ ਨੂੰ ਵੀ ਹੈ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਪੰਜਾਬ ਸਰਕਾਰ ਦੀ ਇਮਾਨਦਾਰੀ ਦਾਅ 'ਤੇ ਲੱਗੀ

## ਭੰਡਾਰਨ ਦੌਰਾਨ ਸਭ ਤੋਂ ਵੱਧ ਅਨਾਜ ਪੰਜਾਬ ਵਿਚੋਂ ਗਾਇਬ ਹੋਇਆ



**ਚੰਡੀਗੜ੍ਹ:** ਦੇਸ਼ ਵਿਚ ਪੰਜਾਬ ਦਾ ਪਹਿਲਾ ਨੰਬਰ ਹੈ ਜਿਥੇ ਭੰਡਾਰਨ ਦੌਰਾਨ ਸਭ ਤੋਂ ਜ਼ਿਆਦਾ ਅਨਾਜ ਗਾਇਬ (ਭੰਡਾਰਨ ਘਾਟਾ) ਹੋਇਆ ਹੈ। ਪੰਜਾਬ ਵਿਚੋਂ ਤਕਰੀਬਨ 52 ਲੱਖ ਬੋਰੀ ਅਨਾਜ ਗੁਦਾਮਾਂ ਵਿਚੋਂ ਗਾਇਬ ਹੋ ਗਿਆ ਹੈ ਜਦੋਂ ਕਿ ਪੌਣੇ ਦੋ ਲੱਖ ਬੋਰੀ ਅਨਾਜ ਰਾਹਾਂ ਵਿਚੋਂ ਉੱਡ ਗਿਆ ਹੈ। ਇਸ ਹੇਰ-ਫੇਰ ਵਿਚ ਪੰਜਾਬ ਦੀ ਅਫਸਰਸ਼ਾਹੀ ਤੋਂ ਲੈ ਕੇ ਮੰਤਰੀਆਂ ਤੱਕ ਦੀ ਮਿਲੀਭੁਗਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਪ੍ਰਣਾਲੀ ਮੰਤਰਾਲੇ ਦੀ ਤਾਜ਼ਾ ਸੂਚਨਾ ਮੁਤਾਬਕ ਇਕ ਅਪਰੈਲ 2011 ਤੋਂ ਮਈ 2014 ਤੱਕ ਪੰਜਾਬ ਦੇ ਗੁਦਾਮਾਂ ਵਿਚ ਭੰਡਾਰਨ ਦੌਰਾਨ 52.52 ਲੱਖ ਬੋਰੀ ਅਨਾਜ ਗਾਇਬ (ਭੰਡਾਰਨ ਘਾਟਾ) ਹੋਇਆ ਹੈ ਜਦੋਂ ਕਿ ਮੂਵਮੈਂਟ ਦੌਰਾਨ 1.83 ਲੱਖ ਬੋਰੀ ਅਨਾਜ ਚਾਰ ਵਰ੍ਹਿਆਂ ਦੌਰਾਨ ਰਾਹਾਂ ਵਿਚੋਂ ਹੀ ਗਾਇਬ ਹੋਇਆ ਹੈ। ਇਸ ਅਨਾਜ ਦੀ ਕੀਮਤ ਅਰਬਾਂ ਰੁਪਏ ਬਣਦੀ ਹੈ ਜਿਸ ਦਾ ਭਾਰ ਖਰੀਦ ਏਜੰਸੀਆਂ ਨੂੰ ਚੁੱਕਣਾ ਪੈਂਦਾ ਹੈ। ਚਾਲੂ ਮਾਲੀ ਸਾਲ ਦੇ ਦੋ ਮਹੀਨਿਆਂ ਦੌਰਾਨ 2.20 ਲੱਖ ਬੋਰੀ ਅਨਾਜ ਗੁਦਾਮਾਂ ਵਿਚੋਂ ਉੱਡ ਗਿਆ ਹੈ ਜਦੋਂ ਕਿ ਸਾਲ 2013-14 ਵਿਚ 16.80 ਲੱਖ ਬੋਰੀ ਅਨਾਜ ਗਾਇਬ ਹੋਇਆ ਹੈ। ਇਸੇ ਤਰ੍ਹਾਂ ਸਾਲ 2012-13 ਵਿਚ 16.97 ਲੱਖ ਬੋਰੀ ਤੇ ਸਾਲ 2011-12 ਦੌਰਾਨ 16.54 ਲੱਖ ਬੋਰੀ ਅਨਾਜ ਗੁਦਾਮਾਂ ਵਿਚੋਂ ਲਾਪਤਾ ਹੋਇਆ ਹੈ।

ਪੰਜਾਬ ਵਿਚ ਚਾਲੂ ਮਾਲੀ ਸਾਲ ਦੌਰਾਨ 116.41 ਲੱਖ ਟਨ ਕਣਕ ਤੇ 77.31 ਲੱਖ ਟਨ ਚੌਲ ਦੀ ਖਰੀਦ ਹੋਈ ਹੈ ਜਦੋਂ ਕਿ ਸਾਲ 2013-14 ਵਿਚ ਕਣਕ ਦੀ 108.97 ਲੱਖ ਟਨ ਤੇ 85.58 ਲੱਖ ਚੌਲ ਦੀ ਖਰੀਦ ਹੋਈ ਸੀ। ਪੰਜਾਬ ਵਿਚ ਵੇਅਰਹਾਊਸਿੰਗ ਦੇ 117 ਭੰਡਾਰਨ ਪੁਆਇੰਟ ਹਨ ਤੇ ਜ਼ਿਆਦਾ ਅਨਾਜ ਇਨ੍ਹਾਂ ਗੁਦਾਮਾਂ ਵਿਚ ਭੰਡਾਰ ਕੀਤਾ ਜਾਂਦਾ ਹੈ। ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਬਠਿੰਡਾ ਜਸਵਿੰਦਰ ਸਿੰਘ ਦਾ ਕਹਿਣਾ ਸੀ ਕਿ ਚੌਲ ਨੂੰ ਭੰਡਾਰ ਤੋਂ ਡਲਿਵਰ ਕਰਨ ਤੱਕ ਨਮੀ ਦੀ ਮਾਤਰਾ ਵਿਚ ਕਾਫੀ ਫਰਕ ਆ ਜਾਂਦਾ ਹੈ ਜਿਸ ਕਰਕੇ ਵਜ਼ਨ ਵਿਚ ਕਮੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਘਾਟਾ ਖੁਰਾਕ ਨਿਗਮ ਵੇਅਰਹਾਊਸਿੰਗ ਸਿਰ ਪਾ ਦਿੰਦਾ ਹੈ।

ਮਿਲੇ ਵੇਰਵਿਆਂ ਮੁਤਾਬਕ ਦੇਸ਼ ਭਰ ਦੇ ਗੁਦਾਮਾਂ ਵਿਚੋਂ ਚਾਲੂ ਮਾਲੀ ਸਾਲ ਦੇ ਦੋ ਮਹੀਨਿਆਂ ਦੌਰਾਨ 4.47 ਲੱਖ ਬੋਰੀ ਅਨਾਜ ਗਾਇਬ ਹੋਇਆ ਹੈ ਜਿਸ ਵਿਚੋਂ 50 ਫ਼ੀਸਦੀ ਇਕੱਲਾ ਪੰਜਾਬ ਵਿਚੋਂ ਗਾਇਬ ਹੋਇਆ ਹੈ। ਮਾਹਿਰ ਦੱਸਦੇ ਹਨ ਕਿ ਜਦੋਂ ਝੋਨਾ ਭੰਡਾਰ ਕੀਤਾ ਜਾਂਦਾ ਹੈ ਤਾਂ ਉਦੋਂ ਨਮੀ ਦੀ ਮਾਤਰਾ 15 ਫ਼ੀਸਦੀ ਤੱਕ ਹੁੰਦੀ ਹੈ ਤੇ ਗੁਦਾਮਾਂ ਵਿਚ ਭੰਡਾਰ ਦੌਰਾਨ ਇਹ ਨਮੀ 11 ਤੋਂ 12 ਫ਼ੀਸਦੀ ਰਹਿ ਜਾਂਦੀ ਹੈ ਜਿਸ ਕਰਕੇ ਅਨਾਜ ਦਾ ਵਜ਼ਨ ਘਟ ਜਾਂਦਾ ਹੈ ਤੇ ਇਸ ਨੂੰ ਭੰਡਾਰ ਘਾਟੇ ਵਿਚ ਪਾ ਦਿੱਤਾ ਜਾਂਦਾ ਹੈ। ਪੰਜਾਬ ਦੇ ਗੁਦਾਮਾਂ ਵਿਚ ਬਹੁਤਾ ਅਨਾਜ ਕੀੜੇ-ਮਕੌੜਿਆਂ ਦੀ ਭੇਟ ਵੀ ਚੜ੍ਹ ਜਾਂਦਾ ਹੈ ਤੇ ਬਹੁਤਾ ਸੜ ਵੀ ਜਾਂਦਾ ਹੈ ਜਦਕਿ ਕੁਝ ਅਨਾਜ ਚੋਰੀ ਵੀ ਹੋ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬ ਵਿਚੋਂ ਜਦੋਂ ਅਨਾਜ ਦੂਜੇ ਸੂਬਿਆਂ ਵਿਚ ਭੇਜਿਆ ਜਾਂਦਾ ਹੈ ਤਾਂ ਰਸਤਿਆਂ ਵਿਚ ਵੀ ਗਾਇਬ ਹੋ ਜਾਂਦਾ ਹੈ। ਪੰਜਾਬ ਵਿਚ ਅਪਰੈਲ-ਮਈ ਮਹੀਨੇ ਵਿਚ 1.48 ਲੱਖ ਬੋਰੀ ਅਨਾਜ ਰਸਤਿਆਂ ਵਿਚੋਂ ਹੀ ਉੱਡ ਗਿਆ ਜਦੋਂ ਕਿ ਸਾਲ 2012-13 ਦੌਰਾਨ 31,980 ਬੋਰੀ ਅਨਾਜ ਰਾਹਾਂ ਵਿਚੋਂ ਗਾਇਬ ਹੋਇਆ ਸੀ। ਹਰਿਆਣਾ ਵਿਚ ਭੰਡਾਰਨ ਤੇ ਮੂਵਮੈਂਟ ਦੌਰਾਨ ਅਨਾਜ ਬਹੁਤ ਘੱਟ ਗਾਇਬ ਹੁੰਦਾ ਹੈ ਜਦਕਿ ਯੂਪੀ ਵਿਚ ਮੂਵਮੈਂਟ ਦੌਰਾਨ ਕਾਫ਼ੀ ਅਨਾਜ ਅਜਾਈਂ ਚਲਾ ਜਾਂਦਾ ਹੈ।

ਕੇਂਦਰੀ ਮੰਤਰਾਲੇ ਨੇ ਦੱਸਿਆ ਹੈ ਕਿ ਭੰਡਾਰਨ ਦੌਰਾਨ ਘਾਟੇ ਘਟਾਉਣ ਵਾਸਤੇ ਗੁਦਾਮਾਂ ਦੀ ਰਾਖੀ ਸਖ਼ਤੀ ਨਾਲ ਕੀਤੀ ਜਾਂਦੀ ਹੈ ਤੇ ਗੁਦਾਮਾਂ ਦੀ ਲਗਾਤਾਰ ਇੰਸਪੈਕਸ਼ਨ ਕੀਤੀ ਜਾਂਦੀ ਹੈ। ਜੋ ਅਨਾਜ ਚੋਰੀ ਵਗੈਰਾ ਹੋ ਜਾਂਦਾ ਹੈ, ਉਨ੍ਹਾਂ ਦੀ ਪੁਲਿਸ ਰਿਪੋਰਟ ਦਰਜ ਕਰਾਈ ਜਾਂਦੀ ਹੈ। ਇਸੇ ਤਰ੍ਹਾਂ ਅਨਾਜ ਦੀ ਸੰਭਾਲ ਵੀ ਵਿਗਿਆਨਕ ਤਰੀਕੇ ਨਾਲ ਕੀਤੀ ਜਾਂਦੀ ਹੈ। ਅਨਾਜ ਦੇ ਬਚਾਅ ਲਈ ਬਕਾਇਦਾ ਛਿੜਕਾਅ ਵਗੈਰਾ ਵੀ ਕੀਤੇ ਜਾਂਦੇ ਹਨ। ਪੰਜਾਬ ਵਿਚ ਲੰਘੇ ਸਵਾ ਤਿੰਨ ਵਰ੍ਹਿਆਂ ਵਿਚ ਹਜ਼ਾਰਾਂ ਟਨ ਅਨਾਜ ਖ਼ਰਾਬ ਹੋ ਗਿਆ ਹੈ ਜਿਸ ਨੂੰ ਸਰਕਾਰ ਨੇ ਮਨੁੱਖੀ ਵਰਤੋਂ ਲਈ ਨਾ ਖਾਣ ਯੋਗ ਐਲਾਨਿਆ ਹੈ। ਸੂਬੇ ਵਿਚ ਸਾਲ 2011-12 ਦੌਰਾਨ 37 ਮੀਟਰਕ ਟਨ, ਸਾਲ 2012-13 ਦੌਰਾਨ 123 ਮੀਟਰਕ ਟਨ, ਸਾਲ 2013-14 ਦੌਰਾਨ 72.631 ਮੀਟਰਕ ਟਨ ਅਤੇ 2014-15 (31 ਮਈ ਤੱਕ) ਦੌਰਾਨ 37.425 ਮੀਟਰਕ ਟਨ ਅਨਾਜ ਗੁਦਾਮਾਂ ਵਿਚ ਪਿਆ ਖ਼ਰਾਬ ਹੋਇਆ ਹੈ।

## ਹਾਈਕੋਰਟ ਵੱਲੋਂ ਵਿਨੋਦ ਖੰਨਾ ਨੂੰ ਨੋਟਿਸ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਸੰਸਦ ਮੈਂਬਰ ਵਿਨੋਦ ਖੰਨਾ ਨੂੰ 25 ਅਗਸਤ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਇਹ ਕਾਰਵਾਈ ਲੰਘੀ ਇਕ ਜੁਲਾਈ ਨੂੰ ਹੀ ਗੁਰਦਾਸਪੁਰ ਦੀ ਦਿਆਨੰਦ ਕਲੋਨੀ ਵਾਸੀ ਨੀਰਜ ਸਲਹੋਤਰਾ ਨਾਮੀ ਇਕ ਵੋਟਰ ਵੱਲੋਂ ਲੋਕ ਪ੍ਰਤੀਨਿਧਤਾ ਐਕਟ, 1951 ਧਾਰਾ 80 ਤੇ 81 ਸਣੇ 100 ਤਹਿਤ ਵਿਨੋਦ ਖੰਨਾ ਦੀ ਚੋਣ ਰੱਦ ਕਰਨ ਤੇ ਇਸੇ ਐਕਟ ਦੀ ਧਾਰਾ 8ਏ ਦੇ ਖੰਨਾ ਨੂੰ ਅਯੋਗ ਕਰਾਰ ਦੇਣ ਦੀ ਮੰਗ ਕਰਦਿਆਂ ਦਾਇਰ ਪਟੀਸ਼ਨ ਮਗਰੋਂ ਕੀਤੀ ਗਈ ਹੈ।

ਪਟੀਸ਼ਨਰ ਵੱਲੋਂ ਖੰਨਾ ਉਤੇ ਚੋਣ ਖਰਚ ਦੀ ਤੈਅ ਹੱਦ 70 ਲੱਖ ਰੁਪਏ ਮੁਕਾਬਲੇ ਇਕ ਕਰੋੜ ਛੇ ਲੱਖ 45 ਹਜ਼ਾਰ 719 ਰੁਪਏ ਖ਼ਰਚ ਕੀਤੇ ਗਏ ਹੋਣ ਦੇ ਦੋਸ਼ ਲਗਾਏ ਹਨ। ਇਸ ਦੇ ਨਾਲ ਹੀ ਚੋਣਾਂ ਦੇ ਦਿਨਾਂ ਦੌਰਾਨ ਪੀ.ਟੀ.ਸੀ. ਨਿਊਜ਼ ਤੇ ਫਾਸਟਵੇਅ ਕੇਬਲ ਨੈਟਵਰਕ 'ਤੇ ਚੱਲੇ ਇਸ਼ਤਿਹਾਰਾਂ ਵਿਚ ਕੌਮੀ ਝੰਡੇ ਨੂੰ ਵਿਖਾਉਣ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਨਿਹੰਗ ਸਿੰਘ, ਲੰਗਰ ਪ੍ਰਥਾ, ਗੁਰਦੁਆਰਾ ਭੰਬੋਰ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਚੱਪੜ ਚਿੜੀ, ਵਿਰਾਸਤ-ਏ-ਖਾਲਸਾ ਅਨੰਦਪੁਰ ਸਾਹਿਬ, ਵੱਡਾ ਘੱਲੂਕਾਰਾ ਯਾਦਗਾਰ ਮਲੇਰਕੋਟਲਾ ਆਦਿ ਦੇ ਦ੍ਰਿਸ਼ ਵਿਖਾਏ ਗਏ ਸਨ।

# ਸੁਖਬੀਰ ਖਿਲਾਫ ਕੇਸ ਕਰਨ ਵਾਲੇ ਪੱਤਰਕਾਰ ਨੂੰ ਕੈਦ

**ਫਰੀਦਕੋਟ:** ਇਥੇ ਸੈਸ਼ਨ ਜੱਜ ਅਰਚਨਾਪੁਰੀ ਨੇ ਕੋਟਕਪੂਰਾ ਦੇ ਵਸਨੀਕ ਪੱਤਰਕਾਰ ਨਰੇਸ਼ ਕੁਮਾਰ ਸਹਿਗਲ ਨੂੰ ਇਰਾਦਾ ਕਤਲ ਦੇ ਦੋਸ਼ ਹੇਠ ਪੰਜ ਸਾਲ ਕੈਦ ਅਤੇ 11 ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਸਹਿਗਲ ਨੇ 2006 ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਇਰਾਦਾ ਕਤਲ ਦੇ ਦੋ ਕੇਸ ਦਰਜ ਕਰਵਾਏ ਸਨ ਜੋ ਇਥੇ ਅਦਾਲਤ ਦੇ ਵਿਚਾਰ ਅਧੀਨ ਹਨ।

ਉਧਰ ਨਰੇਸ਼ ਸਹਿਗਲ ਨੇ ਅਦਾਲਤ ਨੂੰ ਦੱਸਿਆ ਕਿ ਉਸ ਖ਼ਿਲਾਫ਼ ਝੂਠਾ ਕੇਸ ਦਰਜ ਕਰਵਾਇਆ ਗਿਆ ਕਿਉਂਕਿ ਉਸ ਨੇ ਉਪ ਮੁੱਖ ਮੰਤਰੀ ਖ਼ਿਲਾਫ਼ ਕੇਸ ਦਰਜ ਕਰਵਾਏ ਸਨ। ਪੁਲਿਸ ਉਸ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਉਪ ਮੁੱਖ ਮੰਤਰੀ ਖ਼ਿਲਾਫ਼ ਕੇਸ ਵਾਪਸ ਕਰਵਾਉਣਾ ਚਾਹੁੰਦੀ ਹੈ। ਇਸ ਬਾਰੇ ਉਤੇ ਪਿਛਲੇ ਸਮੇਂ ਤੋਂ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ ਪਰ ਅਦਾਲਤ ਨੇ ਮੁਲਜ਼ਮ ਦੀ ਇਸ ਦਲੀਲ ਨੂੰ ਨਿਰ-ਆਧਾਰ ਮੰਨਦਿਆਂ ਰੱਦ ਕਰ ਦਿੱਤਾ। ਇਸ ਤੋਂ ਪਹਿਲਾਂ ਹਾਈਕੋਰਟ ਨੇ ਨਰੇਸ਼ ਸਹਿਗਲ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਸੀ ਕਿ ਕੇਸ, ਉਪ ਮੁੱਖ ਮੰਤਰੀ ਦੀ ਦਖਲਅੰਦਾਜ਼ੀ ਨਾਲ ਦਰਜ ਹੋਇਆ ਹੈ।

ਕੋਟਕਪੂਰਾ ਪੁਲਿਸ ਨੇ ਦਸੰਬਰ 2010 ਵਿਚ ਸੁਰਿੰਦਰ ਸਿੰਘ ਬੇਦੀ (ਕੋਟਕਪੂਰਾ) ਦੀ ਸ਼ਿਕਾਇਤ 'ਤੇ ਆਈ.ਪੀ.ਸੀ. ਦੀ ਧਾਰਾ 307, 323/34 ਤਹਿਤ ਕੇਸ ਦਰਜ ਕੀਤਾ ਸੀ। ਬੇਦੀ ਮੁਤਾਬਕ ਸਹਿਗਲ ਨੇ 29 ਦਸੰਬਰ 2010 ਨੂੰ ਉਸ ਦੀ ਦੁਕਾਨ 'ਤੇ ਆ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਜਿਸ ਦੌਰਾਨ ਉਹ ਜ਼ਖ਼ਮੀ ਹੋ ਗਿਆ। ਇਸ ਕੇਸ ਵਿਚ ਹੀ ਹੁਣ ਅਦਾਲਤ ਨੇ ਸਹਿਗਲ ਨੂੰ ਸਜ਼ਾ ਸੁਣਾਈ ਹੈ।

# ਨਸ਼ਿਆਂ ਦੇ ਖਾਤਮੇ ਲਈ ਤਾਲਮੇਲ ਜ਼ਰੂਰੀ: ਕਿਰਨ ਬੇਦੀ

## ਜ਼ੋਰਦਾਰ ਮੁਹਿੰਮ ਲਈ ਬਾਦਲ ਤੋਂ ਸਹਿਯੋਗ ਮੰਗਿਆ

**ਚੰਡੀਗੜ੍ਹ:** ਸਾਬਕਾ ਪੁਲਿਸ ਅਧਿਕਾਰੀ ਕਿਰਨ ਬੇਦੀ ਨੇ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਸਮਾਜਸੇਵੀ ਜਥੇਬੰਦੀਆਂ ਤੋਂ ਇਲਾਵਾ ਪੁਲਿਸ ਤੇ ਨਸ਼ਾ ਛਡਾਊ ਕਾਰਜਾਂ ਵਿਚ ਸਰਗਰਮ ਵੱਖ-ਵੱਖ ਧਿਰਾਂ ਦਰਮਿਆਨ ਤਾਲਮੇਲ ਪੈਦਾ ਕਰਨ ਦਾ ਸੱਦਾ ਦਿੱਤਾ ਹੈ। ਸ੍ਰੀਮਤੀ ਬੇਦੀ ਨੇ ਕਪੂਰਥਲਾ ਹਾਊਸ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਤੇ ਨਸ਼ਿਆਂ ਦੀ ਲਾਹਨਤ ਨੂੰ ਖਤਮ ਕਰਨ ਬਾਰੇ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ।



ਸ੍ਰੀਮਤੀ ਬੇਦੀ ਨੇ ਕਿਹਾ ਕਿ ਉਨ੍ਹਾਂ ਨੇ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਕੈਦੀਆਂ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਸੀ। ਇਸ ਜੰਗ ਵਿਚ ਨਸ਼ੇੜੀਆਂ ਦੇ ਪਰਿਵਾਰਾਂ ਨੂੰ ਸ਼ਾਮਲ ਕੀਤੇ ਜਾਣ ਤੋਂ ਬਿਨਾਂ ਇਕੱਲੀ ਸੂਬਾ ਸਰਕਾਰ ਇੱਛਾਜਨਕ ਨਤੀਜੇ ਨਹੀਂ ਕੱਢ ਸਕਦੀ। ਉਨ੍ਹਾਂ ਨੇ ਪਰਿਵਾਰ ਦੀ ਕੌਂਸਲਿੰਗ ਦੀ ਧਾਰਨਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੇ ਵਿਅਕਤੀਆਂ ਨਾਲ ਨਿਪਟਣ ਲਈ ਸਿੱਖਿਅਤ ਪਰਿਵਾਰਕ ਕੌਂਸਲਰਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਮਰੀਜ਼ਾਂ ਵਿਚ ਆਤਮ-ਸਨਮਾਨ ਦੀ ਭਾਵਨਾ ਪੈਦਾ ਹੋਵੇ।

ਸਾਬਕਾ ਆਈ.ਪੀ.ਐਸ. ਅਧਿਕਾਰੀ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਰੋਟਰੀ ਤੇ ਲਾਇਨਜ਼ ਕਲੱਬ ਵਰਗੀਆਂ ਗ਼ੈਰ-ਸਰਕਾਰੀ ਸੰਸਥਾਵਾਂ ਦੀਆਂ ਸੇਵਾਵਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਨਸ਼ਿਆਂ ਦੇ ਸ਼ਿਕਾਰ ਵਿਅਕਤੀਆਂ ਦੇ ਇਲਾਜ ਲਈ ਐਲੋਪੈਥੀ ਦੇ ਨਾਲ ਹੋਮਿਓਪੈਥੀ, ਯੂਨਾਨੀ ਤੇ ਆਯੁਰਵੇਦ ਦੀ ਵਰਤੋਂ 'ਤੇ ਵੀ ਜ਼ੋਰ ਦਿੱਤਾ। ਸ੍ਰੀਮਤੀ ਬੇਦੀ ਨਾਲ ਵਿਚਾਰ-ਚਰਚਾ ਦੌਰਾਨ ਮੁੱਖ ਮੰਤਰੀ ਨੇ ਨਸ਼ਾ ਛੁਡਾਊ ਤੇ ਮੁੜ ਵਸੇਬੇ ਬਾਰੇ ਦਿੱਤੇ ਅਹਿਮ ਸੁਝਾਵਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢੀ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਮਨੁੱਖੀ ਹੱਕਾਂ ਦੀ ਰਾਖੀ ਲਈ ਰੱਤੀ ਬਰ ਵੀ ਗੰਭੀਰ ਨਹੀਂ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਬਣਾਇਆ ਗਿਆ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਨ੍ਹੀਂ ਦਿਨੀ ਆਪ ਕੰਗਾਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਕਮਿਸ਼ਨ ਦੇ ਹੋਂਦ ਵਿਚ ਆਉਣ ਦੇ 27 ਸਾਲਾਂ ਬਾਅਦ ਵੀ ਕਰਮਚਾਰੀਆਂ ਲਈ ਸਰਵਿਸ ਰੂਲ ਨਹੀਂ ਬਣਾਏ ਗਏ ਹਨ। ਕਮਿਸ਼ਨ ਦੇ ਦਫ਼ਤਰ ਵਿਚ ਸਾਰੇ ਮੁਲਾਜ਼ਮ ਆਊਟ ਸੋਰਸਿੰਗ ਰਾਹੀਂ ਠੇਕੇ 'ਤੇ ਭਰਤੀ ਕੀਤੇ ਗਏ ਹਨ। ਕਮਿਸ਼ਨ ਦੇ ਪੰਜ ਜੱਜ ਮੈਂਬਰਾਂ ਵਿਚੋਂ ਦੋ ਅਸਾਮੀਆਂ ਕਈ ਮਹੀਨਿਆਂ ਤੋਂ ਖਾਲੀ ਹਨ। ਇਸ ਕਰਕੇ ਕੇਸਾਂ ਦੀ ਸੁਣਵਾਈ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਕਮਿਸ਼ਨ ਦੇ ਮੈਂਬਰ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਬਲਦੇਵ ਸਿੰਘ ਅਕਤੂਬਰ ਵਿਚ ਸੇਵਾਮੁਕਤ ਹੋ ਗਏ ਸਨ।

ਸੇਵਾਮੁਕਤ ਸੈਸ਼ਨ ਜੱਜ ਐਲ.ਆਰ. ਰੁਜ਼ਮ ਦੇ ਮੈਂਬਰ ਵਜੋਂ ਅਹੁਦੇ ਦੀ ਮਿਆਦ ਵੀ ਅਕਤੂਬਰ ਵਿਚ ਖਤਮ ਹੋ ਗਈ ਸੀ। ਦੋਵੇਂ ਅਸਾਮੀਆਂ ਅੱਠ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਖਾਲੀ ਪਈਆਂ ਹਨ। ਅਸਾਮੀਆਂ ਦੇ ਚਿਰਾਂ ਤੋਂ ਖਾਲੀ ਰਹਿਣ ਕਰਕੇ ਗੰਭੀਰ ਕਿਸਮ ਦੇ ਕੇਸਾਂ ਦੀ ਸੁਣਵਾਈ ਹੋਣੋਂ ਰਹਿ ਗਈ ਹੈ। ਗੰਭੀਰ ਕੇਸਾਂ ਦੀ ਸੁਣਵਾਈ ਕਰਨ ਦਾ ਅਖ਼ਤਿਆਰ ਫੁੱਲ ਬੈਂਚ ਨੂੰ ਹੈ ਤੇ ਤਿੰਨ ਮੈਂਬਰਾਂ ਵਿਚੋਂ ਇਕ ਦੇ ਛੁੱਟੀ 'ਤੇ ਚਲੇ ਜਾਣ ਦੀ ਸੂਰਤ ਵਿਚ ਫੁੱਲ ਬੈਂਚ ਲੱਗਣ ਤੋਂ ਰਹਿ ਜਾਂਦਾ ਹੈ। ਮਿਲੀ ਜਾਣਕਾਰੀ ਮੁਤਾਬਕ ਜੱਜ ਮੈਂਬਰਾਂ ਦੀ ਘਾਟ ਕਾਰਨ ਰੁਟੀਨ ਕੇਸਾਂ ਦੀ ਸੁਣਵਾਈ ਦੀ ਚਾਲ ਵੀ ਮੱਠੀ ਪੈ ਗਈ ਹੈ ਤੇ ਕੇਸ ਫ਼ੈਸਲੇ ਲਈ ਲਟਕੇ ਪਏ ਹਨ। ਇਸ ਵੇਲੇ ਕਮਿਸ਼ਨ ਦੇ ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਤੋਂ ਬਿਨਾਂ ਸਿਰਫ ਪਬਲਿਕ ਕੋਟੇ ਦੇ ਦੋ ਮੈਂਬਰਾਂ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ। ਕਰਮਚਾਰੀਆਂ ਦੇ ਹੱਕਾਂ ਨੂੰ ਲੈ ਕੇ ਕਮਿਸ਼ਨ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕਈ ਦੋਸ਼ ਲੱਗੇ ਹਨ। ਕਮਿਸ਼ਨ 1997 ਵਿਚ ਹੋਂਦ ਵਿਚ ਆਇਆ ਸੀ।

ਇਸ ਦੇ ਗਠਨ ਦੇ ਸਤਾਈ ਸਾਲਾਂ ਬਾਅਦ ਵੀ ਕਰਮਚਾਰੀ ਸਿਵਲ ਰੂਲ ਨਹੀਂ ਬਣਾਏ ਗਏ ਹਨ। ਸਿਵਲ ਰੂਲਜ਼ ਨੂੰ ਲੈ ਕੇ ਕਮਿਸ਼ਨ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਜਨਤਕ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਕਮਿਸ਼ਨ ਵਿਚ ਰਜਿਸਟਰਾਰ ਤੇ ਉਪ ਸਕੱਤਰ ਦੇ ਅਹੁਦਿਆਂ 'ਤੇ ਦੂਜੇ ਸਰਕਾਰੀ ਵਿਭਾਗਾਂ ਵਿਚੋਂ ਸੇਵਾਮੁਕਤ ਹੋ ਚੁੱਕੇ ਅਫ਼ਸਰਾਂ ਨੂੰ ਮੁੜ ਨਿਯੁਕਤੀ ਦੇ ਕੇ ਲਾਇਆ ਗਿਆ ਹੈ, ਜਦੋਂਕਿ ਸੁਪਰਡੈਂਟ ਪੱਧਰ ਦਾ ਸਟਾਫ਼ ਵੀ ਹੋਰ ਸਰਕਾਰੀ ਵਿਭਾਗਾਂ ਵਿਚੋਂ ਡੈਪੂਟੇਸ਼ਨ 'ਤੇ ਲਿਆ ਗਿਆ ਹੈ। ਬਾਕੀ ਸਾਰੇ ਸਟਾਫ਼ ਦੀ ਭਰਤੀ ਇਕ ਨਿੱਜੀ ਕੰਪਨੀ ਤੋਂ ਆਊਟ ਸੋਰਸਿੰਗ ਰਾਹੀਂ ਕੀਤੀ ਗਈ ਹੈ।

ਕਮਿਸ਼ਨ ਵੱਲੋਂ ਕੰਪਨੀ ਨੂੰ ਹਰ ਮਹੀਨੇ ਉੱਕੀ-ਪੁੱਕੀ ਰਕਮ ਦਿੱਤੀ ਜਾ ਰਹੀ ਹੈ। ਕੰਪਨੀ ਵੱਲੋਂ ਆਪਣਾ ਮੁਨਾਫ਼ਾ ਰੱਖ ਕੇ ਅੱਗੇ ਮੁਲਾਜ਼ਮਾਂ ਨੂੰ ਕਿੰਨੀ ਤਨਖ਼ਾਹ ਦਿੱਤੀ ਜਾ ਰਹੀ ਹੈ, ਇਹ ਭੇਤ ਅਜੇ ਬਰਕਰਾਰ ਹੈ। ਪਿਛਲੇ ਕੁਝ ਮਹੀਨਿਆਂ ਵਿਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ। ਕਮਿਸ਼ਨ ਵੱਲੋਂ ਵਿੱਤੀ ਸੰਕਟ ਦੇ ਬਹਾਨੇ ਮੁਲਾਜ਼ਮਾਂ ਦੀ ਭਰਤੀ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ ਤੇ ਕਈ ਤਰ੍ਹਾਂ ਦੇ ਖਰਚਿਆਂ 'ਤੇ ਵੀ ਕੱਟ ਲਾਇਆ ਜਾ ਰਿਹਾ ਹੈ। ਦਿਲਚਸਪ ਗੱਲ ਇਹ ਕਿ ਕਮਿਸ਼ਨ ਵੱਲੋਂ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਦੇ ਕੇਸ ਸੁਲਝਾਏ ਜਾ ਰਹੇ ਹਨ ਪਰ ਕਮਿਸ਼ਨ ਦੇ ਆਪਣੇ ਕਰਮਚਾਰੀਆਂ ਨੂੰ ਆਪਣੇ ਹੱਕ ਲੈਣ ਲਈ ਉੱਚ ਅਦਾਲਤ ਦਾ ਸਹਾਰਾ ਲੈਣਾ ਪੈ ਰਿਹਾ ਹੈ। ਕਮਿਸ਼ਨ ਉੱਤੇ ਦਫ਼ਤਰ ਦੀ ਬਿਲਡਿੰਗ 'ਤੇ ਜਬਰੀ ਕਬਜ਼ਾ ਬਣਾਈ ਰੱਖਣ ਦੇ ਦੋਸ਼ ਵੀ ਲੱਗੇ ਹਨ। ਬਿਲਡਿੰਗ ਦੇ ਮਾਲਕ ਵੱਲੋਂ ਤਿੰਨ ਮੰਜ਼ਿਲੇ ਦੋ ਸ਼ੋਅਰੂਮਾਂ ਨੂੰ ਖਾਲੀ ਕਰਾਉਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਕੇਸ ਦਾਇਰ ਕੀਤਾ ਗਿਆ ਹੈ। ਪਤਾ ਲੱਗਿਆ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕਮਿਸ਼ਨ ਦੀ ਇਮਾਰਤ ਲਈ ਸੈਕਟਰ 27 ਵਿਚ ਇਕ ਕਨਾਲ ਦਾ ਪਲਾਟ ਦਿੱਤਾ ਗਿਆ ਸੀ ਪਰ ਕਮਿਸ਼ਨ ਨੇ ਇਸ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਹੈ। ਕਮਿਸ਼ਨ ਨੇ ਦੱਖਣੀ ਸੈਕਟਰਾਂ ਵਿਚ ਵੱਡੇ ਪਲਾਟ ਲਈ ਨਵੀਂ ਅਰਜ਼ੀ ਦਿੱਤੀ ਹੈ। ਇਕ ਵੱਖਰੀ ਜਾਣਕਾਰੀ ਮੁਤਾਬਕ ਕਮਿਸ਼ਨ ਨੂੰ 'ਦੰਦਾਂ ਤੋਂ ਬਗ਼ੈਰ ਹਾਥੀ' ਮੰਨਿਆ ਜਾ ਰਿਹਾ ਹੈ। ਇਸ ਕਾਰਨ ਪਿਛਲੇ ਸਮੇਂ ਵਿਚ ਕਮਿਸ਼ਨ ਨੂੰ ਕਈ ਕੇਸਾਂ ਵਿਚ ਆਪਣੀਆਂ ਸਿਫ਼ਾਰਸ਼ਾਂ ਲਾਗੂ ਕਰਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਹੈ।



# APCA

## AMERICAN PETROLEUM AND CONVENIENCE STORE ASSOCIATION

## ਅਮੈਰਿਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ

**APCA is a non profit organization dedicated to empower petroleum and convenience store owners**

**APCA** is the only association with grass root movement based on democratic principals with the state wide reach to help c-store and gas station owners.

**Our Goal** is to Assist Convenience Store and Gas Station Owners in increasing their business effectiveness by providing platform and resources for education, training, and exchange of ideas.

JOIN TODAY




**If you are a gas station, liquor or c-store owner and interested in increasing your business effectiveness, come join us.**

## COME JOIN US AT OUR BAY AREA LAUNCH

## WHEN: Wednesday July 23, 2014 per the program

Social Hr & Snacks: 5:00 pm – 6:00 pm
APCA Meeting: 6:00 pm – 7:30 pm
Dinner: 7:30 pm - Onwards
WHERE: ICC - 525 Los Coches St. Milpitas, CA 95035
CONTACT: (408) 835-2020 WWW.APCA.US

*For further information, please contact:*
Jag Kapoor (408) 319-7110, Manraj Natt (408) 802-7181 or Sanjiv Patel (408) 666-4944

# ਸੱਭਿਆਚਾਰਕ ਕੈਂਪ 'ਚ ਬੱਚਿਆਂ ਦੀ ਭਰਵੀਂ ਸ਼ਿਰਕਤ



**ਫਰਿਜ਼ਨੋ (ਬਿਊਰੋ):** ਸਥਾਨਕ ਸੱਭਿਆਚਾਰਕ ਸੰਸਥਾ ਗੁਰੂ ਹਰਗੋਬਿੰਦ (ਜੀ ਐਚ ਜੀ) ਅਕੈਡਮੀ ਵਲੋਂ ਬੱਚਿਆਂ ਦਾ ਇਕ ਸੱਭਿਆਚਾਰਕ ਕੈਂਪ ਪੰਜਾਬੀ ਸਕੂਲ ਫਰਿਜ਼ਨੋ ਵਿਚ ਸ਼ੁਰੂ ਹੋ ਚੁਕਾ ਹੈ ਜੋ 25 ਜੁਲਾਈ ਤੱਕ ਚੱਲੇਗਾ।

ਕੈਂਪ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਗੁਰੂ ਸਿੰਘ ਸਭਾ ਵਿਖੇ ਪ੍ਰਬੰਧਕਾਂ, ਬੱਚਿਆਂ ਅਤੇ ਸਮੂਹ ਮਾਪਿਆਂ ਵੱਲੋਂ ਅਰਦਾਸ ਉਪਰੰਤ ਕੀਤੀ ਗਈ। ਕੈਂਪ ਲਈ ਫਰਿਜ਼ਨੋ ਅਤੇ ਆਸ-ਪਾਸ ਦੇ ਇਲਾਕੇ ਦੇ ਬੱਚੇ ਪਹੁੰਚੇ ਹਨ। ਗਰਮੀ ਦੇ ਮੱਦੇਨਜ਼ਰ ਪ੍ਰਬੰਧਕਾਂ ਨੇ ਵੱਡੇ ਟੈਂਟਾਂ, ਪੱਖੇ ਅਤੇ ਮਿਸ਼ਟ ਆਦਿ ਦਾ ਪ੍ਰਬੰਧ ਕੀਤਾ ਹੈ। ਖਾਣ-ਪੀਣ ਦੇ ਪ੍ਰਬੰਧ ਵਿਚ ਹਦਵਾਣੇ, ਫਲਾਂ, ਲੱਸੀ ਅਤੇ ਠੰਡੇ-ਮਿੱਠੇ ਪਾਣੀ ਦੀਆਂ ਛਬੀਲਾਂ ਸ਼ਾਮਲ ਹਨ।

ਸ. ਪਰਮਜੀਤ ਸਿੰਘ ਧਾਲੀਵਾਲ ਨੇ ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 26 ਜੁਲਾਈ ਨੂੰ ਫਰਿਜ਼ਨੋ ਦੇ ਰੋਇਡਿੰਗ ਪਾਰਕ ਕਰਵਾਏ ਜਾ ਰਹੇ ਅੰਤਰ-ਰਾਸ਼ਟਰੀ ਯੁਵਕ ਮੇਲੇ ਲਈ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕਰ ਲਏ ਗਏ ਹਨ ਅਤੇ ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਡਾ. ਦਲਜਿੰਦਰ ਸਿੰਘ ਜੌਹਲ ਭੰਗੜਾ ਸਿਖਾਉਣ ਲਈ ਕੈਨੇਡਾ ਤੋਂ ਪਹੁੰਚੇ ਹੋਏ ਹਨ। ਗਿੱਧੇ ਦੀ ਕੋਚਿੰਗ ਦੀ ਜਿੰਮੇਵਾਰੀ ਬੀਬੀ ਤਰਨਜੀਤ ਕੌਰ ਕਲੇਰ ਅਤੇ ਸ਼ਗਨਦੀਪ ਵੜੈਚ ਦੇ ਸਿਰ ਲੱਗੀ ਹੈ। ਮੰਚ ਸੰਚਾਲਨ ਆਸ਼ਾ ਸ਼ਰਮਾ ਤੇ ਗੁਰਦੀਪ ਸ਼ੇਰਗਿੱਲ ਕਰਨਗੇ। ਹੋਰ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559-351-9465) ਜਾਂ ਗੁਰਦੀਪ ਸ਼ੇਰਗਿੱਲ (559-349-1481) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਭਾਈ ਮਨੀ ਸਿੰਘ ਨੂੰ ਸਮਰਪਿਤ ਸਮਾਗਮ

**ਸੈਂਟਾ ਕਲਾਰਾ, ਕੈਲੀਫੋਰਨੀਆ:** ਸ਼ਹੀਦ ਭਾਈ ਮਨੀ ਸਿੰਘ ਨੂੰ ਸਮਰਪਿਤ ਗੁਰਦੁਆਰਾ ਸਿਲੀਕਾਨ ਵੈਲੀ ਵਿਚ ਸਜੇ ਹਫਤਾਵਾਰੀ ਦੀਵਾਨ ਵਿਚ ਭਾਈ ਕੁਲਵੰਤ ਸਿੰਘ ਪੰਡੋਰੀ ਦੇ ਢਾਡੀ ਜਥੇ ਨੇ ਉਚੇਚੀ ਸ਼ਿਰਕਤ ਕੀਤੀ। ਜਥੇ ਨੇ ਸ਼ਹੀਦ ਭਾਈ ਮਨੀ ਸਿੰਘ ਦੀ ਕੁਰਬਾਨੀ ਅਤੇ ਸਿੱਖ ਇਤਿਹਾਸ ਵਿਚ ਉਨ੍ਹਾਂ ਦੇ ਅਮੁੱਲੇ ਯੋਗਦਾਨ ਬਾਰੇ ਢਾਡੀ ਵਾਰਾਂ ਰਾਹੀਂ ਸੰਗਤ ਦਾ ਧਿਆਨ ਖਿਚਿਆ। ਉਪਰੰਤ ਭਾਈ ਹਰਦੀਪ ਸਿੰਘ ਕੰਚਨ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਭਾਈ ਨਿਰਮਲ ਸਿੰਘ ਸੂਰਾ ਨੇ ਭਾਈ ਮਨੀ ਸਿੰਘ ਦੇ ਪਰਿਵਾਰ 'ਚ ਹੋਏ ਸ਼ਹੀਦਾਂ ਬਾਰੇ ਚਾਨਣਾ ਪਾਇਆ।

ਇਸੇ ਦੌਰਾਨ ਗੁਰੂ ਘਰ ਅੰਦਰ ਮੁਫਤ ਮੈਡੀਕਲ ਚੈਕਅਪ ਕੈਂਪ ਲਾਇਆ ਗਿਆ। ਡਾ. ਅਸ਼ੀਸ਼ ਅਤੇ ਉਸ ਦੀ ਸਹਾਇਕ ਵਿਕੀ ਨੇ ਕਰੀਬ 50 ਮਰੀਜਾਂ ਦਾ ਚੈਕਅਪ ਕੀਤਾ। ਇਸ ਮੌਕੇ ਮਰੀਜਾਂ ਨੂੰ ਖੁਰਾਕ ਅਤੇ ਡਾਇਬਟੀਜ਼ ਨੂੰ ਕੰਟਰੋਲ ਕਰਨ ਬਾਰੇ ਵੀ ਦੱਸਿਆ ਗਿਆ। ਪ੍ਰਬੰਧਕਾਂ ਅਨੁਸਾਰ ਆਉਂਦੇ ਐਤਵਾਰ ਮੁੜ ਮੁਫਤ ਮੈਡੀਕਲ ਚੈਕਅਪ ਕੈਂਪ ਲਾਇਆ ਜਾਵੇਗਾ ਅਤੇ ਖਾਲਸਾ ਸਕੂਲ ਦੀ ਰਜਿਸਟਰੇਸ਼ਨ ਵੀ ਸ਼ੁਰੂ ਹੋ ਜਾਵੇਗੀ।












HD IP

# Security Solution

ULTRA High Resolution

Gas stations, Liquor Store,Hotel/Motels,Homes

or

Any Kind Of Business

-Cash Register Interface.
-Fully Trained Tech.Staff.
-16 Year Satisfied Custmer.



Licence Plate Reader




2 Year Warranty

Vista CCTV TECHNOLOGY

Call Mr.Sukhpal

1-661-586-5080

---



## Harmit Toor

**Professional Real Estate Services**

For a Real Estate Broker with an in-depth knowledge of both the area and market, contact Harmit Toor!

**925.202.7027 hdtoor@gmail.com**

WWW.MissionPeakBrokers.Com

Broker Associate
BRE Lic. #01462579
NMLS #358820

For Buying/Selling Home, Business & Loans

550 Credit Scores FHA Purchase Loans Available

**Serving Bay Area and Central Valley Over 10 Years**

---

## Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

**Medicare & Most Private Insurances Accepted**



*Contact:* **Dr. Baljit Jammu**

*Doctor of Chiropractic*

**Ph: 510-940-8236**

1090 La Playa Dr., Hayward CA 94545

---

# City Travel & Tour

## We are the cheapest in the travel industry guaranteed for you travel.

From All Major destination of USA to most destination of India

$ 799.00 RT + Taxes

$500.00+taxes One way to any where in India

Please call us for the special group fares for weddings and and student group trip We also offer senior citizen discount and student discount for three or more tickets



England, Germany, Spain, Norway, Italy, Canada, France,

**$299.00 plus TX based on RT purchase**

*Infant fly free*

travelforce@outlook.com

**Toll Free: 1-888-264-5068**

---

## The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*

*Attorney at Law*

*Licensed to practice Immigration & Bankruptcy in all 50 states.*

More than 20 year experience in US immigration & Indian law

**US IMMIGRATION**

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**

*Divorce *Annulment
*International Custody

**INCORPORATIONS**

*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਦਾਸਤਾਨ-ਏ-ਦੁਖਤਰ



*ਲਹਿੰਦੇ ਪੰਜਾਬ ਦੇ ਨਿੱਕੇ ਜਿਹੇ ਪਿੰਡ ਮੀਰ ਪੁਰ ਦੀ ਕੁੜੀ ਮੁਖਤਾਰਾਂ ਮਾਈ ਦੀ ਕਹਾਣੀ ਬੜੀ ਦਰਦਨਾਕ ਹੈ। ਉਂਜ ਇਸ ਕੁੜੀ ਦਾ ਸਿਦਕ ਅਤੇ ਸਿਰੜ, ਉਸ ਨਾਲ ਹੋਏ ਜ਼ੁਲਮ ਤੋਂ ਦੋ ਰੱਤੀਆਂ ਉਤੇ ਹੀ ਹੈ। ਇਹੀ ਇਕ ਵਜ੍ਹਾ ਹੈ ਕਿ ਅੱਜ ਉਹ ਜੀਅ ਰਹੀ ਹੈ ਅਤੇ ਅਬਲਾਵਾਂ ਲਈ ਪ੍ਰੇਰਨਾ ਦਾ ਸਰੋਤ ਬਣੀ ਹੋਈ ਹੈ। 'ਦਾਸਤਾਨ-ਏ-ਦੁਖਤਰ' ਨਾਂ ਦੇ ਇਸ ਲੇਖ ਵਿਚ ਸਨੋਬਰ ਸਾਰਾ ਨੇ ਉਸ ਦੀ ਜੀਵਨ ਕਹਾਣੀ ਨੂੰ ਅੱਜ ਦੇ ਪ੍ਰਸੰਗ ਨਾਲ ਜੋੜ ਕੇ ਪੇਸ਼ ਕੀਤਾ ਹੈ।*

ਕਲਾ ਪਰਿਕਰਮਾ

'ਦੁਖਤਰ' ਸ਼ਬਦ ਨਾਲ ਪਹਿਲਾਂ ਉੱਕਾ ਹੀ ਵਾਕਿਫ ਨਹੀਂ ਸਾਂ। ਹੁਣ ਉਰਦੂ ਸਿੱਖਣਾ ਸ਼ੁਰੂ ਕੀਤਾ ਤਾਂ ਇਤਫਾਕਨ ਇਹ ਸ਼ਬਦ ਚਰਚਾ ਵਿਚ ਆ ਗਿਆ ਅਤੇ ਫਿਰ ਇਸ ਸ਼ਬਦ ਦੇ ਅਰਥ ਜ਼ਿਹਨ ਵਿਚ ਬਰਛੇ ਵਾਂਗ ਖੁੱਭ ਗਏ। ਇਸ ਸ਼ਬਦ ਦਾ ਅਰਥ 'ਧੀ' ਹੈ। ਧੀਆਂ, ਮਤਲਬ ਦੁੱਖ ਦੇਣ ਵਾਲੀਆਂ। ਅਜੇ ਮੈਨੂੰ ਪਤਾ ਨਹੀਂ ਕਿ ਇਸ ਸ਼ਬਦ ਦੀਆਂ ਜੜ੍ਹਾਂ (ਰੂਟਸ) ਕੀ ਨੇ, ਇਹ ਸ਼ਬਦ ਕਿੱਦਾਂ ਬਣਿਆ ਅਤੇ ਕਿਥੋਂ ਬਣਿਆ। ਇਸ ਬਾਰੇ ਤਾਂ ਕੋਈ ਭਾਸ਼ਾ ਵਿਗਿਆਨੀ ਹੀ ਦੱਸ ਸਕਦਾ ਹੈ, ਪਰ ਤੱਟ-ਫੱਟ 'ਦੁਖਤਰ' ਸ਼ਬਦ ਨੇ ਸਭ ਤੋਂ ਪਹਿਲੀ ਕੜੀ ਮੁਖਤਾਰਾਂ ਮਾਈ ਨਾਲ ਜੋੜੀ। ਉਹਦੀ ਜੀਵਨੀ 'ਇਨ ਦਿ ਨੇਮ ਆਫ ਔਨਰ' (ਅਣਖ ਦੇ ਨਾਂ 'ਤੇ) ਕੁਝ ਸਾਲ ਪਹਿਲਾਂ ਪੜ੍ਹੀ ਸੀ। ਪੰਚਾਇਤ ਦੇ ਹੁਕਮਾਂ ਉਤੇ ਪੂਰੇ ਪਿੰਡ ਅਤੇ ਘਰਦਿਆਂ ਦੀ ਹਾਜ਼ਰੀ ਵਿਚ ਮੁਖਤਾਰਾਂ ਨਾਲ ਜਬਰ ਜਨਾਹ ਕੀਤਾ ਗਿਆ। ਕਿਤਾਬ ਪੜ੍ਹ ਕੇ



**ਸਨੋਬਰ ਸਾਰਾ**
ਫੋਨ: 91-98767-64065

ਸਹਿਜ ਰਹਿਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਸੀ। ਪੂਰੀ ਤਰ੍ਹਾਂ ਹਿੱਲ ਗਈ ਸਾਂ। ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਮੈਂ ਨਵੀਂ ਪੀੜ੍ਹੀ ਦੀ ਕੁੜੀ, ਆਖਰ ਕਿਸ ਦੁਨੀਆਂ ਵਿਚ ਰਹਿ ਰਹੀ ਸਾਂ ਜਿਸ ਨੂੰ ਇਸ ਹਾਲਾਤ ਬਾਰੇ ਖਬਰ ਤੱਕ ਨਹੀਂ ਸੀ? ਜੇ ਇਹ ਕਿਤਾਬ ਮੈਨੂੰ ਤੋਹਫੇ ਵਜੋਂ ਨਾ ਮਿਲਦੀ, ਤਾਂ ਖੌਰੇ ਅਜੇ ਹੋਰ ਕਿੰਨੇ ਸਾਲ ਮੈਂ ਇਹ ਕਿਤਾਬ ਪੜ੍ਹ ਨਾ ਸਕਦੀ। ਕਿਤਾਬ ਪੜ੍ਹ ਕੇ ਜ਼ਿਹਨ ਵਿਚ ਬਹੁਤ ਸਵਾਲ ਉਠੇ, ਜਵਾਬ ਇਕ ਵੀ ਨਾ ਮਿਲਿਆ। ਹੁਣ ਇਸ ਹਾਲਾਤ ਬਾਰੇ ਲਿਖਣ ਬੈਠੀ ਹਾਂ ਤਾਂ ਖੁਦ ਨੂੰ ਸਮਝ ਨਹੀਂ ਸੀ ਆ ਰਹੀ ਕਿ ਗੱਲ ਕਿਥੋਂ ਸ਼ੁਰੂ ਕਰਾਂ।

ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਉਸ ਬਾਰੇ ਵਾਰ-ਵਾਰ ਇਹੀ ਕਿਹਾ ਜਾਂਦਾ ਹੈ ਕਿ ਔਰਤ ਮਰਦ ਸਭ ਬਰਾਬਰ ਹਨ, ਪਰ ਹੁਣ ਜਦੋਂ ਸਾਨੂੰ ਸਭ ਨੂੰ ਇਸ 'ਸੱਚ' ਬਾਰੇ ਸਭ ਪਤਾ ਹੈ ਤਾਂ ਅਸੀਂ ਸਾਰੇ ਅਜਿਹਾ ਕਿਉਂ ਮੰਨੀ ਜਾ ਰਹੇ ਹਾਂ? ਇਹ ਸੱਚ ਭਾਰਤ ਬਾਰੇ ਹੀ ਨਹੀਂ, ਪੂਰੇ ਸੰਸਾਰ ਬਾਰੇ ਹੈ। ਕਿਸੇ ਵੀ ਦਿਨ ਦਾ ਕੋਈ ਵੀ ਅਖਬਾਰ ਜਾਂ ਮੈਗਜ਼ੀਨ ਚੁੱਕ ਲਓ, ਜਬਰ ਜਨਾਹ ਦਾ ਦੈਂਤ ਜਾਪਦਾ ਹੈ ਲਗਾਤਾਰ ਮੂੰਹ ਅੱਡੀ ਖੜ੍ਹਾ ਹੈ। ਪੱਛਮੀ ਬੰਗਾਲ ਵਿਚ ਵੀ ਮੁਖਤਾਰਾਂ ਮਾਈ ਵਾਲਾ ਕੇਸ ਦੁਹਰਾਇਆ ਗਿਆ। ਕੁੜੀ ਦੇ ਘਰ ਵਾਲੇ ਪੰਚਾਇਤ ਵੱਲੋਂ ਲਾਇਆ 50 ਹਜ਼ਾਰ ਰੁਪਏ ਦਾ ਡੰਨ ਨਹੀਂ ਸਨ ਤਾਰ ਸਕੇ। ਐਡਾ ਲੋਹੜਾ? ਉਤਰ ਪ੍ਰਦੇਸ਼ ਤੋਂ ਜਬਰ ਜਨਾਹ ਦੀਆਂ ਜਿਹੜੀਆਂ ਖਬਰਾਂ ਆਈਆਂ ਹਨ, ਉਨ੍ਹਾਂ ਦੀ ਤਾਂ ਸੂਚੀ ਹੀ ਨਹੀਂ ਮੁੱਕਣ ਰਹੀ।



**ਮੁਖਤਾਰਾਂ ਮਾਈ ਦੀ ਜੀਵਨੀ 'ਇਨ ਦਿ ਨੇਮ ਆਫ ਔਨਰ' ਕੁਝ ਸਾਲ ਪਹਿਲਾਂ ਪੜ੍ਹੀ ਸੀ। ਪੰਚਾਇਤ ਦੇ ਹੁਕਮਾਂ ਉਤੇ ਪੂਰੇ ਪਿੰਡ ਅਤੇ ਘਰਦਿਆਂ ਦੀ ਹਾਜ਼ਰੀ ਵਿਚ ਮੁਖਤਾਰਾਂ ਨਾਲ ਜਬਰ ਜਨਾਹ ਕੀਤਾ ਗਿਆ। ਇਹ ਕਿਤਾਬ ਪੜ੍ਹ ਕੇ ਸਹਿਜ ਰਹਿਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਸੀ।**

ਮੁਖਤਾਰਾਂ ਮਾਈ ਦਾ ਕਸੂਰ ਕੀ ਸੀ ਭਲਾ? ਉਸ ਦੇ ਭਰਾ ਉਤੇ ਦੋਸ਼ ਸੀ ਕਿ ਉਸ ਦੇ ਚੌਧਰੀਆਂ ਦੀ ਕੁੜੀ ਨਾਲ ਸਬੰਧ ਹਨ। ਪਤਾ ਹੈ ਮੁਖਤਾਰਾਂ ਦੇ ਭਰਾ ਦੀ ਉਮਰ ਉਤੋਂ ਕਿੰਨੀ ਸੀ? ਬਾਰਾਂ ਸਾਲ!... ਤੇ ਚੌਧਰੀਆਂ ਦੀ ਕੁੜੀ ਦੀ 20 ਸਾਲ। ਮੁਖਤਾਰਾਂ ਮਾਈ ਨੇ ਜਬਰ ਜਨਾਹ ਤੋਂ ਬਾਅਦ ਆਪਣਾ ਅਤੇ ਆਪਣੇ ਪਰਿਵਾਰ ਦਾ ਜੋ ਹਾਲ ਕਿਤਾਬ ਵਿਚ ਬਿਆਨ ਕੀਤਾ ਹੈ, ਉਹ ਰੁਆ ਦੇਣ ਵਾਲਾ ਹੈ। ਮੁਖਤਾਰਾਂ ਦੇ ਦਿਲ ਵਿਚ ਮਰ ਜਾਣ ਬਾਰੇ ਗੁਬਾਰ ਉਠਦਾ ਹੈ। ਇਸ ਔਖੇ ਹਾਲਾਤ ਵਿਚ ਇਕ ਹੋਰ ਔਰਤ ਉਸ ਦਾ ਸਾਇਆ ਹੋ ਨਿਬੜੀ। ਪਲ-ਪਲ ਉਸ ਦਾ ਖਿਆਲ ਰੱਖਦੀ ਹੈ। ਇਕ ਪਲ ਵੀ ਉਸ ਨੂੰ ਇਕੱਲਿਆਂ ਨਹੀਂ ਛੱਡਦੀ। ਇਸ ਔਰਤ ਨੇ ਮੁਖਤਾਰਾਂ ਨੇ ਬਚਾਇਆ ਹੀ ਨਹੀਂ, ਬਲਕਿ ਖੜ੍ਹੀ ਹੋਣ ਜੋਗੀ ਕੀਤਾ। ਇਹ ਔਰਤ ਕੋਈ ਹੋਰ ਨਹੀਂ, ਮੁਖਤਾਰਾਂ ਦੀ ਅੰਮੜੀ ਸੀ। ਸੋਚੋ... ਇਸ ਅੰਮੜੀ ਨੇ ਆਪਣੇ ਉਪਰ ਕਿੰਨਾ ਭਾਰ ਬਰਦਾਸ਼ਤ ਕੀਤਾ ਹੋਵੇਗਾ!

ਕੌਣ ਚਾਹੁੰਦਾ ਹੈ ਇਸ ਤਰ੍ਹਾਂ ਦਾ ਸਮਾਜ? ਅਜਿਹਾ ਸਮਾਜ ਹਰ ਹਾਲ ਬਦਲਣਾ ਚਾਹੀਦਾ ਹੈ। ਮੁਖਤਾਰਾਂ ਨੇ ਖੁਦ ਇਹ ਕੇਸ ਲੜਿਆ। ਉਸ ਨੂੰ ਬਹੁਤ ਔਖਾ ਪੈਂਡਾ ਤੈਅ ਕਰਨਾ ਪਿਆ, ਪਰ ਉਹ ਕਿਤੇ ਰੁਕੀ ਨਹੀਂ। ਬੱਸ, ਅਡੋਲ ਤੁਰਦੀ ਰਹੀ। ਮੁਖਤਾਰਾਂ ਨਿਰੋਲ ਅਨਪੜ੍ਹ ਸੀ। ਸਿਰਫ ਕੁਰਾਨ ਉਚਾਰਨਾ ਜਾਣਦੀ ਸੀ। ਅੱਲਾ ਦੀ ਇਹ ਬੰਦੀ ਘਟਨਾ ਤੋਂ ਪਹਿਲਾਂ ਬੱਚਿਆਂ ਨੂੰ ਕੁਰਾਨ ਦੀਆਂ ਆਇਤਾਂ ਸਿਖਾਉਂਦੀ ਹੁੰਦੀ ਸੀ। ਅੱਜ ਕੱਲ੍ਹ ਉਹ ਭਲਾਈ ਸਕੂਲ ਚਲਾ ਰਹੀ ਹੈ ਅਤੇ ਕੁੜੀਆਂ ਨੂੰ ਪੜ੍ਹਾ ਰਹੀ ਹੈ। ਉਸ ਦਾ ਇਹ ਸਕੂਲ ਬੰਦ ਕਰਵਾਉਣ ਦੇ ਬਹੁਤ ਯਤਨ ਕੀਤੇ ਗਏ। ਧਮਕੀਆਂ ਕਾਰਨ ਅੱਜ ਕੱਲ੍ਹ ਉਸ ਦੇ ਸਕੂਲ ਦੇ ਬੱਚਿਆਂ ਦੀ ਗਿਣਤੀ ਵੀ ਘਟ ਰਹੀ ਹੈ, ਪਰ ਉਹ ਡਟੀ ਹੋਈ ਹੈ। ਮੁਖਤਾਰਾਂ ਨੇ ਸਾਡੇ ਸਭ ਦੇ ਸਾਹਮਣੇ ਇਕ ਮਿਸਾਲ ਪੈਦਾ ਕੀਤੀ ਹੈ, ਲੜਨ ਦੀ।

## ਅਜੇ ਮੁੱਕੀ ਨਹੀਂ ਹੈ ਲੜਾਈ...

*ਮੁਖਤਾਰਾਂ ਮਾਈ ਨਾਲ ਜਬਰ ਜਨਾਹ ਦੀ ਘਟਨਾ ਜੂਨ 2002 ਨੂੰ ਹੋਈ ਸੀ। ਕੁੱਲ 14 ਜਣਿਆਂ ਖਿਲਾਫ ਕੇਸ ਚੱਲਿਆ। ਇਨ੍ਹਾਂ ਵਿਚੋਂ 6 ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਬਾਕੀਆਂ ਨੂੰ ਸਬੂਤ ਨਾ ਹੋਣ ਦੇ ਆਧਾਰ 'ਤੇ ਬਰੀ ਕਰ ਦਿੱਤਾ। ਦੋਸ਼ੀ ਲਾਹੌਰ ਹਾਈ ਕੋਰਟ ਗਏ, ਤੇ ਹਾਈ ਕੋਰਟ ਨੇ 6 ਵਿਚੋਂ 5 ਨੂੰ ਬਰੀ ਕਰ ਦਿੱਤਾ, ਤੇ 6ਵੇਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। ਇਸ ਫੈਸਲੇ ਖਿਲਾਫ ਮੁਖਤਾਰਾਂ ਸੁਪਰੀਮ ਕੋਰਟ ਗਈ, ਪਰ ਸੁਪਰੀਮ ਕੋਰਟ ਨੇ ਉਸ ਦੀ ਅਪੀਲ ਵੀ ਸਵੀਕਾਰ ਨਾ ਕੀਤੀ। ਸੁਪਰੀਮ ਕੋਰਟ ਦਾ ਇਹ 'ਇਨਸਾਫ' ਸੁਣ ਕੇ ਮੁਖਤਾਰਾਂ ਦਾ ਰੋਣਾ ਨਿਕਲ ਗਿਆ, ਪਰ ਆਪਣੀ ਅਗਲੀ ਲੜਾਈ ਲਈ ਉਹ ਫਿਰ ਤਿਆਰ ਹੈ। ਉਸ ਦਾ ਕਹਿਣਾ ਹੈ ਕਿ ਜੇਲ੍ਹ ਵਿਚੋਂ ਛੁੱਟ ਕੇ ਆਏ ਬਦਮਾਸ਼ ਚੁੱਪ ਕਰ ਕੇ ਤਾਂ ਬੈਠਣ ਨਹੀਂ ਲੱਗੇ। ਉਂਜ, ਮੁਖਤਾਰਾਂ ਸਭ ਨੂੰ ਸਵਾਲ ਕਰਦੀ ਹੈ- ਉਸ ਦੀ ਲੜਾਈ ਦਾ ਕੀ ਇਹੀ ਹਸ਼ਰ ਹੋਣਾ ਸੀ?*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਜੁਲਾਈ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-126



*ਤਸਵੀਰ: ਤਰਲੋਚਨ ਸਿੰਘ ਦੁਪਾਲਪੁਰ*

*ਪੈਰੀਂ ਵਾਟ ਕੱਢਣੀ ਭੁਲਾਈ ਲੋਕਾਂ ਨੇ*
*ਪੁੱਟਣਾ ਨਾ ਚਾਹੇ ਕੋਈ ਇਕ ਡਿੰਘ ਜੀ।*
*ਸ਼ਹਿਰੋਂ ਪਿੰਡ ਜਾਣ ਦਾ ਵਸੀਲਾ ਬਣਿਆ*
*ਸਿੰਘਣੀ ਬਿਠਾਈ ਰਿਕਸ਼ੇ 'ਤੇ ਸਿੰਘ ਜੀ!*

## ਕੈਪਸ਼ਨ ਮੁਕਾਬਲਾ-124



ਜਵਾਨੀ ਵੇਲੇ ਟੌਹਰ ਸੀ ਮੇਰੀ
ਜਦ ਨਵੀਂ ਨਵੇਲੀ ਆਈ ਸੀ।
ਸੂਹਾ ਰੀਬਨ ਮੈਂ ਸੀ ਪਾਇਆ
ਸਭ ਨੇ ਖੁਸ਼ੀ ਮਨਾਈ ਸੀ।
ਨਵੀਆਂ ਨਵੀਆਂ ਸੌਂਕਣਾ ਆ ਕੇ
ਮੇਰੀ ਕਦਰ ਘਟਾ ਦਿੱਤੀ।
ਬੇਕਾਰ ਕਬਾੜ ਸਮਝ ਕੇ
ਪੱਠੇ ਢੋਵਣ ਲਾ ਦਿੱਤੀ।
*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 204 5050751*

---

ਮਾਰੂਤੀ ਗੱਡੀ ਸੀ ਜਪਾਨ ਦੀ
ਵੱਸ ਕਰ ਲਈ ਫਿਰ ਪੰਜਾਬੀਆਂ ਨੇ।
ਪਹਿਲਾਂ ਟੌਹਰ ਨਾਲ ਕੀਤੀ ਸਵਾਰੀ
ਹੁਣ ਕਰਨ ਡਹੇ ਇਹ ਖਰਾਬੀਆਂ ਨੇ।
ਰਾਣੀ ਸੀ ਜੋ ਪੱਕੀਆਂ ਸੜਕਾਂ ਦੀ
ਤੋਰ ਲਈ ਖੇਤਾਂ ਨੂੰ ਇਨ੍ਹਾਂ ਦੁਆਬੀਆਂ ਨੇ।
ਹਾਲੇ ਵੀ ਤਰਸ ਨਹੀਂ ਕੀਤਾ ਕੋਈ
ਪੱਠੇ ਢੋਣ ਲਈ ਰੱਖੀ ਨਵਾਬੀਆਂ ਨੇ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*
*ਫੋਨ: 408-912-3438*

---

ਹੁਣ ਮੇਰੀ ਇੱਜ਼ਤ ਨਾ ਕੋਈ
ਨਾ ਕੋਈ ਕਰੇ ਸਾਫ-ਸਫਾਈ।
ਟੌਹਰ ਲਈ ਮੈਂ ਖਰੀਦੀ ਸੀ
ਹੁਣ ਪੱਠੇ ਢੋਵਣ ਲਾਈ।
ਨਵੀਂ ਤੋਂ ਨਵੀਂ ਕਾਰ ਹੁਣ
ਵਿਚ ਬਾਜ਼ਾਰ ਦੇ ਆਈ।
ਮੈਂ ਤੱਤੜੀ ਨੂੰ ਕੌਣ ਪੁੱਛੇ
ਵਿਦੇਸ਼ੀ ਸਭ ਨੂੰ ਭਾਈ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਗੱਲ ਸੁਣ ਲੈ ਓ ਮੇਰੇ ਯਾਰ
ਪੱਠੇ ਢੋਣ ਲਈ ਨਹੀਂ ਇਹ ਕਾਰ।
ਨਹੀਂ ਸੋਭਦਾ ਇਹ ਵਿਹਾਰ
ਸਿੱਖ ਲੈ ਕਰਨੀ ਹੱਥੀਂ ਕਾਰ।
ਕਰੋ ਕਿਰਤ ਦਾ ਸਤਿਕਾਰ
ਇਹੀ ਦੱਸਦੀ ਗੁਰਬਾਣੀ ਵਿਚਾਰ।
*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

---

ਸ਼ੌਕ ਅਵੱਲੇ, ਰੱਖੀਏ ਟੌਹਰ
ਕਾਰ ਨੂੰ ਗੱਡਾ ਬਣਾਇਆ।
ਪੁਰਾਣੇ ਜ਼ਮਾਨੇ ਲੱਦ ਗਏ
ਹੁਣ ਨਵਾਂ ਜ਼ਮਾਨਾ ਆਇਆ।
ਕੀ ਹੋਇਆ ਪੈਟਰੋਲ ਮਹਿੰਗਾ
ਕਾਰ ਦੀ ਕਰੀਏ ਸਵਾਰੀ।
ਕਿਹੜਾ ਹੱਕੇ ਬਲਦਾਂ ਨੂੰ
ਸਾਨੂੰ ਕਾਰ ਬੜੀ ਪਿਆਰੀ।
*-ਪਰਸ਼ੋਤਮ ਸਿੰਘ ਯੂਬਾ ਸਿਟੀ*

# ਫੀਫਾ ਕੱਪ: ਜਰਮਨੀ ਬਣਿਆ ਚੈਂਪੀਅਨ



**ਬਰਲਿਨ:** ਅਰਜਨਟੀਨਾ ਉੱਤੇ ਸ਼ਾਨਦਾਰ ਜਿੱਤ ਹਾਸਲ ਕਰਕੇ ਜਰਮਨੀ ਨੇ ਫੀਫਾ ਵਿਸ਼ਵ ਕੱਪ ਆਪਣੇ ਨਾਂ ਕਰ ਲਿਆ। ਜਰਮਨੀ ਦੇ ਏਕੀਕਰਨ ਤੋਂ ਬਾਅਦ ਵਿਸ਼ਵ ਕੱਪ ਵਿਚ ਇਹ ਉਸ ਦੀ ਪਹਿਲੀ ਜਿੱਤ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਜਰਮਨੀ ਨੂੰ ਇਹ ਜਿੱਤ 24 ਸਾਲ ਬਾਅਦ ਮਿਲੀ ਹੈ ਤੇ 1990 ਵਿਚ ਪੱਛਮੀ ਜਰਮਨੀ ਨੇ ਅਰਜਨਟੀਨਾ ਨੂੰ ਹਰਾਇਆ ਸੀ। ਉਧਰ ਵਿਸ਼ਵ ਕੱਪ ਖ਼ਿਤਾਬ ਦਾ ਸੁਪਨਾ ਟੁੱਟਣ ਤੋਂ ਬਾਅਦ ਅਰਜਨਟੀਨਾ ਵਿਚ ਲੋਕਾਂ ਦੇ ਹੰਝੂ ਨਹੀਂ ਰੁਕ ਰਹੇ ਸਨ ਤੇ ਕੁਝ ਨੇ ਕੌਮੀ ਸਨਮਾਨ ਨੂੰ ਲੱਗੀ ਠੇਸ ਦੇ ਬਾਵਜੂਦ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਮਾਹੌਲ ਹਿੰਸਕ ਬਣ ਗਿਆ।

ਰਿਕਾਰਡ ਅੱਠਵੀਂ ਵਾਰ ਫਾਈਨਲ ਖੇਡਣ ਵਾਲੀ ਜਰਮਨੀ ਦੀ ਟੀਮ ਵੱਲੋਂ ਦੂਸਰੇ ਹਾਫ ਵਿਚ ਕਲੋਜ ਦੀ ਜਗ੍ਹਾ ਪਾਏ ਬਦਲਵੇਂ ਖਿਡਾਰੇ ਮਾਰੀਓ ਗੋਟਜ਼ੇ ਨੇ ਵਾਧੂ ਸਮੇਂ ਵਿਚ ਆਪਣੀ ਟੀਮ ਲਈ ਗੋਲ ਕੀਤਾ। ਇਸ ਜਿੱਤ ਨਾਲ ਜਰਮਨੀ ਦੀ ਟੀਮ ਦੱਖਣੀ ਅਮਰੀਕੀ ਧਰਤੀ 'ਤੇ ਵਿਸ਼ਵ ਕੱਪ ਜਿੱਤਣ ਵਾਲੀ ਪਹਿਲੀ ਯੂਰਪੀਅਨ ਟੀਮ ਬਣ ਗਈ ਤੇ ਮੈਸੀ ਦੀ ਅਗਵਾਈ ਵਿਚ ਅਰਜਨਟੀਨਾ ਦਾ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਟੁੱਟ ਗਿਆ।

ਸੈਮੀਫਾਈਨਲ ਵਿਚ ਬ੍ਰਾਜ਼ੀਲ ਨੂੰ 7-1 ਨਾਲ ਹਰਾਉਣ ਵਾਲੀ ਜਰਮਨ ਟੀਮ ਦੇ ਫਾਰਵਰਡ ਖਿਡਾਰੀਆਂ ਨੇ ਕਈ ਮੂਵ ਬਣਾਏ, ਪਰ ਅਰਜਨਟੀਨਾ ਵੱਲੋਂ ਸੈਮੀਫਾਈਨਲ ਮੈਚ ਵਿਚ ਹੀਰੋ ਰਹੇ ਗੋਲਕੀਪਰ ਸਰਜੀਓ ਰੋਮੇਰੋ ਨੇ ਸ਼ਾਨਦਾਰ ਬਚਾਅ ਕੀਤਾ। ਪਹਿਲੇ ਹਾਫ ਵਿਚ ਜਰਮਨੀ ਦਾ ਮਿਡਫੀਲਡਰ ਟੋਨੀ ਕਰੂਸ ਨੇ ਹੈਡਰ ਨਾਲ ਆਪਣੇ ਗੋਲਕੀਪਰ ਮੈਨੂਏਲ ਨੇਯੂਰ ਨੂੰ ਬਾਲ ਦੇਣ ਦੀ ਕੋਸ਼ਿਸ਼ ਕੀਤੀ, ਪਰ ਇਹ ਸਿੱਧੀ ਅਰਜਨਟੀਨਾ ਦੇ ਖਿਡਾਰੀ ਹਿਗੁਏਨ ਤੋਂ ਚਲੀ ਗਈ, ਜਿਸ 'ਤੇ ਉਹ ਗੋਲ ਨਹੀਂ ਕਰ ਸਕਿਆ। ਜਰਮਨ ਦੇ ਬਾਸਟਾਇਨ ਸ਼ਵਾਈਨਸਟਾਈਗਰ ਨੂੰ ਮੈਚ ਦਾ ਪਹਿਲਾ ਪੀਲਾ ਕਾਰਡ ਵਿਖਾਇਆ ਗਿਆ। ਅਰਜਨਟੀਨਾ ਵੱਲੋਂ ਵੀ ਪਹਿਲੇ ਹਾਫ ਵਿਚ ਮੈਸੀ ਨੇ ਸਾਥੀ ਖਿਡਾਰੀਆਂ ਨੂੰ ਗੋਲ ਕਰਨ ਦੇ ਮੌਕੇ ਦਿਵਾਏ। ਮੈਚ ਦੇ 30ਵੇਂ ਮਿੰਟ ਵਿਚ ਅਰਜਨਟੀਨਾ ਦਾ ਗੋਨਜ਼ਾਲੋ ਹਿਗੁਏਨ ਨੇ ਮੈਸੀ ਦੇ ਪਾਸ 'ਤੇ ਗੋਲ ਤਾਂ ਕਰ ਦਿੱਤਾ, ਪਰ ਇਟਲੀ ਦੇ ਰੈਫਰੀ ਨੇ ਉਸ ਨੂੰ ਆਫ ਸਾਈਡ ਕਰਾਰ ਦੇ ਦਿੱਤਾ। 37ਵੇਂ ਮਿੰਟ ਵਿਚ ਜਰਮਨੀ ਦੇ ਆਂਦਰੇ ਸ਼ੁਰਲੇ ਵੱਲੋਂ ਸ਼ਾਨਦਾਰ ਕਿੱਕ ਲਗਾਈ ਗਈ, ਜਿਸ ਨੂੰ ਰੋਮੇਰੋ ਨੇ ਬੇਹਤਰੀਨ ਢੰਗ ਨਾਲ ਬਚਾਇਆ। ਹਾਫ ਟਾਈਮ ਤੋਂ ਬਾਅਦ ਅਰਜਨਟੀਨਾ ਦੀ ਟੀਮ ਜਰਮਨ 'ਤੇ ਭਾਰੀ ਨਜ਼ਰ ਆਈ, ਮੈਚ ਦੇ 47ਵੇਂ ਮਿੰਟ ਵਿਚ ਅਰਜਨਟੀਨਾ ਦਾ ਸਟਾਰ ਖਿਡਾਰੀ ਲਿਓਨੇਲ ਮੈਸੀ ਗੋਲ ਕਰਨ ਦਾ ਬੇਹਤਰੀਨ ਮੌਕਾ ਖੁੰਝ ਗਿਆ। ਦੂਸਰੇ ਹਾਫ ਵਿਚ ਵੀ ਦੋਵੇਂ ਟੀਮਾਂ ਗੋਲ ਕਰਨ ਵਿਚ ਅਸਫਲ ਰਹੀਆਂ। ਇਸ ਤੋਂ ਬਾਅਦ ਵਾਧੂ ਸਮਾਂ ਦਿੱਤਾ ਗਿਆ। ਵਾਧੂ ਸਮੇਂ ਦੇ ਸ਼ੁਰੂਆਤੀ ਮਿੰਟ ਵਿਚ ਜਰਮਨ ਵੱਲੋਂ ਆਂਦਰੇ ਸ਼ੁਰਲੇ ਵੱਲੋਂ ਲਗਾਈ ਗਈ ਕਿੱਕ ਨੂੰ ਰੋਮੇਰੋ ਨੇ ਸ਼ਾਨਦਾਰ ਤਰੀਕੇ ਨਾਲ ਬਚਾਇਆ। ਅਰਜਨਟੀਨਾ ਵੱਲੋਂ ਵਾਧੂ ਸਮੇਂ ਵਿਚ ਰੋਡਰੀਗੋ ਪਲਾਸੀਓ ਗੋਲ ਕਰਨ ਦਾ ਬੇਹਤਰੀਨ ਮੌਕਾ ਖੁੰਝ ਗਿਆ। ਵਾਧੂ ਸਮੇਂ ਦੇ ਪਹਿਲੇ 15 ਮਿੰਟਾਂ ਵਿਚ ਵੀ ਕੋਈ ਟੀਮ ਗੋਲ ਨਹੀਂ ਕਰ ਸਕੀ। ਇਸ ਤੋਂ ਬਾਅਦ ਮੈਚ ਦੇ 113ਵੇਂ ਮਿੰਟ ਵਿਚ ਆਂਦਰੇ ਸ਼ੁਰਲੇ ਦੇ ਪਾਸ 'ਤੇ ਕਲੋਸ ਦੀ ਜਗਾ ਮੈਦਾਨ 'ਤੇ ਆਏ ਮਾਰੀਓ ਗੋਟਜ਼ੇ ਨੇ ਗੋਲ ਕਰਕੇ ਆਪਣੀ ਟੀਮ ਦੀ ਜਿੱਤ ਯਕੀਨੀ ਬਣਾ ਦਿੱਤੀ। ਗੋਟਜ਼ੇ ਦਾ ਵਿਸ਼ਵ ਕੱਪ ਵਿਚ ਇਹ ਦੂਸਰਾ ਗੋਲ ਸੀ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਸਪੇਨ ਦੇ ਸਾਬਕਾ ਖਿਡਾਰੀ ਕਾਰਲਸ ਪਾਊਲ ਤੇ ਮਾਡਲ ਜਿਸਲੇ ਬਨਚਨ ਨੇ ਮੈਦਾਨ 'ਤੇ ਫੀਫਾ ਟਰਾਫੀ ਲਿਆਂਦੀ। ਮੈਚ ਦੌਰਾਨ ਬ੍ਰਾਜ਼ੀਲ ਦੇ ਸਾਬਕਾ ਖਿਡਾਰੀ ਪੇਲੇ, ਕਾਕਾ ਤੇ ਇੰਗਲੈਂਡ ਦਾ ਸਾਬਕਾ ਖਿਡਾਰੀ ਡੇਵਿਡ ਬੈਕਹਮ ਵੀ ਸਟੇਡੀਅਮ ਵਿਚ ਮੌਜੂਦ ਸਨ।

## ਮੈਸੀ ਨੂੰ ਮਿਲਿਆ ਗੋਲਡਨ ਬਾਲ



**ਰੀਓ ਡੀ ਜਨੇਰੋ:** ਬੇਸ਼ੱਕ ਅਰਜਨਟੀਨਾ ਫਾਈਨਲ ਵਿਚ ਜਰਮਨੀ ਕੋਲੋਂ ਇਕ ਗੋਲ ਨਾਲ ਹਾਰ ਗਿਆ ਪਰ ਮੈਸੀ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਬਣ ਕੇ ਗੋਲਡਨ ਬਾਲ ਪੁਰਸਕਾਰ ਦਾ ਹੱਕਦਾਰ ਬਣ ਗਿਆ। ਉਹ ਮਹਾਨ ਡੀਏਗੋ ਮੈਰਾਡੋਨਾ ਬਾਅਦ ਇਹ ਪੁਰਸਕਾਰ ਹਾਸਲ ਕਰਨ ਵਾਲਾ ਅਰਜਨਟੀਨਾ ਦਾ ਦੂਜਾ ਖਿਡਾਰੀ ਬਣ ਗਿਆ ਹੈ।

ਮੈਰਾਡੋਨਾ ਨੇ 1986 ਵਿਚ ਇਹ ਪੁਰਸਕਾਰ ਹਾਸਲ ਕੀਤਾ ਸੀ ਤੇ ਉਦੋਂ ਅਰਜਨਟੀਨਾ ਨੇ ਜਰਮਨੀ ਨੂੰ ਹਰਾ ਕੇ ਖ਼ਿਤਾਬ ਜਿੱਤਿਆ ਸੀ। ਟੂਰਨਾਮੈਂਟ ਦੇ ਚਾਰ ਵਾਰ ਮੈਨ ਆਫ ਦਿ ਮੈਚ ਰਹੇ ਮੈਸੀ ਨੇ ਇਸ ਪੁਰਸਕਾਰ ਦੀ ਦੌੜ ਵਿਚ ਜਰਮਨੀ ਦੇ ਥਾਮਸ ਮੂਲਰ, ਨੈਦਰਲੈਂਡਜ਼ ਦੇ ਅਰਜੇਨ ਰੋਬੇਨ ਨੂੰ ਪਛਾੜਿਆ। ਉਸ ਨੇ ਟੂਰਨਾਮੈਂਟ ਵਿਚ ਚਾਰ ਗੋਲ ਕੀਤੇ।

ਕੋਲੰਬੀਆ ਦੇ ਸਟਰਾਈਕਰ ਜੇਮਜ਼ ਰੌਡਰਿਗਜ਼ ਨੇ ਟੂਰਨਾਮੈਂਟ ਵਿਚ ਸਭ ਤੋਂ ਵੱਧ ਛੇ ਗੋਲ ਕੀਤੇ ਤੇ ਉਸ ਨੂੰ ਗੋਲਡਨ ਬੂਟ ਪੁਰਸਕਾਰ ਹਾਸਲ ਹੋਇਆ।

## ਇਕ ਗੋਲ ਨੇ ਗੇਟਜ਼ੇ ਨੂੰ ਬਣਾਇਆ ਹੀਰੋ

**ਬਰਲਿਨ:** ਵਿਸ਼ਵ ਕੱਪ ਫਾਈਨਲ ਵਿਚ ਜੇਤੂ ਗੋਲ ਕਰਨ ਵਾਲੇ ਮਾਰੀਓ ਗੇਟਜ਼ੇ ਨੂੰ ਇਸ ਗੋਲ ਨੇ ਹੀਰੋ ਬਣਾ ਦਿੱਤਾ ਹੈ। ਵਿਸ਼ਵ ਕੱਪ ਵਿਚ ਗੇਟਜ਼ੇ ਦਾ ਇਹ ਪਹਿਲਾ ਮੈਚ ਸੀ ਤੇ ਉਸ ਨੂੰ ਮਿਰੋਸਲਾਵ ਕਲੋਜ਼ ਦੇ ਬਦਲ ਵਜੋਂ ਮੈਚ ਦੇ 87ਵੇਂ ਮਿੰਟ ਵਿਚ ਖੇਡਣ ਲਈ ਭੇਜਿਆ ਗਿਆ। ਗੇਟਜ਼ੇ ਦਾ ਕਹਿਣਾ ਹੈ ਕਿ ਉਸ ਨੂੰ ਅਜੇ ਵੀ ਇਹ ਯਕੀਨ ਨਹੀਂ ਹੋ ਰਿਹਾ ਕਿ ਉਸ ਨੇ ਅਰਜਨਟੀਨਾ ਵਿਰੁੱਧ ਫਾਈਨਲ ਵਿਚ ਮੈਚ ਦੇ ਵਾਧੂ ਸਮੇਂ ਵਿਚ ਕੀਤੇ ਗੋਲ ਨਾਲ ਜਰਮਨੀ ਨੂੰ ਜਿੱਤ ਦਿਵਾਈ ਹੈ। ਉਸ ਨੇ ਕਿਹਾ ਕਿ ਇਹ ਅਨੋਖਾ ਤੇ ਹੈਰਾਨੀ ਵਾਲਾ ਅਹਿਸਾਸ ਹੈ। ਇਸ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਹਨ। ਤੁਸੀਂ ਸਿਰਫ ਗੋਲ ਕਰਦੇ ਹੋ ਤੇ ਅਸਲ ਵਿਚ ਨਹੀਂ ਜਾਣਦੇ ਕਿ ਉਸ ਤੋਂ ਬਾਅਦ ਕੀ ਹੁੰਦਾ ਹੈ। ਇਹ ਪੂਰੀ ਟੀਮ ਤੇ ਦੇਸ਼ ਲਈ ਜਸ਼ਨ ਮਨਾਉਣ ਦਾ ਸਮਾਂ ਹੈ।



ਵਿਸ਼ਵ ਕੱਪ ਜਿੱਤਣਾ ਤੇ ਉਹ ਵੀ ਬਰਾਜ਼ੀਲ ਵਿਚ, ਇਹ ਸੁਪਨਾ ਸੱਚ ਹੋਣ ਵਰਗਾ ਹੀ ਹੈ। ਜ਼ਿਕਰਯੋਗ ਹੈ ਕਿ ਗੇਟਜ਼ੇ ਲਈ ਪਿਛਲੇ ਬਾਰਾਂ ਮਹੀਨੇ ਬੇਹੱਦ ਸੰਘਰਸ਼ਪੂਰਨ ਰਹੇ ਤੇ ਉਹ ਆਪਣੇ ਕਲੱਬ ਬਾਇਰਨ ਮਿਊਨਿਖ ਵਿਚ ਸ਼ੁਰੂਆਤੀ ਗਿਆਰਾਂ ਖਿਡਾਰੀਆਂ ਵਿਚ ਵੀ ਥਾਂ ਨਹੀਂ ਬਣਾ ਸਕਿਆ ਸੀ। ਵਿਸ਼ਵ ਕੱਪ ਵਿੱਚ ਵੀ ਉਸ ਨੂੰ ਮਿਰੋਸਲਾਵ ਕਲੋਜ਼ ਦੇ ਬਦਲ ਵਜੋਂ ਮੈਚ ਦੇ 87ਵੇਂ ਮਿੰਟ ਵਿਚ ਖੇਡਣ ਲਈ ਭੇਜਿਆ ਗਿਆ। ਗੇਟਜ਼ੇ ਨੇ ਕਿਹਾ ਕਿ ਇਹ ਟੂਰਨਾਮੈਂਟ ਤੇ ਸਾਲ ਉਸ ਲਈ ਆਸਾਨ ਨਹੀਂ ਰਿਹਾ।


Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅੰਮ੍ਰਿਤਸਰ ਦੀ ਵਿਰਾਸਤੀ ਦਿੱਖ ਦੀ ਸੰਭਾਲ ਬਾਰੇ ਆਸ ਬੱਝੀ

**ਅੰਮ੍ਰਿਤਸਰ:** ਕੇਂਦਰੀ ਬਜਟ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਕੌਮੀ ਵਿਰਾਸਤੀ ਸ਼ਹਿਰ ਵਿਕਾਸ ਯੋਜਨਾ ਵਿਚ ਸ਼ਾਮਲ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਆਸ ਬੱਝ ਗਈ ਹੈ ਕਿ ਹੁਣ ਸ਼ਹਿਰ ਦੀ ਵਿਰਾਸਤ ਨੂੰ ਬਚਾਇਆ ਜਾ ਸਕੇਗਾ। ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਦੀ ਸਹੀ ਢੰਗ ਨਾਲ ਸੰਭਾਲ ਨਾ ਹੋਣ ਕਾਰਨ ਇਨ੍ਹਾਂ ਦੀ ਹਾਲਤ ਕਾਫੀ ਮਾੜੀ ਹੋ ਚੁੱਕੀ ਹੈ। ਬਜਟ ਵਿਚ ਪੰਜ ਸ਼ਹਿਰਾਂ ਦੀ ਵਿਰਾਸਤ ਨੂੰ ਸੰਭਾਲਣ ਲਈ ਕੌਮੀ ਵਿਰਾਸਤੀ ਸ਼ਹਿਰ ਵਿਕਾਸ ਯੋਜਨਾ ਹੇਠ ਲਿਆਂਦਾ ਗਿਆ ਹੈ ਜਿਨ੍ਹਾਂ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸ ਯੋਜਨਾ ਅਧੀਨ ਅੰਮ੍ਰਿਤਸਰ ਦੀ ਵਿਰਾਸਤ ਦੀ ਸਾਂਭ-ਸੰਭਾਲ ਤੇ ਪੁਰਾਤਨ ਦਿਖ ਕਾਇਮ ਕਰਨ ਲਈ ਵਿਸ਼ੇਸ਼ ਫੰਡ ਮਿਲਣਗੇ। ਇਸ ਵੇਲੇ ਸ਼ਹਿਰ ਵਿਚ ਕਈ ਮਹੱਤਵਪੂਰਨ ਵਿਰਾਸਤੀ ਥਾਂਵਾਂ ਦੀ ਸੰਭਾਲ ਬਾਰੇ ਪ੍ਰੋਜੈਕਟ ਚੱਲ ਰਹੇ ਹਨ ਪਰ ਕੰਮਾਂ ਦੀ ਰਫ਼ਤਾਰ ਬਹੁਤ ਹੌਲੀ ਚੱਲ ਰਹੀ ਹੈ। ਇਸ ਢਿੱਲ-ਮੱਠ ਦਾ ਕਾਰਨ ਫੰਡਾਂ ਦੀ ਘਾਟ ਦੱਸਿਆ ਜਾ ਰਿਹਾ ਹੈ। ਇਸ ਵੇਲੇ ਕਿਲ੍ਹਾ ਗੋਬਿੰਦਗੜ੍ਹ ਤੇ ਰਾਮਬਾਗ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਦੀ ਸਾਂਭ-ਸੰਭਾਲ ਦਾ ਕੰਮ ਚੱਲ ਰਿਹਾ ਹੈ ਜਦਕਿ ਦੂਜੇ ਪਾਸੇ ਸ਼ਹਿਰ ਦੀ ਚਾਰਦੀਵਾਰੀ ਅੰਦਰਲੇ ਪੁਰਾਤਨ ਵਿਰਾਸਤੀ ਬਜ਼ਾਰ, ਚਾਰਦੀਵਾਰੀ ਨਾਲ ਬਣੇ ਵਿਰਾਸਤੀ ਗੇਟ, ਵਿਰਾਸਤੀ ਦੀਵਾਰ, ਕਿਲ੍ਹਾ ਆਹਲੂਵਾਲੀਆ ਤੋਂ



ਇਲਾਵਾ ਕਈ ਪੁਰਾਤਨ ਮੰਦਰ ਵੀ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਹਨ।

ਗੋਬਿੰਦਗੜ੍ਹ ਕਿਲ੍ਹਾ ਭੰਗੀ ਸਿੱਖ ਮਿਸਲ ਦੇ ਸਰਦਾਰਾਂ ਵੱਲੋਂ ਉਸਾਰਿਆ ਗਿਆ ਸੀ ਪਰ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਮੁੜ ਉਸਾਰੀ ਕੀਤੀ ਸੀ। ਇਸ ਕਿਲ੍ਹੇ ਨੂੰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤੀ ਫ਼ੌਜ ਨੇ ਸੰਭਾਲ ਲਿਆ ਸੀ। ਪੰਜਾਬ ਸਰਕਾਰ ਵੱਲੋਂ ਲੰਮੇ ਸਮੇਂ ਤੋਂ ਫ਼ੌਜ ਕੋਲੋਂ ਇਹ ਕਿਲ੍ਹਾ ਵਾਪਸ ਲੈਣ ਲਈ ਕੀਤੀ ਜਾ ਰਹੀ ਮੰਗ ਨੂੰ ਮੰਨਦਿਆਂ 2006 ਵਿਚ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਕਿਲ੍ਹੇ ਦੀਆਂ ਚਾਬੀਆਂ ਸੌਂਪ ਦਿੱਤੀਆਂ ਸਨ। ਉਦੋਂ ਤੋਂ ਹੀ ਇਸ ਕਿਲ੍ਹੇ ਦੀ ਸੰਭਾਲ ਦਾ ਕੰਮ ਚੱਲ ਰਿਹਾ ਹੈ। ਅਧਿਕਾਰੀਆਂ ਮੁਤਾਬਕ ਅਜੇ ਤੱਕ ਇਸ ਦਾ ਸਿਰਫ 50 ਫ਼ੀਸਦੀ ਕੰਮ ਹੀ ਮੁਕੰਮਲ ਹੋਇਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਮਬਾਗ ਵਿਚ ਸਥਿਤ ਸਮਰ ਪੈਲੇਸ ਦੀ ਸੰਭਾਲ ਦਾ ਕੰਮ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਹੈ। ਇਸ ਪੈਲੇਸ ਵਿਚ ਫੁਹਾਰੇ, ਬਾਰਾਦਰੀ, ਹਮਾਮ ਘਰ ਤੇ ਮੱਛੀ ਘਰ ਸ਼ਾਮਲ ਹਨ। ਇਸੇ ਬਾਗ਼ ਦਾ ਇਕ ਹਿੱਸਾ ਪੁਰਾਤਤਵ ਵਿਭਾਗ, ਭਾਰਤ ਸਰਕਾਰ ਤੇ ਬਾਕੀ ਹਿੱਸਾ ਪੰਜਾਬ ਸਰਕਾਰ ਦੇ ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਕੋਲ ਹੈ। ਜ਼ਿਕਰਯੋਗ ਹੈ ਕਿ ਇਹ ਇਤਿਹਾਸਕ ਬਾਗ਼ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ (ਪਾਕਿਸਤਾਨ) ਦੇ ਸ਼ਾਲੀਮਾਰ ਬਾਗ ਦੀ ਤਰਜ਼ 'ਤੇ ਬਣਾਇਆ ਸੀ।

ਕੇਂਦਰੀ ਮੰਤਰਾਲੇ ਦੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਅੰਮ੍ਰਿਤਸਰ ਨੂੰ ਟੂਰਿਸਟ ਹੱਬ ਬਣਾਉਣ ਲਈ ਦੋ ਸੌ ਕਰੋੜ ਰੁਪਏ ਪ੍ਰਵਾਨ ਕੀਤੇ ਹਨ। ਸੂਬੇ ਦੇ ਸੈਰ ਸਪਾਟਾ ਵਿਭਾਗ ਦੇ ਸਕੱਤਰ ਰਾਜੀ ਪੀ. ਸ੍ਰੀਵਾਸਤਵਾ ਨੇ ਵਿਕਾਸ ਪ੍ਰੋਜੈਕਟਾਂ ਦਾ ਹਾਲ ਹੀ ਵਿਚ ਜਾਇਜ਼ਾ ਲਿਆ। ਉਨ੍ਹਾਂ ਰਾਮ ਬਾਗ਼ ਵਿਚ ਚੱਲ ਰਹੇ ਕੰਮ ਨੂੰ ਛੇਤੀ ਮੁਕੰਮਲ ਕਰਨ ਦੀ ਹਦਾਇਤ ਕੀਤੀ ਹੈ। ਇਸ ਦੌਰਾਨ ਭਾਜਪਾ ਦੀ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਨਾਂ 'ਤੇ ਇਤਿਹਾਸਕ ਇਮਾਰਤਾਂ ਤੇ ਕਈ ਵਿਰਾਸਤੀ ਬਾਜ਼ਾਰਾਂ ਨੂੰ ਢਾਹੁਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਨੇੜੇ ਸੜਕ ਚੌੜੀ ਕਰਨ ਦੇ ਬਹਾਨੇ ਬਜ਼ਾਰ ਢਾਹਿਆ ਗਿਆ ਹੈ ਤੇ ਸੜਕਾਂ ਚੌੜੀਆਂ ਕਰਨ ਦੇ ਨਾਂ 'ਤੇ ਪੁਰਾਤਨ ਵਿਰਾਸਤੀ ਦਰਖ਼ਤਾਂ ਨੂੰ ਵੱਢ ਦਿੱਤਾ ਗਿਆ ਹੈ।

## ਹਵਾਰਾ ਦਾ ਇਲਾਜ ਏਮਜ਼ ਤੋਂ ਕਰਵਾਉਣ ਦੇ ਹੁਕਮ

**ਨਵੀਂ ਦਿੱਲੀ:** ਹਾਈਕੋਰਟ ਨੇ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦਾ ਇਲਾਜ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ (ਏਮਜ਼) ਤੋਂ ਕਰਵਾਉਣ ਦੇ ਹੁਕਮ ਦਿੱਤੇ ਹਨ। ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੇ ਹਵਾਰਾ ਦੇ ਰੀੜ੍ਹ ਦੀ ਹੱਡੀ ਦੀ ਗੰਭੀਰ ਬਿਮਾਰੀ ਨਾਲ ਪੀੜਤ ਹੋਣ ਕਾਰਨ ਉਸ ਦਾ ਇਲਾਜ ਕਰਵਾਏ ਜਾਣ ਦਾ ਮਸਲਾ ਉਠਾਇਆ ਸੀ, ਜਿਸ ਤੋਂ ਬਾਅਦ ਅਦਾਲਤ ਨੇ ਜੇਲ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰਦਿਆਂ ਹਵਾਰਾ ਦਾ ਮੈਡੀਕਲ ਰਿਕਾਰਡ 11 ਜੁਲਾਈ ਤੱਕ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਪੁੱਜੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁੱਖੀ ਜਥੇਦਾਰ ਬਲਦੇਵ ਸਿੰਘ ਨੇ ਉਕਤ ਮਾਮਲੇ ਵਿਚ ਤਿਹਾੜ ਜੇਲ੍ਹ ਪ੍ਰਸ਼ਾਸਨ ਨੂੰ ਕਸੂਰਵਾਰ ਠਹਿਰਾਇਆ ਹੈ ਤੇ ਕਿਹਾ ਕਿ ਇਸ ਮਾਮਲੇ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਗੰਭੀਰ ਬਿਮਾਰ ਹੋਣ ਦੇ ਬਾਵਜੂਦ ਇਲਾਜ ਕਰਵਾਉਣ ਦੀ ਬਜਾਏ ਜੇਲ੍ਹ ਪ੍ਰਸ਼ਾਸਨ ਵੱਲੋਂ ਹਵਾਰਾ ਨੂੰ ਦਰਦ ਨਿਵਾਰਕ ਗੋਲੀਆਂ ਹੀ ਦਿੱਤੀਆਂ ਜਾਂਦੀਆਂ ਰਹੀਆਂ।

## ਸਰੀਰ 'ਤੇ ਗੁਰਬਾਣੀ ਦੀ ਤੁਕ ਗੁਦਵਾਉਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪੰਜਾਬੀ ਫ਼ਿਲਮਾਂ ਦੀ ਅਦਾਕਾਰਾ ਸਿੰਪੀ ਸਿੰਘ ਵੱਲੋਂ ਆਪਣੇ ਮੋਢੇ 'ਤੇ ਗੁਰਬਾਣੀ ਦੀਆਂ ਤੁਕਾਂ ਗੁਦਵਾਏ ਜਾਣ ਦਾ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਪਹਿਲਾਂ ਵੀ ਕਈ ਫਿਲਮੀ ਤੇ ਟੀ.ਵੀ. ਕਲਾਕਾਰਾਂ ਵੱਲੋਂ ਆਪਣੇ ਸਰੀਰ 'ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਉਕਰਵਾਏ ਗਏ ਸਨ, ਜਿਸ ਦਾ ਵਿਰੋਧੀ ਕੀਤਾ ਗਿਆ ਸੀ। ਉਸ ਵੇਲੇ ਵੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਭਵਿੱਖ ਵਿਚ ਕੋਈ ਵੀ ਅਜਿਹੀ ਗਲਤੀ ਕਰਕੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਤੇ ਗੁਰਬਾਣੀ ਦੀ ਬੇਅਦਬੀ ਨਾ ਕਰੇ ਪਰ ਇਸ ਦੇ ਬਾਵਜੂਦ ਪੰਜਾਬੀ ਫ਼ਿਲਮਾਂ ਦੀ ਅਦਾਕਾਰਾ ਸਿੰਪੀ ਸਿੰਘ ਵੱਲੋਂ ਆਪਣੇ ਮੋਢੇ 'ਤੇ ਗੁਰਬਾਣੀ ਦੀਆਂ ਤੁਕਾਂ ਲਿਖਵਾ ਕੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ ਹੈ, ਜਿਸ ਬਾਰੇ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਵਿਚ ਰੋਸ ਪਾਇਆ ਜਾ ਰਿਹਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਕਈ ਰੋਸ ਸੁਨੇਹੇ ਪੁੱਜੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸਿੰਪੀ ਸਿੰਘ ਨੇ ਆਪਣੇ ਸਰੀਰ ਤੋਂ ਗੁਰਬਾਣੀ ਦੀਆਂ ਉਕਰਵਾਈਆਂ ਤੁਕਾਂ ਨੂੰ ਹਟਾ ਕੇ ਸਿੱਖ ਕੌਮ ਕੋਲੋਂ ਮੁਆਫ਼ੀ ਮੰਗੇ, ਨਹੀਂ ਤਾਂ ਉਸ ਦੇ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਤੇ ਗੁਰਬਾਣੀ ਦੀ ਬੇਅਦਬੀ ਕਰਨ ਤਹਿਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸਮਾਜਕ ਕੁਰੀਤੀਆਂ ਖਿਲਾਫ ਮੁਹਿੰਮ ਛੇੜੇਗੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਸ਼ਿਆਂ, ਪਤਿਤਪੁਣੇ ਤੇ ਸਮਾਜਕ ਕੁਰੀਤੀਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਜਿਥੇ ਡਾਕੂਮੈਂਟਰੀ ਫਿਲਮ ਬਣਾਵੇਗੀ ਉਥੇ ਨਾਲ ਹੀ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਖੇਡਾਂ ਦੇ ਨਾਲ ਜੋੜਨ ਲਈ ਸਥਾਪਤ ਕੀਤੀਆਂ ਗਈਆਂ ਹਾਕੀ ਅਕੈਡਮੀਆਂ ਨੂੰ ਹੋਰ ਪ੍ਰਫੁੱਲਤ ਕਰੇਗੀ। ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਛੇਤੀ ਹੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਹਾਕੀ ਟੂਰਨਾਮੈਂਟ ਕਰਵਾਇਆ ਜਾਵੇਗਾ। ਧਰਮ ਪ੍ਰਚਾਰ ਕਮੇਟੀ ਲਈ ਇਕ ਹੋਰ ਨਵਾਂ ਪ੍ਰੋਜੈਕਟਰ ਖਰੀਦਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ ਆਲਮਗੀਰ (ਲੁਧਿਆਣਾ) ਵਿਖੇ ਗੁੰਗੇ ਬੋਲੇ ਬੱਚਿਆਂ ਲਈ ਸਥਾਪਤ ਕੀਤੇ ਜਾਣ ਵਾਲੇ ਸਕੂਲ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਲੰਗਰ,

> **ਹਾਕੀ ਅਕੈਡਮੀਆਂ ਨੂੰ ਹੋਰ ਪ੍ਰਫੁਲਿਤ ਕਰੇਗੀ**

ਵਰਦੀਆਂ ਤੇ ਪੁਸਤਕਾਂ ਤੇ ਲੋੜੀਂਦਾ ਸਟਾਫ ਰੱਖਣ ਦੀ ਪ੍ਰਵਾਨਗੀ ਦੇਣ ਦਾ ਵੀ ਐਲਾਨ ਕੀਤਾ।

ਇਸੇ ਤਰ੍ਹਾਂ ਗੁਰਮਤਿ ਵਿਦਿਆਲਾ ਰਾਵਾ ਭਾਟਾ ਬਿਲਾਸਪੁਰ ਰੋਡ, ਰਾਏਪੁਰ (ਛੱਤੀਸਗੜ੍ਹ) ਵਿਖੇ ਗੁਰਮਤਿ ਵਿਦਿਆ ਲੈ ਰਹੇ ਸਿਕਲੀਗਰ ਸਿੱਖ ਪਰਿਵਾਰਾਂ ਦੇ ਬੱਚਿਆਂ ਲਈ ਵਿਸ਼ੇਸ਼ ਸਹੂਲਤਾਂ ਦੇਣ ਦਾ ਐਲਾਨ ਕੀਤਾ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਨਾਲ ਸਬੰਧਤ ਬਾਬਾ ਗੁਰਦਿੱਤਾ ਜੀ ਕੀਰਤਪੁਰ ਵਿਖੇ 125 ਕੇ.ਵੀ. ਤੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ (ਅੰਮ੍ਰਿਤਸਰ) ਵਿਖੇ 320 ਕੇ.ਵੀ. ਜਨਰੇਟਰ ਲਗਾਉਣ ਦੀ ਪ੍ਰਵਾਨਗੀ ਵੀ ਮੀਟਿੰਗ ਦੌਰਾਨ ਦਿੱਤੀ ਗਈ ਹੈ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ, ਗੁਰਦੁਆਰਾ ਜੋਤੀ ਸਰੂਪ ਫਤਹਿਗੜ੍ਹ ਸਾਹਿਬ, ਗੁਰਦੁਆਰਾ ਡੇਰਾ ਬਾਬਾ ਨਾਨਕ (ਗੁਰਦਾਸਪੁਰ), ਸੱਚਖੰਡ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀਆਂ ਸਰਾਵਾਂ ਗੁਰੂ ਅਰਜਨ ਦੇਵ ਨਿਵਾਸ, ਗੁਰੂ ਰਾਮਦਾਸ ਨਿਵਾਸ, ਗੁਰੂ



ਹਰਿਗੋਬਿੰਦ ਨਿਵਾਸ ਤੇ ਮਾਤਾ ਗੰਗਾ ਜੀ ਨਿਵਾਸ ਵਿਖੇ ਸੰਗਤਾਂ ਦੀ ਹਿਫ਼ਾਜ਼ਤ ਲਈ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਪ੍ਰਵਾਨਗੀ ਦਿੱਤੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵੱਲੋਂ ਪੁੱਜੀ ਤਜਵੀਜ਼ ਨੂੰ ਅਮਲੀ ਰੂਪ ਵਿਚ ਸਵੀਕਾਰ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਕਰਨ ਸਮੇਂ ਅੱਠ ਪਾਠੀ ਸਿੰਘਾਂ ਦੀ ਬਜਾਏ ਛੇ ਪਾਠੀ ਸਿੰਘ ਹੀ ਸੇਵਾ ਨਿਭਾਉਣਗੇ। ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀਂਦ, ਗੁਰਦੁਆਰਾ ਸਾਹਿਬ ਓਠੀਆਂ (ਗੁਰਦਾਸਪੁਰ), ਗੁਰਦੁਆਰਾ ਕੰਧ ਸਾਹਿਬ (ਬਟਾਲਾ), ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਦੀਆਂ ਇਮਾਰਤਾਂ ਨੂੰ ਰੰਗ-ਰੋਗਨ ਕਰਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

## ਕੈਂਸਰ ਪੀੜਤਾਂ ਨਾਲ ਵਿਤਕਰੇ ਦੇ ਦੋਸ਼ ਕੋਰਾ ਝੂਠ: ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਹੈ ਕਿ ਕੈਂਸਰ ਪੀੜਤਾਂ ਲਈ ਸ਼ੁਰੂ ਕੀਤੀ ਸਹਾਇਤਾ ਦੇਣ ਸਮੇਂ ਕਦੇ ਵੀ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ ਹੈ। ਜਿਸ ਮਰੀਜ਼ ਨੂੰ ਇਹ ਰੋਗ ਹੁੰਦਾ ਹੈ, ਜੇਕਰ ਉਸ ਵੱਲੋਂ ਦਿੱਤੇ ਦਸਤਾਵੇਜ਼ ਸਹੀ ਹੁੰਦੇ ਹਨ ਤਾਂ ਬਿਨਾਂ ਕਿਸੇ ਰੋਕ-ਟੋਕ ਜਾਂ ਅੜਿੱਕੇ ਦੇ ਉਸ ਨੂੰ ਕੈਂਸਰ ਪੀੜਤ ਫੰਡ ਵਿਚੋਂ ਸਹਾਇਆ ਜਾਰੀ ਕਰ ਦਿੱਤੀ ਜਾਂਦੀ ਹੈ। ਇਹ ਸਹਾਇਆ ਰਾਸ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪ੍ਰਵਾਨਗੀ ਤੋਂ ਬਾਅਦ ਹੀ ਜਾਰੀ ਹੁੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕੁਝ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਕੈਂਸਰ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਕਦੇ ਵੀ ਕਿਸੇ ਇਕ ਜ਼ਿਲ੍ਹੇ ਨੂੰ ਤਰਜੀਹ ਨਹੀਂ ਦਿੱਤੀ। ਜਿਵੇਂ-ਜਿਵੇਂ ਮਰੀਜ਼ਾਂ ਦੀਆਂ ਦਰਖ਼ਾਸਤਾਂ ਆਉਂਦੀਆਂ ਹਨ, ਉਸੇ ਤਰ੍ਹਾਂ ਹੀ ਨਾਲੋ-ਨਾਲ ਸਹਾਇਤਾ ਦੇ ਦਿੱਤੀ ਜਾਂਦੀ ਹੈ। ਇਸ ਰੋਗ ਤੋਂ ਪੀੜਤ ਮਰੀਜ਼ ਦੇ ਕਾਗਜ਼ (ਸਾਰੀਆਂ ਰਿਪੋਰਟਾਂ ਆਦਿ) ਸ੍ਰੀ ਗੁਰੂ ਰਾਮਦਾਸ ਹਸਪਤਾਲ ਤੋਂ ਚੈੱਕ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸੂਬੇ ਜਾਂ ਸ਼ਹਿਰ ਦੇ ਵਸਨੀਕ ਨੂੰ ਜੇਕਰ ਇਹ ਰੋਗ ਹੈ ਤਾਂ ਉਹ ਬਿਨਾਂ ਝਿਜਕ ਦਰਖ਼ਾਸਤ ਦੇ ਕੇ ਸ਼੍ਰੋਮਣੀ ਕਮੇਟੀ ਪਾਸੋਂ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਅਰਜ਼ੀਆਂ ਉਤੇ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਸਮੁੱਚੇ ਵੇਰਵਿਆਂ ਸਹਿਤ ਇਹ ਵੀ ਸਪਸ਼ਟ ਕੀਤਾ ਕਿ ਸਾਲ 2011 ਵਿਚ 211 ਮਰੀਜ਼ਾਂ ਦੀਆਂ ਦਰਖਾਸਤਾਂ ਆਈਆਂ ਸਨ ਜਿਨ੍ਹਾਂ ਨੂੰ ਬਤਾਲੀ ਲੱਖ ਅਠਾਰਾਂ ਹਜ਼ਾਰ ਚੁਰਾਨਵੇਂ ਰੁਪਏ ਸਹਾਇਤਾ ਵਜੋਂ ਦਿੱਤੇ ਗਏ। ਇਸੇ ਤਰ੍ਹਾਂ ਸਾਲ 2012 ਵਿਚ ਸ਼੍ਰੋਮਣੀ ਕਮੇਟੀ ਪਾਸ 1467 ਵਿਅਕਤੀਆਂ ਨੇ ਪਹੁੰਚ ਕੀਤੀ ਸੀ ਜਿਨ੍ਹਾਂ ਨੂੰ ਤਿੰਨ ਕਰੋੜ ਦੋ ਲੱਖ ਤਰਵਿੰਜਾ ਹਜ਼ਾਰ ਸੱਠ ਰੁਪਏ ਦਿੱਤੇ ਗਏ ਸਨ। ਸਾਲ 2013 ਵਿਚ 2477 ਵਿਅਕਤੀਆਂ ਨੂੰ ਚਾਰ ਕਰੋੜ ਅਠੱਨਵੇਂ ਲੱਖ ਤਰਿਆਨਵੇਂ ਹਜ਼ਾਰ ਅਤੇ 2014 ਵਿਚ, ਭਾਵ ਹੁਣ ਤੱਕ 931 ਵਿਅਕਤੀਆਂ ਨੂੰ ਇਕ ਕਰੋੜ ਛਿਆਸੀ ਲੱਖ ਨੱਬੇ ਹਜ਼ਾਰ ਰੁਪਏ ਦੀ ਰਾਸ਼ੀ ਕੈਂਸਰ ਰਿਲੀਫ਼ ਫੰਡ ਵਿਚੋਂ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ 5086 ਮਰੀਜ਼ਾਂ ਨੂੰ 10 ਕਰੋੜ 10 ਲੱਖ 54 ਹਜ਼ਾਰ ਰੁਪਏ ਦੀ ਰਕਮ ਤਕਸੀਮ ਕੀਤੀ ਜਾ ਚੁੱਕੀ ਹੈ। ਇਸ ਬਾਰੇ ਸਾਰਾ ਰਿਕਾਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਮੌਜੂਦ ਹੈ।

## ਸ੍ਰੀ ਹੇਮਕੁੰਟ ਸਾਹਿਬ ਵਿਖੇ ਸੰਗਤ ਦੀ ਆਮਦ ਘਟੀ

**ਚੰਡੀਗੜ੍ਹ:** ਪਿਛਲੇ ਸਾਲ ਜੂਨ ਮਹੀਨੇ ਹੋਈ ਭਿਆਨਕ ਤਬਾਹੀ ਕਾਰਨ ਇਸ ਵਾਰ ਸ੍ਰੀ ਹੇਮਕੁੰਟ ਸਾਹਿਬ ਵਿਖੇ ਸੰਗਤ ਦੀ ਆਮਦ ਕਾਫੀ ਘਟੀ ਹੈ। ਸੰਗਤਾਂ ਦੇ ਮਨ ਵਿਚ ਡਰ ਹੋਣ ਕਾਰਨ ਪਿਛਲੇ ਸਾਲਾਂ ਨਾਲੋਂ ਅੱਧੀ ਗਿਣਤੀ ਸੰਗਤ ਹੀ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਪਹੁੰਚੀ ਹੈ ਤੇ ਹੁਣ ਤੱਕ ਡੇਢ ਮਹੀਨੇ ਵਿਚ ਤਕਰੀਬਨ ਇਕ ਲੱਖ ਸੰਗਤ ਨੇ ਹੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਹਨ। ਜਦੋਂਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਤੇ ਉੱਤਰਾਖੰਡ ਸਰਕਾਰ ਵੱਲੋਂ ਸੰਗਤਾਂ ਲਈ ਸਾਰੇ ਪ੍ਰਬੰਧ ਕਰ ਲਏ ਜਾਣ ਦੇ ਦਾਅਵੇ ਕੀਤੇ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਦਾ ਕਹਿਣਾ ਹੈ ਕਿ ਹਰ ਸਾਲ ਪੰਜਾਬ ਸਮੇਤ ਉੱਤਰ ਭਾਰਤ ਵਿਚੋਂ ਜੂਨ ਮਹੀਨੇ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਦੀਆਂ ਹਨ ਤੇ 10 ਜੁਲਾਈ ਤੋਂ 10 ਅਗਸਤ



ਤੱਕ ਤਕਰੀਬਨ ਇਕ ਮਹੀਨਾ ਸੰਗਤਾਂ ਦੀ ਆਮਦ ਘੱਟ ਜਾਂਦੀ ਹੈ ਪਰ ਇਸ ਸਾਲ ਤਾਂ ਸ਼ੁਰੂ ਤੋਂ ਹੀ ਸੰਗਤਾਂ ਦੀ ਆਮਦ ਘੱਟ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਜਿਥੇ ਗੁਰਦੁਆਰਾ ਸਾਹਿਬ ਦੇ ਸਰੋਵਰ ਦੀ ਬਰਫ ਸਾਫ ਹੋ ਚੁੱਕੀ ਹੈ ਤੇ ਉਥੇ ਹੀ ਰਸਤਿਆਂ ਦੀ ਬਰਫ ਵੀ ਕਾਫ਼ੀ ਘੱਟ ਗਈ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਗੋਬਿੰਦਘਾਟ ਉਤਰਾਖੰਡ ਦੀ ਮੈਨੇਜਮੈਂਟ ਤੇ ਉਤਰਾਖੰਡ ਸਰਕਾਰ ਵੱਲੋਂ ਸੜਕੀ ਮਾਰਗ, ਰਿਹਾਇਸ਼ੀ ਇਮਾਰਤਾਂ, ਯਾਤਰਾ ਦਾ ਪੈਦਲ ਰਸਤਾ, ਨਵੀਆਂ ਉਸਾਰੀਆਂ, ਲੰਗਰ ਤੇ ਮੈਡੀਕਲ ਸਹੂਲਤਾਂ ਆਦਿ ਦੇ ਯੋਗ ਪ੍ਰਬੰਧ ਕੀਤੇ ਹੋਏ ਹਨ ਤੇ ਬੀਤੇ ਦਿਨੀਂ ਟਰੱਸਟ ਵੱਲੋਂ ਗੋਬਿੰਦਘਾਟ ਵਿਖੇ ਹਸਪਤਾਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਵੀ ਰੱਖਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪਹਿਲਾਂ ਬਣਾ ਕੇ ਸੰਗਤਾਂ ਨੂੰ ਸਮਰਪਿਤ ਕੀਤੇ ਦੋ ਪੁਲਾਂ ਤੋਂ ਬਾਅਦ ਗੋਬਿੰਦਘਾਟ ਵਿਖੇ ਇਕ ਕਰੋੜ ਦੀ ਲਾਗਤ ਨਾਲ ਬਣਾਏ ਤੀਸਰੇ ਮੋਟਰਏਬਲ ਪੁਲ ਨੂੰ ਵੀ ਅਗਸਤ ਮਹੀਨੇ ਦੇ ਦੂਜੇ ਹਫ਼ਤੇ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੋ ਕੁਝ ਲੋਕ ਗੋਬਿੰਦਘਾਟ ਤੋਂ ਗੋਬਿੰਦਧਾਮ ਤੱਕ ਦਾ ਪੰਧ ਵੱਧ ਜਾਣ ਬਾਰੇ ਕਹਿ ਰਹੇ ਹਨ ਉਹ ਗਲਤ ਹਨ ਕਿਉਂਕਿ ਜੋ ਨਵਾਂ ਰਸਤਾ ਬਣਾਇਆ ਗਿਆ ਹੈ ਉਹ ਉਸੇ ਪਹਾੜੀ ਦੇ ਜੰਗਲ ਨੂੰ ਕੱਟ ਕੇ ਬਣਾਇਆ ਗਿਆ ਹੈ ਜਿਸ ਵਿਚ ਕੁਝ ਕੁ ਮੀਟਰ ਦਾ ਫਰਕ ਤਾਂ ਹੋ ਸਕਦਾ ਹੈ ਪਰ ਜੋ ਕਈ ਕਿਲੋਮੀਟਰ ਰਸਤਾ ਵੱਧ ਜਾਣ ਦੀਆਂ ਗੱਲਾਂ ਗਲਤ ਹਨ।

# ਦਿੱਲੀ ਸੰਸਾਰ ਦਾ ਦੂਜਾ ਸਭ ਤੋਂ ਸੰਘਣੀ ਆਬਾਦੀ ਵਾਲਾ ਸ਼ਹਿਰ

**ਸੰਯੁਕਤ ਰਾਸ਼ਟਰ:** ਦਿੱਲੀ ਵਿਸ਼ਵ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਬਣ ਗਿਆ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ 1990 ਤੋਂ ਮਗਰੋਂ ਹੁਣ 2014 ਵਿਚ ਇਸ ਦੀ ਆਬਾਦੀ ਢਾਈ ਕਰੋੜ ਤੱਕ ਪੁੱਜ ਚੁੱਕੀ ਹੈ। ਵਿਸ਼ਵ ਦੇ ਸ਼ਹਿਰੀਕਰਨ ਬਾਰੇ 2014 ਦੀ ਜਾਰੀ ਕੀਤੀ ਰਿਪੋਰਟ ਵਿਚ ਕਿਹਾ ਗਿਆ ਕਿ 2050 ਤੱਕ ਭਾਰਤ ਵਿਚ ਸ਼ਹਿਰੀ ਵਸੋਂ ਦੀ ਆਬਾਦੀ ਚੀਨ ਦੀ ਸ਼ਹਿਰੀ ਵਸੋਂ ਨਾਲੋਂ ਟੱਪ ਜਾਏਗੀ। ਦਿੱਲੀ ਦਾ ਆਬਾਦੀ ਪੱਖੋਂ ਦੂਜੇ ਵੱਡੇ ਸ਼ਹਿਰ ਦਾ ਰੁਤਬਾ 2030 ਤੱਕ ਵੀ ਘੱਟੋ-ਘੱਟ ਜਾਰੀ ਰਹੇਗਾ, ਜਦੋਂਕਿ ਇਸ ਦੀ ਆਬਾਦੀ ਵਧ ਕੇ ਤਿੰਨ ਕਰੋੜ 60 ਲੱਖ ਹੋਣ ਦੀ ਸੰਭਾਵਨਾ ਹੈ। ਸੰਯੁਕਤ ਰਾਸ਼ਟਰ ਦੀ ਰੈਂਕਿੰਗ ਵਿਚ ਟੋਕੀਓ 2014 ਵਿਚ ਵਿਸ਼ਵ ਦਾ ਸਭ ਤੋਂ ਵੱਧ ਆਬਾਦੀ ਵਾਲਾ (ਤਿੰਨ ਕਰੋੜ 80 ਲੱਖ) ਸ਼ਹਿਰ ਬਣ ਗਿਆ ਹੈ। ਭਾਵੇਂ ਇਸ ਦੀ ਆਬਾਦੀ ਹੇਠਾਂ ਵੱਲ ਸਰਕਣ ਦੇ ਸੰਕੇਤ ਹਨ, ਫਿਰ ਵੀ 2030 ਤੱਕ ਇਹ ਵਿਸ਼ਵ ਦਾ ਸਭ ਤੋਂ ਵੱਧ ਆਬਾਦੀ ਵਾਲਾ (ਤਿੰਨ ਕਰੋੜ 70 ਲੱਖ) ਸ਼ਹਿਰ ਰਹੇਗਾ। ਟੋਕੀਓ ਤੇ ਦਿੱਲੀ ਮਗਰੋਂ ਸ਼ੰਘਾਈ ਦਾ ਨੰਬਰ ਹੈ ਜਿਥੇ ਆਬਾਦੀ ਦੋ ਕਰੋੜ 30 ਲੱਖ ਹੈ ਤੇ ਮੈਕਸਿਕੋ ਸਿਟੀ, ਮੁੰਬਈ ਤੇ ਸਾਓ ਪੋਲੋ ਦੀ ਆਬਾਦੀ (2014 ਵਿਚ) ਦੋ ਕਰੋੜ 10 ਲੱਖ ਦਰਜ ਕੀਤੀ ਗਈ ਹੈ।

ਰਿਪੋਰਟ ਮੁਤਾਬਕ 2014 ਤੋਂ 2050 ਤੱਕ ਵਿਸ਼ਵ ਭਰ ਵਿਚ ਸ਼ਹਿਰਾਂ ਦਾ ਵਿਸਥਾਰ ਸਭ ਤੋਂ ਵੱਧ ਭਾਰਤ, ਚੀਨ ਤੇ ਨਾਈਜੀਰੀਆ ਵਿਚ ਹੋਏਗਾ। 2050 ਤੱਕ ਭਾਰਤ ਦੇ ਸ਼ਹਿਰਾਂ ਦੀ ਆਬਾਦੀ 40 ਕਰੋੜ 40 ਲੱਖ ਹੋਰ ਵਧ ਕੇ 81.40 ਕਰੋੜ ਹੋ ਜਾਏਗੀ ਜਦਕਿ ਚੀਨ ਦੀ 29 ਕਰੋੜ 20 ਲੱਖ ਵੱਧ ਹੋ ਜਾਏਗੀ। ਭਾਰਤ ਦੀ ਇਸ ਵੇਲੇ ਸ਼ਹਿਰੀ ਆਬਾਦੀ 41 ਕਰੋੜ ਹੈ। ਭਾਰਤ ਤੇ ਚੀਨ ਵਿਚ ਵਿਸ਼ਵ ਦੀ ਸ਼ਹਿਰੀ ਆਬਾਦੀ ਦਾ 70 ਫੀਸਦੀ ਲੋਕ ਵੱਸਦੇ ਹਨ। ਇਸ ਵੇਲੇ ਵਿਸ਼ਵ ਦੀ 54 ਫੀਸਦੀ ਆਬਾਦੀ ਸ਼ਹਿਰਾਂ ਵਿਚ ਵਸ ਰਹੀ ਹੈ ਤੇ 2050 ਤੱਕ ਇਹ 66 ਫੀਸਦੀ ਹੋ ਜਾਣ ਦੇ ਆਸਾਰ ਹਨ। ਵਿਸ਼ਵ ਭਰ ਵਿਚ 3.4 ਅਰਬ ਲੋਕ ਪਿੰਡਾਂ ਵਿਚ ਰਹਿੰਦੇ ਹਨ। 2020 ਮਗਰੋਂ ਵਿਸ਼ਵ ਦੀ ਪੇਂਡੂ ਆਬਾਦੀ ਘਟਣੀ ਸ਼ੁਰੂ ਹੋ ਜਾਏਗੀ। ਇਸ ਵੇਲੇ ਭਾਰਤ ਦੇ ਪਿੰਡਾਂ ਵਿਚ 85.70 ਕਰੋੜ ਲੋਕ ਹਨ ਜਦਕਿ ਚੀਨ ਵਿਚ 63.70 ਕਰੋੜ ਹਨ। 2050 ਤੱਕ ਭਾਰਤ ਦੇ ਅਹਿਮਦਾਬਾਦ, ਬੰਗਲੌਰ, ਚੇਨਈ ਤੇ ਹੈਦਰਾਬਾਦ ਮੈਗਾ ਸ਼ਹਿਰਾਂ ਵਿਚ ਤਬਦੀਲ ਹੋ ਜਾਣਗੇ। ਇਸ ਵੇਲੇ ਵਿਸ਼ਵ ਭਰ ਵਿਚ 28 ਮੈਗਾਸਿਟੀ ਹਨ ਜਿਨ੍ਹਾਂ ਵਿਚ ਵਿਸ਼ਵ ਦੀ 12 ਫੀਸਦੀ ਆਬਾਦੀ ਵਸਦੀ ਹੈ। ਰਿਪੋਰਟ ਮੁਤਾਬਕ ਆਉਂਦੇ ਸਮਿਆਂ ਵਿਚ ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਦੀ ਵੱਡੀ ਲੋੜ ਪਏਗੀ। ਦਿੱਲੀ ਦੀ ਆਬਾਦੀ 1990 ਤੋਂ ਹੁਣ ਤੱਕ ਦੁੱਗਣੀ ਤੋਂ ਵੀ ਵੱਧ 2.5 ਕਰੋੜ ਤੱਕ ਅੱਪੜ ਚੁੱਕੀ ਹੈ। ਜਾਰੀ ਕੀਤੇ ਵਿਸ਼ਵ ਸ਼ਹਿਰੀਕਰਨ ਸੰਭਾਵਨਾ ਦੇ ਸਾਲ 2014 ਦੇ ਸੰਦਰਭ ਵਿਚ ਕਿਹਾ ਗਿਆ ਹੈ ਕਿ ਸਾਲ 2050 ਤੱਕ ਭਾਰਤ ਦੀ ਸ਼ਹਿਰੀ ਆਬਾਦੀ ਚੀਨ ਤੋਂ ਅੱਗੇ ਨਿਕਲ ਜਾਵੇਗੀ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਭਾਰਤ ਦੀ ਰਾਜਧਾਨੀ ਦਿੱਲੀ ਘੱਟੋ-ਘੱਟ ਸਾਲ 2030 ਤੱਕ ਵਿਸ਼ਵ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੀ ਰਹੇਗਾ ਜਦਕਿ ਇਸ ਦੀ ਆਬਾਦੀ ਸਾਲ 2030 ਤੱਕ 3.6 ਕਰੋੜ ਤੱਕ ਪੁੱਜ ਜਾਵੇਗੀ।

## ਭਾਰਤ 'ਚ ਬਣ ਰਿਹਾ ਹੈ ਦੁਨੀਆਂ ਦਾ ਸਭ ਤੋਂ ਉਚਾ ਰੇਲ ਪੁਲ

**ਜੰਮੂ:** ਦੁਨੀਆ ਦੇ ਸਭ ਤੋਂ ਵੱਡੇ ਰੇਲ ਨੈੱਟਵਰਕ ਵਿਚ ਭਾਰਤੀ ਰੇਲਵੇ ਇਕ ਨਵਾਂ ਰਿਕਾਰਡ ਬਣਾਉਣ ਜਾ ਰਿਹਾ ਹੈ। ਇਹ ਰੇਲਵੇ ਦੁਨੀਆ ਦਾ ਸਭ ਤੋਂ ਉੱਚਾ ਪੁਲ ਬਣਾ ਰਿਹਾ ਹੈ ਜੋ ਆਈਫਿਲ ਟਾਵਰ ਤੋਂ ਵੀ 35 ਮੀਟਰ ਉੱਚਾ ਹੋਵੇਗਾ। ਫਿਲਹਾਲ ਉੱਤਰੀ ਜੰਮੂ ਤੇ ਕਸ਼ਮੀਰ ਨੂੰ ਜੋੜਨ ਲਈ ਚਨਾਬ ਨਦੀ 'ਤੇ ਪੁਲ ਦਾ ਕੰਮ ਚੱਲ



ਰਿਹਾ ਹੈ। ਰੇਲਵੇ ਮੁਤਾਬਕ ਇਸ ਪੁਲ ਦੀ ਉਚਾਈ 359 ਮੀਟਰ (1177 ਫੁੱਟ) ਹੋਵੇਗੀ। 2016 ਵਿਚ ਜਦੋਂ ਇਹ ਪੂਰਾ ਬਣ ਕੇ ਤਿਆਰ ਹੋ ਜਾਵੇਗਾ ਤਾਂ ਇਹ ਚੀਨ ਦੇ ਬੇਪੇਜਿਯਾਗ ਨਦੀ 'ਤੇ ਬਣੇ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ਪੁਲ ਤੋਂ ਵੀ ਵੱਡਾ ਹੋਵੇਗਾ। ਚੀਨ ਦਾ ਇਹ ਰੇਲਵੇ ਪੁਲ 275 ਮੀਟਰ ਉੱਚਾ ਹੈ।

ਇਕ ਰੇਲਵੇ ਅਧਿਕਾਰੀ ਮੁਤਾਬਕ ਦਸੰਬਰ, 2016 ਤੱਕ ਤਿਆਰ ਹੋ ਜਾਣ ਵਾਲੇ ਇਸ ਪੁਲ ਦਾ ਡਿਜ਼ਾਈਨ ਇਸ ਤਰ੍ਹਾਂ ਨਾਲ ਤਿਆਰ ਕੀਤਾ ਗਿਆ ਹੈ ਕਿ ਇਹ ਖ਼ਤਰਨਾਕ ਤੇਜ਼ ਹਵਾਵਾਂ ਤੇ ਹੋਰ ਹਲਚਲਾਂ ਨੂੰ ਝੱਲਣ ਦੇ ਸਮਰੱਥ ਹੋਵੇਗਾ। ਰੇਲਵੇ ਕਾਰਪੋਰੇਸ਼ਨ ਦੀ ਦੇਖ ਰੇਖ ਵਿਚ ਬਣ ਰਹੇ ਇਸ ਸਭ ਤੋਂ ਉੱਚੇ ਪੁਲ ਦੀ ਲਾਗਤ ਤਕਰੀਬਨ 92 ਮਿਲੀਅਨ (920 ਲੱਖ ਰੁਪਏ) ਆਵੇਗੀ। ਇਹ ਪੁਲ ਬਾਰਾਮੂਲਾ ਨੂੰ ਜੰਮੂ ਨਾਲ ਜੋੜੇਗਾ ਤੇ ਪੁਲ ਬਣ ਜਾਣ ਦੇ ਬਾਅਦ ਇਸ ਰਸਤੇ 'ਤੇ ਲੱਗਣ ਵਾਲਾ ਸਮਾਂ ਅੱਧਾ ਹੀ ਰਹਿ ਜਾਵੇਗਾ। ਪੁਲ ਨੂੰ ਬਣਾਉਣ ਲਈ 25,000 ਟਨ ਸਟੀਲ ਦੀ ਵਰਤੋਂ ਹੋਵੇਗੀ। ਸਟੀਲ ਸਮੇਤ ਹੋਰ ਸਾਮਾਨ ਨੂੰ ਹੈਲੀਕਾਪਟਰ ਰਾਹੀਂ ਪਹੁੰਚਾਇਆ ਜਾ ਰਿਹਾ ਹੈ ਕਿਉਂਕਿ ਇਸ ਖੇਤਰ ਵਿਚ ਰਸਤੇ ਬੇਹੱਦ ਖ਼ਤਰਨਾਕ ਹਨ।

## ਓਬਾਮਾ ਨੇ ਮੋਦੀ ਨੂੰ ਭੇਜਿਆ ਸੱਦਾ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਦੀ ਯਾਤਰਾ 'ਤੇ ਆਉਣ ਦਾ ਰਸਮੀ



ਸੱਦਾ ਦਿੱਤਾ ਹੈ। ਅਮਰੀਕਾ ਦੀ ਉਪ-ਵਿਦੇਸ਼ ਮੰਤਰੀ ਵਿਲੀਅਮ ਬਨਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਸੱਦੇ ਦੀ ਚਿੱਠੀ ਸੌਂਪੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਤੰਬਰ ਵਿਚ ਸੰਯੁਕਤ ਰਾਸ਼ਟਰ ਮਹਾਂਸਭਾ ਵਿਚ ਭਾਗ ਲੈਣ ਲਈ ਅਮਰੀਕਾ ਜਾਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਉਹ ਠੋਸ ਨਤੀਜਿਆਂ ਨਾਲ ਫਲਦਾਇਕ ਅਮਰੀਕੀ ਯਾਤਰਾ ਦੀ ਉਮੀਦ ਕਰ ਰਹੇ ਹਨ, ਜੋ ਕਿ ਦੋਵਾਂ ਦੇਸ਼ਾਂ ਵਿਚਾਲੇ ਹਿੱਸੇਦਾਰੀ ਨੂੰ ਨਵੀਂ ਰਫ਼ਤਾਰ ਦੇਣ ਵਾਲੀ ਹੋਵੇਗੀ। ਜ਼ਿਕਰਯੋਗ ਹੈ ਕਿ 2014 ਨੂੰ ਦੇਸ਼ ਵਿਚ ਹੋਈਆਂ ਆਮ ਚੋਣਾਂ ਵਿਚ ਮੋਦੀ ਦੀ ਸ਼ਾਨਦਾਰ ਜਿੱਤ ਦੇ ਤੁਰੰਤ ਬਾਅਦ ਓਬਾਮਾ ਨੇ ਉਨ੍ਹਾਂ ਨੂੰ ਫ਼ੋਨ ਕੀਤਾ ਸੀ ਤੇ ਅਮਰੀਕਾ ਦੌਰੇ ਦਾ ਸੱਦਾ ਦਿੱਤਾ ਸੀ।

ਅਮਰੀਕਾ ਇਸ ਯਾਤਰਾ ਨੂੰ ਯਾਦਗਾਰ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਮੋਦੀ ਦੀ ਯਾਤਰਾ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਕੁਝ ਸਮਾਂ ਪਹਿਲਾਂ ਪੈਦਾ ਹੋਏ ਤਣਾਅ ਨੂੰ ਦੂਰ ਕਰਨ ਦਾ ਇਕ ਬਿਹਤਰ ਮੌਕਾ ਸਾਬਤ ਹੋ ਸਕਦੀ ਹੈ ਤੇ ਅਮਰੀਕੀ ਪ੍ਰਸ਼ਾਸਨ ਇਸ ਨੂੰ ਸਫ਼ਲ ਬਣਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਹੈ।

## ਅਮਿਤ ਸ਼ਾਹ ਦੇ ਹੱਥ ਆਈ ਭਾਜਪਾ ਦੀ ਕਮਾਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨੇੜਲੇ ਅਮਿਤ ਸ਼ਾਹ ਨੂੰ ਭਾਜਪਾ ਦੇ ਨਵੇਂ ਪ੍ਰਧਾਨ ਵਜੋਂ ਥਾਪ ਦਿੱਤਾ ਗਿਆ ਹੈ। 50



ਵਰ੍ਹਿਆਂ ਦੇ ਸ੍ਰੀ ਸ਼ਾਹ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ ਇਹ ਅਹੁਦਾ ਹਾਸਲ ਕੀਤਾ ਹੈ ਜਿਨ੍ਹਾਂ ਭਾਜਪਾ ਪ੍ਰਧਾਨ ਵਜੋਂ ਲਾਂਭੇ ਹੋਣ ਦਾ ਐਲਾਨ ਕੀਤਾ।

ਸ੍ਰੀ ਸ਼ਾਹ ਨੇ ਭਾਜਪਾ ਦੀ ਕਮਾਨ ਸੰਭਾਲ ਲਈ ਹੈ। ਗੁਜਰਾਤ ਦੇ ਵਿਵਾਦਤ ਆਗੂ ਰਹੇ ਸ੍ਰੀ ਸ਼ਾਹ ਨੂੰ ਆਪਣਾ ਜਾਨਸ਼ੀਨ ਐਲਾਨਦਿਆਂ ਰਾਜਨਾਥ ਸਿੰਘ ਨੇ ਉਨ੍ਹਾਂ ਦੀ ਪ੍ਰਬੰਧਕੀ ਮੁਹਾਰਤ ਦੀ ਸ਼ਲਾਘਾ ਕੀਤੀ ਤੇ ਲੋਕ ਸਭਾ ਚੋਣਾਂ ਦੌਰਾਨ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਸ਼ਾਨਦਾਰ ਜਿੱਤ ਦਾ ਸਿਹਰਾ ਬੰਨ੍ਹਿਆ।

ਸ੍ਰੀ ਅਮਿਤ ਸ਼ਾਹ ਨੂੰ ਭਾਜਪਾ ਦਾ ਪ੍ਰਧਾਨ ਬਣਾਉਣ ਦਾ ਫੈਸਲਾ ਪਾਰਲੀਮਾਨੀ ਬੋਰਡ ਦੀ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਵਿਚ ਰਾਜਨਾਥ ਸਿੰਘ ਨੇ ਡੇਢ ਸਾਲ ਪ੍ਰਧਾਨ ਰਹਿਣ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ। ਭਾਜਪਾ ਪ੍ਰਧਾਨ ਦੇ ਅਹੁਦੇ ਨੂੰ ਲੈ ਕੇ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਸਰਗਰਮੀ ਵੱਧ ਗਈ ਸੀ।

ਇਹ ਵੀ ਚਰਚੇ ਸਨ ਕਿ ਹਿਮਾਚਲ ਪ੍ਰਦੇਸ਼ ਦੇ ਆਗੂ ਜੇ.ਪੀ. ਨੱਡਾ ਤੇ ਸ੍ਰੀ ਮੋਦੀ ਦੇ ਇਕ ਹੋਰ ਕਰੀਬੀ ਓਮ ਮਾਥੁਰ ਨੂੰ ਭਾਜਪਾ ਪ੍ਰਧਾਨ ਬਣਾਇਆ ਜਾ ਸਕਦਾ ਹੈ ਪਰ ਲੋਕ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਤੇ ਪ੍ਰਧਾਨ ਮੰਤਰੀ ਮੋਦੀ ਦਾ ਥਾਪੜਾ ਮਿਲਣ ਕਰਕੇ ਅਮਿਤ ਸ਼ਾਹ ਦਾ ਭਾਜਪਾ ਪ੍ਰਧਾਨ ਵਜੋਂ ਰਾਹ ਪੱਧਰਾ ਹੋ ਗਿਆ। ਲੋਕ ਸਭਾ ਵਿਚ ਯੂਪੀ ਵਿਚ ਸ਼ਾਨਦਾਰ ਜਿੱਤ ਦਿਵਾਉਣ ਤੋਂ ਬਾਅਦ ਹੁਣ ਸ੍ਰੀ ਸ਼ਾਹ ਦੀ ਜ਼ਿੰਮੇਵਾਰੀ ਵੱਧ ਗਈ ਹੈ।

# ਉਮਰ ਕੈਦੀਆਂ ਦੀ ਰਿਹਾਈ ਲਈ ਸਖਤ ਕਾਨੂੰਨ ਬਣਨ ਦੇ ਅੰਦੇਸ਼ੇ

ਭਾਰਤੀ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵਲੋਂ ਪਿਛਲੇ ਦਿਨੀਂ ਮੁਲਕ ਭਰ ਦੇ ਉਮਰ ਕੈਦੀਆਂ ਦੀ ਰਿਹਾਈ ਨੂੰ ਰੋਕਣ ਦਾ ਆਦੇਸ਼ ਜਾਰੀ ਕੀਤਾ ਹੈ ਅਤੇ ਸਬੰਧਤ ਪ੍ਰਾਂਤਾਂ ਨੂੰ ਨੋਟਿਸ ਜਾਰੀ ਕੀਤਾ ਹੈ ਕਿ ਉਹ ਇਸ ਸਬੰਧੀ ਆਪਣੀ ਰਿਪੋਰਟ 18 ਜੁਲਾਈ ਤੱਕ ਸੁਪਰੀਮ ਕੋਰਟ ਵਿਚ ਦਾਖਲ ਕਰਨ ਤਾਂ ਜੋ 22 ਜੁਲਾਈ ਨੂੰ ਇਸ ਸਬੰਧੀ ਫੈਸਲਾ ਕੀਤਾ ਜਾ ਸਕੇ।

ਇਹ ਕਾਨੂੰਨੀ ਪ੍ਰਕ੍ਰਿਆ ਉਸ ਵੇਲੇ ਸ਼ੁਰੂ

**ਜਸਪਾਲ ਸਿੰਘ ਮੰਡਪੁਰ**
ਫੋਨ: 91-98554-01843

ਕੀਤੀ ਗਈ ਜਦ ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਅਤੇ ਉਸ ਉਪਰੰਤ ਤਾਮਿਲਨਾਡੂ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਦਾ ਆਦੇਸ਼ ਜਾਰੀ ਕਰ ਦਿੱਤਾ। ਉਸ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਤਾਮਿਲਨਾਡੂ ਸਰਕਾਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਕੇ ਰਿਹਾਈ ਰੁਕਵਾ ਦਿੱਤੀ ਗਈ ਅਤੇ ਹੁਣ ਇਸ ਸਬੰਧੀ ਮੁੱਖ ਜੱਜ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਵਲੋਂ ਇਸ ਸਾਰੇ ਕਾਸੇ ਦੀ ਪੜਤਾਲ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਭਾਵੇਂ ਕਿ ਅਮਨ ਕਾਨੂੰਨ ਦੀ ਸਥਿਤੀ ਅਤੇ ਕੈਦੀਆਂ ਨੂੰ ਮਾਫੀਆਂ ਅਤੇ ਰਿਹਾਈਆਂ ਲਈ ਸਬੰਧਤ ਪ੍ਰਾਂਤਕ ਸਰਕਾਰਾਂ ਹੀ ਜਿੰਮੇਵਾਰ ਹਨ ਪਰ ਸੁਪਰੀਮ ਕੋਰਟ ਨੇ ਇਸ ਸਬੰਧੀ ਇਹ ਗੱਲ ਵੀ ਰਾਜਾਂ ਕੋਲੋਂ ਪੁੱਛੀ ਹੈ ਕਿ ਜਿਨ੍ਹਾਂ ਕੇਸਾਂ ਵਿਚ ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਵਲੋਂ ਜਾਂਚ ਕਰਕੇ ਸਜ਼ਾ ਦਿਵਾਈ ਗਈ ਹੈ, ਉਨ੍ਹਾਂ ਕੈਦੀਆਂ ਦੀ ਰਿਹਾਈ ਲਈ ਕਿਉਂ ਨਾ ਕੇਂਦਰ ਸਰਕਾਰ ਦੀ ਪ੍ਰਵਾਨਗੀ ਲਈ ਜਾਵੇ?

ਆਮ ਕਾਨੂੰਨ ਮੁਤਾਬਕ ਦੇਖਿਆਂ ਪਤਾ ਲੱਗਦਾ ਹੈ ਕਿ ਉਮਰ ਕੈਦ ਦਾ ਮਤਲਬ ਹੈ ਸਾਰੀ ਜਿੰਦਗੀ ਜੇਲ੍ਹ ਵਿਚ ਰਹਿਣਾ ਪਰ ਇਸ ਸਬੰਧੀ ਵੱਖ-ਵੱਖ ਪ੍ਰਾਂਤਾਂ ਵਿਚ ਵੱਖ-ਵੱਖ ਨਿਯਮ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਕਈ ਪ੍ਰਾਂਤਾਂ ਵਿਚ 10, ਕਈਆਂ ਵਿਚ 12 ਜਾਂ 14, ਕਈਆਂ ਵਿਚ 18 ਜਾਂ 20 ਸਾਲ ਤੱਕ ਦੀ ਕੈਦ ਪਿੱਛੋਂ ਪੱਕੀ ਰਿਹਾਈ ਲਈ ਦਰਖਾਸਤ ਦਾਖਲ ਕਰਨ ਦਾ ਹੱਕ ਕਿਸੇ ਉਮਰ ਕੈਦੀ ਨੂੰ ਹੁੰਦਾ ਹੈ। ਜੇ ਉਸ ਦੀਆਂ ਅਨੇਕਾਂ ਰਿਪੋਰਟਾਂ, ਜਿਵੇਂ ਕਿ ਜੇਲ੍ਹ ਆਚਰਣ, ਸਬੰਧਤ ਥਾਣਾ, ਸਬੰਧਤ ਜਿਲ੍ਹਾ ਪੁਲਿਸ ਮੁਖੀ, ਸਬੰਧਤ ਡੀ.ਸੀ. ਆਦਿ ਦੀ ਰਿਪੋਰਟ ਉਸ ਦੇ ਹੱਕ ਵਿਚ ਹੋਵੇ ਅਤੇ ਉਸ ਤੋਂ ਬਾਅਦ ਜੇ ਸਜ਼ਾ ਦੇਣ ਵਾਲੇ ਪ੍ਰਾਂਤ ਦਾ ਗ੍ਰਹਿ ਮੰਤਰਾਲਾ ਉਸ ਦੀ ਸਿਫਾਰਸ ਕਰੇ ਤਾਂ ਉਮਰ ਕੈਦੀ ਦੀ ਰਿਹਾਈ ਦਾ ਹੁਕਮ ਗਵਰਨਰ ਦੇ ਦਸਤਖਤਾਂ ਹੇਠ ਕੀਤਾ ਜਾਂਦਾ ਹੈ ਅਤੇ ਇਸ ਨੂੰ ਅਗੇਤੀ ਰਿਹਾਈ (ਪ੍ਰੀ-ਮਿਚਿਊਰ ਰਿਲੀਜ਼) ਕਿਹਾ ਜਾਂਦਾ ਹੈ।

ਪਿਛਲੇ ਸਮੇਂ ਦੌਰਾਨ ਸੁਪਰੀਮ ਕੋਰਟ ਦੇ ਕਈ ਫੈਸਲਿਆਂ ਵਿਚ ਉਮਰ ਕੈਦੀ ਨੂੰ ਉਮਰ ਭਰ ਜੇਲ੍ਹ ਵਿਚ ਰੱਖਣ ਲਈ ਕਿਹਾ ਜਾ ਰਿਹਾ ਹੈ ਅਤੇ ਹੁਣ ਬਲਾਤਕਾਰ ਵਰਗੇ ਜੁਰਮਾਂ ਵਿਚ ਭਾਰਤੀ ਡੰਡਾਵਲੀ ਸੰਹਿਤਾ ਵਿਚ ਸੋਧ ਕਰਕੇ ਲਿਖਤ ਰੂਪ ਵਿਚ ਲਿਆਂਦਾ ਗਿਆ ਹੈ ਕਿ ਸਾਰੀ ਕੁਦਰਤੀ ਜ਼ਿੰਦਗੀ ਤੱਕ ਜੇਲ੍ਹ ਦੀ ਸਜ਼ਾ।

ਭਾਰਤ ਵਿਚ ਬਹੁਗਿਣਤੀ ਦੇ ਫਿਰਕੂ ਪੱਖ



ਦਾ ਰਾਜ ਪਹਿਲਾਂ ਸਦਾ ਹੀ ਲੁਕਵੇਂ ਰੂਪ ਵਿਚ ਰਿਹਾ ਹੈ ਪਰ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਫਿਰਕੂਆਂ ਦਾ ਰਾਜ ਨੰਗੇ-ਚਿੱਟੇ ਰੂਪ ਵਿਚ ਆ ਚੁੱਕਾ ਹੈ ਅਤੇ ਇਨ੍ਹਾਂ ਵਲੋਂ ਹਰ ਉਹ ਹਰਬਾ ਵਰਤਿਆ ਜਾਵੇਗਾ ਕਿ ਕਿਸ ਤਰ੍ਹਾਂ ਵੱਖ-ਵੱਖ ਸਭਿਆਚਾਰਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਧਿਰਾਂ ਤੇ ਉਨ੍ਹਾਂ ਦੀ ਵਿਲੱਖਣ ਹੋਂਦ ਤੇ ਹੱਕਾਂ ਨੂੰ ਦਬਾਇਆ ਜਾ ਸਕੇ ਜਿਸ ਤਹਿਤ ਸਭ ਤੋਂ ਵੱਡੀ ਕਾਰਵਾਈ ਸ਼ਕਤੀਆਂ ਦਾ ਕੇਂਦਰੀਕਰਨ ਕਰਨਾ ਹੈ ਅਤੇ ਇਸ ਦਾ ਵਿਰੋਧ ਕਰਨ ਵਾਲੀ ਕੋਈ ਧਿਰ ਖਾਸ ਰੂਪ ਵਿਚ ਲੋਕ ਸਭਾ ਵਿਚ ਮੌਜੂਦ ਨਹੀਂ ਹੈ।

ਦੇਖਿਆ ਜਾਵੇ ਤਾਂ ਉਮਰ ਕੈਦੀਆਂ ਦੀ ਰਿਹਾਈ ਦਾ ਮਾਮਲਾ ਸਬੰਧਤ ਪ੍ਰਾਂਤਾਂ ਦੇ ਅਧਿਕਾਰਾਂ ਦੀ ਸੂਚੀ ਵਿਚ ਆਉਂਦਾ ਹੈ ਪਰ ਇਸ ਉਤੇ ਜੇ ਸੁਪਰੀਮ ਕੋਰਟ ਦਾ ਸੰਵਿਧਾਨਕ ਬੈਂਚ ਕੋਈ ਫੈਸਲਾ ਦਿੰਦਾ ਹੈ ਜਾਂ ਦੇਸ਼ ਵਿਚ ਇਕ ਹੀ ਨੀਤੀ ਬਣਾਉਣ ਦਾ ਆਦੇਸ਼ ਸਰਕਾਰਾਂ ਨੂੰ ਦਿੱਤਾ ਜਾਂਦਾ ਹੈ ਤਾਂ ਇਹ ਪ੍ਰਾਂਤਕ ਸਰਕਾਰਾਂ ਦੇ ਹੱਕ ਉਤੇ ਵੱਡਾ ਡਾਕਾ ਹੋਵੇਗਾ ਅਤੇ ਇਹ ਗੈਰ-ਸੰਵਿਧਾਨਕ ਕਾਰਵਈ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵਲੋਂ ਕੀਤੀ ਜਾਵੇਗੀ।

ਪੰਜਾਬ ਵਿਚ ਹਮੇਸ਼ਾ ਇਹ ਗੱਲ ਕਹੀ ਜਾਂਦੀ ਹੈ ਕਿ ਉਮਰ ਕੈਦੀਆਂ ਦੀ ਰਿਹਾਈ ਲਈ ਚੱਲਦਾ ਨਕਸ਼ਾ ਸਿਸਟਮ ਬੰਦ ਕਰਕੇ ਉਨ੍ਹਾਂ ਦੀ ਰਿਹਾਈ ਜੇਲ੍ਹ ਦੀ ਡਿਓਢੀ ਵਿਚੋਂ ਹੀ ਕੀਤੀ ਜਾਵੇਗੀ ਪਰ ਹੋਇਆ ਹਮੇਸ਼ਾ ਇਸ ਤੋਂ ਉਲਟ ਹੈ। ਉਮਰ ਕੈਦੀਆਂ ਦੀ ਰਿਹਾਈ ਦੇ ਨਿਯਮ ਸਖਤ ਤੋਂ ਸਖਤ ਹੁੰਦੇ ਗਏ ਹਨ ਅਤੇ ਇਨ੍ਹਾਂ ਰਿਹਾਈਆਂ ਵਿਚ ਕਾਨੂੰਨ ਦੀ ਪ੍ਰਕ੍ਰਿਆ ਦੀ ਦੁਰਵਰਤੋਂ ਕਰਕੇ ਸਿਆਸੀ ਦਖਲਅੰਦਾਜ਼ੀ ਨਾਲ ਕਈ ਰਿਹਾਈਆਂ ਛੇਤੀ ਕਰਵਾ ਲਈਆਂ ਜਾਂਦੀਆਂ ਹਨ ਜਦਕਿ ਕਈ ਉਮਰ ਕੈਦੀ ਬਿਨਾਂ ਪੈਰਵਾਈ ਤੋਂ ਉਮਰ ਕੈਦ ਦੀਆਂ ਲੰਮੀਆਂ ਸਜ਼ਾਵਾਂ ਭੋਗਦੇ ਰਹਿ ਜਾਂਦੇ ਹਨ। ਕਈ ਕੇਸਾਂ ਵਿਚ ਅਜਿਹਾ ਦੇਖਣ ਨੂੰ ਮਿਲਿਆ ਹੈ ਕਿ ਇਕ ਕੇਸ ਵਿਚ ਦੋ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਵੀ ਇਕ ਬਰਾਬਰ ਸਨ ਪਰ ਇਕ ਵਿਅਕਤੀ ਸਿਆਸੀ ਦਖਲਅੰਦਾਜ਼ੀ ਨਾਲ ਰਿਹਾ ਹੋ ਗਿਆ ਤੇ ਦੂਜਾ ਸਿਆਸੀ ਸਰਪ੍ਰਸਤੀ ਨਾ ਹੋਣ ਕਾਰਨ ਜੇਲ੍ਹ ਕੱਟ ਕੇ ਵੀ ਰਿਹਾਈ ਉਡੀਕ ਰਿਹਾ ਹੈ।

ਇਸ ਸਬੰਧੀ ਜੇ ਸਿੱਖ ਸਿਆਸੀ ਕੈਦੀਆਂ ਦੀ ਗੱਲ ਕਰੀਏ ਤਾਂ ਵਰਤਮਾਨ ਸਮੇਂ ਵਿਚ ਮੁੱਖ ਮੰਤਰੀ ਬੇਅੰਤ ਕਤਲ ਕਾਂਡ ਵਾਲੇ ਬੁੜੈਲ ਜੇਲ੍ਹ ਵਿਚ ਬੰਦ ਤਿੰਨ ਸਿੰਘਾਂ, ਭਾਈ ਲਾਲ ਸਿੰਘ ਤੇ ਨਾਭਾ ਜੇਲ੍ਹ ਵਿਚ ਬੰਦ ਦੋ ਹੋਰ ਸਿੰਘ ਤੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਬੰਦ ਦੋ ਸਿੰਘਾਂ ਦੀ ਰਿਹਾਈ ਫੌਰੀ ਤੌਰ ਉਤੇ ਪ੍ਰਭਾਵਿਤ ਹੋਵੇਗੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਟੁੱਟਣ ਤੋਂ ਬਾਅਦ ਉਮਰ ਕੈਦੀ ਵਜੋਂ ਰਿਹਾਈ ਦਾ ਫੈਸਲਾ ਵੀ ਪ੍ਰਭਾਵਿਤ ਹੋ ਸਕਦਾ ਹੈ ਅਤੇ ਇਸ ਤੋਂ ਇਲਾਵਾ ਭਾਰਤ ਭਰ ਦੀਆਂ ਜੇਲ੍ਹਾਂ ਵਿਚ 10-20 ਜਾਂ ਉਸ ਤੋਂ ਵੀ ਵੱਧ ਸਾਲਾਂ ਤੋਂ ਬੰਦ ਆਮ ਉਮਰ ਕੈਦੀਆਂ ਦੀ ਰਿਹਾਈ ਉਤੇ ਵੀ ਤਲਵਾਰ ਲਟਕ ਗਈ ਹੈ।

ਦੁਨੀਆਂ ਭਰ ਵਿਚ ਹੋ ਰਹੇ ਫਾਂਸੀ ਦੀ ਸਜ਼ਾ ਦੇ ਵਿਰੋਧ ਕਾਰਨ ਵੀ ਲੰਮੀਆਂ ਉਮਰ ਕੈਦਾਂ ਵਾਲਾ ਪੈਂਤੜਾ ਤਿਆਰ ਕੀਤਾ ਜਾ ਰਿਹਾ ਹੈ ਕਿਉਂ ਜੋ ਫਾਂਸੀ ਲੱਗਣ ਨਾਲ ਰੋਲਾ ਵੀ ਵੱਧ ਪੈਂਦਾ ਹੈ ਅਤੇ ਸਬੰਧਤ ਵਰਗ ਵਿਚ ਰੋਸ ਵੀ ਵੱਧਦਾ ਹੈ ਪਰ ਲੰਮੀਆਂ ਉਮਰ ਕੈਦਾਂ ਵੱਲ ਧਿਆਨ ਕੋਈ ਨਹੀਂ ਕਰਦਾ ਤੇ ਸਬੰਧਤ ਵਿਅਕਤੀ ਜਾਂ ਪਰਿਵਾਰਾਂ ਜਾਂ ਵਰਗਾਂ ਨੂੰ ਐਨਾ ਧਰਵਾਸ ਤਾਂ ਰਹਿੰਦਾ ਹੀ ਹੈ ਕਿ ਕੋਈ ਗੱਲ ਨੀ ਸਾਡਾ "ਬੰਦਾ ਜਿਊਂਦਾ ਤਾਂ ਹੈ ਨਾ!"

# ਹਰਿਆਣਵੀ ਸਿੱਖਾਂ ਦੇ ਮਸਲੇ

ਡਾ. ਗੁਰਦੇਵ ਸਿੰਘ

ਪੰਜਾਬੀ ਸੂਬਾ ਬਣਨ ਦਾ ਸਭ ਤੋਂ ਵੱਡਾ ਨੁਕਸਾਨ ਹਰਿਆਣੇ ਦੇ ਸਿੱਖਾਂ ਨੂੰ ਹੋਇਆ ਸੀ। ਰਾਤੋ ਰਾਤ ਆਪਣੇ ਵਤਨ ਦੇ ਵਸਨੀਕ ਹੋਣ ਦੀ ਥਾਂ ਉਹ ਅਜਿਹੇ ਸੂਬੇ ਦੇ ਵਸਨੀਕ ਬਣ ਗਏ ਜਿੱਥੇ ਅੱਜ ਤਕ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਹਰਿਆਣੇ ਦੇ ਸਿੱਖਾਂ ਦੀ ਕੁੱਲ ਅਬਾਦੀ ਲਗਪਗ 15 ਲੱਖ ਦੇ ਕਰੀਬ ਹੈ। ਇਨ੍ਹਾਂ ਵਿਚੋਂ ਬਹੁਗਿਣਤੀ ਉਨ੍ਹਾਂ ਸਿੱਖਾਂ ਦੀ ਹੈ ਜਿਹੜੇ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਉਥੇ ਵਸੇ ਸਨ। ਇਸ ਗ਼ੈਰ-ਸਿੱਖ ਅਬਾਦੀ ਵਾਲੇ ਖਿੱਤੇ ਵਿਚ ਜੀਵਨ ਦੀ ਪੁਨਰ-ਸਥਾਪਤੀ ਅਤੇ ਪਛਾਣ ਲਈ ਉਨ੍ਹਾਂ ਨੂੰ ਲੰਮੇ ਸਮੇਂ ਤਕ ਜੂਝਣਾ ਪਿਆ ਹੈ। ਇਸ ਪ੍ਰਕਿਰਿਆ ਵਿਚ ਹਾਲਾਤ ਬਹੁਤੇ ਪ੍ਰਤੀਕੂਲ ਨਾ ਹੋਣ ਕਾਰਨ ਭਾਵੇਂ ਉਨ੍ਹਾਂ ਨੂੰ ਬਹੁਤੀ ਔਖ ਨਾ ਆਈ ਪਰ ਉਸ ਸਮੇਂ ਦੀ ਹਕੂਮਤ ਵੱਲੋਂ ਪ੍ਰਸ਼ਾਸਨ ਨੂੰ ਜਾਰੀ ਹੋਇਆ ਗੁਪਤ ਸਰਕੂਲਰ ਕਿ 'ਪਾਕਿਸਤਾਨ ਤੋਂ ਆਈ ਇਸ ਕੌਮ 'ਤੇ ਪੂਰੀ ਅੱਖ ਰੱਖੀ ਜਾਏ' ਇਨ੍ਹਾਂ ਲੋਕਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਣ ਬਰਾਬਰ ਸੀ।

ਹਰਿਆਣਾ ਪ੍ਰਦੇਸ਼ ਦਾ ਗਠਨ ਹੁੰਦਿਆਂ ਹੀ ਇੱਥੋਂ ਦੇ ਸਿੱਖ ਤਤਕਾਲੀਨ ਸਿਆਸਤ ਦਾ ਸ਼ਿਕਾਰ ਹੋ ਗਏ। ਬਦਲੇ ਹੋਏ ਰਾਜਸੀ ਦ੍ਰਿਸ਼ ਕਾਰਨ ਪ੍ਰਸ਼ਾਸਕੀ ਅਮਲੇ ਵਿਚ ਕੰਮ ਕਰਨ ਵਾਲੇ 80-90 ਫ਼ੀਸਦੀ ਸਿੱਖ ਅਧਿਕਾਰੀ ਅਤੇ ਕਰਮਚਾਰੀ ਨਵੇਂ ਪੰਜਾਬ ਵਿਚ ਚਲੇ ਗਏ। ਫ਼ਲਸਰੂਪ ਹਰਿਆਣੇ ਦੇ ਸਰਕਾਰੀ ਦਫ਼ਤਰਾਂ ਵਿਚ ਸਿੱਖ ਚਿਹਰੇ ਟਾਵੇਂ-ਟਾਵੇਂ ਰਹਿ ਗਏ। ਹਰਿਆਣੇ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਵਿਚ ਸਿੱਖਾਂ ਦੀ ਗਿਣਤੀ ਆਟੇ ਵਿਚ ਲੂਣ ਵਾਂਗ ਹੋ ਜਾਣ ਕਾਰਨ ਅਤੇ ਹਰਿਆਣਵੀ ਸਿਆਸਤਦਾਨਾਂ ਦੀ ਪੰਜਾਬ-ਵਿਰੋਧੀ ਭੜਾਸ ਸਦਕਾ ਹਰਿਆਣੇ ਦੇ ਸਿੱਖ ਬੜੀ ਤੇਜ਼ੀ ਨਾਲ ਹਾਸ਼ੀਏ 'ਤੇ ਚਲੇ ਗਏ ਹਨ। ਇੱਕੋ ਹੱਲੇ ਰਾਹੀਂ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਦਾ ਪੂਰੀ ਤਰ੍ਹਾਂ ਗਲਾ ਘੁੱਟ ਦਿੱਤਾ ਗਿਆ ਅਤੇ ਸਿਆਸਤ ਵਿਚ ਉਨ੍ਹਾਂ ਦੀ ਭਾਗੀਦਾਰੀ ਕੇਵਲ ਨਾਂ-ਮਾਤਰ ਕਰ ਦਿੱਤੀ ਗਈ। ਇੱਥੋਂ ਸ਼ੁਰੂ ਹੋਇਆ ਹਰਿਆਣੇ ਦੇ ਸਿੱਖਾਂ ਦੇ ਸੰਤਾਪ ਦਾ ਸਫ਼ਰ ਹੁਣ ਤਕ ਜਾਰੀ ਹੈ।

ਹਰਿਆਣੇ ਵਿਚ ਸਿੱਖਾਂ ਦੀ ਅਬਾਦੀ ਭਾਵੇਂ ਛੇ ਫ਼ੀਸਦੀ ਹੈ ਪਰ ਉਨ੍ਹਾਂ ਨੂੰ ਅਨੁਪਾਤ ਅਨੁਸਾਰ ਨਾ ਤਾਂ ਸਰਕਾਰ ਵਿਚ ਅਤੇ ਨਾ ਹੀ ਸਰਕਾਰੀ ਨੌਕਰੀਆਂ ਵਿਚ ਬਣਦਾ ਹੱਕ ਮਿਲ ਰਿਹਾ ਹੈ। ਹਰਿਆਣਾ ਬਣਨ ਤੋਂ ਬਾਅਦ ਹੁਣ ਤਕ ਗਠਿਤ ਹੋਈਆਂ ਸਰਕਾਰਾਂ ਦੀ ਬਣਤਰ 'ਤੇ ਜੇ ਨਜ਼ਰ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇੱਕ ਅੱਧ ਮੌਕੇ ਨੂੰ ਛੱਡ ਕੇ ਮੰਤਰੀ ਮੰਡਲ ਵਿਚ ਕਦੇ ਵੀ ਇੱਕ ਤੋਂ ਵੱਧ ਸਿੱਖ ਮੰਤਰੀ ਦੀ ਸ਼ਮੂਲੀਅਤ ਨਹੀਂ ਹੋਈ। ਦੁੱਖਦਾਈ ਗੱਲ ਇਹ ਵੀ ਹੈ ਕਿ ਹੁਣ ਤਕ ਬਣੇ ਸਿੱਖ ਮੰਤਰੀਆਂ ਨੇ ਵੀ ਸਮੇਂ ਦੀਆਂ ਸਰਕਾਰਾਂ ਦਾ ਆਪਣੇ ਭਾਈਚਾਰੇ ਦੀਆਂ ਔਕੜਾਂ ਵੱਲ ਧਿਆਨ ਨਹੀਂ ਦਿਵਾਇਆ। ਉਹ ਸਰਕਾਰਾਂ ਵਿਚ ਸਿੱਖ ਪ੍ਰਤੀਨਿਧੀ ਘੱਟ ਅਤੇ ਮੰਤਰੀ ਵਧੇਰੇ ਬਣ ਕੇ ਵਿਚਰਦੇ ਰਹੇ ਹਨ। ਵਿਧਾਨ ਸਭਾ ਦੀਆਂ ਚੋਣਾਂ ਵਿਚ ਮੁੱਖ ਰਾਜਸੀ ਪਾਰਟੀਆਂ ਨੇ ਕਦੇ ਵੀ ਸਿੱਖਾਂ ਨੂੰ ਬਣਦੀ ਨੁਮਾਇੰਦਗੀ ਨਹੀਂ ਦਿੱਤੀ, ਹਾਲਾਂਕਿ ਹਰਿਆਣਾ ਵਿਧਾਨ ਸਭਾ ਦੀਆਂ ਘੱਟੋ-ਘੱਟ 20 ਸੀਟਾਂ ਅਤੇ ਪਾਰਲੀਮੈਂਟ ਦੀਆਂ 3 ਸੀਟਾਂ ਦੀ ਜਿੱਤ ਹਾਰ ਦੇ ਫ਼ੈਸਲੇ 'ਚ ਸਿੱਖਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਪਿਛਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿਚ ਇਨੈਲੋ ਨੇ ਇਸ ਦਿਸ਼ਾ ਵੱਲ ਸਕਾਰਾਤਮਕ ਪਹਿਲਕਦਮੀ ਕੀਤੀ ਹੈ।




ਤਰਾਸਦੀ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਆਪਸੀ ਖਿੱਚੋਤਾਣ ਤੇ ਰਾਜਸੀ ਕੁੜਿੱਤਣ ਦਾ ਖ਼ਮਿਆਜ਼ਾ ਹਮੇਸ਼ਾ ਇੱਥੋਂ ਦੇ ਸਿੱਖਾਂ ਨੂੰ ਭੁਗਤਣਾ ਪਿਆ ਹੈ। ਪੰਜਾਬੀ ਸੂਬੇ ਲਈ ਲੱਗੇ ਮੋਰਚੇ ਵਿਚ ਅਜੋਕੇ ਹਰਿਆਣੇ ਦੇ ਅਨੇਕ ਸਿੱਖਾਂ ਨੇ ਵੀ ਜੇਲ੍ਹਾਂ ਕੱਟੀਆਂ ਸਨ ਪਰ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਨੇ ਪੰਜਾਬੀ ਸੂਬਾ ਬਣਨ ਵੇਲੇ ਅੰਬਾਲਾ, ਕੁਰੂਕਸ਼ੇਤਰ, ਕਰਨਾਲ ਅਤੇ ਸਿਰਸਾ ਜ਼ਿਲ੍ਹਿਆਂ ਦੇ ਪੰਜਾਬੀ-ਭਾਸ਼ੀ ਖੇਤਰਾਂ ਨੂੰ ਪੰਜਾਬ ਤੋਂ ਬਾਹਰ ਰੱਖਣਾ ਪ੍ਰਵਾਨ ਕਰ ਕੇ ਇੱਥੋਂ ਦੇ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਭਵਿੱਖ 'ਤੇ ਸੁਆਲੀਆ ਨਿਸ਼ਾਨ ਲਗਾ ਦਿੱਤਾ। ਦੂਰਦ੍ਰਿਸ਼ਟਤਾ ਦੀ ਘਾਟ ਜਾਂ ਫਿਰ ਸੱਤਾ ਪ੍ਰਾਪਤੀ ਦੀ ਹਵਸ ਨੇ ਤਤਕਾਲੀਨ ਅਕਾਲੀ ਆਗੂਆਂ ਤੋਂ ਅਜਿਹਾ ਗੁਨਾਹ ਕਰਵਾ ਦਿੱਤਾ, ਜਿਸ ਦਾ ਸੰਤਾਪ ਪੰਜਾਬ ਵੀ ਭੋਗਦਾ ਰਹੇਗਾ ਅਤੇ ਹਰਿਆਣੇ ਦੇ ਸਿੱਖ ਵੀ।

ਹਰਿਆਣਾ ਬਣਨ ਪਿੱਛੋਂ ਇੱਥੇ ਵਸਦੇ ਸਿੱਖਾਂ ਨੂੰ ਪੰਜਾਬ ਦੀ ਰਹਿੰਦ-ਖੂੰਹਦ ਸਮਝ ਕੇ ਇੱਕ ਵਾਰ ਤਾਂ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਸੀ ਭਾਵੇਂ ਹੁਣ ਸਥਿਤੀ ਇੰਨੀ ਬਦਤਰ ਨਹੀਂ ਰਹੀ। ਹਰਿਆਣੇ ਦੇ ਸਿੱਖਾਂ ਨੂੰ ਹਮੇਸ਼ਾ ਗਿਲਾ ਰਹੇਗਾ ਕਿ ਪੰਜਾਬ ਦੀ ਅਕਾਲੀ/ਸਿੱਖ ਲੀਡਰਸ਼ਿਪ ਸੰਕਟ ਸਮੇਂ ਉਨ੍ਹਾਂ ਦੀ ਮਜ਼ਬੂਤ ਧਿਰ ਬਣ ਕੇ ਨਹੀਂ ਖਲੋਤੀ ਅਤੇ ਨਾ ਹੀ ਉਸ ਨੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਦੀ ਦਿਸ਼ਾ ਵੱਲ ਕਦੇ ਕੋਈ ਠੋਸ ਕਦਮ ਚੁੱਕਿਆ ਹੈ। ਸੱਚ ਤਾਂ ਇਹ ਹੈ ਕਿ ਹਰਿਆਣੇ ਦੇ ਸਿੱਖਾਂ ਨਾਲ ਜੋ ਅਨਿਆਂ ਹੋਇਆ ਹੈ, ਉਸ ਦੀ ਮੂਲ ਜੜ੍ਹ ਹਰਿਆਣਾ ਤੇ ਪੰਜਾਬ ਦੀ ਲੀਡਰਸ਼ਿਪ ਦੀ ਸੰਕੀਰਨ ਸੋਚ ਅਤੇ ਦੋਹਾਂ ਸੂਬਿਆਂ ਦੀ ਆਪਸੀ ਸਿਆਸੀ ਖਿੱਚੋਤਾਣ ਰਹੀ ਹੈ। ਹੁਣ ਵੋਟਾਂ ਦੀ ਰਾਜਨੀਤੀ ਸਮਝ ਆਉਣ ਨਾਲ ਹਰਿਆਣੇ ਦੇ ਸਿੱਖਾਂ ਦੇ ਮਸਲਿਆਂ ਦੀ ਸਥਿਤੀ ਬਦਲਣੀ ਸ਼ੁਰੂ ਹੋਈ ਹੈ।

ਹਰਿਆਣਾ ਦੇ ਸਿੱਖ ਵੀ ਇੱਕ ਰਾਜਨੀਤਿਕ ਸ਼ਕਤੀ ਬਣ ਕੇ ਆਪਣੇ ਹਿੱਤਾਂ ਦੀ ਰਾਖੀ ਕਰਵਾਉਣ ਵਿਚ ਅਸਮਰੱਥ ਰਹੇ ਹਨ। ਉਹ ਲੰਮੇ ਸਮੇਂ ਤਕ ਆਪਣਾ ਕੋਈ ਅਜਿਹਾ ਮਜ਼ਬੂਤ ਸੰਗਠਨ ਕਾਇਮ ਨਹੀਂ ਕਰ ਸਕੇ ਜੋ ਵੋਟਾਂ ਦੀ ਰਾਜਨੀਤੀ ਵਿਚ ਉਨ੍ਹਾਂ ਦੀ ਅਹਿਮੀਅਤ ਨੂੰ ਦ੍ਰਿੜ ਕਰਵਾ ਕੇ ਸਮੇਂ ਦੀਆਂ ਸਰਕਾਰਾਂ ਕੋਲੋਂ ਆਪਣੇ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਵਾ ਸਕਦਾ। ਚਾਹੀਦਾ ਤਾਂ ਇਹ ਸੀ ਕਿ ਅਕਾਲੀ ਲੀਡਰਸ਼ਿਪ ਹਰਿਆਣੇ ਵਿਚ ਸਿੱਖਾਂ ਨੂੰ ਸੰਗਠਿਤ ਕਰਨ ਅਤੇ ਸਮੇਂ ਸਿਰ ਇੱਥੇ ਸਿੱਖ ਲੀਡਰਸ਼ਿਪ ਪੈਦਾ ਕਰਨ ਦੀ ਦਿਸ਼ਾ ਵੱਲ ਕੋਈ ਠੋਸ ਕਦਮ ਉਠਾਉਂਦੀ, ਉਨ੍ਹਾਂ ਦੇ ਮਸਲਿਆਂ ਦਾ ਦਵਾ-ਦਾਰੂ ਬਣਦੀ ਪਰ ਅਫ਼ਸੋਸ ਅਜਿਹਾ ਨਹੀਂ ਹੋਇਆ। ਹਰਿਆਣੇ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੇਗੀ ਜਾਂ ਨਹੀਂ/ਬਣਨੀ ਚਾਹੀਦੀ ਹੈ ਜਾਂ ਨਹੀਂ, ਇਹ ਸੁਆਲ ਵੱਖਰਾ ਹੈ ਪਰ ਇਸ ਦੇ ਆਗੂਆਂ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਹਰਿਆਣੇ ਦੇ ਸਿੱਖ ਇੱਕ ਰਾਜਨੀਤਿਕ ਸ਼ਕਤੀ ਬਣਨ ਵੱਲ ਅਗਰਸਰ ਹੋਏ ਹਨ ਅਤੇ ਉਨ੍ਹਾਂ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ ਦੇ ਹੱਲ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਪਰ ਦੁੱਖਦਾਈ ਗੱਲ ਇਹ ਵੀ ਹੈ ਕਿ ਇਸ ਅੰਦੋਲਨ ਨਾਲ ਜੁੜੇ ਸਿੱਖ ਆਗੂਆਂ ਦੀ ਅਕਾਲੀ ਲੀਡਰਸ਼ਿਪ ਨਾਲ ਟਕਰਾਓ ਅਤੇ ਕੁੜਿੱਤਣ ਵਾਲੀ ਸਥਿਤੀ ਪੈਦਾ ਹੋ ਗਈ ਹੈ। ਹਰਿਆਣੇ ਦੇ ਸਿੱਖਾਂ ਦੀ ਇਸ ਗੱਲੋਂ ਖ਼ੁਸ਼ਕਿਸਮਤੀ ਹੈ ਕਿ ਉਹ ਪੰਜਾਬ ਨਾਲੋਂ ਵਧੇਰੇ ਖ਼ੁਸ਼ਹਾਲ ਸੂਬੇ ਦੇ ਵਸਨੀਕ ਹਨ, ਜਿੱਥੇ ਵਧਣ-ਫੁੱਲਣ ਦੇ ਮੌਕੇ ਪੰਜਾਬ ਨਾਲੋਂ ਵੱਧ ਹਨ। ਸੁੱਖ-ਸ਼ਾਂਤੀ ਦਾ ਮਾਹੌਲ ਹੈ ਅਤੇ ਕਿਸੇ ਹੱਦ ਤਕ ਸਰਕਾਰੀ ਸਹੂਲਤਾਂ ਵੀ ਵਧੇਰੇ ਹਨ ਪਰ ਇਸ ਦੇ ਬਾਵਜੂਦ ਉਹ ਹੋਰ ਕਈ ਤਰ੍ਹਾਂ ਦੇ ਸੰਤਾਪ ਹੰਢਾ ਰਹੇ ਹਨ। ਸੂਬੇ ਦੀ ਸਿਆਸਤ ਵਿਚ ਸਰਗਰਮ ਹੋਣ ਦੀਆਂ ਮੱਧਮ ਸੰਭਾਵਨਾਵਾਂ ਕਾਰਨ ਬਹੁਤੇ ਸਿੱਖ ਆਗੂ ਗੁਰਦੁਆਰਾ ਸਿਆਸਤ ਵਿਚ ਵਧੇਰੇ ਉਲਝੇ ਹੋਏ ਹਨ। ਉਹ ਲੋਕਲ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੀ ਆੜ ਹੇਠ ਆਪਣੀ ਚੌਧਰ ਚਮਕਾਈ ਰੱਖਣ ਲਈ ਕਈ ਤਰੀਕੇ ਵਰਤਦੇ ਹਨ, ਜਿਸ ਕਾਰਨ ਆਪਸੀ ਖਹਿਬੜਬਾਜ਼ੀ ਰਹਿੰਦੀ ਹੈ। ਪੰਜਾਬੀ ਦੀ ਪੜ੍ਹਾਈ ਦਾ ਲੋੜੀਂਦਾ ਪ੍ਰਬੰਧ ਨਾ ਹੋਣ ਕਾਰਨ ਨਵੀਂ ਪੀੜ੍ਹੀ ਪੰਜਾਬੀ ਤੋਂ ਦੂਰ ਹੁੰਦੀ ਜਾ ਰਹੀ ਹੈ। ਬਹੁਤੇ ਸ਼ਹਿਰੀ ਸਿੱਖ ਪਰਿਵਾਰਾਂ ਵਿਚ ਮਾਪੇ ਪੰਜਾਬੀ ਪਰ ਬੱਚੇ ਹਿੰਦੀ ਬੋਲਦੇ ਹਨ। ਹੁਣ ਤਾਂ ਕਈ ਗੁਰਦੁਆਰਿਆਂ ਦੇ ਇਸ਼ਤਿਹਾਰ ਵੀ ਪੰਜਾਬੀ ਦੇ ਨਾਲ ਨਾਲ ਹਿੰਦੀ ਵਿਚ ਛਪਦੇ ਹਨ। ਸਿੱਖ ਪਰਿਵਾਰਾਂ ਵਿਚ ਹਿੰਦੀ ਅਖ਼ਬਾਰਾਂ ਦਾ ਬੋਲਬਾਲਾ ਹੈ। ਵਿੱਦਿਅਕ ਸੰਸਥਾਵਾਂ ਵਿਚ ਬਹੁਗਿਣਤੀ ਗ਼ੈਰ ਸਿੱਖ ਬੱਚਿਆਂ ਦੀ ਹੋਣ ਕਾਰਨ ਸਿੱਖ ਬੱਚੇ ਆਪਣੇ ਸੱਭਿਆਚਾਰ, ਆਪਣੀ ਵੱਖਰੀ ਪਛਾਣ ਅਤੇ ਆਪਣੀਆਂ ਰਹੁ-ਰੀਤਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਬੜੇ ਅਫ਼ਸੋਸ ਦੀ ਗੱਲ ਹੈ ਕਿ ਵੱਖਰੀ ਗੁਰਦੁਆਰਾ ਕਮੇਟੀ ਦੇ ਆਗੂਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਿਆਣੇ ਦੇ ਸਿੱਖਾਂ ਨਾਲ ਹੋ ਰਿਹਾ ਭੇਦ-ਭਾਵ ਤਾਂ ਨਜ਼ਰ ਆਉਂਦਾ ਰਿਹਾ ਹੈ ਪਰ ਹਰਿਆਣਾ ਸਰਕਾਰ ਵੱਲੋਂ ਇੱਥੋਂ ਦੇ ਸਿੱਖਾਂ ਨਾਲ ਕੀਤਾ ਜਾ ਰਿਹਾ ਵਿਤਕਰਾ ਕਦੇ ਉਨ੍ਹਾਂ ਦੀਆਂ ਅੱਖਾਂ ਵਿਚ ਨਹੀਂ ਰੜਕਿਆ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਵੱਖਰੀ ਗੁਰਦੁਆਰਾ ਕਮੇਟੀ ਦੇ ਆਗੂਆਂ ਦਾ ਉਦੇਸ਼ ਧਾਰਮਿਕ ਘੱਟ ਅਤੇ ਰਾਜਸੀ ਵਧੇਰੇ ਰਿਹਾ ਜਾਪਦਾ ਹੈ ਨਹੀਂ ਤਾਂ ਉਹ ਮੁੱਖ-ਮੰਤਰੀ ਕੋਲੋਂ ਰਾਜ ਵਿਚ ਘੱਟ-ਗਿਣਤੀ ਕਮਿਸ਼ਨ ਸਥਾਪਤ ਕਰਵਾਉਣ, ਸਰਕਾਰੀ ਅਦਾਰਿਆਂ ਦੇ ਉੱਚ-ਅਹੁਦਿਆਂ 'ਤੇ ਕੁਝ ਸਿੱਖਾਂ ਨੂੰ ਮਨੋਨੀਤ ਕਰਵਾਉਣ ਅਤੇ ਘੱਟੋ-ਘੱਟ ਰਾਜ ਦੇ ਉਨ੍ਹਾਂ ਸਾਰੇ ਸਕੂਲਾਂ, ਜੋ ਵਧੇਰੇ ਪੰਜਾਬੀ ਵਸੋਂ ਵਾਲੇ ਖੇਤਰਾਂ ਵਿਚ ਚੱਲ ਰਹੇ ਹਨ, ਵਿਚ ਬਿਨਾਂ ਕਿਸੇ ਸ਼ਰਤ ਦੇ ਪੰਜਾਬੀ ਅਧਿਆਪਕ ਨਿਯੁਕਤ ਕਰਵਾਉਣ ਦੀ ਮੰਗ ਮਨਵਾ ਲੈਂਦੇ ਪਰ ਅਜਿਹਾ ਨਹੀਂ ਹੋਇਆ। ਜੇਕਰ ਉਹ ਅਜਿਹਾ ਕਰਵਾ ਲੈਂਦੇ ਤਾਂ ਉਨ੍ਹਾਂ ਦੀ ਬੱਲੇ-ਬੱਲੇ ਹੋਣੀ ਸੀ। ਸੋਚਣ ਵਾਲੀ ਗੱਲ ਹੈ ਕਿ ਹੁੱਡਾ ਸਰਕਾਰ ਨੇ ਹਰਿਆਣੇ ਦੇ ਸਿੱਖਾਂ ਨੂੰ ਆਪਣੇ ਪੱਲਿਓਂ ਕੀ ਦਿੱਤਾ ਹੈ? ਸਮੇਂ ਦੀ ਮੰਗ ਹੈ ਕਿ ਹਰਿਆਣੇ ਵਿਚ ਸਿੱਖਾਂ ਦਾ ਇੱਕ ਅਜਿਹਾ ਮਜ਼ਬੂਤ ਸੰਗਠਨ ਹੋਂਦ ਵਿਚ ਆਵੇ ਜੋ ਕਿਸੇ ਵੀ ਪਾਰਟੀ ਦਾ ਹੱਥ ਠੋਕਾ ਬਣਨ ਦੀ ਬਜਾਇ ਹਰਿਆਣਾ ਦੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੋਵੇ। ਜਿਸ ਦੀ ਪ੍ਰਾਂਤਕ ਵਫ਼ਾਦਾਰੀ ਤਹਿ-ਦਿਲੋਂ ਹਰਿਆਣੇ ਨਾਲ ਹੋਵੇ ਪਰ ਧਾਰਮਿਕ ਅਤੇ ਸਮਾਜਕ ਪੱਖੋਂ ਖ਼ੁਦਮੁਖ਼ਤਿਆਰ ਹੁੰਦਾ ਹੋਇਆ ਵੀ ਆਪਣੇ ਮੂਲ ਧੁਰੇ ਪ੍ਰਤੀ ਪਾਬੰਦ ਰਹੇ। ਘੱਟ-ਗਿਣਤੀ ਹੋਣ ਕਾਰਨ ਸਿੱਖ ਕੌਮ ਦਾ ਭਲਾ ਇਸ ਦੇ ਇਕੱਠੇ ਰਹਿਣ ਵਿਚ ਹੀ ਹੈ। ਇਹ ਗੱਲ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਚੰਗੀ ਤਰ੍ਹਾਂ ਸਮਝ ਜਾਣੀ ਚਾਹੀਦੀ ਹੈ।

# ਪਾਕਿਸਤਾਨ ਫਿਰ ਅਸਥਿਰਤਾ ਵੱਲ?

ਆਰਿਫ ਨਿਜ਼ਾਮੀ

*ਇਮਰਾਨ ਖਾਨ ਇਨ੍ਹੀਂ ਦਿਨੀਂ ਸ਼ਰੀਫ਼ ਭਰਾਵਾਂ ਖਿਲਾਫ਼ ਤਿੱਖੇ ਹਮਲੇ ਕਰ ਰਹੇ ਹਨ। ਬਹਾਵਲਪੁਰ ਵਿਚ ਪਿਛਲੇ ਦਿਨੀਂ ਉਨ੍ਹਾਂ ਨੇ ਇਕ ਵਿਸ਼ਾਲ ਇਕੱਠ ਵਿਚ ਐਲਾਨ ਕੀਤਾ ਕਿ ਉਹ ਸਿਰਫ ਚਾਰ ਹਲਕਿਆਂ ਵਿਚ ਹੀ ਵੋਟਾਂ ਦੀ ਦੁਬਾਰਾ ਗਿਣਤੀ ਨਹੀਂ ਚਾਹੁੰਦੇ, ਸਗੋਂ 11 ਮਈ ਦੀਆਂ ਚੋਣਾਂ ਸਮੁੱਚੇ ਤੌਰ 'ਤੇ ਨੁਕਸਪੂਰਨ ਅਤੇ ਫਰਾਡ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਕੋਈ ਜਾਇਜ਼ਤਾ ਹਾਸਲ ਨਹੀਂ ਹੈ ਅਤੇ ਜਦੋਂ ਉਹ 14 ਅਗਸਤ ਨੂੰ ਇਸਲਾਮਾਬਾਦ ਵੱਲ ਲੱਖਾਂ ਲੋਕਾਂ ਨਾਲ ਮਾਰਚ ਕਰਨਗੇ ਤਾਂ ਉਦੋਂ ਇਸਲਾਮਾਬਾਦ ਵਿਚ ਸ਼ਰੀਫ਼ ਸਰਕਾਰ ਨਹੀਂ ਹੋਵੇਗੀ।*

ਜਨਰਲ ਜ਼ਿਆ-ਉਲ-ਹੱਕ ਵੱਲੋਂ ਜ਼ੁਲਫਕਾਰ ਅਲੀ ਭੁੱਟੋ ਦੇ ਕੀਤੇ ਗਏ ਰਾਜ ਪਲਟੇ ਨੂੰ 37 ਵਰ੍ਹੇ ਹੋ ਗਏ ਹਨ। ਭੁੱਟੋ ਦਾ ਬਾਅਦ ਵਿਚ ਕਤਲ ਕਰ ਦਿੱਤਾ ਗਿਆ ਸੀ। ਵਿਅੰਗ ਵਾਲੀ ਗੱਲ ਇਹ ਹੈ ਕਿ 'ਬਾਕੀਆਤ-ਏ-ਜ਼ਿਆ' (ਭਾਵ ਜ਼ਿਆ ਦੇ ਬਚੇ-ਖੁਚੇ) ਮੌਜੂਦਾ ਸਮੇਂ ਇਸਲਾਮਾਬਾਦ ਵਿਚ ਤੀਜੀ ਵਾਰ ਰਾਜ ਚਲਾ ਰਹੇ ਹਨ ਪਰ ਉਨ੍ਹਾਂ ਨੂੰ ਵੀ ਇਕ ਤਰ੍ਹਾਂ ਉਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਭੁੱਟੋ ਨੂੰ 1977 ਦੀਆਂ ਆਮ ਚੋਣਾਂ ਤੋਂ ਬਾਅਦ ਪੇਸ਼ ਆਈ ਸੀ। ਪਾਕਿਸਤਾਨ ਪੀਪਲਜ਼ ਪਾਰਟੀ ਨੇ ਉਹ ਚੋਣਾਂ ਜਿੱਤੀਆਂ ਸਨ ਪਰ ਚੋਣਾਂ ਵਿਚ ਵਿਆਪਕ ਹੇਰਾਫੇਰੀ ਹੋਣ ਦੇ ਦੋਸ਼ ਲਾ ਕੇ ਵਿਰੋਧੀ ਧਿਰਾਂ ਨੇ ਚੋਣ ਨਤੀਜਿਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸਾਰੀਆਂ ਵਿਰੋਧੀ ਪਾਰਟੀਆਂ 'ਪਾਕਿਸਤਾਨ ਨੈਸ਼ਨਲ ਅਲਾਇੰਸ' (ਪੀ.ਐਨ.ਏ.) ਦੇ ਝੰਡੇ ਹੇਠ ਇਕੱਠੀਆਂ ਹੋ ਗਈਆਂ ਸਨ। ਇਸ ਗਠਜੋੜ ਨੇ ਦੇਸ਼ ਦੇ ਸਾਰੇ ਮੁੱਖ ਸ਼ਹਿਰਾਂ ਵਿਚ ਸਫਲਤਾ ਭਰੇ ਤਰੀਕੇ ਨਾਲ ਅੰਦੋਲਨ ਚਲਾਇਆ। ਅੰਦੋਲਨ ਖਿਲਾਫ਼ ਰਾਜ ਵੱਲੋਂ ਦਮਨਕਾਰੀ ਤਰੀਕੇ ਵਰਤੇ ਜਾਣ ਤੋਂ ਬਾਅਦ ਅੰਦੋਲਨ ਹੋਰ ਭਖ ਉੱਠਿਆ, ਕਿਉਂਕਿ ਵਿਰੋਧੀ ਧਿਰਾਂ ਨੂੰ ਲਾਸ਼ਾਂ 'ਤੇ ਸਿਆਸਤ ਕਰਨ ਦਾ ਮੌਕਾ ਮਿਲ ਗਿਆ। ਜੋ ਮੁਹਿੰਮ ਨਵੀਆਂ ਚੋਣਾਂ ਕਰਾਉਣ ਲਈ ਸੀ, ਉਸ ਦਾ ਰੂਪ ਬਦਲ ਕੇ 'ਤਹਿਰੀਕ-ਏ-ਨਿਫਾਜ਼-ਏ-ਨਿਜ਼ਾਮ-ਏ-ਮੁਸਤਫ਼ਾ' ਬਣ ਗਿਆ, ਭਾਵ ਇਸਲਾਮਿਕ ਪ੍ਰਬੰਧ ਲਾਗੂ ਕਰਾਉਣ ਲਈ ਅੰਦੋਲਨ। ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦੀ ਮੰਗ ਵਾਲੀ ਪੀ.ਐਨ.ਏ. ਦੀ ਮੁਹਿੰਮ ਜਮਾਤ-ਏ-ਇਸਲਾਮੀ ਵਰਗੇ ਧਾਰਮਿਕ ਸੱਜੇ ਪੱਖੀਆਂ ਵੱਲੋਂ ਹਥਿਆ ਲਈ ਗਈ। ਇਨ੍ਹਾਂ ਨੂੰ ਜ਼ਿਆ-ਉਲ-ਹੱਕ ਦੀ ਅਗਵਾਈ ਹੇਠਲੀ ਫ਼ੌਜ ਅਤੇ ਇਸ ਦੇ ਤਾਕਤਵਰ ਖੁਫੀਆ ਤੰਤਰ ਦੀ ਹਮਾਇਤ ਹਾਸਲ ਸੀ। ਭੁੱਟੋ ਨੂੰ ਉਦੋਂ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਵੱਲੋਂ ਹੀ ਚੁਣੇ ਗਏ ਫ਼ੌਜ ਦੇ ਮੁਖੀ ਜੋ ਫ਼ੌਜ ਵਿਚ ਉਨ੍ਹਾਂ ਦੇ ਸਭ ਤੋਂ ਵੱਡੇ ਝੋਲੀ ਚੁੱਕ ਵਜੋਂ ਵੀ ਜਾਣਿਆ ਜਾਂਦਾ ਸੀ, ਨੇ ਹੀ 5 ਜੁਲਾਈ, 1977 ਨੂੰ ਉਨ੍ਹਾਂ ਦਾ ਤਖ਼ਤਾ ਪਲਟ ਦਿੱਤਾ। ਬਦਕਿਸਮਤੀ ਵਾਲੀ ਗੱਲ ਇਹ ਰਹੀ ਕਿ ਆਪਣੇ ਧਰਮ ਨਿਰਪੱਖ ਪਿਛੋਕੜ ਲਈ ਜਾਣੇ ਜਾਂਦੇ ਅਸਗਰ ਖਾਨ, ਵਲੀ ਖਾਨ ਅਤੇ ਏ.ਐਨ.ਪੀ. ਦੇ ਸ਼ਾਹਬਾਜ਼ ਮਜਾਰੀ ਵਰਗੇ ਸਿਆਸਤਦਾਨ ਵੀ ਭੁੱਟੋ ਪ੍ਰਤੀ ਆਪਣੀ ਨਫ਼ਰਤ ਕਾਰਨ ਫ਼ੌਜ ਦੇ ਹੱਥਾਂ ਦਾ ਔਜ਼ਾਰ ਬਣ ਗਏ। ਵਲੀ ਖਾਨ ਨੇ ਉਦੋਂ ਆਪਣੀ ਇਕ ਮਸ਼ਹੂਰ ਇੰਟਰਵਿਊ ਵਿਚ ਕਿਹਾ ਸੀ ਕਿ ਭੁੱਟੋ ਅਤੇ ਪਾਕਿਸਤਾਨ ਇਕੱਠੇ ਨਹੀਂ ਰਹਿ ਸਕਦੇ। ਉਹ ਉਦੋਂ ਤੱਕ ਟਿਕ ਕੇ ਨਾ ਬੈਠੇ ਜਦੋਂ ਤੱਕ ਜ਼ਿਆ-ਉਲ-ਹੱਕ ਵੱਲੋਂ ਇਹ ਭਰੋਸਾ ਨਹੀਂ ਮਿਲ ਗਿਆ ਕਿ ਭੁੱਟੋ ਨੂੰ ਆਖਰਕਾਰ ਫਾਂਸੀ ਚੜ੍ਹਾ ਦਿੱਤਾ ਜਾਵੇਗਾ।

ਜ਼ਿਆ-ਉਲ-ਹੱਕ ਦੀ 20 ਅਗਸਤ 1988 ਵਿਚ ਜਹਾਜ਼ ਹਾਦਸੇ ਵਿਚ ਮੌਤ ਹੋਣ ਤੋਂ ਬਾਅਦ ਉਹ ਇਤਿਹਾਸ ਦੀਆਂ ਕਿਤਾਬਾਂ ਦਾ ਹਿੱਸਾ ਬਣ ਗਏ ਪਰ ਉਨ੍ਹਾਂ ਦੀ ਵਿਰਾਸਤ ਜੋ ਬਹੁਤਾ ਕਰਕੇ ਨਾਂਹ-ਪੱਖੀ ਹੀ ਹੈ, ਅਜੇ ਵੀ ਦੇਸ਼ ਨੂੰ ਸਤਾ ਰਹੀ ਹੈ। ਭਾਵੇਂ ਸੰਵਿਧਾਨ ਵਿਚਲੀਆਂ ਅਖੌਤੀ ਇਸਲਾਮਿਕ ਧਾਰਾਵਾਂ ਦੀ ਗੱਲ ਹੋਵੇ ਜਾਂ ਫਿਰ ਕੌਮੀ ਲੋਕਾਚਾਰ ਨੂੰ ਨਸ਼ਟ ਕਰਨ ਵਾਲੇ ਜੇਹਾਦੀ ਸੱਭਿਆਚਾਰ ਦੀ ਗੱਲ, ਇਨ੍ਹਾਂ ਦਾ ਪਿਛੋਕੜ ਜ਼ਿਆ-ਉਲ-ਹੱਕ ਨਾਲ ਹੀ ਜੁੜਦਾ ਹੈ। ਉਨ੍ਹਾਂ ਨੇ ਸਿਆਸਤਦਾਨਾਂ ਦੀ ਨਵੀਂ ਜਮਾਤ ਨੂੰ ਜਨਮ ਦਿੱਤਾ ਜਿਸ ਵਿਚੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਗੁਜਰਾਤ ਦੇ ਚੌਧਰੀ, ਸ਼ੇਖ ਰਸ਼ੀਦ ਅਹਿਮਦ, ਖਵਾਜ਼ਾ ਆਸਿਫ ਅਤੇ ਚੌਧਰੀ ਨਿਸਾਰ ਅਲੀ ਖਾਨ ਵਰਗਿਆਂ ਦੇ ਨਾਂ ਮੁੱਖ ਤੌਰ 'ਤੇ ਗਿਣਾਏ ਜਾ ਸਕਦੇ ਹਨ। ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਵੀ ਉਸੇ ਪਾਕਿਸਤਾਨ ਮੁਸਲਿਮ ਲੀਗ (ਜੁਨੇਜੋ) ਤੋਂ ਵੱਖ ਹੋਇਆ ਹਿੱਸਾ ਹੈ ਜਿਸ ਦੀ ਸਿਰਜਣਾ ਜ਼ਿਆ ਵੱਲੋਂ ਚੁਣੇ ਗਏ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਨੇ ਕੀਤੀ ਸੀ। ਜੁਨੇਜੋ 1985 ਵਿਚ ਹੋਈਆਂ ਪਾਰਟੀ ਰਹਿਤ ਚੋਣਾਂ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ। ਜ਼ਿਆ ਪਾਰਟੀ ਰਾਜਨੀਤੀ ਨੂੰ ਇਸਲਾਮ ਵਿਰੋਧੀ ਮੰਨਦੇ ਸਨ। ਖੁਸ਼ਕਿਸਮਤੀ ਨਾਲ ਨਵਾਜ਼ ਸ਼ਰੀਫ਼ ਇਕ ਲੋਕਤੰਤਰੀ ਆਗੂ ਵਜੋਂ ਉੱਭਰੇ। ਉਨ੍ਹਾਂ ਨੇ ਆਪਣੇ ਵੱਲੋਂ ਹੀ ਚੁਣੇ ਗਏ ਫ਼ੌਜੀ ਮੁਖੀ ਜਨਰਲ ਪਰਵੇਜ਼ ਮੁਸ਼ੱਰਫ਼ ਸਾਹਮਣੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਅਮਲ ਦੌਰਾਨ 1999 ਵਿਚ ਸੱਤਾ ਪਲਟ ਦੇ ਸ਼ਿਕਾਰ ਹੋ ਗਏ। ਇਹ ਦੇਸ਼ ਦੇ ਇਤਿਹਾਸ ਵਿਚ ਪਹਿਲਾ ਅਜਿਹਾ ਤਖ਼ਤਾ ਪਲਟ ਸੀ ਜੋ ਵਿਰੋਧੀ ਪਾਰਟੀਆਂ ਵੱਲੋਂ ਇਕਜੁਟ ਹੋ ਕੇ ਕੀਤੇ ਜਾਣ ਵਾਲੇ ਵਿਰੋਧ ਕਰ ਕੇ ਨਹੀਂ, ਸਗੋਂ ਇਕ ਨਾਗਰਿਕ ਪ੍ਰਧਾਨ ਮੰਤਰੀ ਦੀਆਂ ਆਪਣੀਆਂ ਗ਼ਲਤੀਆਂ ਕਾਰਨ ਵਾਪਰਿਆ ਸੀ। ਹੁਣ ਪ੍ਰਧਾਨ ਮੰਤਰੀ ਵਜੋਂ ਆਪਣੇ ਤੀਜੇ ਕਾਰਜਕਾਲ ਦੌਰਾਨ ਨਵਾਜ਼ ਸ਼ਰੀਫ਼ ਨੂੰ ਉਸ ਵਿਰੋਧੀ ਧਿਰ ਵੱਲੋਂ ਤਿੱਖੀ ਮੁਹਿੰਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਹਟਦਿਆਂ ਵੇਖਣ ਲਈ ਕਾਹਲੀ ਹੈ। ਇਸ ਪਿੱਛੇ ਵੀ ਕਿਸੇ ਹੱਦ ਤੱਕ ਉਨ੍ਹਾਂ ਦੀਆਂ ਆਪਣੀਆਂ ਗ਼ਲਤੀਆਂ ਹੀ ਜ਼ਿੰਮੇਵਾਰ ਹਨ।

ਇਮਰਾਨ ਖਾਨ ਇਨ੍ਹੀਂ ਦਿਨੀਂ ਸ਼ਰੀਫ਼ ਭਰਾਵਾਂ ਖਿਲਾਫ਼ ਤਿੱਖੇ ਹਮਲੇ ਕਰ ਰਹੇ ਹਨ। ਬਹਾਵਲਪੁਰ ਵਿਚ ਪਿਛਲੇ ਦਿਨੀਂ ਉਨ੍ਹਾਂ ਨੇ ਇਕ ਵਿਸ਼ਾਲ ਇਕੱਠ ਵਿਚ ਐਲਾਨ ਕੀਤਾ ਕਿ ਉਹ ਸਿਰਫ ਚਾਰ ਹਲਕਿਆਂ ਵਿਚ ਹੀ ਵੋਟਾਂ ਦੀ ਦੁਬਾਰਾ ਗਿਣਤੀ ਨਹੀਂ ਚਾਹੁੰਦੇ, ਸਗੋਂ 11 ਮਈ ਦੀਆਂ ਚੋਣਾਂ ਸਮੁੱਚੇ ਤੌਰ 'ਤੇ ਨੁਕਸਪੂਰਨ ਅਤੇ ਫਰਾਡ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਕੋਈ ਜਾਇਜ਼ਤਾ ਹਾਸਲ ਨਹੀਂ ਹੈ ਅਤੇ ਜਦੋਂ ਉਹ 14 ਅਗਸਤ ਨੂੰ ਇਸਲਾਮਾਬਾਦ ਵੱਲ ਲੱਖਾਂ ਲੋਕਾਂ ਨਾਲ ਮਾਰਚ ਕਰਨਗੇ ਤਾਂ ਉਦੋਂ ਇਸਲਾਮਾਬਾਦ ਵਿਚ ਸ਼ਰੀਫ਼ ਸਰਕਾਰ ਨਹੀਂ ਹੋਵੇਗੀ। ਦੂਜੇ ਪਾਸੇ ਮੌਲਾਨਾ ਤਾਹਿਰ-ਉਲ-ਕਾਦਰੀ ਆਪਣੇ ਬਲਬੂਤੇ ਕ੍ਰਾਂਤੀ ਲਿਆਉਣ ਦੀਆਂ ਧਮਕੀਆਂ ਦੇ ਰਹੇ ਹਨ। ਭਾਵੇਂ ਇਹ ਦੋਵੇਂ ਹੀ ਮਹਾਂ ਗਠਜੋੜ ਬਣਾਉਣ ਦੀ ਗੱਲ ਤੋਂ ਇਨਕਾਰ ਕਰਦੇ ਹਨ ਪਰ ਉਨ੍ਹਾਂ ਦੇ ਕਦਮ ਪੂਰੀ ਤਰ੍ਹਾਂ ਯੋਜਨਾਬੱਧ ਨਜ਼ਰ ਆਉਂਦੇ ਹਨ। ਗੁਜਰਾਤ ਦੇ ਚੌਧਰੀ ਅਤੇ ਸ਼ੇਖ ਰਸ਼ੀਦ ਵੀ ਸ਼ਰੀਫ਼ ਭਰਾਵਾਂ ਖਿਲਾਫ਼ ਸਾਂਝਾ ਮੁਹਾਜ਼ ਬਣਾਉਣ ਲਈ ਯਤਨਸ਼ੀਲ ਹਨ।

ਇਹ ਸਭ ਕੁਝ ਅਜਿਹੇ ਨਾਜ਼ੁਕ ਸਮੇਂ ਵਾਪਰ ਰਿਹਾ ਹੈ, ਜਦੋਂ ਸਰਕਾਰ ਦੀ ਪੂਰੀ ਸਰਪ੍ਰਸਤੀ ਹੇਠ ਫ਼ੌਜ ਅੱਤਵਾਦ ਖਿਲਾਫ਼ ਲੜਾਈ ਵਿਚ ਰੁਝੀ ਹੋਈ ਹੈ ਜਿਸ ਤਹਿਤ ਜ਼ਮੀਨੀ ਅਤੇ ਹਵਾਈ ਹਮਲੇ ਕੀਤੇ ਜਾ ਰਹੇ ਹਨ। ਉਂਜ ਅਜਿਹੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ ਕਿ ਸਰਕਾਰ ਵੱਲੋਂ ਇਮਰਾਨ ਖਾਨ ਨੂੰ ਰਜ਼ਾਮੰਦ ਕਰਨ ਦੇ ਉਪਰਾਲੇ ਕੀਤੇ ਗਏ ਹਨ ਅਤੇ ਇਮਰਾਨ ਖਾਨ ਇਸ ਸ਼ਰਤ 'ਤੇ ਇਸਲਾਮਾਬਾਦ ਵੱਲ ਮਾਰਚ ਦੇ ਸੱਦੇ ਨੂੰ ਰੱਦ ਕਰਨ ਲਈ ਤਿਆਰ ਹੋ ਗਏ ਹਨ ਕਿ ਸੁਪਰੀਮ ਕੋਰਟ ਚਾਰ ਹਲਕਿਆਂ ਵਿਚ ਹੋਈਆਂ ਚੋਣ ਗੜਬੜੀਆਂ ਦੀ ਜਾਂਚ ਕਰਾਏ। ਇਸ ਦੌਰਾਨ ਕੁਝ ਪ੍ਰਸੰਗਹੀਣ ਹੋਏ ਸਿਆਸਤਦਾਨਾਂ ਦਾ ਯਤਨ ਹੈ ਕਿ ਇਮਰਾਨ ਖਾਨ ਨੂੰ ਹੋਰ ਸਰਗਰਮ ਕੀਤਾ ਜਾਵੇ ਅਤੇ ਕਿਸੇ ਨਾ ਕਿਸੇ ਤਰ੍ਹਾਂ ਫ਼ੌਜ ਨੂੰ ਵੀ ਇਸ ਮਾਮਲੇ ਵਿਚ ਖਿੱਚਿਆ ਜਾਵੇ, ਪਰ ਉਨ੍ਹਾਂ ਨੂੰ ਛੇਤੀ ਇਹ ਅਹਿਸਾਸ ਹੋ ਜਾਵੇਗਾ ਕਿ ਜਨਰਲ ਜ਼ਿਆ ਜਾਂ ਫਿਰ ਉਨ੍ਹਾਂ ਤੋਂ ਬਾਅਦ ਮੁਸ਼ੱਰਫ਼ ਦੇ ਸਮੇਂ ਨਾਲੋਂ ਹੁਣ ਵਕਤ ਬਹੁਤ ਬਦਲ ਚੁੱਕਾ ਹੈ।

## ਦੇਸੀ ਪਰਿਕਰਮਾ

# ਬਿਨਾਂ ਪੌੜੀਆਂ ਵਾਲੇ ਚੁਬਾਰੇ

ਜ਼ਿੰਦਗੀ ਵਿਚ ਜਵਾਨੀ ਦੇ ਦੁਬਾਰਾ ਆਉਣ ਦਾ ਕਦੇ ਸੰਕਲਪ ਹੋ ਹੀ ਨਹੀਂ ਸਕਦਾ। ਉਂਜ ਵੀ ਵਿਆਹ ਮੁਕਲਾਵਾ ਇਕ ਵਾਰੀ ਹੀ ਆਉਣਾ ਹੁੰਦਾ ਹੈ ਤੇ ਆਉਣਾ ਵੀ ਇਕ ਵਾਰ ਹੀ ਚਾਹੀਦਾ ਹੈ। ਸ਼ਾਹ ਜਹਾਨ ਨੂੰ ਜੇ ਜਿਉਂਦੇ ਜੀਅ ਦੂਜੀ ਵਾਰ ਤਾਜ ਮਹੱਲ ਬਣਾਉਣਾ ਪੈ ਜਾਂਦਾ ਤਾਂ ਇਹ ਸੰਭਵ ਹੋ ਹੀ ਨਹੀਂ ਸੀ ਸਕਦਾ, ਪਰ ਇਕ ਵਾਰ ਡਿੱਗ ਕੇ ਫਿਰ ਲੀੜੇ ਝਾੜ ਕੇ ਉਸੇ ਦਮ ਨਾਲ ਦੌੜ 'ਚ ਸ਼ਾਮਲ ਹੁੰਦਿਆਂ ਜਿਸ ਨੂੰ ਵੇਖਿਆ ਹੈ, ਉਹ ਬੁੱਧ ਸਿੰਘ ਢਾਹਾਂ ਹੈ।

ਮੈਂ ਉਸ ਬੁੱਧ ਸਿੰਘ ਢਾਹਾਂ ਦੀ ਗੱਲ ਕਰ ਰਿਹਾ ਹਾਂ ਜਿਸ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ, ਮੈਡੀਕਲ ਕਾਲਜ ਢਾਹਾਂ ਕਲੇਰਾਂ ਦੀ ਸਥਾਪਨਾ ਕੀਤੀ। ਉਹ ਬਾਬੇ ਨਾਨਕ ਤੇ ਭਾਈ

**ਐਸ. ਅਸ਼ੋਕ ਭੌਰਾ**

ਘਨੱਈਆ ਜੀ ਦਾ ਮਿਸ਼ਨ ਲੈ ਕੇ ਇਕੱਲਾ ਤੁਰਿਆ ਸੀ, ਫਿਰ ਕਾਫਲਾ ਬਣ ਗਿਆ ਤੇ ਉਚ ਦਰਜੇ ਦੀਆਂ ਸਿਹਤ ਸਹੂਲਤਾਂ ਗਰੀਬਾਂ ਦੀ ਪਹੁੰਚ ਤੱਕ ਲੈ ਕੇ ਆਂਦੀਆਂ। ਅਸਲ ਵਿਚ ਪੰਜਾਬ ਅੰਦਰ ਸਿਹਤ ਸੰਭਾਲ ਵਿਚ ਨਵੇਂ ਅਧਿਆਇ ਜੁੜਨ ਦੀ ਗੱਲ ਬਾਬਾ ਬੁੱਧ ਸਿੰਘ ਢਾਹਾਂ ਤੋਂ ਹੀ ਚਲਦੀ ਹੈ।

ਕਦੇ ਜਲੰਧਰੋਂ ਬਰਾਸਤਾ ਫਗਵਾੜਾ ਚੰਡੀਗੜ੍ਹ ਜਾਵੋ ਤਾਂ ਬੰਗਾ ਸ਼ਹਿਰ ਤੋਂ ਤਿੰਨ ਕੁ ਮੀਲ ਪਹਿਲਾਂ ਮੁੱਖ ਮਾਰਗ 'ਤੇ ਜਿਹੜੀ ਚਹਿਲ-ਪਹਿਲ ਸ਼ਹਿਰਾਂ ਵਰਗੀ ਦਿਸੇਗੀ, ਉਹ ਢਾਹਾਂ ਕਲੇਰਾਂ ਅੱਡੇ ਦੀ ਹੈ। ਲਾਗੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੀਆਂ ਉਚੀਆਂ ਇਮਾਰਤਾਂ ਦੱਸ ਦਿੰਦੀਆਂ ਨੇ ਕਿ ਇਹ ਸਾਰਾ ਕੁਝ ਮਧਰੇ ਕੱਦ ਦੇ ਬੁੱਧ ਸਿੰਘ ਢਾਹਾਂ ਦੀ ਦੇਣ ਹੈ। ਗੱਲ ਕਰੀਬ ਪੈਂਤੀ ਸਾਲ ਪੁਰਾਣੀ ਹੈ, ਇਹ ਥਾਂ ਕੱਲਰ ਸੀ। ਜਦੋਂ ਪੰਜਾਬ ਦੇ ਰਾਜਪਾਲ ਤੋਂ ਇਸ ਥਾਂ 'ਤੇ ਹਸਪਤਾਲ ਦਾ ਨੀਂਹ ਪੱਥਰ ਰਖਵਾਇਆ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਗੁਲਾਬ ਕੱਲਰਾਂ 'ਚ ਵੀ ਉਗ ਸਕਦਾ ਹੈ। ਵੇਖਦਿਆਂ-ਵੇਖਦਿਆਂ ਇਹ ਹਸਪਤਾਲ ਵੱਡੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ-ਨਾਲ ਬਾਰਵੀਂ ਤੱਕ ਦੀ ਸਕੂਲ ਸਿੱਖਿਆ ਤੇ ਲੜਕੀਆਂ ਨੂੰ



ਬੁੱਢਾ ਹੋਇਆ ਪੋਸਤੀ ਯਾਨਿ ਕੇ. ਦੀਪ (ਸੱਜੇ)

ਮੈਡੀਕਲ ਕੋਰਸਾਂ ਵਿਚ ਨਿਪੁੰਨਤਾ ਦੇ ਕੇ ਨੌਕਰੀਆਂ ਕਰਨ ਦੇ ਯੋਗ ਬਣਾਉਣ ਲੱਗਾ। ਦੁਆਬੇ ਵਿਚ ਢਾਹਾਂ ਕਲੇਰਾਂ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੀ ਉਹੀ ਥਾਂ ਹੈ ਜੋ ਪੰਜਾਬ ਵਿਚ ਸੀ.ਐਮ.ਸੀ. ਦੀ ਹੈ ਤੇ ਅੱਖੀ ਵੇਖਦਿਆਂ ਇਹ ਵੀ ਹੋ ਗਿਆ ਕਿ ਸੰਸਥਾਵਾਂ ਦੀਆਂ ਪ੍ਰਬੰਧਕੀ ਧੜੇਬੰਦੀਆਂ ਵਿਚ ਇਸ ਹਸਪਤਾਲ ਨੂੰ ਚਲਾਉਣ ਵਾਲਾ ਟਰਸਟ ਵੀ ਧੜਿਆਂ ਵਿਚ ਵੰਡਿਆ ਗਿਆ, ਤੇ ਬਾਬਾ ਬੁੱਧ ਸਿੰਘ ਨੂੰ ਇਹ ਸੰਸਥਾ ਉਵੇਂ ਛੱਡਣੀ ਪਈ ਜਿਵੇਂ ਮਾਲੀ ਫੁੱਲਾਂ ਦੀ ਖੁਸ਼ਬੂ ਆਉਣ ਤੋਂ ਪਹਿਲਾਂ ਹੀ ਸੇਵਾ ਮੁਕਤ ਕਰ ਦਿੱਤਾ ਗਿਆ ਹੋਵੇ। ਉਸ ਨੂੰ ਇਹ ਕੁਰਬਾਨੀ ਇਸ ਕਰ ਕੇ ਕਰਨੀ ਪਈ ਕਿਉਂਕਿ ਟਰਸਟ ਲਈ ਸੁਸ਼ੀਲ ਸ਼ਰਮਾ ਤੋਂ ਸੁਸ਼ੀਲ ਕੌਰ ਬਣ ਕੇ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਨ ਵਾਲੀ ਆਪਣੀ ਸਹਿਯੋਗੀ ਨੂੰ ਉਹ ਟਰਸਟ ਜਾਂ ਪ੍ਰਬੰਧਾਂ ਤੋਂ ਲਾਂਭੇ ਕਰਨ ਵਾਲੀ ਗੱਲ ਨਾਲ ਸਹਿਮਤ ਨਾ ਹੋਇਆ।

ਅੱਠ ਕੁ ਸਾਲ ਪਹਿਲਾਂ ਵਾਪਰੀ ਇਸ ਘਟਨਾ ਨਾਲ ਲਗਦਾ ਸੀ ਕਿ ਬੁੱਧ ਸਿੰਘ ਟੁੱਟ ਜਾਵੇਗਾ, ਕਿਉਂਕਿ ਉਮਰ ਦਾ ਅੱਗਾ ਨੇੜੇ ਆਉਂਦਾ ਜਾਪਦਾ ਸੀ, ਪਰ ਹਿੰਮਤੀ ਇਨਸਾਨ ਅੱਗੇ ਸਾਰੇ ਅੜਿੱਕੇ ਫਿਰ ਹਾਰ ਗਏ। ਹਾਲਾਤ ਭਾਵੇਂ ਇਹ ਬਣੇ ਸਨ, ਜਿਵੇਂ ਬੁਢਾਪੇ ਵੱਲ ਜਾਂਦੀ ਉਮਰੇ ਔਰਤ ਨੂੰ ਬੱਚਾ ਗੋਦ ਖਿਡਾਉਣਾ ਪੈ ਜਾਵੇ; ਪਰ ਬੁੱਧ ਸਿੰਘ ਨੇ ਪਹਿਲਾਂ ਕੱਲਰ ਆਬਾਦ ਕੀਤੇ, ਤੇ ਹੁਣ ਰੇਤਲੇ ਟਿੱਬੇ ਉਤੇ ਅਤਿ ਗਰੀਬ ਅਤੇ ਪਛੜੇ ਇਲਾਕੇ ਦੇ ਲੋਕਾਂ ਦੀ ਸਿਹਤ ਲਈ ਝੰਡਾ ਜਾ ਗੱਡਿਆ। ਸ੍ਰੀ ਅਨੰਦਪੁਰ ਸਾਹਿਬ ਨੂੰ ਗੜ੍ਹਸ਼ੰਕਰ ਵੱਲੋਂ ਜਾਂਦਿਆਂ ਤੇਰਵੇਂ ਕਿਲੋਮੀਟਰ 'ਤੇ ਸਿਹਤ ਦੇ ਖੇਤਰ ਵਿਚ ਬਾਬੇ ਨਾਨਕ ਦੀ ਫਿਰ ਤੇਰਾਂ-ਤੇਰਾਂ ਕਰਵਾਉਣ ਵਾਲੇ ਬੁੱਧ ਸਿੰਘ ਨੇ ਗੁਰੂ ਨਾਨਕ ਮਿਸ਼ਨ ਚੈਰੀਟੇਬਲ ਟਰੱਸਟ ਦੀ ਸਥਾਪਨਾ ਕਰ ਕੇ ਅਤੇ ਨਵੇਂ ਹਸਪਤਾਲ ਨੂੰ ਅਮਲੀ ਰੂਪ ਦੇ ਕੇ ਕੰਢੀ ਦੇ ਲੋਕਾਂ ਅੰਦਰ ਆਪਣਾ ਸੰਤਾਂ ਵਾਲਾ ਰੁਤਬਾ ਬਰਕਰਾਰ ਰੱਖਿਆ ਹੈ।

ਬਾਬਾ ਬੁੱਧ ਸਿੰਘ ਨੂੰ ਵੀ ਮੈਂ ਇੰਨੇ ਕੁ ਅਰਸੇ ਤੋਂ ਹੀ ਜਾਣਦਾ ਹਾਂ। ਢਾਹਾਂ ਕਲੇਰਾਂ ਵਿਚ ਕੀਤੀ ਸਾਰੀ ਕਾਰਗੁਜ਼ਾਰੀ ਮਨ ਵਿਚ ਵਸੀ ਹੋਈ ਹੈ। ਜਦੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕੁੱਲਪੁਰ ਨਵਾਂ ਗਰਾਂ ਦੀ ਖਬਰ ਮਿਲੀ ਤਾਂ ਅਮਰੀਕਾ ਤੋਂ ਜਾਂਦਿਆਂ ਇਸ ਮਹਾਂਪੁਰਸ਼ ਦੇ ਦੀਦਾਰ ਕਰਨ ਲਈ ਮਨ ਫਿਰ ਕਾਹਲਾ ਪੈ ਗਿਆ। ਸੜੋਆ ਦੇ ਅੱਡੇ ਤੋਂ ਐਨ ਪਹਿਲਾਂ ਮੁੱਖ ਸੜਕ ਉਤੇ ਬਣੀ ਇਮਾਰਤ ਅੱਖੀਂ ਦੇਖੀ ਅਤੇ ਬੁਢਾਪੇ ਦੀ ਵਹੀ ਵਿਚ ਨਾਂ ਲਿਖਾਉਣ ਵਾਲੇ ਬਾਬੇ ਨੂੰ ਇਕ ਵਾਰ ਫਿਰ ਬੁਲੰਦ ਹੌਸਲੇ ਵਿਚ ਦੇਖਿਆ। ਕਰੀਬ ਨੌਂ ਏਕੜ ਰਕਬੇ ਵਿਚ ਬਣਨ ਵਾਲੇ ਇਸ ਗੁਰੂ ਨਾਨਕ ਮਿਸ਼ਨ ਹਸਪਤਾਲ ਦਾ ਬਹੁਤਾ ਕੰਮ ਭਾਵੇਂ ਹਾਲੇ ਉਸਾਰੀ ਅਧੀਨ ਹੈ, ਪਰ ਮਰੀਜ਼ਾਂ ਨੂੰ ਅਤਿ-ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਟਰੌਮਾ ਸੈਂਟਰ ਸ਼ੁਰੂਆਤ ਵੇਲੇ ਹੀ ਚਾਲੂ ਕਰ ਦਿੱਤਾ ਗਿਆ। ਹਸਪਤਾਲ ਦੇ ਐਨ ਪਿਛਲੇ ਪਾਸੇ ਗੁਰੂ ਘਰ ਦੀ ਉਸਾਰੀ ਹੋ ਰਹੀ ਹੈ। ਸਬੱਬੀਂ ਇਸ ਦੇ ਉਦਘਾਟਨੀ ਸਮਾਰੋਹ ਵਿਚ ਸ਼ਾਮਲ ਹੋਣ ਦਾ ਅਵਸਰ ਮਿਲ ਗਿਆ। ਦਾਨੀਆਂ ਦੀ ਹਾਜ਼ਰੀ ਅਤੇ ਦਾਨ ਦੀ ਸ਼ਰਧਾ ਦੇਖ ਕੇ ਲਗਦਾ ਸੀ ਕਿ ਚੰਗੇ ਕਾਰਜ ਬਿਨਾਂ ਰੁਕਾਵਟ ਹੀ ਸਿਰੇ ਜਾ ਲਗਦੇ ਹਨ। ਬਾਬੇ ਨੇ ਆਪਣੀ ਟੀਮ ਵਿਚ ਸੁਸ਼ੀਲ ਕੌਰ ਤੇ ਹਿਸਾਬ-ਕਿਤਾਬ ਰੱਖਣ ਵਾਲੇ ਪੁਰਾਣੇ ਸਾਥੀ ਰਘਵੀਰ ਸਿੰਘ ਨੂੰ ਨਾਲ ਹੀ ਰੱਖਿਆ ਹੈ।

---

ਬੰਦੇ ਦਾ ਜਿਹੋ ਜਿਹਾ ਸੁਭਾਅ ਹੋਵੇ, ਉਹੋ ਜਿਹੇ ਹੀ ਇਕੱਠ ਅਤੇ ਸੱਜਣ ਮਿੱਤਰ ਭਾਲਦੈ। ਹੁਣ ਖ਼ੈਰ ਮੇਲੇ ਲਾਉਣ ਦੀ ਹਿੰਮਤ ਤੇ ਨਹੀਂ ਰਹੀ, ਪਰ ਜ਼ਿੰਦਗੀ ਦਾ ਬਹੁਤਾ ਹਿੱਸਾ ਸੰਗੀਤ 'ਚ



ਬਾਬਾ ਬੁੱਧ ਸਿੰਘ ਢਾਹਾਂ ਨਾਲ ਉਹਦੇ ਨਵੇਂ ਮਿਸ਼ਨਰੀ ਠਿਕਾਣੇ ਕੁੱਲਪੁਰ ਨਵਾਂ ਗਰਾਂ ਦੀ ਯਾਦਗਾਰੀ ਤਸਵੀਰ

ਗੁਜ਼ਾਰਨ ਕਰ ਕੇ ਅਜਿਹੇ ਮੌਕੇ ਲੱਭਣ ਜਾਂ ਪੈਦਾ ਕਰਨ ਦੀ ਜੁਗਤ ਮੈਂ ਹਮੇਸ਼ਾ ਕਰਦਾ ਰਿਹਾ ਹਾਂ। ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ ਮਖਸੂਸਪੁਰ ਕਦੇ ਬੱਬਰ ਸੁੰਦਰ ਸਿੰਘ ਕਰ ਕੇ ਮਸ਼ਹੂਰ ਸੀ, ਕਦੇ ਕਸ਼ਮੀਰਾ ਸਿੰਘ ਤੇ ਬਖਤੌਰੇ ਵਰਗੇ ਫੁੱਟਬਾਲ ਖਿਡਾਰੀਆਂ ਕਰ ਕੇ, ਪਰ ਅੱਜ ਕੱਲ੍ਹ ਇਹ ਪਿੰਡ ਸ਼ਾਇਰ ਤੇ ਗਾਇਕ ਦੇਬੀ ਮਖਸੂਸਪੁਰੀ ਕਰ ਕੇ ਵੱਧ ਜਾਣਿਆ ਜਾਂਦਾ ਹੈ। ਮੇਰਾ ਇਸ ਪਿੰਡ ਨਾਲ ਗੂੜ੍ਹਾ ਰਿਸ਼ਤਾ ਹੈ, ਇਹ ਮੇਰੇ ਬੱਚਿਆਂ ਦਾ ਨਾਨਕਾ ਪਿੰਡ ਹੈ। ਇਸ ਵਾਰ ਗਏ ਨੇ ਸੋਚਿਆ ਕਿ ਚਲੋ, ਐਤਕੀਂ ਗੀਤ-ਸੰਗੀਤ ਦੀ ਇਕ ਰਾਤ ਮਨਾ ਕੇ ਚਿੱਤ ਰਾਜ਼ੀ ਕਰਦੇ ਹਾਂ। ਬਹਾਨਾ ਭਾਵੇਂ ਪਰਿਵਾਰਕ ਸੀ, ਪਰ ਇਹ ਰਾਤ ਸੱਚੀਂ ਹੀ ਸੰਗੀਤ ਭਰੀ ਤੇ ਰੰਗੀਨ ਹੀ ਨਹੀਂ ਬਣੀ, ਸਗੋਂ ਯਾਦਗਾਰੀ ਵੀ ਬਣ ਗਈ। ਦੇਬੀ ਹੁਣ ਪਿੰਡ ਨਹੀਂ, ਫਗਵਾੜੇ ਰਹਿੰਦਾ ਹੈ ਪਰ ਉਹ ਸਭ ਤੋਂ ਪਹਿਲਾਂ ਦਿੱਤੇ ਬੁਲਾਵੇ 'ਤੇ ਵੀ ਨਹੀਂ ਪਹੁੰਚ ਸਕਿਆ। ਮਜਬੂਰੀ ਜਾਨਣ ਲਈ ਮੈਂ ਵੀ ਕੋਈ ਉਤਸੁਕਤਾ ਨਹੀਂ ਦਿਖਾਈ।

ਅਤਿ ਦੀ ਸਰਦੀ ਨਾਲ ਗੁੰਨ੍ਹੀ ਹੋਈ ਇਸ ਰਾਤ 'ਤੇ ਸੁਰਾਂ ਦੀ ਛਹਿਬਰ ਲਾਉਣ ਲਈ ਉਂਜ ਗਾਇਕਾ ਰਣਜੀਤ ਕੌਰ ਆਈ। ਬੱਚਿਆਂ ਦਾ ਮਾਣੋ ਬਿੱਲੀ ਅੰਕਲ 'ਸੌਂ ਜਾ ਬੱਬੂਆ' ਵਾਲਾ ਕਮਲਜੀਤ ਨੀਲੋਂ ਵੀ ਪੁੱਜਿਆ। ਸੁਰਜੀਤ ਬਿੰਦਰਖੀਏ ਦਾ ਬੇਟਾ ਗੀਤਾਜ ਵੀ, 'ਬੱਗੇ ਬੱਗੇ ਬੈਲ ਰੱਖਣੇ' ਗੀਤ ਨਾਲ ਹਿੱਟ ਹੋਇਆ ਗਵੱਈਆ ਸੋਹਣ ਸ਼ੰਕਰ ਵੀ। ਯੁੱਧਵੀਰ ਮਾਣਕ, ਸੂਫੀ ਗਾਉਣ ਵਾਲੇ ਗੱਭਰੂ ਆਸ਼ੂ ਤੇ ਰਵੀਕਾਂਤ, ਮੋਗੇ ਤੋਂ ਗਾਇਕ ਪਵਨਦੀਪ, ਗੀਤਕਾਰ ਗੁਰਮਿੰਦਰ ਕੈਂਡੋਵਾਲ, ਸ਼ਮਸ਼ੇਰ ਸੰਧੂ ਵੀ ਤੇ ਪੱਤਰਕਾਰ ਵੀ, ਸੋਫੀ ਵੀ ਸ਼ਰਾਬੀ ਵੀ, ਸਾਰੇ ਲੋਕ ਆਏ ਪਰ ਸਭ ਤੋਂ ਵੱਧ ਖਿੱਚ ਸੀ ਮਾਈ ਮੋਹਣੋ ਤੇ ਪੋਸਤੀ ਦੇ ਕਿਰਦਾਰ ਕਰ ਕੇ ਪੰਜਾਬੀਆਂ ਦੇ ਦਿਲਾਂ 'ਚ ਵਸੇ ਕੇ. ਦੀਪ ਦੀ। 'ਖਾਲੀ ਘੋੜੀ ਹਿਣਕਦੀ', 'ਅੱਜ ਤੈਂ ਮੈਨੂੰ ਮਾਰ ਮੁਕਾਈ ਨਣਦੇ', 'ਹੁਣ ਕਿਉਂ ਨ੍ਹੀਂ ਦੇਂਦਾ ਮੈਨੂੰ ਆਪਣਾ ਰੁਮਾਲ ਬਈ' ਆਦਿ ਗੀਤਾਂ ਨਾਲ ਮਖਸੂਸਪੁਰ ਦੀ ਸੰਗੀਤਕ ਰਾਤ ਨੂੰ ਚੰਨ ਤਾਂ ਨਵਾਂ ਚੜ੍ਹਿਆ, ਪਰ ਇਹ ਸੱਚ ਹੈ ਕਿ ਆਵਾਜ਼ ਭਾਵੇਂ ਗਲੇ ਦੀ ਖਰਾਬੀ ਕਰ ਕੇ ਉਹ ਨਾ ਵੀ ਰਹੀ ਹੋਵੇ, ਪਰ ਮੜਕ ਤੇ ਹੁਸਨ ਹਾਲੇ ਵੀ ਉਵੇਂ ਕਾਇਮ ਹੈ। ਕਲੀਆਂ ਦੇ ਬਾਦਸ਼ਾਹ ਮਰਹੂਮ ਕੁਲਦੀਪ ਮਾਣਕ ਦਾ ਪੁੱਤਰ ਯੁੱਧਵੀਰ ਤੁਰਨ-ਫਿਰਨ ਤਾਂ ਲੱਗ ਪਿਆ ਤੇ ਜਾਣਨ ਵਾਲਿਆਂ ਨੂੰ ਪਛਾਨਣ ਵੀ ਲੱਗ ਪਿਐ, ਪਰ ਉਸ ਦਿਨ ਉਹਨੇ ਚਾਰ ਗੀਤ 'ਲੈ ਕੇ ਕਲਗੀਧਰ ਤੋਂ ਥਾਪੜਾ', 'ਤੇਰੇ ਟਿੱਲੇ ਤੋਂ ਬਈ ਸੂਰਤ ਦੀਂਹਦੀ ਐ ਹੀਰ ਦੀ', 'ਮਾਂ ਹੁੰਦੀ ਏ ਮਾਂ' ਅਤੇ 'ਮੈਂ ਚਾਦਰ ਕੱਢਦੀ ਨੀ ਉਤੇ ਪਾਵਾਂ ਵੇਲਾਂ' ਗਾ ਕੇ ਇਹ ਤਾਂ ਯਕੀਨ ਦੁਆ ਦਿੱਤਾ ਕਿ ਉਹ ਛੇਤੀ ਰਾਜ਼ੀ ਹੋ ਜਾਵੇਗਾ, ਪਰ ਰਾਜਾ ਹਰੀਸ਼ ਚੰਦਰ ਵਾਂਗ ਮਾਣਕ ਪਰਿਵਾਰ 'ਤੇ ਬਿਪਤਾ ਅਜੇ ਮੁੱਕੀ ਨਹੀਂ। ਇਕ ਪੁੱਤਰ, ਉਹ ਵੀ ਦਿਮਾਗੀ ਤੌਰ 'ਤੇ ਚੇਤਨ ਨਹੀਂ ਰਿਹਾ! ਇਸ ਹੌਲ ਦੇ ਅੱਥਰੂ ਸਭ ਤੋਂ ਪਹਿਲਾਂ ਰਣਜੀਤ ਕੌਰ ਦੇ ਉਦੋਂ ਟਪਕੇ, ਜਦੋਂ ਉਹਨੇ ਸਟੇਜ 'ਤੇ ਚੜ੍ਹ ਕੇ ਯੁਧਵੀਰ ਨੂੰ ਕਲਾਵੇ 'ਚ ਲੈ ਲਿਆ, ਤੇ ਫਿਰ ਖੁਸ਼ੀ ਦੇ ਮਾਹੌਲ ਵਿਚ ਵੀ ਹਰ ਅੱਖ ਸਿੱਲ੍ਹੀ ਹੋ ਗਈ। ਫਿਰ ਇਸ ਉਦਾਸ ਮਾਹੌਲ ਪਿੱਛੋਂ ਪਿਆ ਗਿੱਧਾ ਅਤੇ ਸਾਰੇ ਗਾਇਕਾਂ ਵੱਲੋਂ ਰਲ ਕੇ ਪਾਈਆਂ ਬੋਲੀਆਂ ਵੀ ਫਿੱਕੀਆਂ ਹੀ ਲਗਦੀਆਂ ਰਹੀਆਂ।

ਜਗਮੋਹਣ ਕੌਰ ਅਤੇ ਕੇ. ਦੀਪ ਨਾਲ ਲਗਭਗ ਦਸ ਸਾਲ ਮੇਰੀ ਬੜੀ ਨੇੜਤਾ ਰਹੀ, ਪਰ ਹੁਣ ਜਿਸ ਪੋਸਤੀ ਨੂੰ ਮੈਂ ਕਰੀਬ ਪੰਦਰਾਂ ਸਾਲ ਬਾਅਦ ਮਿਲ ਰਿਹਾ ਸਾਂ, ਉਹ ਹੁਣ ਜਗਮੋਹਣ ਜਾਂ ਮਾਈ ਮੋਹਣੋ ਵਾਲਾ ਕੇ. ਦੀਪ ਨਹੀਂ ਸੀ ਰਿਹਾ। ਜਿਸ ਕਲਾਕਾਰ ਨੂੰ ਮਖਸੂਸਪੁਰ ਪੂਰੇ ਦਾ ਪੂਰਾ ਪਿੰਡ ਠੁਰ-ਠੁਰ ਕਰਦਿਆਂ ਅੱਧੀ ਰਾਤ ਤੱਕ ਸੁਣਨ ਤੇ ਦੇਖਣ ਲਈ ਕਾਹਲਾ ਸੀ,



ਯੁਧਵੀਰ ਮਾਣਕ ਨੂੰ ਗਾਉਂਦਿਆਂ ਤੱਕ ਉਦਾਸ ਹੋਈ ਰਣਜੀਤ ਕੌਰ

ਸੱਚ ਇਹ ਹੈ ਕਿ ਉਸ ਨੇ 'ਕੱਲਾ ਨਿਰਾਸ਼ ਕੀਤਾ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਸਗੋਂ ਉਸ ਨੇ ਤਾਂ ਸਾਰੇ ਪ੍ਰੋਗਰਾਮ ਦੀ ਇਕ ਤਰ੍ਹਾਂ ਨਾਲ ਜੱਖਣਾ ਹੀ ਪੁੱਟ ਦਿੱਤੀ ਸੀ। ਇਉਂ ਲਗਦਾ ਸੀ ਕਿ ਉਹ ਧਾਰਨਾ ਸੱਚ ਹੀ ਹੁੰਦੀ ਹੈ ਕਿ ਜੇ ਪਤਨੀ ਪਹਿਲਾਂ ਤੁਰ ਜਾਵੇ, ਤਾਂ ਬੰਦਾ ਕਈ ਵਾਰ ਦਿਮਾਗੀ ਸੰਤੁਲਨ ਗੁਆ ਬੈਠਦਾ ਹੈ; ਹਾਲਾਂਕਿ ਕੇ. ਦੀਪ ਨੇ ਪਵਨਦੀਪ ਨਾਲ 'ਬਾਬਾ ਵੇ ਕਲਾ ਮਰੋੜ' ਜਾਂ 'ਤੇਰਾ ਬੜਾ ਕਰਾਰ ਪ੍ਰਦਨਾ' ਵਰਗੇ ਰੁਮਾਂਟਿਕ ਗੀਤ ਵੀ ਗਏ, ਪਰ ਦੋ ਪੈਗ ਪੀ ਕੇ ਅਧੀਏ ਜਿੰਨੀ ਖਿਲਾਰਨੀ, ਤੇ ਗਾਉਂਦਿਆਂ ਗਾਲ੍ਹਾਂ ਤੱਕ ਕੱਢ ਦੇਣੀਆਂ... ਆਏਂ ਜਾਪਦਾ ਸੀ ਜਿਵੇਂ ਇਕ ਸਿਰੇ ਵਾਲਾ ਰੱਸਾ ਹੋਵੇ। ਹਾਂ, ਇਹ ਦਾਅਵਾ ਉਹ ਜ਼ਰੂਰ ਵਾਰ-ਵਾਰ ਕਰ ਰਿਹਾ ਸੀ ਕਿ ਸ਼ਿਵ ਨੂੰ ਪਹਿਲੀ ਵਾਰ ਮੈਂ ਹੀ ਗਾਇਆ... ਜੋ ਕਿਸੇ ਹੱਦ ਤੱਕ ਠੀਕ ਵੀ ਸੀ। ਉਸ ਰਾਤ ਜਿਸ ਕੇ. ਦੀਪ ਨੂੰ ਮੈਂ ਬੇਸਬਰੀ ਨਾਲ ਉਡੀਕਦਾ ਰਿਹਾ ਸੀ, ਫਿਰ ਇੰਦਾਂ ਲੱਗ ਰਿਹਾ ਸੀ ਜਿਵੇਂ ਅਦਾਲਤ 'ਚ ਤਲਾਕ ਦਾ ਮੁਕੱਦਮਾ ਹਾਰ ਕੇ ਬੰਦਾ ਨਿਕਲਦਾ ਹੈ।

ਜਿਨ੍ਹਾਂ ਨੂੰਹਾਂ ਦੀ ਕੁੱਖ ਸੁਲੱਖਣੀ ਨਹੀਂ ਹੁੰਦੀ, ਉਨ੍ਹਾਂ ਦੀਆਂ ਸੱਸਾਂ ਨੂੰ ਉਨ੍ਹਾਂ ਦਾ ਹਰ ਗੁਣ ਵੀ ਔਗੁਣ ਲੱਗਦਾ ਹੁੰਦਾ ਹੈ। ਇਸ ਲਈ ਪਰਦੇਸ ਵਸ ਕੇ ਹੋ ਸਕਦੈ, ਕਈਆਂ ਨੂੰ ਆਪਣੇ ਮੁਲਕ ਦੀ ਧੂੜ ਚੰਗੀ ਨਾ ਲਗਦੀ ਹੋਵੇ, ਰਾਜਨੀਤੀ ਫਿੱਟ ਨਾ ਬੈਠਦੀ ਹੋਵੇ, ਭ੍ਰਿਸ਼ਟਾਚਾਰ ਭੂਤ ਲਗਦਾ ਹੋਵੇ, ਪ੍ਰਬੰਧ ਜ਼ਹਿਰ ਦਿਖਾਈ ਦਿੰਦਾ ਹੋਵੇ, ਪਰ ਯਕੀਨਨ ਇਸ ਤੱਥ ਤੋਂ ਕਦੇ ਵੀ ਵੱਖ ਨਹੀਂ ਹੋਇਆ ਜਾ ਸਕਦਾ ਕਿ ਪੰਛੀ ਉਡਦਾ ਭਾਵੇਂ ਅਸਮਾਨ 'ਚ ਹੈ ਪਰ ਆਲ੍ਹਣਾ ਧਰਤੀ 'ਤੇ ਪਾ ਕੇ ਰੱਖਦਾ ਹੈ।

ਅੰਗਰੇਜ਼ੀ ਦਵਾਈਆਂ ਦੇ ਯੁੱਗ ਵਿਚ ਵੀ ਆਯੁਰਵੈਦ ਦੀ ਗੱਲ ਪਿੱਛੇ ਨਹੀਂ ਪਈ, ਤੇ ਪਰਦੇਸੀ ਹੋ ਕੇ ਪੀੜਾ ਦੇਸ਼ ਦੀ ਹੀ ਸੱਲ ਬਣੀ ਰਹਿੰਦੀ ਹੈ। ਇਸੇ ਲਈ ਹੋ ਸਕਦੈ, ਇਹ ਗੱਲਾਂ ਕਰਦਿਆਂ ਤੁਹਾਨੂੰ ਲੱਗਾ ਵੀ ਹੋਵੇ ਜਿਵੇਂ ਖੁਸਰਿਆਂ ਨਾਲ ਵਧਾਈ ਵੇਲੇ ਢੋਲਕੀ ਵਜਾਉਣ ਵਾਲਾ ਗੁਲਾਮ ਅਲੀ ਦੀ ਮਹਿਫਲ ਵਿਚ ਬੇਸੁਰਾ ਤਬਲਾ ਵਜਾਉਣ ਲੱਗ ਪਿਆ ਹੋਵੇ। ਬੰਸਰੀ ਵੱਜਦੀ ਤਾਂ ਸਿਰ ਵੱਲੋਂ ਫੂਕ ਮਾਰਨ ਨਾਲ ਹੀ ਹੈ, ਪਰ ਅਣਜਾਣ ਦੂਜੇ ਸਿਰੇ ਵੱਲ ਵੀ ਹਵਾੜ੍ਹ ਕੱਢ ਲੈਂਦੇ ਹਨ। ਇਹ ਕਹਿ ਕੇ ਗੁਸਤਾਖੀ ਮੁਆਫ ਕਰਾਂਗਾ,

ਫੁੱਲਾਂ ਦੀ ਸੁਗੰਧ ਲੈ ਕੇ  
ਭੌਰੇ ਉਡ ਜਾਂਦੇ ਨੇ।  
ਪੰਛੀ ਪਰਦੇਸੀ ਕਦੇ  
ਬੈਠ ਕੇ ਨਾ ਖਾਂਦੇ ਨੇ।... ਜਾਂ  
ਪੰਛੀਆ ਪਰਦੇਸੀਆ ਵੇ  
ਉਡ-ਪੁੱਡ ਜਾਣਿਆ  
ਏਨੀਆਂ ਪ੍ਰੀਤਾਂ ਨਾ ਜਤਾ।  
ਖੌਰੇ ਕਿਹੜੇ ਵੇਲੇ  
ਮਾਰ ਜਾਏਂਗਾ ਉਡਾਰੀਆਂ  
ਲੁੱਟ ਲਏਂਗਾ ਜ਼ਿੰਦਗੀ ਦੇ ਚਾਅ।

## ਹਥੀਂ ਸੁਰਗ ਸਜਾਉਣਾ ਪੈਂਦਾ

ਰਗੜ ਕੇ ਮੱਥੇ ਸੁੱਖ ਹੀ ਭਾਲੇ,  
ਇਹ ਬੰਦੇ ਦੀ ਜੂਨ ਨਹੀਂ ਹੈ।  
ਵੀਟ੍ਹ ਸਮੁੱਚੀ ਜ਼ਿੰਦਗੀ, ਮਿਲਦਾ,  
ਇਹ ਸੌਦਾ ਪ੍ਰਚੂਨ ਨਹੀਂ ਹੈ।  
ਲਾਲਚ ਖਾਤਿਰ ਵਿਕਿਆ ਬੰਦਾ,  
ਬੈਠਾ ਅਣਖ ਜ਼ਮੀਰ ਵੇਚ ਕੇ,  
ਖਾਏ ਉਬਾਲੇ ਗੈਰਤ ਅੰਦਰ,  
ਇਸ ਦੇ ਵਿਚ ਉਹ ਖੂਨ ਨਹੀਂ ਹੈ।

ਖਾਧਾ ਇਸ ਨੂੰ ਹੀਣ ਭਾਵਨਾ,  
ਇਹ ਤਾਂ ਲਿਫ ਕੇ ਹੋਇਆ ਦੋਹਰਾ,  
ਅਣਖ ਈਮਾਨ ਦਾ ਇਸ ਦੇ ਅੰਦਰ,  
ਲਗਦਾ ਰਤਾ ਜਨੂਨ ਨਹੀਂ ਹੈ।  
ਤੱਕ ਕੇ ਹਾਸਾ ਉਪਮਾ ਕਿਧਰੇ,  
ਇਹ ਤਾਂ ਸੜਦਾ ਬਲਦਾ ਭੁੱਜਦਾ,  
ਏਸ ਧੁਆਂਖੇ ਦਿਲ 'ਚ ਕਿਧਰੇ,  
ਦਿਸਦਾ ਰਤਾ ਸਕੂਨ ਨਹੀਂ ਹੈ।

ਬੇਹਿੱਸ ਹਿਰਦੇ ਲਾਸ਼ਾਂ ਨਿਰੀਆਂ,  
ਚੰਮ ਖੁਸ਼ੀਆਂ ਦੇ ਇਹ ਤਾਂ ਪੁਤਲੇ,  
ਆਪਣੀ ਖਾਤਿਰ ਹੀ ਤਾਂ ਜੀਣਾ,  
ਬੰਦੇ ਦੀ ਕੋਈ ਜੂਨ ਨਹੀਂ ਹੈ।  
ਦੇ ਕੇ ਸਿਰ ਸਰਦਾਰੀ ਲੈਣੀ,  
ਜੀਵਦਿਆਂ ਹੀ ਮਰ ਕੇ ਜੀਊਣਾ,  
ਇਸ ਤੋਂ ਵਡਾ ਜੀਵਨ ਖਾਤਿਰ,  
ਜ਼ਿੰਦਗੀ ਦਾ ਕਾਨੂੰਨ ਨਹੀਂ ਹੈ।

ਖਲਕਤ ਸੇਵਾ ਵਤਨ ਪ੍ਰਸਤੀ,  
ਕਹਿਣੀ ਕਰਨੀ ਤੇ ਕੁਰਬਾਨੀ,  
ਮੰਜ਼ਲ ਦੇ ਇਸ ਆਸ਼ੇ ਉਪਰ,  
ਹੋਰ ਕੋਈ ਮਜ਼ਮੂਨ ਨਹੀਂ ਹੈ।  
ਅਰਸ਼ੀ ਪੀਂਘ ਦੇ ਸੁਹਜਾਂ ਜਿਹਾ,  
ਪੈਂਦਾ ਹੱਥੀਂ ਸੁਰਗ ਸਜਾਉਣਾ,  
ਸਾਡੇ ਲਈ ਕੋਈ ਥਾਲ ਪਰੋਸੀ,  
ਫਿਰਦਾ ਅਫਲਾਤੂਨ ਨਹੀਂ ਹੈ।

-ਗਿਆਨ ਸਿੰਘ ਕੋਟਲੀ,  
ਵੈਨਕੂਵਰ, ਕੈਨੇਡਾ।  
ਫੋਨ: 604-502-7151

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਜੋਗੀ ਨੇ ਬਦਮਾਸ਼

ਬਿਜਲੀ ਅੱਖਾਂ ਮਾਰਦੀ ਸੂਰਜ ਵੰਡਦਾ ਲੂਹ,  
ਹੁਣ ਬਸ ਲੋਕ ਪੰਜਾਬ ਦੇ ਚੁੱਕੀ ਫਿਰਦੇ ਰੂਹ।  
ਕੂਲਰ-ਪੱਖੇ ਬੰਦ ਨੇ ਰੁੱਖ ਵੀ ਖੜੇ ਉਦਾਸ,  
ਬੱਦਲ-ਬਾਦਲ ਚੁੱਪ ਨੇ ਰੱਖੀਏ ਕੀਹਤੋਂ ਆਸ।  
ਜੀਵ-ਜੰਤੂ ਸਭ ਹੌਂਕਦੇ ਨਿਕਲੀ ਜਾਵੇ ਜਾਨ,  
ਲਾਰੇ ਲਾਉਣ 'ਚ ਮਹਾਰ ਨੇ ਪਿਓ ਤੇ ਪੁੱਤ ਸ਼ੈਤਾਨ।  
ਬੋਤਲ ਮੂੰਹ 'ਚੋਂ ਕੱਢ ਕੇ ਚੁੰਘਣੀ ਦਿੰਦੇ ਤੁੰਨ,  
ਉਤੋਂ ਲੋਕ ਸ਼ਰੀਫ ਨੇ ਖਾਈ ਜਾਣ ਘਸੁੰਨ।  
ਚੱਬਣਾ ਸੱਚੀਂ ਪੈਵਣਾ ਹੁਣ ਮਰਦਿਆਂ ਨੂੰ ਅੱਕ,  
ਤਾਂ ਹੀ ਬਚੂ ਪੰਜਾਬ ਦਾ ਮਾੜਾ ਮੋਟਾ ਨੱਕ।  
ਖੈਰਾਂ ਨ੍ਹੀਂ ਹੁਣ ਪਾਉਣੀਆਂ ਜੋਗੀ ਨੇ ਬਦਮਾਸ਼,  
ਮਰੀ ਇਨ੍ਹਾਂ ਦੀ ਆਤਮਾ ਚੁੱਕੀ ਫਿਰਦੇ ਲਾਸ਼।  
ਕਾਬੂ ਆਉਂਦੇ ਨਾਗ ਨਾ, ਥੱਕ ਕੇ ਬਹਿ'ਗੀ ਬੀਨ,  
ਨਾਟਕ ਚੱਲੀ ਜਾ ਰਿਹਾ, ਨਹੀਂ ਬਦਲਦਾ ਸੀਨ।

ਗੁਰਮਤਿ ਵਿਚਾਰ

# ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ



ਡਾ. ਗੁਰਨਾਮ ਕੌਰ, ਕੈਨੇਡਾ

ਇਕੁ ਮਨੁ ਇਕੁ ਵਰਤਦਾ
ਜਿਤੁ ਲਗੈ ਸੋ ਥਾਇ ਪਾਇ॥
ਕੋਈ ਗਲਾ ਕਰੇ ਗਨੇਰੀਆ
ਜਿ ਘਰਿ ਵਥੁ ਹੋਵੈ ਸਾਈ ਖਾਇ॥...
ਜਿਉ ਲੋਹਾ ਪਾਰਸਿ ਭੇਟੀਐ
ਮਿਲਿ ਸੰਗਤਿ ਸੁਵਰਨੁ ਹੋਇ ਜਾਇ॥
ਜਨ ਨਾਨਕ ਕੇ ਪ੍ਰਭ ਤੂ ਧਣੀ
ਜਿਉ ਭਾਵੈ ਤਿਵੈ ਚਲਾਇ॥੨॥ (ਪੰਨਾ ੩੦੩)

ਇਸ ਸਲੋਕ ਵਿਚ ਗੁਰੂ ਰਾਮਦਾਸ ਜੀ ਨੇ ਮਨੁੱਖੀ ਮਨ ਦੀ ਅਵਸਥਾ ਦਾ ਜ਼ਿਕਰ ਕੀਤਾ ਹੈ ਕਿ ਮਨੁੱਖ ਦਾ ਮਨ ਇੱਕ ਹੈ ਅਤੇ ਇਹ ਇੱਕ ਪਾਸੇ ਹੀ ਲੱਗ ਸਕਦਾ ਹੈ ਅਤੇ ਇਹ ਮਨੁੱਖ 'ਤੇ ਨਿਰਭਰ ਹੈ ਕਿ ਉਸ ਨੇ ਆਪਣੇ ਮਨ ਨੂੰ ਕਿਸ ਪਾਸੇ ਲਾਉਣਾ ਹੈ। ਭਾਵ ਚੰਗੇ ਪਾਸੇ ਲਾਇਆ ਮਨ ਚੰਗਿਆਈ ਵੱਲ ਲੱਗ ਜਾਂਦਾ ਹੈ ਅਤੇ ਬੁਰੇ ਪਾਸੇ ਲਾਇਆ ਮਨ ਬੁਰਾਈ 'ਚ ਲੱਗਾ ਰਹਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨ ਇੱਕ ਹੈ ਅਤੇ ਇੱਕ ਪਾਸੇ ਹੀ ਲੱਗ ਲੱਗ ਸਕਦਾ ਹੈ, ਮਨ ਜਿਸ ਪਾਸੇ ਵੀ ਜੁੜ ਜਾਂਦਾ ਹੈ, ਉਥੇ ਹੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ। ਮਨੁੱਖ ਭਾਵੇਂ ਜਿੰਨੀਆਂ ਮਰਜ਼ੀ ਗੱਲਾਂ ਕਰੀ ਜਾਵੇ ਪਰ ਖਾ ਉਹੋ ਕੁਝ ਸਕਦਾ ਹੈ ਜੋ ਕੁਝ ਘਰ ਵਿਚ ਪ੍ਰਾਪਤ ਹੋਵੇ ਅਰਥਾਤ ਜੋ ਕੁਝ ਕੋਲ ਹੋਵੇ। ਭਾਵ ਮਨ ਜਿਸ ਪਾਸੇ ਲੱਗਾ ਹੋਇਆ ਹੋਵੇ, ਉਸ ਨੇ ਪ੍ਰਾਪਤੀ ਵੀ ਉਹੀ ਕਰਨੀ ਹੈ। ਇਸ ਤੱਥ ਦੀ ਸੋਝੀ ਮਨੁੱਖ ਨੂੰ ਸਤਿਗੁਰੂ ਦੀ ਅਗਵਾਈ ਤੋਂ ਬਿਨਾਂ ਨਹੀਂ ਹੁੰਦੀ ਅਤੇ ਇਸ ਸੋਝੀ ਤੋਂ ਬਿਨਾ ਮਨ 'ਚੋਂ ਅਹੰਕਾਰ ਨੂੰ, ਹਉਮੈ ਨੂੰ ਦੂਰ ਨਹੀਂ ਕਰ ਸਕੀਦਾ (ਹਉਮੈ ਨੂੰ ਦੂਰ ਕੀਤੇ ਬਿਨਾ ਮਨ ਨੂੰ ਚੰਗੇ ਪਾਸੇ ਵੱਲ ਨਹੀਂ ਲਾਇਆ ਜਾ ਸਕਦਾ)। ਅਹੰਕਾਰੀ ਬੰਦਿਆਂ ਦੇ ਮਨ ਦੀ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ, ਉਨ੍ਹਾਂ ਦੇ ਮਨ ਨੂੰ ਸਦਾ ਤ੍ਰਿਸ਼ਨਾ ਲੱਗੀ ਰਹਿੰਦੀ ਹੈ, ਹੋਰ ਪ੍ਰਾਪਤੀ ਭੁੱਖ ਲੱਗੀ ਰਹਿੰਦੀ ਹੈ ਜਿਸ ਕਾਰਨ ਉਨ੍ਹਾਂ ਦਾ ਮਨ ਤ੍ਰਿਸ਼ਨਾ ਦੀ ਅੱਗ ਕਾਰਨ ਸਦਾ ਦੁਖੀ ਰਹਿੰਦਾ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਆਪਣੇ ਮਨ ਦੀ ਭੁੱਖ ਕਾਰਨ ਉਹ ਹੱਥ ਅੱਡ ਕੇ ਦਰ ਦਰ ਮੰਗਦੇ ਰਹਿੰਦੇ ਹਨ। ਉਨ੍ਹਾਂ ਦਾ ਦਿਖਾਵਾ ਲਹਿ ਜਾਂਦਾ ਹੈ ਕਿਉਂਕਿ ਕੂੜ ਅਤੇ ਠੱਗੀ ਬਹੁਤੀ ਦੇਰ ਲੁਕੇ ਨਹੀਂ ਰਹਿ ਸਕਦੇ। ਜਿਨ੍ਹਾਂ ਨੇ ਪਿਛਲੇ ਕਰਮ ਚੰਗੇ ਕੀਤੇ ਹੁੰਦੇ ਹਨ, ਉਨ੍ਹਾਂ ਦੇ ਲਿਖੇ ਚੰਗੇ ਅਤੇ ਭਲੇ ਸੰਸਕਾਰਾਂ ਕਰਕੇ ਉਨ੍ਹਾਂ ਦਾ ਸਤਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ। ਉਹ ਚੰਗੀ ਸੰਗਤਿ ਵਿਚ ਮਿਲ ਕੇ ਆਪ ਵੀ ਚੰਗੇ ਬਣ ਜਾਂਦੇ ਹਨ, ਤਰ ਜਾਂਦੇ ਹਨ, ਉਸੇ ਤਰ੍ਹਾਂ ਜਿਸ ਤਰ੍ਹਾਂ ਪਾਰਸ ਨਾਲ ਮਿਲ ਕੇ ਲੋਹਾ ਵੀ ਸੋਨਾ ਬਣ ਜਾਂਦਾ ਹੈ। ਗੁਰੂ ਰਾਮਦਾਸ ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ ਕਿ ਉਹ ਹੀ ਸਭ ਦਾ ਸੁਆਮੀ ਹੈ, ਮਾਲਕ ਹੈ, ਜਿਸ ਤਰ੍ਹਾਂ ਉਸ ਨੂੰ ਚੰਗਾ ਲੱਗਦਾ ਹੈ, ਉਵੇਂ ਹੀ ਜੀਵਾਂ ਨੂੰ ਤੋਰਦਾ ਹੈ।

ਇਸ ਸਲੋਕ ਤੋਂ ਬਾਅਦ ਪਉੜੀ ਵਿਚ ਵੀ ਦੱਸਿਆ ਹੈ ਕਿ ਜਿਹੜੇ ਜੀਵ ਆਪਣੇ ਹਿਰਦੇ ਵਿਚ ਅਕਾਲ ਪੁਰਖ ਦਾ ਧਿਆਨ ਧਰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖ ਆਪ ਆਪਣੇ ਨਾਲ ਮਿਲਾ ਲੈਂਦਾ ਹੈ। ਜਿਨ੍ਹਾਂ ਜੀਵਾਂ ਨੇ ਆਪਣੇ ਗੁਣਾਂ ਨਾਲ ਸਾਂਝ ਪੈਦਾ ਕੀਤੀ ਹੈ ਭਾਵ ਉਨ੍ਹਾਂ ਨੇ ਚੰਗੇ ਗੁਣੀ ਕੰਮ ਕੀਤੇ ਹਨ, ਉਨ੍ਹਾਂ ਦੇ ਸਾਰੇ ਅਉਗੁਣ ਸ਼ਬਦ ਰਾਹੀਂ ਨਸ਼ਟ ਹੋ ਜਾਂਦੇ ਹਨ, ਸਾਰੇ ਪਾਪ ਮਿਟ ਜਾਂਦੇ ਹਨ। ਗੁਰੂ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਔਗੁਣ ਪਰਾਲੀ ਦੇ ਭਾਅ ਵੇਚਣ ਲਈ ਭਾਵ ਔਗੁਣਾਂ ਦਾ ਸਹਿਜੇ ਹੀ ਨਾਸ ਕਰਨ ਲਈ ਗੁਣਾਂ ਦੀ ਇਹ ਸਾਂਝ ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਅਕਾਲ ਪੁਰਖ ਆਪ ਇਹ ਸਾਂਝ ਦਿੰਦਾ ਹੈ। ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਨੂੰ ਆਪ ਗੁਣਾਂ ਦੀ ਬਖਸ਼ਿਸ਼ ਕਰਦਾ ਹੈ।

ਗੁਰੂ ਰਾਮਦਾਸ ਕਹਿੰਦੇ ਹਨ ਕਿ ਉਹ ਆਪਣੇ ਸਤਿਗੁਰੂ ਤੋਂ ਸਦਕੇ ਜਾਂਦੇ ਹਨ ਜਿਸ ਨੇ ਜੀਵ ਦੇ ਪਾਪ ਦੂਰ ਕਰਕੇ ਗੁਣ ਪਰਗਟ ਕੀਤੇ ਹਨ। ਜਿਹੜਾ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ, ਉਹ ਉਸ ਸਰਬ-ਉਚ ਅਕਾਲ ਪੁਰਖ ਦੀ ਵਡਿਆਈ ਕਰਨ ਦੇ ਰਾਹ 'ਤੇ ਚੱਲ ਪੈਂਦਾ ਹੈ, ਉਸ ਦੀ ਸਿਫ਼ਤਿ-ਸਾਲਾਹ ਕਰਨ ਲੱਗ ਪੈਂਦਾ ਹੈ,

ਜਿਨ ਹਰਿ ਹਿਰਦੈ ਸੇਵਿਆ
ਤਿਨ ਹਰਿ ਆਪਿ ਮਿਲਾਏ॥
ਗੁਣ ਕੀ ਸਾਝ ਤਿਨ ਸਿਉ ਕਰੀ
ਸਭਿ ਅਵਗੁਣ ਸਬਦਿ ਜਲਾਏ॥
ਅਉਗੁਣ ਵਿਕਣਿ ਪਲਰੀ
ਜਿਸੁ ਦੇਹਿ ਸੁ ਸਚੇ ਪਾਏ॥
ਬਲਿਹਾਰੀ ਗੁਰ ਆਪਣੇ
ਜਿਨਿ ਅਉਗੁਣ ਮੇਟਿ ਗੁਣ ਪਰਗਟੀਆਏ॥
ਵਡੀ ਵਡਿਆਈ ਵਡੇ ਕੀ
ਗੁਰਮੁਖਿ ਆਲਾਏ॥੭॥ (ਪੰਨਾ ੩੦੩)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਜੀ ਨੇ ਸਤਿਗੁਰੂ ਦੇ ਗੁਣਾਂ ਦਾ ਬਿਆਨ ਕੀਤਾ ਹੈ ਕਿ ਉਸ ਵਿਚ ਕੀ ਕੀ ਵਡਿਆਈਆਂ ਹਨ। ਸਭ ਤੋਂ ਪਹਿਲਾ ਗੁਣ ਸਤਿਗੁਰ ਦਾ ਇਹ ਹੈ ਕਿ ਸਤਿਗੁਰੂ ਦਿਨ-ਰਾਤ, ਹਰ ਸਮੇਂ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ। ਇਹੋ ਸਤਿਗੁਰੂ ਵਾਸਤੇ ਸੁੱਚ ਤੇ ਸੰਜਮ (ਅਧਿਆਤਮਕ ਗੁਣ) ਗੁਣ ਹਨ ਅਤੇ ਨਾਮ ਸਿਮਰਨ ਹੀ ਉਸ ਵਾਸਤੇ ਤ੍ਰਿਪਤੀ ਦਾ ਸਾਧਨ ਹੈ। ਅਕਾਲ ਪੁਰਖ ਦਾ ਨਾਮ ਹੀ ਉਸ ਦੀ ਤਾਕਤ ਹੈ, ਉਸ ਦਾ ਓਟ ਆਸਰਾ ਹੈ ਅਤੇ ਪਰਮਾਤਮ-ਨਾਮ ਹੀ ਉਸ ਦੀ ਰੱਖਿਆ ਕਰਨ ਵਾਲਾ ਹੈ। ਜੋ ਮਨੁੱਖ ਸਤਿਗੁਰੂ ਦੇ ਉਪਦੇਸ਼ ਨੂੰ ਸੁਣ ਕੇ ਆਪਣੇ ਅੰਦਰ ਵਸਾ ਲੈਂਦਾ ਹੈ ਅਤੇ ਆਪ ਵੀ ਇਹ ਗੁਣ ਧਾਰ ਲੈਂਦਾ ਹੈ, ਉਸ ਨੂੰ ਫਿਰ ਮਨ ਚਾਹੇ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ,

ਸਤਿਗੁਰ ਵਿਚਿ ਵਡੀ ਵਡਿਆਈ
ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ
ਹਰਿ ਨਾਮੇ ਹੀ ਤ੍ਰਿਪਤਾਵੈ॥
ਹਰਿ ਨਾਮੁ ਤਾਣੁ ਹਰਿ ਨਾਮ ਦੀਬਾਣੁ
ਹਰਿ ਨਾਮੋ ਰਖ ਕਰਾਵੈ॥
ਜੋ ਚਿਤੁ ਲਾਇ ਪੂਜੇ ਗੁਰ ਮੂਰਤਿ
ਸੋ ਮਨਿ ਇਛੇ ਫਲ ਪਾਵੈ॥

ਸਤਿਗੁਰ ਦੀ ਵਡਿਆਈ, ਉਸ ਦੇ ਗੁਣ ਦੱਸਣ ਤੋਂ ਬਾਅਦ ਫਿਰ ਅੱਗੇ ਦੱਸਿਆ ਹੈ ਕਿ ਅਜਿਹੇ ਸਤਿਗੁਰੂ ਦੀ ਜੇ ਕੋਈ ਮਨੁੱਖ ਨਿੰਦਾ ਕਰਦਾ ਹੈ ਤਾਂ ਉਸ ਨਿੰਦਾ ਦਾ ਕੀ ਨਤੀਜਾ ਨਿਕਲਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਅਜਿਹੀ ਪਹੁੰਚੀ ਹੋਈ ਅਧਿਆਤਮਕ ਹਸਤੀ, ਰੱਬ ਦੀ ਪਿਆਰੀ ਹਸਤੀ ਅਰਥਾਤ ਸਤਿਗੁਰੂ ਦੀ ਕੋਈ ਮਨੁੱਖ ਨਿੰਦਾ ਕਰਦਾ ਹੈ ਤਾਂ ਉਸ ਨੂੰ ਰੱਬ ਵੱਲੋਂ ਮਾਰ ਪੈਂਦੀ ਹੈ, ਪਰਮਾਤਮਾ ਆਪ ਅਜਿਹੇ ਨਿੰਦਕ ਨੂੰ ਮਾਰ ਪੁਆਉਂਦਾ ਹੈ। ਉਸ ਨੂੰ ਆਪਣੀ ਇਸ ਕੀਤੀ ਕਮਾਈ ਦਾ ਅਰਥਾਤ ਨਿੰਦਾ ਦਾ ਫਲ ਫਿਰ ਭੋਗਣਾ ਹੀ ਪੈਂਦਾ ਹੈ ਫਿਰ ਭਾਵੇਂ ਉਹ ਪਛਤਾਉਂਦਾ ਹੈ ਪਰ ਉਹ ਨਿੰਦਾ ਕਰਕੇ ਜੋ ਸਮਾਂ ਲੰਘਾ ਦਿੱਤਾ, ਉਹ ਮੁੜ ਕੇ ਹੱਥ ਨਹੀਂ ਆਉਂਦਾ। ਅਜਿਹੇ ਨਿੰਦਕ ਨੂੰ ਕਾਲਾ ਮੂੰਹ ਕਰਕੇ ਨਰਕ ਵਿਚ ਪਾਇਆ ਜਾਂਦਾ ਹੈ ਉਵੇਂ ਹੀ ਜਿਵੇਂ ਚੋਰ ਨੂੰ ਬੰਨ ਕੇ, ਗਲ ਵਿਚ ਰੱਸੀ ਪਾ ਕੇ ਲਿਜਾਇਆ ਜਾਂਦਾ ਹੈ। ਅਜਿਹਾ ਮਨੁੱਖ ਫਿਰ ਇਸ ਨਿੰਦਾ-ਰੂਪ ਡਰਾਉਣੇ ਨਰਕ ਵਿਚੋਂ ਤਾਂ ਹੀ ਬਚ ਕੇ ਨਿਕਲ ਸਕਦਾ ਹੈ ਜੇ ਸਤਿਗੁਰੂ ਦੀ ਸ਼ਰਨ ਆ ਕੇ, ਉਸ ਦੇ ਚਰਨੀਂ ਲੱਗ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੇ। ਗੁਰੂ ਰਾਮਦਾਸ ਇਹ ਤੱਥ ਸਪਸ਼ਟ ਕਰਦੇ ਹਨ ਕਿ ਅਕਾਲ ਪੁਰਖ ਨੂੰ ਇਵੇਂ ਹੀ ਭਾਉਂਦਾ ਹੈ ਕਿ ਮਨੁੱਖ ਨੂੰ ਮਾੜੇ ਕੰਮ ਦੀ ਸਜਾ, ਨਿੰਦਾ-ਈਰਖਾ ਆਦਿ ਭੁਗਤਣੀ ਹੀ ਪੈਂਦੀ ਹੈ,

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਤਿਸੁ ਕਰਤਾ ਮਾਰ ਦਿਵਾਵੈ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ
ਓਹੁ ਆਪਣਾ ਬੀਜਿਆ ਆਪੇ ਖਾਵੈ॥
ਨਰਕਿ ਘੋਰਿ ਮੁਹਿ ਕਾਲੈ ਖੜਿਆ
ਜਿਉ ਤਸਕਰੁ ਪਾਇ ਗਲਾਵੈ॥
ਫਿਰਿ ਸਤਿਗੁਰ ਕੀ ਸਰਣੀ ਪਵੈ
ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ॥
ਹਰਿ ਬਾਤਾ ਆਖਿ ਸੁਣਾਏ ਨਾਨਕੁ
ਹਰਿ ਕਰਤੇ ਏਵੈ ਭਾਵੈ॥੧॥ (ਪੰਨਾ ੩੦੩)

ਗੁਰਮਤਿ ਦਰਸ਼ਨ ਵਿਚ ਮਨੁੱਖ ਦੀਆਂ ਦੋ ਹੀ ਸ਼ੇਣੀਆਂ ਪਰਵਾਨ ਕੀਤੀਆਂ ਹਨ-ਗੁਰਮੁਖਿ ਅਤੇ ਮਨਮੁਖਿ। ਜੋ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਗੁਰੂ ਦੇ ਸ਼ਬਦ ਅਨੁਸਾਰ ਆਪਣੀ ਜੀਵਨ-ਸ਼ੈਲੀ ਬਣਾਉਂਦੇ ਹਨ, ਉਹ ਗੁਰਮੁਖਿ ਹਨ। ਦੂਸਰੇ ਉਹ ਹਨ ਜੋ ਆਪਣੇ ਮਨ ਦੀਆਂ ਇਛਾਵਾਂ ਅਨੁਸਾਰ ਚੱਲਦੇ ਹਨ ਅਤੇ ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਦੇ ਅਧੀਨ ਚੱਲਦਾ ਹੈ, ਉਸ ਨੂੰ ਮਨਮੁਖਿ ਕਿਹਾ ਹੈ। ਗੁਰਮਤਿ ਅਨੁਸਾਰ ਮਨੁੱਖ ਦੀ ਪਰਵਾਨਿਤ ਸ਼੍ਰੇਣੀ ਗੁਰਮੁਖਿ ਹੈ।

ਇਸ ਸਲੋਕ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਜਿਹੜਾ ਮਨੁੱਖ ਗੁਰੂ ਦੇ ਹੁਕਮ ਅਨੁਸਾਰ ਨਹੀਂ ਚੱਲਦਾ, ਗੁਰੂ ਦੀ ਆਗਿਆ ਦਾ ਪਾਲਣ ਨਹੀਂ ਕਰਦਾ, ਉਹ ਮਨਮੁਖਿ ਹੈ ਅਤੇ ਗਿਆਨ ਤੋਂ ਸੱਖਣਾ ਹੈ। ਅਜਿਹਾ ਗਿਆਨ-ਵਿਹੂਣਾ ਮਨੁੱਖ ਮਇਆ-ਰੂਪ ਜ਼ਹਿਰ ਦਾ ਠੱਗਿਆ ਹੋਇਆ ਹੈ ਅਤੇ ਉਸ ਦੇ ਅੰਦਰ ਝੂਠ ਹੀ ਝੂਠ ਭਰਿਆ ਹੋਇਆ ਹੈ, ਇਸ ਲਈ ਉਹ ਸੱਚ ਨੂੰ ਵੀ ਝੂਠ ਹੀ ਸਮਝਦਾ ਹੈ। ਅਕਾਲ ਪੁਰਖ ਨੇ ਉਸ ਦੇ ਇਸ ਝੂਠ ਕਰਨ ਵਿਅਰਥ ਦੇ ਝਗੜੇ ਉਸ ਦੇ ਗਲ ਪਾਏ ਹੋਏ ਹਨ। ਉਹ ਗੱਲਾਂ ਦੀ ਖੱਟੀ ਖਾਣ ਲਈ ਬਥੇਰਾ ਊਲ-ਜਲੂਲ ਬੋਲਦਾ ਹੈ ਅਤੇ ਰੋਟੀ ਕਮਾਉਣ ਦੇ ਜਤਨ ਕਰਦਾ ਹੈ, ਪਰ ਜੋ ਕੁਝ ਉਹ ਬੋਲਦਾ ਹੈ, ਕਿਸੇ ਨੂੰ ਚੰਗਾ ਨਹੀਂ ਲਗਦਾ। ਉਹ ਛੱਡੀ ਹੋਈ ਔਰਤ ਦੀ ਤਰ੍ਹਾਂ (ਜਿਸ ਦਾ ਕੋਈ ਟਿਕਾਣਾ ਨਹੀਂ ਹੁੰਦਾ) ਘਰ ਘਰ ਫਿਰਦਾ ਹੈ। ਅਜਿਹੇ ਮਨੁੱਖ ਨਾਲ ਜੋ ਕੋਈ ਵੀ ਮਿਲਣ-ਵਰਤਣ ਰੱਖਦਾ ਹੈ, ਉਸ ਦੀ ਵੀ ਬਦਨਾਮੀ ਹੁੰਦੀ ਹੈ,

ਪੂਰੇ ਗੁਰ ਕਾ ਹੁਕਮੁ ਨ ਮੰਨੈ
ਓਹੁ ਮਨਮੁਖੁ ਅਗਿਆਨੁ
ਮੁਠਾ ਬਿਖੁ ਮਾਇਆ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ
ਅਣਹੋਦੇ ਝਗੜੇ ਦਯਿ
ਓਸ ਦੈ ਗਲਿ ਪਾਇਆ॥
ਓਹੁ ਗਲ ਫਰੋਸੀ ਕਰੇ ਬਹੁਤੇਰੀ
ਓਸ ਦਾ ਬੋਲਿਆ ਕਿਸੈ ਨ ਭਾਇਆ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ
ਓਸੁ ਨਾਲਿ ਮੁਹੁ ਜੋੜੇ
ਓਸੁ ਭੀ ਲਛਣੁ ਲਾਇਆ॥

ਇਸ ਦੇ ਬਿਲਕੁਲ ਉਲਟ ਗੁਰਮੁਖਿ ਦਾ ਵਿਅਕਤਿਤਵ ਹੈ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਮਨਮੁਖ ਤੋਂ ਬਿਲਕੁਲ ਵੱਖ ਰਹਿੰਦਾ ਹੈ, ਨਿਰਲੇਪ ਰਹਿੰਦਾ ਹੈ ਅਤੇ ਮਨਮੁਖ ਦਾ ਸਾਥ ਛੱਡ ਕੇ ਗੁਰੂ ਦੀ ਸੰਗਤਿ ਕਰਦਾ ਹੈ। ਗੁਰੂ ਰਾਮਦਾਸ ਕਹਿੰਦੇ ਹਨ ਕਿ ਹੇ ਸੰਤ ਜਨੋ! ਜਿਹੜਾ ਮਨੁੱਖ ਆਪਣੇ ਗੁਰੂ ਦੀ ਨਿੰਦਾ ਕਰਦਾ ਹੈ, ਉਹ ਮਨੁੱਖ ਚੰਗਾ ਨਹੀਂ ਅਤੇ ਉਸ ਨੇ ਇਸ ਜਨਮ ਵਿਚ ਜੋ ਖੱਟਣਾ ਸੀ ਉਸ ਨੂੰ ਵੀ ਗੁਆ ਲੈਂਦਾ ਹੈ ਅਤੇ ਮੂਲ ਅਰਥਾਤ ਇਸ ਜਨਮ ਨੂੰ ਵੀ ਗੁਆ ਲੈਂਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਗੁਰੂ ਦੇ ਸਿੱਖ ਵਾਸਤੇ ਅਗਮ ਅਤੇ ਨਿਗਮ (ਵੇਦ ਅਤੇ ਸ਼ਾਸਤਰ) ਦਾ ਸਿਧਾਂਤ ਇਹੀ ਹੈ ਕਿ ਪੂਰੇ ਸਤਿਗੁਰੂ ਦਾ ਬਚਨ, ਗੁਰੂ ਦਾ ਸ਼ਬਦ ਹੀ ਸਭ ਤੋਂ ਉਤਮ ਅਤੇ ਪ੍ਰਮਾਣੀਕ ਸਿਧਾਂਤ ਹੈ। ਗੁਰਸਿੱਖਾਂ ਨੂੰ ਪੂਰੇ ਸਤਿਗੁਰੂ ਦੀ ਵਡਿਆਈ, ਗੁਰੂ ਦੀ ਸ਼ੋਭਾ ਚੰਗੀ ਲਗਦੀ ਹੈ ਪਰ ਮਨਮੁਖਾਂ ਨੂੰ ਗੁਰੂ ਦੀ ਵਡਿਆਈ ਨੂੰ ਸਮਝਣ ਦਾ ਸਮਾਂ ਹੱਥ ਹੀ ਨਹੀਂ ਆਉਂਦਾ,

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ
ਗੁਰ ਪਾਸਿ ਬਹਿ ਜਾਇਆ॥
ਜੋ ਗੁਰੁ ਗੋਪੇ ਆਪਣਾ ਸੁ ਭਲਾ
ਨਾਹੀ ਪੰਚਹੁ ਓਨਿ ਲਾਹਾ
ਮੂਲੁ ਸਭੁ ਗਵਾਇਆ॥
ਪਹਿਲਾ ਆਗਮੁ ਨਿਗਮੁ ਨਾਨਕੁ
ਆਖਿ ਸੁਣਾਏ ਪੂਰੇ ਗੁਰ ਕਾ
ਬਚਨੁ ਉਪਰਿ ਆਇਆ॥
ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ॥੨॥
(ਪੰਨਾ ੩੦੩-੩੦੪)

ਅੱਗੇ ਅੱਠਵੀਂ ਪਉੜੀ ਵਿਚ ਦੱਸਿਆ ਹੈ ਕਿ ਉਹ ਸਦੀਵੀ ਕਾਇਮ ਰਹਿਣ ਵਾਲਾ ਅਕਾਲ ਪੁਰਖ ਸਭ ਤੋਂ ਉਚੀ ਅਤੇ ਵੱਡੀ ਹਸਤੀ ਹੈ। ਇਸ ਹਸਤੀ ਨਾਲ ਮਿਲਾਪ ਉਸ ਮਨੁੱਖ ਦਾ ਹੁੰਦਾ ਹੈ ਜਿਸ ਨੂੰ ਗੁਰੂ ਵੱਲੋਂ ਤਿਲਕ ਮਿਲਦਾ ਹੈ ਅਰਥਾਤ ਜਿਸ ਨੂੰ ਗੁਰੂ ਵੱਲੋਂ ਅਸੀਸ ਮਿਲਦੀ ਹੈ, ਜਿਸ 'ਤੇ ਗੁਰੂ ਦੀ ਮਿਹਰ ਹੁੰਦੀ ਹੈ। ਇਥੇ ਗੁਰੂ ਰਾਮਦਾਸ ਨੇ ਸਤਿਗੁਰੂ ਜਾਂ ਸੱਚੇ ਗੁਰੂ ਬਾਰੇ ਵੀ ਦੱਸਿਆ ਹੈ ਕਿ ਸੱਚਾ ਗੁਰੂ ਕਿਹੋ ਜਿਹਾ ਹੁੰਦਾ ਹੈ। ਸੱਚਾ ਗੁਰੂ ਉਹ ਹੁੰਦਾ ਹੈ ਜੋ ਹਰ ਸਮੇਂ ਉਸ ਅਕਾਲ ਪੁਰਖ ਨੂੰ ਧਿਆਉਂਦਾ ਹੈ, ਉਸ ਨੂੰ ਯਾਦ ਕਰਦਾ ਹੈ ਅਤੇ ਜਿਸ ਦਾ ਆਪਣਾ ਅਕਾਲ ਪੁਰਖ ਨਾਲ ਮੇਲ ਹੋ ਗਿਆ ਹੁੰਦਾ ਹੈ, ਉਹ ਸੱਚਾ ਅਰਥਾਤ ਅਕਾਲ ਪੁਰਖ ਅਤੇ ਗੁਰੂ ਇੱਕਰੂਪ ਹੋ ਗਏ ਹਨ, ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ-ਪੰਜੇ ਵੈਰੀਆਂ ਨੂੰ ਖਿੱਚ ਕੇ ਵੱਸ ਵਿਚ ਕਰ ਲਿਆ ਹੈ। ਇਥੇ ਗੁਰਮੁਖਾਂ ਦੇ ਉਲਟ ਮਨਮੁਖਾਂ ਦਾ ਕਿਰਦਾਰ ਦੱਸਿਆ ਹੈ ਕਿ ਜਿਹੜੇ ਮਨੁੱਖ ਸਤਿਗੁਰੂ ਦੀ ਸੇਵਾ ਤੋਂ ਵਾਂਝੇ ਰਹਿ ਜਾਂਦੇ ਹਨ, ਉਹ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਅਜਿਹੇ ਮਨੁੱਖਾਂ ਦੇ ਅੰਦਰ ਝੂਠ ਹੀ ਝੂਠ ਭਰਿਆ ਹੁੰਦਾ ਹੈ, ਜਿਸ ਕਰਕੇ ਉਨ੍ਹਾਂ ਦਾ ਮੂੰਹ ਫਿੱਕਾ ਰਹਿੰਦਾ ਅਰਥਾਤ ਉਨ੍ਹਾਂ ਦੇ ਚਿਹਰੇ 'ਤੇ ਮਿਲਾਪ ਦੀ ਕੋਈ ਰੌਣਕ, ਨਾਮ-ਸਿਮਰਨ ਦੀ ਕੋਈ ਲਾਲੀ ਨਹੀਂ ਹੁੰਦੀ, ਕੋਈ ਨੂਰ ਨਹੀਂ ਹੁੰਦਾ। ਅਜਿਹੇ ਮਨਮੁਖਾਂ ਦੇ ਮੂੰਹ 'ਤੇ ਫਿਟਕਾਰ ਪੈਂਦੀ ਹੈ ਅਤੇ ਉਨ੍ਹਾਂ ਦੇ ਬੋਲ ਵੀ ਫਿੱਕੇ ਹੁੰਦੇ ਹਨ ਕਿਉਂਕਿ ਅੰਦਰ ਝੂਠ ਹੀ ਝੂਠ ਹੁੰਦਾ ਹੈ, ਇਸ ਲਈ ਕਿਸੇ ਨੂੰ ਉਨ੍ਹਾਂ ਦੇ ਬਚਨ ਸੁਣਨੇ ਵੀ ਚੰਗੇ ਨਹੀ ਲੱਗਦੇ। ਅੰਦਰ ਕੂੜ ਦਾ ਪਾਸਾਰ ਹੋਣ ਕਰਕੇ ਉਨ੍ਹਾਂ ਦੇ ਚਿਹਰੇ ਵੀ ਭ੍ਰਿਸ਼ਟੇ ਜਾਂਦੇ ਹਨ ਕਿਉਂਕਿ ਉਹ ਸਤਿਗੁਰੂ ਤੋਂ ਭੁੱਲੇ ਹੋਏ ਹਨ,

ਸਚੁ ਸਚਾ ਸਭ ਦੂ ਵਡਾ ਹੈ
ਸੋ ਲਏ ਜਿਸੁ ਸਤਿਗੁਰੁ ਟਿਕੇ॥
ਸੋ ਸਤਿਗੁਰੁ ਜਿ ਸਚੁ ਧਿਆਇਦਾ
ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ
ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ॥
ਓਇ ਬੋਲੇ ਕਿਸੈ ਨ ਭਾਵਨੀ
ਮੁਹ ਕਾਲੇ ਸਤਿਗੁਰ ਤੇ ਚੁਕੇ॥੮॥
(ਪੰਨਾ ੩੦੪)

# ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ

ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥" ਤੁਕ ਦੇ ਅਰਥਾਂ ਤੋਂ ਅਣਜਾਣ ਕਈ ਰਾਗੀ ਜਥੇ ਇਸ ਤੁਕ ਨੂੰ ਆਧਾਰ ਬਣਾ ਕੇ ਸ਼ਹੀਦੀ ਪੁਰਬਾਂ ਦੇ ਸਮਾਗਮਾਂ ਵਿਚ ਕੀਰਤਨ ਕਰਦੇ ਹਨ। ਅਜਿਹਾ ਕਰਨਾ ਗੁਰਬਾਣੀ ਦੀ ਸਮਝ ਪੱਖੋਂ ਵੱਡੇ ਅਗਿਆਨ ਦਾ ਸੂਚਕ ਹੈ। ਗੁਰਬਾਣੀ ਵਿਆਕਰਣ ਦੀ ਮਦਦ ਨਾਲ ਪਤਾ ਚੱਲਦਾ ਹੈ ਕਿ ਇਹ ਤੁਕ ਸ਼ਹੀਦੀ ਪਰੰਪਰਾ ਨਾਲ ਬਿਲਕੁਲ ਕੋਈ ਜੋੜ ਨਹੀਂ ਰੱਖਦੀ। ਸ਼ਹੀਦੀ ਪਰੰਪਰਾ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖੀ ਵਿਚ ਸ਼ੁਰੂ ਹੋਈ ਹੈ ਤੇ ਇਹ ਰਚਨਾ ਪਹਿਲਾਂ ਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 846 ਉਤੇ 'ਬਿਲਾਵਲੁ ਮਹਲਾ ੫' ਅਧੀਨ ਚੌਥੇ ਬੰਦ ਵਾਲਾ ਸ਼ਬਦ ਇਉਂ ਹੈ,

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ॥੪॥

ਸੰਖੇਪ ਅਰਥਾਂ 'ਚ 'ਬਿਲਾਵਲੁ ਮਹਲਾ ੫' ਅਧੀਨ ਸ਼ਬਦ ਦੇ ਪਹਿਲੇ ਬੰਦ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਭੂ ਸਾਡਾ ਖਸਮ ਹੈ ਜਿਸ ਕਰਕੇ ਸਾਡੇ ਚੰਗੇ ਭਾਗ ਹਨ। ਐਸੇ ਪ੍ਰਭੂ ਤੋਂ ਸਦਕੇ ਹੋਣ ਦੀ ਗੱਲ ਕਹੀ ਹੈ। ਸ਼ਬਦ ਦੇ ਦੂਜੇ ਬੰਦ ਵਿਚ ਸਤਿਸੰਗੀ ਸਹੇਲੀਆਂ ਨੂੰ ਆਵਾਜ਼ਾ ਦਿੱਤਾ ਹੈ ਕਿ ਆਓ ਰਲ ਕੇ ਉਸ ਪ੍ਰਭੂ ਦੇ ਗੀਤ ਗਾਈਏ। ਉਸ ਨਾਲ ਪ੍ਰੇਮ ਕਰੀਏ ਤੇ ਪਲ ਭਰ ਵੀ ਉਸ ਦੀ ਯਾਦ ਤੋਂ ਅਵੇਸਲੇ ਨਾ ਹੋ ਕੇ ਉਚੀ ਆਤਮਕ ਅਵਸਥਾ ਦੇ ਧਾਰਣੀ ਬਣੀਏ। ਸ਼ਬਦ ਦੇ ਤੀਜੇ ਬੰਦ 'ਚ ਦੱਸਿਆ ਗਿਆ ਹੈ ਕਿ ਜਿਸ ਜੀਵ ਇਸਤਰੀ ਨੂੰ ਪ੍ਰਭੂ ਬਾਂਹ ਪਕੜ ਕੇ ਆਪਣੀ ਦਾਸੀ ਬਣਾ ਲੈਂਦਾ ਹੈ, ਉਹ ਨਿਰਮਲ ਤੇ ਪਵਿੱਤਰ ਹੋ ਜਾਂਦੀ ਹੈ।

ਸ਼ਬਦ ਦੇ ਚੌਥੇ ਬੰਦ ਦੇ ਪਦ-ਅਰਥਾਂ ਮੁਤਾਬਕ, ਸੂਰਜ-ਸਬੰਧਕੀ (Genitive Case) ਪਦ ਤੇ ਅਰਥ ਬਣਨਗੇ 'ਸੂਰਜ ਦੀ' ਜੇ 'ਸੂਰਜ' ਸ਼ਬਦ ਉਕਾਰਾਂਤ ਹੁੰਦਾ ਤਾਂ ਅਰਥ ਹੋਣਾ ਸੀ 'ਸੂਰਜੁ।' ਇਸ ਤਰ੍ਹਾਂ 'ਸੂਰਜ ਕਿਰਣਿ' ਵਾਕ-ਅੰਸ਼ ਦਾ ਅਰਥ ਬਣਿਆ- ਸੂਰਜ ਦੀ ਕਿਰਣ ਨਾਲ। ਮਿਲੇ- ਇਹ ਸ਼ਬਦ ਕਾਰਦੰਤਕ (Participle) ਸ਼ਬਦ 'ਮਿਲਿ' ਤੋਂ ਹੈ ਤੇ ਅਰਥ ਹੈ- ਮਿਲ ਕੇ। 'ਮਿਲੇ' ਸ਼ਬਦ ਭੂਤ ਕਾਲ ਦੀ ਕ੍ਰਿਆ ਨਹੀਂ ਹੈ। 'ਸੂਰਜ ਕਿਰਣਿ ਮਿਲੇ' ਵਾਕੰਸ਼ ਦਾ ਅਰਥ ਹੈ- ਸੂਰਜ ਦੀ ਕਿਰਣ ਨਾਲ ਮਿਲ ਕੇ ਭਾਵ ਗੁਰ ਉਪਦੇਸ਼ ਮਨ ਵਿਚ ਵਸਾਉਣ ਨਾਲ। 'ਸੂਰਜ ਅਤੇ ਕਿਰਣ ਮਿਲ ਗਏ' ਅਰਥ ਕਰਨਾ ਤੇ ਸਮਝਣਾ ਗੁਰਬਾਣੀ ਵਿਆਕਰਣ ਨੇਮਾਂ ਦੀ ਘੋਰ ਨਿਰਾਦਰੀ ਹੈ। ਸੂਰਜ ਤੇ ਕਿਰਣ ਤਾਂ ਸਦਾ ਹੀ ਮਿਲੇ ਹੋਏ ਹੁੰਦੇ ਹਨ ਕਿਉਂਕਿ ਕਿਰਣ ਸੂਰਜ ਤੋਂ ਹੀ ਆਉਂਦੀ ਹੈ ਤੇ ਇਨ੍ਹਾਂ ਦੇ ਵਿਛੜਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਸ਼ਹੀਦੀ ਲਈ ਇਸ ਤੁਕ ਨੂੰ ਵਰਤਣਾ ਕਿ ਹੁਣ ਸੂਰਜ ਤੇ ਕਿਰਣ ਮਿਲ ਗਏ ਹਨ, ਗਲਤ ਲੀਹਾਂ ਪਾਉਣ ਤੋਂ ਬਿਨਾ ਹੋਰ ਕੁਝ ਨਹੀਂ ਹੈ।

'ਮਿਲੇ' ਸ਼ਬਦ 'ਮਿਲਿ' ਦਾ ਹੀ ਰੂਪ ਹੈ ਤੇ ਇਸ ਨੂੰ ਸਮਝਣ ਲਈ ਇਹ ਪ੍ਰਮਾਣ ਪੜ੍ਹੋ,

ਗੁਰੁ ਸੁੰਦਰੁ ਮੋਹਨੁ ਪਾਇ ਕਰੇ
ਹਰਿ ਪ੍ਰੇਮ ਬਾਣੀ ਮਨੁ ਮਾਰਿਆ॥

ਇਸ ਪ੍ਰਮਾਣ ਵਿਚ 'ਪਾਇ ਕਰੇ' ਵਾਕ-ਅੰਸ਼ 'ਪਾਇ ਕਰਿ' ਦਾ ਹੀ ਰੂਪ ਹੈ। 'ਕਰੇ' ਦਾ ਅਰਥ ਭੂਤ ਕਾਲ ਵਿਚ 'ਕਰ ਲਏ' ਜਾਂ 'ਕਰ ਦਿੱਤੇ' ਨਹੀਂ ਹੈ। 'ਕਰੇ' ਦਾ ਅਰਥ ਹੈ 'ਕਰ ਕੇ।' 'ਪਾਇ ਕਰੇ' ਤੋਂ ਭਾਵ ਹੈ- ਪ੍ਰਾਪਤ ਕਰ ਕੇ (ਕਾਰਦੰਤਕ)। ਜਲ ਕਾ ਜਲੁ- ਪਹਿਲਾ ਸ਼ਬਦ 'ਜਲ' ਪਾਣੀ ਦੀ ਕਠੋਰਤਾ ਭਾਵ ਬਰਫ਼ ਰੂਪ ਦਾ ਸੰਕੇਤਕ ਹੈ ਕਿਉਂਕਿ ਸੂਰਜ ਦੀ ਗਰਮੀ ਮਿਲਣ ਨਾਲ ਬਰਫ ਦਾ ਪਾਣੀ ਬਣਦਾ ਹੈ ਤੇ ਇਹ ਹੈ ਪਾਣੀ ਦਾ ਪਾਣੀ ਹੋਣਾ। ਇੱਥੇ ਪਾਣੀ ਦੀ ਕਠੋਰਤਾ ਤੋਂ ਭਾਵ ਹੈ ਮਨ ਦਾ ਰੁੱਖਾਪਨ ਜੋ ਗੁਰ ਉਪਦੇਸ਼ ਨਾਲ ਦੂਰ ਹੁੰਦਾ ਹੈ। ਜੋਤੀ ਜੋਤਿ ਰਲੀ- ਇਸ ਦਾ ਅਰਥ ਹੈ, ਮਨ ਵਿਚ ਨਾਮ ਸਿਮਰਨ ਦਾ ਸੰਚਾਰ ਹੋ ਜਾਣਾ, ਕਿਉਂਕਿ ਮਨ ਦੀ ਕਠੋਰਤਾ ਖ਼ਤਮ ਹੋ ਗਈ ਜਿਸ ਨਾਲ ਪੈਦਾ ਹੋਈ ਨਿਮਰਤਾ ਤੇ ਗਰੀਬੀ ਨੇ ਮਨ ਨੂੰ ਪ੍ਰਭੂ ਪਿਆਰੇ ਨਾਲ ਜੋੜ ਦਿੱਤਾ। ਇਹ ਤੁਕ ਜੀਉਂਦਿਆਂ ਨਾਲ ਸਬੰਧਤ ਹੈ, ਸ਼ਹੀਦੀ ਨਾਲ ਨਹੀਂ। ਸੰਪੂਰਨ ਥੀਆ ਰਾਮ- ਸੰਪੂਰਨ ਪ੍ਰਭੂ ਦੇ ਗੁਣਾਂ ਨੂੰ ਧਾਰਣ ਕਰਨ ਵਾਲਾ। ਇਹ ਵਾਕ-ਅੰਸ਼ ਮਨ ਦੀ ਕਠੋਰਤਾ ਖਤਮ ਕਰ ਚੁੱਕੇ ਪ੍ਰਾਣੀ ਵਾਸਤੇ ਹੈ ਨਾ ਕਿ ਸ਼ਹੀਦ ਬਾਰੇ। ਜੇ ਇਹ ਵਾਕੰਸ਼ ਨੂੰ ਪੰਜਵੇਂ ਜਾਂ ਨੌਂਵੇਂ ਗੁਰੂ ਜੀ ਦੀ ਸ਼ਹੀਦੀ ਨਾਲ ਜੋੜਿਆ ਜਾਵੇ ਤਾਂ ਅਰਥ ਨਿਕਲਣਗੇ ਕਿ ਸ਼ਹੀਦੀ ਤੋਂ ਪਿੱਛੋਂ ਗੁਰੂ ਜੀ ਸੰਪੂਰਨ ਹੋ ਗਏ। ਇਸ ਦਾ ਅਰਥ ਫਿਰ ਇਹ ਬਣੇਗਾ ਕਿ ਸ਼ਹੀਦੀ ਤੋਂ ਪਹਿਲਾਂ ਗੁਰੂ ਜੀ ਪੂਰਨ ਨਹੀਂ ਸਨ ਤੇ ਅਜਿਹਾ ਸੋਚਣਾ ਵੀ ਪਾਪ ਹੈ। ਗੁਰੂ ਜੀ ਤਾਂ ਸਦਾ ਹੀ ਪੂਰਨ ਹਨ,

ਗੁਰਬਾਣੀ ਗਿਆਨ

੧) ਗੁਰੁ ਪੂਰਾ ਮੇਰਾ ਗੁਰੁ ਪੂਰਾ॥ (ਪੰਨਾ ੯੦੧)
੨) ਮਨ ਕਿਉ ਬੈਰਾਗੁ ਕਰਹਿਗਾ
ਸਤਿਗੁਰੁ ਮੇਰਾ ਪੂਰਾ॥ (ਪੰਨਾ ੩੭੫)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ- ਪ੍ਰਭੂ ਨਾਲ ਜੁੜਨ ਵਾਲੇ ਨੂੰ ਹਰ ਥਾਂ ਪ੍ਰਭੂ ਹੀ ਵਸਦਾ ਤੇ ਜੀਵਾਂ ਵਿਚ ਸੁਣੀਂਦਾ ਜਾਪਦਾ ਹੈ ਤੇ ਹਰ ਥਾਂ ਪ੍ਰਭੂ ਦੀ ਹੀ ਚਰਚਾ ਹੁੰਦੀ ਜਾਪਦੀ ਹੈ। ਆਤਮ ਪਸਾਰਾ ਕਰਣਹਾਰਾ- ਉਹ ਗੁਰਮੁਖ ਹਰ ਪਾਸੇ ਪ੍ਰਭੂ ਦੀ ਆਤਮਾ ਦਾ ਹੀ ਪਸਾਰਾ ਦੇਖਦਾ ਹੈ ਤੇ ਪ੍ਰਭੂ ਤੋਂ ਬਿਨਾ ਕਿਸੇ ਹੋਰ ਨੂੰ ਸਮਰੱਥ ਨਹੀਂ ਜਾਣਦਾ। ਆਪਿ ਕਰਤਾ ਆਪਿ ਭੁਗਤਾ- ਮਨ ਦਾ ਰੁੱਖਾਪਨ ਦੂਰ ਕਰ ਕੇ ਪ੍ਰਭੂ ਨਾਲ ਇੱਕ-ਮਿੱਕ ਹੋਣ ਵਾਲੇ ਨੂੰ ਪ੍ਰਭੂ ਆਪ ਹੀ ਪੈਦਾ ਕਰਨ ਵਾਲਾ ਤੇ ਅਨੰਦ ਲੈਣ ਵਾਲਾ ਪ੍ਰਤੀਤ ਹੁੰਦਾ ਹੈ। ਆਪਿ ਕਾਰਣ ਕੀਆ- ਉਸ ਨੂੰ ਜਾਪਦਾ ਹੈ ਕਿ ਪ੍ਰਭੂ ਆਪ ਹੀ ਸਭ ਨੂੰ ਪ੍ਰੇਰਣਾ ਕਰ ਰਿਹਾ ਹੈ। ਬਿਨਵੰਤਿ ਨਾਨਕ ਸੇਈ ਜਾਣੈ- ਇਹ ਭੇਦ ਉਹੀ ਜਾਣਦੇ ਹਨ ਜਿਨ੍ਹਾਂ ਨੇ ਪ੍ਰਭੂ ਨਾਲ ਇੱਕ ਮਿੱਕ ਹੋ ਕੇ ਨਾਮ ਰਸ ਦਾ ਚੱਖਣਾ ਕੀਤਾ ਹੈ।

ਇਹ ਸ਼ਬਦ ਮਨ ਦੀ ਕਠੋਰਤਾ, ਨਿਰਦਈਪੁਣਾ ਤੇ ਰੁੱਖਾਪਨ ਤਿਆਗ ਕੇ ਪ੍ਰਭੂ ਸਿਮਰਨ ਵਿਚ ਜੁੜ ਕੇ ਆਤਮਕ ਅਨੰਦ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦਾ ਹੈ।

# ਸਿਆਸਤ ਤੇ ਸਿਆਸਤਦਾਨ

*ਸਿਆਸਤ ਜਦੋਂ ਤੋਂ ਸੇਵਾ ਦੀ ਥਾਂ ਕਾਰੋਬਾਰ ਬਣੀ ਹੈ, ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਇਸ ਨਾਲ ਆਮ ਲੋਕਾਂ ਦੀਆਂ ਔਕੜਾਂ ਅਤੇ ਔਖਾਂ ਕੌੜੀ ਵੇਲ ਵਾਂਗ ਵਧ ਰਹੀਆਂ ਹਨ। ਆਪਣੇ ਇਸ ਲੇਖ ਵਿਚ ਸ. ਜਸਵੰਤ ਸਿੰਘ ਸੰਧੂ ਨੇ ਸਿਆਸਤਦਾਨਾਂ ਦੀ ਉਸ ਜਮਾਤ ਦੀਆਂ ਬਾਤਾਂ ਸੁਣਾਈਆਂ ਹਨ ਜਿਨ੍ਹਾਂ ਦਾ ਅਸਲ ਮਕਸਦ ਸੱਤਾ ਹਾਸਲ ਕਰ ਕੇ ਨਿੱਜੀ ਲਾਭ ਲੈਣਾ ਹੀ ਬਣ ਗਿਆ ਹੈ। ਉਨ੍ਹਾਂ ਨੇ ਜਿਹੜੀਆਂ ਮਿਸਾਲਾਂ ਦਿੱਤੀਆਂ ਹਨ, ਉਨ੍ਹਾਂ ਬਾਰੇ ਸਾਨੂੰ ਸਭ ਨੂੰ ਪਤਾ ਹੈ, ਪਰ ਉਨ੍ਹਾਂ ਨੇ ਇਹ ਮਿਸਾਲਾਂ ਜਿਸ ਲੜੀ ਵਿਚ ਪਰੋਈਆਂ, ਉਹ ਧਿਆਨ ਮੰਗਦੀਆਂ ਹਨ। ਇਨ੍ਹਾਂ ਨੂੰ ਗੌਲੇ ਬਗੈਰ ਕਦਮ ਅਗਾਂਹ ਪੁੱਟਣੇ ਨਿਘਾਰ ਵੱਲ ਜਾ ਰਹੀ ਸਿਆਸਤ ਉਸੇ ਲੀਹ 'ਤੇ ਪਾਈ ਰੱਖਣਾ ਹੈ। ਹੁਣ ਸਵਾਲ ਇਹ ਹੈ ਕਿ ਇਸ ਨਿਘਾਰ ਨੂੰ ਰੋਕ ਕੇ ਗੱਡੀ ਲੀਹ ਉਤੇ ਕਿਵੇਂ ਪਾਉਣੀ ਹੈ? -ਸੰਪਾਦਕ*

ਸਿਆਸਤ ਸ਼ਬਦ ਦੇ ਅਰਥ ਹਨ, ਅਸੀਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਕਿਵੇਂ ਬਣਾਉਣਾ ਹੈ, ਪਰ ਮੁੱਢ-ਕਦੀਮ ਤੋਂ ਹੀ ਸਿਆਸਤਦਾਨਾਂ ਨੇ ਇਸ ਨੂੰ ਆਪਣੀ ਗੱਦੀ ਕਾਇਮ ਰੱਖਣ ਅਤੇ ਖੁਦਗਰਜ਼ੀ ਵਾਸਤੇ ਵਰਤਿਆ ਹੈ। ਢਾਡੀ ਸੋਹਣ ਸਿੰਘ ਸੀਤਲ ਨੇ ਆਪਣੀ ਇਕ ਕਲੀ ਵਿਚ ਧਾਰਮਿਕ ਅਤੇ ਸਿਆਸੀ ਲੀਡਰਾਂ ਦਾ ਕਿਰਦਾਰ ਇਉਂ ਬਿਆਨਿਆ ਹੈ,

ਜਿੰਨਾ ਦੇਣਾ ਸੀ ਉਪਦੇਸ਼  
ਜਗਤ ਨੂੰ ਧਰਮ ਦਾ,  
ਪੱਟੀ ਨਿੱਤ ਪੜ੍ਹਾਉਂਦੇ ਰਹਿੰਦੇ  
ਅਤਿਆਚਾਰ ਦੀ।  
ਹਾਕਮ ਥਾਪੇ ਗਏ ਸੀ  
ਪਰਜਾ ਪਾਲਣ ਵਾਸਤੇ,  
ਪਰਜਾ ਖਾਣ ਦੀ ਨੀਤੀ  
ਬਣ ਗਈ ਹੈ ਸਰਕਾਰ ਦੀ।

ਮਹਾਂਭਾਰਤ ਕਾਲ ਵਿਚ ਯੁਧਿਸ਼ਟਰ ਨੂੰ ਸੱਚ-ਪੁੱਤਰ ਕਿਹਾ ਜਾਂਦਾ ਹੈ। ਕਾਰਨ? ਉਸ ਦੇ ਦੁਸ਼ਮਣ ਵੀ ਉਸ ਉਤੇ ਯਕੀਨ ਕਰਦੇ ਸਨ। ਉਸ ਦਾ ਪ੍ਰਣ ਸੀ ਕਿ ਉਹ ਕਦੀ ਝੂਠ ਨਹੀਂ ਬੋਲੇਗਾ, ਪਰ ਸਿਆਸਤ ਦਾ ਸ਼ਿਕਾਰ



ਜਸਵੰਤ ਸਿੰਘ ਸੰਧੂ ਘਰਿੰਡਾ
ਫੋਨ: 510-516-5971

ਹੋ ਕੇ ਉਸ ਨੇ ਵੀ ਝੂਠ ਬੋਲਿਆ। ਮਹਾਂਭਾਰਤ ਦੀ ਲੜਾਈ ਵਿਚ ਗੁਰੂ ਦਰੋਣਾਚਾਰੀਆ ਪਾਂਡਵ ਸੈਨਾ ਦੀ ਤਬਾਹੀ ਕਰ ਰਿਹਾ ਸੀ। ਕ੍ਰਿਸ਼ਨ ਨੇ ਕਿਹਾ, ਜਿੰਨਾ ਚਿਰ ਦਰੋਣਾਚਾਰੀਆ ਨੂੰ ਠੱਲ੍ਹਿਆ ਨਹੀਂ ਜਾਂਦਾ, ਪਾਂਡਵਾਂ ਦੀ ਖੈਰ ਨਹੀਂ। ਫਿਰ ਕੀਤਾ ਕੀ ਜਾਏ? ਜਵਾਬ ਮਿਲਿਆ, ਉਸ ਨੂੰ ਯਕੀਨ ਕਰਾ ਦਿਓ ਕਿ ਉਹਦਾ ਪੁੱਤਰ ਅਸ਼ਵਥਾਮਾ ਮਾਰਿਆ ਗਿਆ ਹੈ; ਉਹ ਦਿਲ ਛੱਡ ਕੇ ਹਥਿਆਰ ਸੁੱਟ ਦੇਵੇਗਾ। ਹੁਣ ਝੂਠ ਨੂੰ ਸੱਚ ਕੌਣ ਬਣਾਉਂਦਾ? ਸਾਰੇ ਜਾਣਦੇ ਸਨ ਕਿ ਦਰੋਣਾਚਾਰੀਆ ਨੇ ਯੁਧਿਸ਼ਟਰ ਤੋਂ ਬਿਨਾਂ ਹੋਰ ਕਿਸੇ 'ਤੇ ਯਕੀਨ ਨਹੀਂ ਕਰਨਾ। ਸਾਰਿਆਂ ਨੇ ਯੁਧਿਸ਼ਟਰ 'ਤੇ ਜ਼ੋਰ ਪਾਇਆ ਕਿ ਇਕ ਵਾਰ ਕਹਿ ਦੇਵੀਂ, ਅਸ਼ਵਥਾਮਾ ਮਾਰਿਆ ਗਿਆ ਹੈ। ਬਹਾਨੇ ਨਾਲ ਉਸ ਨੂੰ ਰਜ਼ਾਮੰਦ ਕਰ ਲਿਆ। ਮਾਲਵਾ ਦੇਸ਼ ਦੇ ਰਾਜੇ ਦੇ ਇਕ ਹਾਥੀ ਦਾ ਨਾਮ ਅਸ਼ਵਥਾਮਾ ਸੀ। ਭੀਮ ਸੈਨ ਨੇ ਉਸ ਨੂੰ ਗੁਰਜ ਮਾਰ ਕੇ ਮਾਰ ਦਿੱਤਾ, ਤੇ ਆਖਿਆ, ਅਸ਼ਵਥਾਮਾ ਮਾਰਿਆ ਗਿਆ ਹੈ। ਦਰੋਣਾਚਾਰੀਆ ਨੇ ਸੁਣ ਕੇ ਕਿਹਾ, ਯੁਧਿਸ਼ਟਰ ਤੋਂ ਬਿਨਾਂ ਕਿਸੇ 'ਤੇ ਯਕੀਨ ਨਹੀਂ। ਯੁਧਿਸ਼ਟਰ ਨੇ ਵੀ ਕਹਿ ਦਿੱਤਾ, ਅਸ਼ਵਥਾਮਾ ਮਾਰਿਆ ਗਿਆ ਹੈ, ਤੇ ਨਾਲ ਹੀ ਹੌਲੀ ਜਿਹੀ ਕਹਿ ਦਿੱਤਾ ਕਿ ਅਸ਼ਵਥਾਮਾ ਹਾਥੀ ਮਰਿਆ ਹੈ, ਗੁਰੂ ਪੁੱਤਰ ਨਹੀਂ। ਯੁਧਿਸ਼ਟਰ ਦੀ ਜ਼ੁਬਾਨ ਉਤੇ ਇਤਬਾਰ ਕਰ ਕੇ ਦਰੋਣਾਚਾਰੀਆ ਨੇ ਹਥਿਆਰ ਸੁੱਟ ਦਿੱਤੇ। ਜੇ ਸੱਚ-ਪੁੱਤਰ ਅਖਵਾਉਣ ਵਾਲੇ ਦਾ ਇਹ ਹਾਲ ਹੈ ਤਾਂ ਆਮ ਆਦਮੀ ਨਿਰੋਲ ਸੱਚ ਬੋਲਣ ਦਾ ਦਾਅਵਾ ਕਿਵੇਂ ਨਿਭਾਅ ਸਕਦਾ ਹੈ? ਸੋ, ਹੁਣ ਸਿਆਸਤ ਦਾ ਮਤਲਬ ਹੈ ਵਿਰੋਧੀ ਨੂੰ ਧੋਖਾ ਦੇ ਆਪ ਜੇਤੂ ਬਣਨਾ!

ਸ੍ਰੀ ਗੁਰੂ ਗ੍ਰੰਥ ਵਿਚ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਦੀ ਸਿਆਸੀ ਦਸ਼ਾ ਦਾ ਵਰਣਨ ਇਉਂ ਆਉਂਦਾ ਹੈ,

ਕਲਿ ਕਾਤੀ ਰਾਜੇ ਕਸਾਈ  
ਧਰਮੁ ਪੰਖ ਕਰਿ ਉਡਰਿਆ॥  
ਕੂੜੁ ਅਮਾਵਸ ਸਚੁ ਚੰਦਰਮਾ  
ਦੀਸੈ ਨਾਹਿ ਕਹ ਚੜਿਆ॥

ਉਸ ਵਕਤ ਵੀ ਰਾਜਿਆਂ ਮਹਾਰਾਜਿਆਂ ਨੇ ਲੋਕਾਂ ਉਤੇ ਬੜੇ ਜ਼ੁਲਮ ਕੀਤੇ। ਮੁਗਲਾਂ ਦੇ ਰਾਜ ਵਿਚ ਗੱਦੀ ਵਾਸਤੇ ਭਰਾਵਾਂ ਦੇ ਕਤਲ ਹੋਏ। ਔਰੰਗਜ਼ੇਬ ਨੇ ਤਾਂ ਆਪਣੇ ਬਾਪ ਸ਼ਾਹ ਜਹਾਨ ਦਾ ਵੀ ਲਿਹਾਜ ਨਾ ਕੀਤਾ ਤੇ ਉਸ ਨੂੰ ਕੈਦ ਕਰ ਲਿਆ। ਅਠਾਰਵੀਂ ਸਦੀ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਗਏ, ਪਰ ਸਿੱਖ ਆਪਣੀਆਂ ਜਾਨਾਂ ਵਾਰ ਕੇ ਜ਼ੁਲਮ ਦਾ ਟਾਕਰਾ ਕਰਦੇ ਰਹੇ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਅਖੀਰ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਸਿੱਖ ਪੰਜਾਬ ਦੇ ਮਾਲਕ ਬਣ ਗਏ। 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਦੇ ਸੁਨਹਿਰੀ ਅਸੂਲ 'ਤੇ ਚਲਦਿਆਂ ਉਹਨੇ ਪੰਜਾਬੀਆਂ ਦਾ ਰਾਜ ਕਾਇਮ ਕੀਤਾ। ਜਿਨ੍ਹਾਂ ਮੁਸਲਮਾਨਾਂ ਤੋਂ ਉਹਨੇ ਰਾਜ ਖੋਹਿਆ ਸੀ, ਉਨ੍ਹਾਂ ਤੇ ਦੂਜੇ ਭਾਈਚਾਰਿਆਂ ਨੂੰ ਨਾਲ ਲੈ ਕੇ ਰਾਜ ਚਲਾਇਆ। ਹਰ ਇਕ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬੁਨਿਆਦੀ ਸਹੂਲਤਾਂ ਤੇ ਇਨਸਾਫ ਦਿੱਤਾ। ਆਪਣੀ ਵਜ਼ਾਰਤ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਉਚ ਅਹੁਦਿਆਂ ਨਾਲ ਨਿਵਾਜਿਆ। ਚਾਲੀ ਸਾਲ ਰਾਜ ਕੀਤਾ। ਕਿਸੇ ਨੂੰ ਫਾਂਸੀ ਨਹੀਂ ਦਿੱਤੀ। ਕੋਈ ਫਿਰਕੂ ਫਸਾਦ ਨਹੀਂ ਹੋਇਆ। 27 ਜੂਨ 1839 ਨੂੰ ਮਹਾਰਾਜਾ ਸੁਰਗਵਾਸ ਹੋ ਗਿਆ। ਬੱਸ, ਇਸ ਤੋਂ ਬਾਅਦ ਲਾਹੌਰ ਦਰਬਾਰ ਵਿਚ ਖਾਨਾਜੰਗੀ ਸ਼ੁਰੂ ਹੋ ਗਈ। ਅਜਿਹੇ ਲੋਕ ਹਿਤੈਸ਼ੀ ਰਾਜ ਨੂੰ ਡੋਗਰਿਆਂ ਦੀ ਚਾਣੱਕਿਆ ਨੀਤੀ ਅਤੇ ਸਿੱਖ ਸਰਦਾਰਾਂ ਦੀ ਰਾਜ ਗੱਦੀ ਦੀ ਭੁੱਖ ਨੇ ਦਹਾਕੇ 'ਚ ਹੀ ਖਤਮ ਕਰ ਦਿੱਤਾ।

ਇਸ ਦੌਰਾਨ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ। ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵਿਚਕਾਰ ਪਾਟਕ ਪਾ ਕੇ ਡੋਗਰਿਆਂ ਨੇ ਮਹਾਰਾਜਾ ਖੜਕ ਸਿੰਘ ਨੂੰ ਕੈਦ ਰੱਖ ਕੇ ਉਸ ਨੂੰ ਖਾਣੇ ਵਿਚ ਸਫੈਦ ਕਸਕਰੀ ਤੇ ਰਸ ਕਪੂਰ ਦੇ ਕੇ ਖਤਮ ਕਰ ਦਿੱਤਾ। ਕੰਵਰ ਨੌਨਿਹਾਲ ਜਦ ਆਪਣੇ ਬਾਪ ਦਾ ਸਸਕਾਰ ਕਰ ਰਿਹਾ ਸੀ ਤਾਂ ਧਿਆਨ ਸਿੰਘ ਨੇ ਨੌਨਿਹਾਲ ਨੂੰ ਮਾਰਨ ਦੀ ਸਾਜ਼ਿਸ਼ ਘੜੀ। ਜਦ ਕੰਵਰ ਨੌਨਿਹਾਲ ਨੇ ਗਾਰਡਨਰ ਤੇ ਧਿਆਨ ਸਿੰਘ ਨੂੰ ਕੋਈ ਗੁਪਤ ਸਲਾਹ ਕਰਦਿਆਂ ਵੇਖ ਲਿਆ, ਤਾਂ ਸ਼ੱਕ ਪੈ ਗਿਆ। ਉਹ ਧਿਆਨ ਸਿੰਘ ਦੇ ਭਤੀਜੇ ਊਧਮ ਸਿੰਘ ਨੂੰ ਨਾਲ ਲੈ ਕੇ ਕਿਲ੍ਹੇ ਵੱਲ ਤੁਰ ਪਿਆ। ਜਿਸ ਦਰਵਾਜ਼ੇ ਵਿਚੋਂ ਲੰਘਣਾ ਸੀ, ਡੋਗਰਿਆਂ ਨੇ ਉਸ ਦੇ ਛੱਜੇ ਦੀਆਂ ਦਾੜ੍ਹਾਂ ਪੁੱਟ ਕੇ ਵਿਚ ਬਾਰੂਦ ਭਰ ਛੱਡਿਆ ਸੀ। ਦਰਵਾਜ਼ੇ ਉਪਰ ਡੋਗਰਿਆਂ ਦੇ ਆਦਮੀ, ਸਣੇ ਰਾਜਾ ਹੀਰਾ ਸਿੰਘ ਤੇ ਕਰਨਲ ਬਿਜੈ ਸਿੰਘ ਬੈਠੇ ਸਨ। ਜਦ ਉਨ੍ਹਾਂ ਤੱਕਿਆ, ਊਧਮ ਸਿੰਘ ਕੰਵਰ ਨੌਨਿਹਾਲ ਨਾਲ ਆ ਰਿਹਾ ਹੈ ਤਾਂ ਹੀਰਾ ਸਿੰਘ ਨੇ ਧਿਆਨ ਸਿੰਘ ਨੂੰ ਇਸ਼ਾਰੇ ਨਾਲ ਪੁੱਛਿਆ। ਅੱਗਿਉਂ ਧਿਆਨ ਸਿੰਘ ਨੇ ਇਸ਼ਾਰੇ ਨਾਲ ਹੀ ਉਤਰ ਦਿੱਤਾ, 'ਸਾਡਾ ਇਕ ਊਧਮ ਸਿੰਘ ਮਰ ਜਾਵੇਗਾ, ਤਾਂ ਪ੍ਰਵਾਹ ਨਹੀਂ; ਕੰਵਰ ਜਿਉਂਦਾ ਕਿਲ੍ਹੇ ਵਿਚ ਨਹੀਂ ਜਾਣਾ ਚਾਹੀਦਾ।' ਜਦ ਦੋਵੇਂ ਛੱਜੇ ਥੱਲੇ ਆਏ ਤਾਂ ਬਿਜੈ ਸਿੰਘ ਦੇ ਆਦਮੀਆਂ ਨੇ ਬਾਰੂਦ ਨੂੰ ਅੱਗ ਲਾ ਦਿੱਤੀ। ਊਧਮ ਸਿੰਘ ਥਾਏਂ ਮਾਰਿਆ ਗਿਆ, ਤੇ ਕੰਵਰ ਨੌਨਿਹਾਲ ਨੂੰ ਮਾਮੂਲੀ ਸੱਟ ਲੱਗੀ ਪਰ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਪਾਲਕੀ ਵਿਚ ਪਾ ਕੇ ਉਸ ਨੂੰ ਕਿਲ੍ਹੇ ਵਿਚ ਲੈ ਗਏ। ਹੋਰ ਕਿਸੇ ਨੂੰ ਅੰਦਰ ਨਾ ਜਾਣ ਦਿੱਤਾ। ਉਥੇ ਧਿਆਨ ਸਿੰਘ ਨੇ ਕੰਵਰ ਨੌਨਿਹਾਲ ਦਾ ਸਿਰ ਪੱਥਰ ਮਾਰ ਕੇ ਫੇਹ ਦਿੱਤਾ, ਤੇ ਉਹ ਸਦਾ ਦੀ ਨੀਂਦ ਸੌਂ ਗਿਆ।

ਧਿਆਨ ਸਿੰਘ ਨੇ ਸੋਚਿਆ, ਜੇ ਹੁਣ ਮੈਂ ਆਪਣੇ ਪੁੱਤਰ ਹੀਰਾ ਸਿੰਘ ਨੂੰ ਪੰਜਾਬ ਦਾ ਰਾਜਾ ਬਣਾਵਾਂ ਤਾਂ ਕਿਸੇ ਰਾਜ ਕਰਨ ਨਹੀਂ ਦੇਣਾ, ਕਿਉਂਕਿ ਅਜੇ ਸ਼ੇਰ-ਏ-ਪੰਜਾਬ ਦੇ ਛੇ ਪੁੱਤਰ ਬਾਕੀ ਹਨ। ਉਹਨੇ ਮਹਾਰਾਣੀ ਚੰਦ ਕੌਰ ਨੂੰ ਮਿਲ ਕੇ ਕਿਹਾ ਕਿ ਉਹ ਕੰਵਰ ਨੂੰ ਬਚਾ ਨਹੀਂ ਸਕਿਆ, ਪਰ ਜੇ ਤੁਸੀਂ ਕੁਝ ਦਿਨ ਮੌਤ ਦੀ ਖ਼ਬਰ ਪਰਦੇ ਵਿਚ ਰੱਖੋ, ਤਾਂ ਉਹ ਉਨ੍ਹਾਂ ਨੂੰ ਪੰਜਾਬ ਦੀ ਮਹਾਰਾਣੀ ਬਣਵਾ ਦੇਵੇਗਾ। ਰਾਜ ਗੱਦੀ ਦੇ ਲਾਲਚ ਵਿਚ ਮਹਾਰਾਣੀ ਨੇ ਤਿੰਨ ਦਿਨ ਕੰਵਰ ਦੀ ਮੌਤ ਦੀ ਖ਼ਬਰ ਨਾ ਦਿੱਤੀ। ਇਨ੍ਹਾਂ ਤਿੰਨ ਦਿਨਾਂ ਵਿਚ ਬਟਾਲੇ ਤੋਂ ਸ਼ੇਰ ਸਿੰਘ ਨੂੰ ਲਾਹੌਰ ਬੁਲਾ ਲਿਆ ਗਿਆ। ਮਹਾਰਾਣੀ ਚੰਦ ਕੌਰ ਅਤੇ ਸ਼ੇਰ ਸਿੰਘ ਦੀਆਂ ਫੌਜਾਂ ਵਿਚ ਪੰਜ ਦਿਨਾਂ ਦੀ ਲੜਾਈ ਪਿੱਛੋਂ ਡੋਗਰਿਆਂ ਨੇ ਵਿਚ ਪੈ ਕੇ ਸੁਲ੍ਹਾ ਕਰਵਾ ਦਿੱਤੀ, ਤੇ ਸ਼ੇਰ ਸਿੰਘ ਮਹਾਰਾਜਾ ਬਣ ਗਿਆ ਤੇ ਧਿਆਨ ਸਿੰਘ ਵਜ਼ੀਰ। ਇਹ ਹਨ ਸਿਆਸਤਦਾਨ ਜੋ ਆਪਣਿਆਂ ਦੀਆਂ ਲਾਸ਼ਾਂ 'ਤੇ ਗੱਦੀਆਂ ਕਾਇਮ ਕਰਦੇ ਹਨ।

29 ਮਾਰਚ 1849 ਨੂੰ ਅੰਗਰੇਜ਼ਾਂ ਨੇ ਪੰਜਾਬ ਆਪਣੇ ਰਾਜ ਵਿਚ ਮਿਲਾ ਕੇ ਸਾਰੇ ਭਾਰਤ ਨੂੰ ਇਕ ਝੰਡੇ ਹੇਠ ਇਕੱਠਾ ਕਰ ਦਿੱਤਾ। ਇਸ ਤੋਂ ਪਹਿਲਾਂ ਭਾਰਤ ਕਦੇ ਵੀ ਇਕ ਦੇਸ਼ ਨਹੀਂ ਸੀ। ਪੰਜਾਬ ਨੇ ਭਾਰਤ ਦੀ ਗੁਲਾਮੀ ਨੂੰ ਬਹੁਤਾ ਚਿਰ ਬਰਦਾਸ਼ਤ ਨਾ ਕੀਤਾ। ਇਸ ਨੂੰ ਆਜ਼ਾਦ ਕਰਾਉਣ ਲਈ ਪੰਜਾਬੀਆਂ, ਖਾਸ ਕਰ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ। ਦੇਸ਼ ਤਾਂ ਆਜ਼ਾਦ ਹੋ ਗਿਆ ਪਰ ਸਾਡੇ ਲੀਡਰਾਂ ਦੀ ਨਾਲਾਇਕੀ ਕਾਰਨ ਦੇਸ਼ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਲੀਡਰ ਆਸਾਨੀ ਨਾਲ ਕਰਾਚੀ ਅਤੇ ਦਿੱਲੀ ਪਹੁੰਚ ਗਏ, ਆਮ ਲੋਕਾਂ ਨੂੰ ਆਪੋ-ਆਪਣੀ ਜਨਮ ਭੂਮੀ ਛੱਡ ਕੇ ਇਧਰੋਂ ਉਧਰ ਤੇ ਉਧਰੋਂ ਇਧਰ ਆਉਣਾ ਪਿਆ। ਇਸ ਵੰਡ ਕਾਰਨ ਦਸ ਲੱਖ ਲੋਕ ਮਾਰੇ ਗਏ। ਕਰੀਬ ਡੇਢ ਕਰੋੜ ਬੇਘਰੇ ਹੋ ਗਏ। ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਉਜਾੜੇ ਦੌਰਾਨ ਅਕਹਿ ਤੇ ਅਸਹਿ ਤਕਲੀਫਾਂ ਝੱਲੀਆਂ। ਪ੍ਰਾਣਾਂ ਤੋਂ ਪਿਆਰੇ ਧਰਮ ਸਥਾਨਾਂ ਦਾ ਵਿਛੋੜਾ ਝੱਲਿਆ ਜੋ ਅੱਜ ਸਾਡੀ ਅਰਦਾਸ ਦਾ ਹਿੱਸਾ ਹੈ। ਅਸਲ ਵਿਚ ਜਦੋਂ ਵੀ ਕੋਈ ਜੁੱਗ-ਗਰਦੀ ਜਾਂ ਰਾਜ ਪਲਟਾ ਹੁੰਦਾ ਹੈ ਤਾਂ ਉਸ ਦਾ ਖਮਿਆਜ਼ਾ ਆਮ ਲੋਕਾਂ, ਤੇ ਸਭ ਤੋਂ ਵੱਧ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਸਿਆਸਤਦਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਤਾਂ ਕਦੇ ਕੰਨ ਵੀ ਤੱਤਾ ਨਹੀਂ ਹੋਇਆ।

ਦੇਸ਼ ਵੰਡ ਤੋਂ ਪਹਿਲਾਂ ਲੋਕਾਂ ਨੂੰ ਕਦੇ ਝਟਕੇ ਅਤੇ ਕਦੇ ਹਲਾਲ ਦੇ ਨਾਂ 'ਤੇ ਲੜਾਇਆ ਜਾਂਦਾ ਸੀ। ਜਿਨ੍ਹਾਂ ਜਾਨਵਰਾਂ (ਗਾਂ ਤੇ ਸੂਰ) ਦੇ ਨਾਂ 'ਤੇ ਲੜਾਈਆਂ ਕਰਾਈਆਂ ਜਾਂਦੀਆਂ ਸਨ, ਉਹ ਕਦੇ ਵੀ ਆਪਸ ਵਿਚ ਨਹੀਂ ਲੜੇ ਪਰ ਸਿਆਸਤਦਾਨ, ਲੋਕਾਂ ਦੇ ਜਜ਼ਬਾਤ ਨੂੰ ਭੜਕਾ ਕੇ ਅਤੇ ਮਰਵਾ ਕੇ ਸਦਾ ਆਪਣਾ ਉਲੂ ਸਿੱਧੇ ਕਰਦੇ ਰਹੇ। ਜਦ ਇੰਨਾ ਨੁਕਸਾਨ ਕਰਾ ਕੇ ਲੋਕ ਇਧਰ ਆਏ ਅਤੇ ਪੰਜਾਬੀਆਂ ਨੇ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਵਾਸਤੇ ਲੀਡਰਾਂ ਨੂੰ ਕਿਹਾ ਤਾਂ ਉਨ੍ਹਾਂ ਇਕ ਹੀ ਵਾਕ ਕਹਿ ਕੇ ਸਾਰ ਦਿੱਤਾ, 'ਹੁਣ ਹਾਲਾਤ ਬਦਲ ਗਏ ਹਨ।' ਇਧਰ ਆ ਕੇ ਵੀ ਲੋਕਾਂ ਨੂੰ ਚੈਨ ਨਾਲ ਬੈਠਣ ਨਹੀਂ ਦਿੱਤਾ। ਭਾਸ਼ਾ ਦੇ ਨਾਂ 'ਤੇ ਵੰਡੀਆਂ ਪਾ ਦਿੱਤੀਆਂ। ਚਲਾਕ ਲੀਡਰਾਂ ਨੇ ਪੰਜਾਬੀਆਂ ਦੇ ਇਕ ਹਿੱਸੇ ਨੂੰ ਇਹ ਕਹਿ ਕੇ ਭਰਮਾ ਲਿਆ ਕਿ ਉਨ੍ਹਾਂ ਦੀ ਮਾਂ-ਬੋਲੀ ਤਾਂ ਹਿੰਦੀ ਹੈ... ਹਿੰਦੂ ਭਾਈਆਂ ਦੀ ਬੋਲੀ ਹਿੰਦੀ ਹੈ ਤੇ ਸਿੱਖਾਂ ਦੀ ਪੰਜਾਬੀ। ਦੇਸ਼ ਭਰ ਵਿਚ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾ ਦਿੱਤੇ ਪਰ ਪੰਜਾਬੀ ਸੂਬਾ ਨਾ ਬਣਾਇਆ। ਕੁਰਬਾਨੀਆਂ ਤੋਂ ਬਾਅਦ ਪੰਜਾਬੀ ਸੂਬਾ ਬਣਿਆ, ਉਹ ਵੀ ਲੰਗੜਾ ਲੂਲਾ! ਪੰਜਾਬੀਆਂ ਨੂੰ ਇਕ-ਦੂਜੇ ਤੋਂ ਦੂਰ ਕਰ ਕੇ ਫਿਰ ਮਨੋਵਿਗਿਆਨਿਕ ਤੌਰ 'ਤੇ ਇਹ ਦੂਰੀ ਪੱਕਿਆਂ ਕਰਨ ਲਈ ਇਹ ਗੀਤ ਗਾਇਆ ਗਿਆ, 'ਕੌਣ ਕਹੇ ਹਿੰਦੂ ਅਤੇ ਸਿੱਖ ਵੱਖ-ਵੱਖ ਨੇ, ਭਾਰਤ ਮਾਂ ਦੀ ਦੋਵੇਂ ਸੱਜੀ ਖੱਬੀ ਅੱਖ ਨੇ।'

ਇਸ ਹਾਲਾਤ ਬਾਰੇ ਕਵੀ ਸੁਰਜੀਤ ਪਾਤਰ ਨੇ ਵੀ ਲਿਖਿਆ ਹੈ ਕਿ ਪਹਿਲੀ ਨਜ਼ਰ ਪੰਜਾਬ ਨੂੰ ਉਦੋਂ ਲੱਗੀ, ਜਦੋਂ ਅੱਧੇ ਪੰਜਾਬੀਆਂ ਪੰਜਾਬੀ ਛੱਡੀ।... ਇਉਂ ਸਾਡੇ ਸਿਆਸਤਦਾਨਾਂ ਨੇ ਪੰਜਾਬ ਦੇ ਦੋ ਵੱਡੇ ਫਿਰਕਿਆਂ ਨੂੰ ਇਕ-ਦੂਜੇ ਤੋਂ ਦੂਰ ਕਰ ਦਿੱਤਾ। ਇਸ ਦਾ ਖਮਿਆਜ਼ਾ ਸਾਨੂੰ ਆਉਣ ਵਾਲੇ ਸਮਿਆਂ ਵਿਚ ਭੁਗਤਣਾ ਪਏਗਾ। ਜਿਸ ਘਰ, ਕੌਮ ਤੇ ਦੇਸ਼ ਦੇ ਲੋਕ ਵੰਡੇ ਹੋਣ, ਉਹ ਕਦੇ ਤਰੱਕੀ ਨਹੀਂ ਕਰ ਸਕਦੇ।

ਪੰਜਾਬੀ ਸੂਬੇ ਲਈ ਅਨੇਕਾਂ ਮੋਰਚੇ ਲੱਗੇ। ਸਾਡੇ ਸਿਆਸਤਦਾਨਾਂ ਨੇ ਇਸ ਨੂੰ ਅਨੰਦਪੁਰ ਮਤੇ ਦੇ ਨਾਂ 'ਤੇ ਵੱਧ ਅਧਿਕਾਰ ਲੈਣ ਲਈ ਲੋਕਾਂ ਨੂੰ ਜੇਲ੍ਹਾਂ ਵਿਚ ਤੋਰਿਆ, ਪਰ ਇਹ ਮੰਗਾਂ ਕਦੇ ਵੀ ਪੂਰੀਆਂ ਨਾ ਹੋਈਆਂ। ਹਿੰਦੀ ਪੰਜਾਬੀ ਤੋਂ ਵਧਦਾ ਮਸਲਾ ਖਾੜਕੂ ਲਹਿਰ ਤੱਕ ਪੁੱਜ ਗਿਆ। ਸਿਆਸਤਦਾਨਾਂ ਨੇ ਮੰਜੀ ਸਾਹਿਬ, ਅੰਮ੍ਰਿਤਸਰ ਦੇ ਦੀਵਾਨ ਵਿਚ ਜੋਸ਼ੀਲੀਆਂ ਤਕਰੀਰਾਂ ਕਰਨੀਆਂ, ਕਿ ਜੇ ਦਰਬਾਰ ਸਾਹਿਬ ਅੰਦਰ ਪੁਲਿਸ ਦਾਖ਼ਲ ਹੋਈ ਤਾਂ ਸਾਡੀਆਂ ਲਾਸ਼ਾਂ ਉਤੋਂ ਲੰਘ ਕੇ ਦਾਖਲ ਹੋਵੇਗੀ। ਜਦ ਭਾਰਤੀ ਫੌਜ ਨੇ ਬੇਗੁਨਾਹ ਲੋਕਾਂ ਨੂੰ ਲਾਸ਼ਾਂ ਬਣਾ ਦਿੱਤਾ ਤਾਂ ਸਾਡੇ ਸਿਆਸਤਦਾਨ ਹੱਥ ਖੜ੍ਹੇ ਕਰ ਕੇ ਲੋਕਾਂ ਦੀਆਂ ਲਾਸ਼ਾਂ ਦੇ ਉਪਰੋਂ ਲੰਘ ਕੇ ਬਾਹਰ ਆ ਗਏ। ਫਿਰ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਉਸ ਅਨੁਸਾਰ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਸੀ। ਜਦ ਮਿਥੀ ਤਰੀਕ ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਨੇ ਅਸਤੀਫਾ ਨਾ ਦਿੱਤਾ। ਕੇਂਦਰ ਸਰਕਾਰ ਨੇ ਫਿਰ ਵੀ ਉਨ੍ਹਾਂ ਨੂੰ ਪੰਜ ਸਾਲ ਪੂਰੇ ਨਾ ਕਰਨ ਦਿੱਤੇ ਤੇ ਵਜ਼ਾਰਤ ਭੰਗ ਕਰ ਦਿੱਤੀ। ਇਸ ਤੋਂ ਪਹਿਲਾਂ ਦਰਬਾਰਾ ਸਿੰਘ ਨੇ ਵੀ ਇਸੇ ਤਰ੍ਹਾਂ ਕੀਤਾ ਸੀ। ਪੰਜਾਬ ਦੇ ਪਾਣੀਆਂ ਦੇ ਰਿਪੇਰੀਅਨ ਹੱਕ ਮੁਤਾਬਕ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਗਈ ਸੀ ਜਿਸ ਨਾਲ ਪੰਜਾਬ ਨੂੰ ਪਾਣੀਆਂ ਦਾ ਹੱਕ ਮਿਲਣਾ ਸੀ। ਦਰਬਾਰਾ ਸਿੰਘ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਹੇ 'ਤੇ ਸੁਪਰੀਮ ਕੋਰਟ ਵਿਚ ਪਟੀਸ਼ਨ ਵਾਪਸ ਲੈ ਲਈ। ਉਨ੍ਹਾਂ ਪੰਜਾਬ ਦੇ ਹਿਤਾਂ ਨਾਲੋਂ ਗੱਦੀ ਨੂੰ ਤਰਜੀਹ ਦਿੱਤੀ। ਅੰਤ ਗੱਦੀ ਵੀ ਨਾ ਰਹੀ, ਪਰ ਉਹ ਮੱਥੇ ਉਤੇ ਕਲੰਕ ਲੈ ਕੇ ਇਸ ਦੁਨੀਆਂ ਤੋਂ ਤੁਰ ਗਿਆ।

ਪੰਜਾਬ ਬਾਰੇ ਕਹਾਵਤ ਹੈ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਜਦੋਂ ਵੀ ਕੋਈ ਹਮਲਾਵਾਰ ਭਾਰਤ 'ਤੇ ਹਮਲਾ ਕਰਨ ਆਇਆ, ਪੰਜਾਬੀਆਂ ਨੇ ਉਸ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਲੋਕਾਂ ਵਾਸਤੇ ਜਾਨਾਂ ਕੁਰਬਾਨ ਕੀਤੀਆਂ। ਸੰਸਾਰ ਜੇਤੂ ਸਿਕੰਦਰ ਵਰਗਿਆਂ ਨੂੰ ਵੀ ਪਿੱਛੇ ਮੁੜਨਾ ਪਿਆ। ਸਾਡੇ ਨਾਇਕ ਰਾਜਾ ਪੋਰਸ, ਦੁੱਲਾ ਭੱਟੀ ਤੇ ਬਾਬਾ ਬੰਦਾ ਸਿੰਘ ਬਹਾਦਰ ਹਨ। ਬੰਦਾ ਸਿੰਘ ਬਹਾਦਰ ਨੇ ਵੱਡੇ ਜ਼ਿਮੀਦਾਰਾਂ ਤੋਂ ਜ਼ਮੀਨਾਂ ਖੋਹ ਕੇ ਗਰੀਬ ਹਲ ਵਾਹਕਾਂ ਨੂੰ ਵੰਡੀਆਂ। ਪੰਜਾਬੀਆਂ ਨੇ ਹਰ ਮੁਸ਼ਕਿਲ ਦਾ ਬੜਾ ਬਹਾਦਰੀ ਨਾਲ ਟਾਕਰਾ ਕੀਤਾ ਤੇ ਜੇਤੂ ਬਣ ਕੇ ਨਿਕਲੇ; ਇਹ ਭਾਵੇਂ 1947 ਦੀ ਵੰਡ ਸੀ, ਜੰਗਾਂ ਸਨ, ਨਕਸਲੀ ਜਾਂ ਖਾੜਕੂ ਲਹਿਰ ਸੀ। ਪੰਜਾਬ ਦਾ ਬੜਾ ਨੁਕਸਾਨ ਹੋਇਆ ਪਰ ਪੰਜਾਬ ਫਿਰ ਆਪਣੇ ਪੈਰਾਂ 'ਤੇ ਖੜ੍ਹਾ ਹੁੰਦਾ ਆਇਆ ਹੈ। ਉਂਜ ਅੱਜ ਦੇ ਨੀਤੀਵਾਨਾਂ ਨੇ ਆਪਣੀਆਂ ਲੋਕ ਮਾਰੂ ਨੀਤੀਆਂ ਨਾਲ ਜੋ ਨੁਕਸਾਨ ਪੰਜਾਬ ਦਾ ਕੀਤਾ ਹੈ, ਉਸ ਦੀ ਭਰਪਾਈ ਨੂੰ ਬੜਾ ਸਮਾਂ ਲੱਗੇਗਾ। ਹੇਰਾਫੇਰੀ ਤੇ ਭ੍ਰਿਸ਼ਟਾਚਰ ਰਾਹੀਂ ਪੈਸਾ ਕਮਾਉਣ ਦੀ ਆਦਤ ਲੋਕਾਂ ਨੂੰ ਪਾ ਦਿੱਤੀ ਗਈ ਹੈ। ਬੱਚਿਆਂ ਨੂੰ ਕਿਰਤ ਕਲਚਰ ਤੋਂ ਦੂਰ ਕਰ ਦਿੱਤਾ ਗਿਆ ਹੈ ਜੋ ਬਾਬੇ ਨਾਨਕ ਨੇ ਪੰਜਾਬੀਆਂ ਨੂੰ ਦੱਸਿਆ ਸੀ। ਢਾਡੀਆਂ, ਕਵੀਸ਼ਰਾਂ ਤੇ ਵਿਦਵਾਨ ਕਥਾਵਾਚਕਾਂ ਨੂੰ ਸਾਡੀ ਨਵੀਂ ਪਨੀਰੀ ਨੇ ਸੁਣਨਾ ਹੀ ਬੰਦ ਕਰ ਦਿੱਤਾ ਹੈ ਜਿਸ ਰਾਹੀਂ ਉਹ ਅਚੇਤ ਰੂਪ ਵਿਚ ਆਪਣੇ ਵਿਰਸੇ ਨਾਲ ਜੁੜਦੇ ਸਨ। ਅੱਜ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਂ 'ਤੇ ਸਾਡੇ ਸਿਆਸਤਦਾਨਾਂ ਤੇ ਸਰਕਾਰਾਂ ਨੇ ਗਾਇਕਾਂ ਤੇ ਗਾਇਕਾਵਾਂ ਰਾਹੀਂ ਅਸ਼ਲੀਲਤਾ ਤੇ ਨੰਗੇਜ਼ਵਾਦ ਪਰੋਸਣਾ ਸ਼ੁਰੂ ਕੀਤਾ ਹੈ। ਕੋਈ ਵਿਆਹ ਸ਼ਾਦੀ, ਪਾਰਟੀ ਜਾਂ ਖੁਸ਼ੀ ਦੇ ਮੌਕਿਆਂ 'ਤੇ ਸ਼ਰਾਬ ਦੀ ਵਰਤੋਂ ਸ਼ੱਰ੍ਹੇਆਮ ਹੁੰਦੀ ਹੈ। ਇਨ੍ਹਾਂ ਨਸ਼ਿਆਂ ਕਾਰਨ ਅੱਜ ਪਿਉ-ਧੀ ਅਤੇ ਭੈਣ-ਭਰਾ ਦੇ ਰਿਸ਼ਤੇ ਵੀ ਤਾਰ-ਤਾਰ ਹੋ ਗਏ ਹਨ। ਇਨ੍ਹਾਂ 'ਮਹਾਨ' ਕਲਾਕਾਰਾਂ ਦੀ ਮਿਹਰਬਾਨੀ ਸਦਕਾ ਨੌਜਵਾਨ ਮੁੰਡੇ-ਕੁੜੀਆਂ ਘਰੋਂ ਦੌੜ ਕੇ ਰੇਲ ਗੱਡੀਆਂ ਅੱਗੇ ਸਿਰ ਦੇ ਕੇ, ਸਲਫਾਸ ਦੀ ਗੋਲੀਆਂ ਖਾ ਕੇ ਅਤੇ ਪੱਖਿਆਂ ਨਾਲ ਲਟਕ ਕੇ ਖੁਦਕੁਸ਼ੀਆਂ ਕਰ ਕੇ ਮਾਪਿਆਂ ਦੀ ਇੱਜ਼ਤ ਰੋਲ ਰਹੇ ਹਨ।

ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਅਤੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਦਾਅਵਾ ਕਰਨ ਵਾਲੇ ਲੀਡਰਾਂ ਦਾ ਹੁਣ ਜਦੋਂ ਤਖਤ ਹਿੱਲਿਆ ਤਾਂ ਥਾਂ-ਥਾਂ ਨਸ਼ਾ ਛੁਡਾਊ ਸੈਂਟਰ ਖੋਲ੍ਹ ਕੇ ਨੌਜਵਾਨਾਂ ਨੂੰ ਚੰਗੇ ਸ਼ਹਿਰੀ ਬਣਾਉਣ ਦਾ ਨਾਟਕ ਕੀਤਾ ਜਾ ਰਿਹਾ ਹੈ। ਇਨ੍ਹਾਂ ਸਿਆਸਤਦਾਨਾਂ ਨੇ ਹਰ ਚੋਣ (ਮੈਂਬਰ ਪੰਚਾਇਤ ਤੋਂ ਲੈ ਕੇ ਮੈਂਬਰ ਪਾਰਲੀਮੈਂਟ ਤਕ) ਜਿੱਤਣ ਵਾਸਤੇ ਲੋਕਾਂ ਨੂੰ ਨਸ਼ਿਆਂ ਦੇ ਦਰਿਆ ਵਿਚ ਤਾਰੀਆਂ ਲਾਉਣ ਦੀ ਆਦਤ ਪਾਈ। ਕਈ ਪਰਿਵਾਰਾਂ ਦੇ ਸੱਤ-ਸੱਤ ਜੀਅ ਨਸ਼ਿਆਂ ਦੀ ਭੇਟ ਚੜ੍ਹ ਗਏ। ਗੱਦੀ ਤੇ ਮਾਇਆ ਇਕੱਠੀ ਕਰਨ ਵਾਸਤੇ ਮਾਂ-ਬਾਪ, ਪਤਨੀਆਂ, ਮਾਸੂਮ ਬੱਚਿਆਂ ਤੇ ਭੈਣਾਂ-ਭਰਾਵਾਂ ਨੂੰ ਦੁੱਖਾਂ ਦੀ ਭੱਠੀ ਵਿਚ ਝੋਕ ਦਿੱਤਾ।

ਕੋਈ ਚੋਣ ਰੈਲੀ ਹੁੰਦੀ ਹੈ, ਤਾਂ ਭੀੜਾਂ ਇਕੱਠੀਆਂ ਕਰਨ ਵਾਸਤੇ ਅਸਭਿਅਕ ਗੀਤ ਗਾਉਣ ਵਾਲੀ ਕਿਸੇ ਗਾਇਕ ਬੀਬੀ ਨੂੰ ਸੱਦ ਲਿਆ ਜਾਂਦਾ ਹੈ, ਸ਼ਰਾਬ ਵਰਤਾਈ ਜਾਂਦੀ ਹੈ। ਵਿਆਹਾਂ ਤੇ ਪਾਰਟੀਆਂ ਵਿਚ ਵੀ ਇਹੋ ਹਾਲ ਹੈ। ਅਜਿਹਾ ਮਾਹੌਲ ਦੇ ਕੇ ਕੀ ਅਸੀਂ ਆਸ ਰੱਖ ਸਕਦੇ ਹਾਂ ਕਿ ਸਾਡੇ ਬੱਚੇ ਆਗਿਆਕਾਰ, ਕਿਰਤ ਕਰਨ ਵਾਲੇ, ਵੱਡਿਆਂ ਦੀ ਇੱਜ਼ਤ ਕਰਨ ਵਾਲੇ, ਛੋਟਿਆਂ ਨੂੰ ਪਿਆਰ ਕਰਨ ਵਾਲੇ, ਆਮਦਨ ਵੇਖ ਕੇ ਖਰਚ ਕਰਨ ਵਾਲੇ ਤੇ ਨਸ਼ਿਆਂ ਤੋਂ ਦੂਰ ਰਹਿਣ ਵਾਲੇ ਬਣ ਜਾਣਗੇ? ਹੁਣ ਨਸ਼ਾ ਮੁਕਤੀ ਲਹਿਰ ਤਾਂ ਚਲਾਈ ਗਈ ਹੈ, ਪਰ ਵੱਡੇ ਮਗਰਮੱਛਾਂ ਨੂੰ ਤਾਂ ਹੁਣ ਵੀ ਨਹੀਂ ਫੜਿਆ ਜਾ ਰਿਹਾ। ਨਿੱਕੀਆਂ-ਨਿੱਕੀਆਂ ਚਿਚਰਾਂ (ਨਸ਼ਾ ਕਰਨ ਵਾਲੇ ਤੇ ਇਕ-ਅੱਧ ਪੁੜੀ ਵੇਚਣ ਵਾਲੇ) ਫੜ ਕੇ ਜੇਲ੍ਹਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ ਤਾੜੇ ਜਾ ਰਹੇ ਹਨ। ਨੀਤੀਵਾਨ ਕਹਿੰਦੇ ਹਨ ਕਿ ਨਸ਼ਾ ਸਰਹੱਦ ਪਾਰੋਂ ਆ ਰਿਹਾ ਹੈ, ਇਸ ਦੀ ਰੋਕਥਾਮ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ; ਪਰ ਜੋ ਸਿੰਥੈਟਿਕ ਨਸ਼ੇ ਪੰਜਾਬ ਵਿਚ ਬਣ ਰਹੇ ਹਨ, ਉਸ ਦੀ ਜ਼ਿੰਮੇਵਾਰੀ ਫਿਰ ਕਿਸ ਦੀ ਹੈ? ਸਿੰਥੈਟਿਕ ਨਸ਼ੇ ਬਣਾਉਣ ਵਾਲਿਆਂ ਨੂੰ ਲਾਲ ਬੱਤੀ ਲੱਗੀਆਂ ਗੱਡੀਆਂ ਅਤੇ ਬਾਡੀਗਾਰਡ ਕਿਸ ਨੇ ਦਿੱਤੇ ਹਨ?

ਹੁਣ ਜੇ ਅਸੀਂ ਆਪਣੀ ਆਉਣ ਵਾਲੀ ਨਸਲ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਅਜਿਹੇ ਸਿਆਸਤਦਾਨਾਂ ਤੋਂ ਬਚਣ ਲਈ ਆਪ ਤੇ ਆਪਣੇ ਬੱਚਿਆਂ ਨੂੰ ਅਸ਼ਲੀਲਤਾ, ਨੰਗੇਜ਼ਵਾਦ ਅਤੇ ਨਸ਼ਿਆਂ ਤੋਂ ਦੂਰ ਰੱਖਣਾ ਪਵੇਗਾ। ਜੇ ਮਾਂ-ਬਾਪ ਆਪ ਆਦਰਸ਼ ਬਣਨਗੇ, ਤਾਂ ਬੱਚੇ ਵੀ ਉਨ੍ਹਾਂ ਦੀਆਂ ਚੰਗੀਆਂ ਆਦਤਾਂ ਗ੍ਰਹਿਣ ਕਰਨਗੇ। ਅੱਜ ਵਾਹੀ, ਪੜ੍ਹਾਈ ਤੇ ਦਵਾਈ ਬੜੀ ਮਹਿੰਗੀ ਹੋਈ ਪਈ ਹੈ, ਸਾਨੂੰ ਫਜ਼ੂਲ-ਖਰਚੀ ਛੱਡ ਕੇ ਆਪਣੀ ਚਾਦਰ ਵੇਖ ਕੇ ਪੈਰ ਪਸਾਰਨੇ ਪੈਣਗੇ। ਬੱਚਿਆਂ ਨੂੰ ਚੰਗੀ ਤਾਲੀਮ ਦੇ ਕੇ ਉਨ੍ਹਾਂ ਵਿਚ ਉਹ ਬੁੱਧ-ਬਿਬੇਕ ਪੈਦਾ ਕਰਨੀ ਹੋਵੇਗੀ ਜੋ ਚੰਗੇ-ਮਾੜੇ ਦੀ ਪਛਾਣ ਕਰਨਾ ਸਿਖਾਉਂਦੀ ਹੈ। ਬਾਬੇ ਨਾਨਕ ਦੀ ਕਿਰਤ ਨੂੰ ਅਪਨਾਉਣਾ ਪਵੇਗਾ। ਵੋਟ ਪਾਉਣ ਵੇਲੇ ਨਸ਼ੇ ਅਤੇ ਪੈਸੇ ਵੰਡਣ ਵਾਲਿਆਂ ਦੀ ਥਾਂ ਚੰਗੇ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਵੋਟ ਪਾਉਣੀ ਹੋਵੇਗੀ।

ਇਤਿਹਾਸ ਗਵਾਹ ਹੈ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਉਦੋਂ ਵੀ ਕੋਈ ਸਿੱਖ ਕੌਮ ਨੂੰ ਮਾਰ ਨਾ ਸਕਿਆ। ਸੱਚਾ-ਸੁੱਚਾ ਆਚਰਨ ਸਾਡੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਸਿਆਣਿਆਂ ਦਾ ਕਹਿਣਾ ਹੈ ਕਿ ਜੇ ਤੁਸੀਂ ਕਿਸੇ ਘਰ, ਕੌਮ ਤੇ ਦੇਸ਼ ਨੂੰ ਮਾਰਨਾ ਹੋਵੇ ਤਾਂ ਉਸ ਨੂੰ ਗਿਆਨ ਤੇ ਕਿਰਤ ਤੋਂ ਦੂਰ ਕਰ ਕੇ ਨਸ਼ਿਆਂ 'ਤੇ ਲਾ ਦਿਓ, ਆਪਣੇ-ਆਪ ਖ਼ਤਮ ਹੋ ਜਾਵੇਗੀ। ਪੰਜਾਬੀ ਕੌਮ ਨਾਲ ਇਹੋ ਕੁਝ ਅੱਜ ਦਾ ਸਿਆਸਤਦਾਨ ਕਰ ਰਿਹਾ ਹੈ। ਫਿਰ ਵੀ ਨਿਰਾਸ਼ ਹੋਣ ਦੀ ਲੋੜ ਨਹੀਂ, ਬਾਬਾ ਨਾਨਕ ਕਹਿ ਗਿਆ ਹੈ, ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

*ਹੁਣ ਜੇ ਅਸੀਂ ਆਪਣੀ ਆਉਣ ਵਾਲੀ ਨਸਲ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਅਜਿਹੇ ਸਿਆਸਤਦਾਨਾਂ ਤੋਂ ਬਚਣ ਲਈ ਆਪ ਤੇ ਆਪਣੇ ਬੱਚਿਆਂ ਨੂੰ ਅਸ਼ਲੀਲਤਾ, ਨੰਗੇਜ਼ਵਾਦ ਅਤੇ ਨਸ਼ਿਆਂ ਤੋਂ ਦੂਰ ਰੱਖਣਾ ਪਵੇਗਾ। ਜੇ ਮਾਂ-ਬਾਪ ਆਪ ਆਦਰਸ਼ ਬਣਨਗੇ ਤਾਂ ਬੱਚੇ ਵੀ ਉਨ੍ਹਾਂ ਦੀਆਂ ਚੰਗੀਆਂ ਆਦਤਾਂ ਗ੍ਰਹਿਣ ਕਰਨਗੇ। ਅੱਜ ਵਾਹੀ, ਪੜ੍ਹਾਈ ਤੇ ਦਵਾਈ ਬੜੀ ਮਹਿੰਗੀ ਹੋਈ ਪਈ ਹੈ, ਸਾਨੂੰ ਫਜ਼ੂਲ-ਖਰਚੀ ਛੱਡ ਕੇ ਆਪਣੀ ਚਾਦਰ ਵੇਖ ਕੇ ਪੈਰ ਪਸਾਰਨੇ ਪੈਣਗੇ। ਬੱਚਿਆਂ ਨੂੰ ਚੰਗੀ ਤਾਲੀਮ ਦੇ ਕੇ ਉਨ੍ਹਾਂ ਵਿਚ ਉਹ ਬੁੱਧ-ਬਿਬੇਕ ਪੈਦਾ ਕਰਨੀ ਹੋਵੇਗੀ ਜੋ ਚੰਗੇ-ਮਾੜੇ ਦੀ ਪਛਾਣ ਕਰਨਾ ਸਿਖਾਉਂਦੀ ਹੈ। ਬਾਬੇ ਨਾਨਕ ਦੀ ਕਿਰਤ ਨੂੰ ਅਪਨਾਉਣਾ ਪਵੇਗਾ।*

# ਅਕਾਲੀ ਲਹਿਰ ਦਾ ਨਾਇਕ-ਤੇਜਾ ਸਿੰਘ ਸਮੁੰਦਰੀ

"ਹਜ਼ਾਰੋਂ ਸਾਲ ਨਰਗਸ
ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ।"
-ਸਰ ਮੁਹੰਮਦ ਇਕਬਾਲ

ਸ. ਤੇਜਾ ਸਿੰਘ ਸਮੁੰਦਰੀ ਅਕਾਲੀ ਲਹਿਰ ਦੇ ਨਿਡਰ, ਬੇਬਾਕ, ਗਹਿਰ-ਗੰਭੀਰ, ਮਿਠ ਬੋਲੜੇ, ਕਥਨੀ ਤੇ ਕਰਨੀ ਵਾਲੇ ਪੂਰਨ ਗੁਰਸਿਖ ਅਤੇ ਅਣਥੱਕ ਜਰਨੈਲ ਸਨ। ਉਨ੍ਹਾਂ ਆਪਣੀ ਸਾਰੀ ਉਮਰ ਸਿੱਖ ਕੌਮ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕਰਦਿਆਂ ਨਿਛਾਵਰ ਕਰ ਦਿੱਤੀ। ਉਹ

**ਕੁਲਦੀਪ ਸਿੰਘ ਯੂਨੀਅਨ ਸਿਟੀ**

ਸਹਿਨਸ਼ੀਲਤਾ, ਦਿਆਨਤਦਾਰੀ ਨਾਲ ਭਰਪੂਰ ਸਵੱਛ ਤੇ ਕੋਮਲ ਹਿਰਦੇ ਦੇ ਮਾਲਕ ਸਨ।

*ਤੇਜਾ ਸਿੰਘ ਦੀ ਲਿਆਕਤ ਬਾਰੇ ਪ੍ਰੋ. ਰੁਚੀ ਰਾਮ ਸਾਹਨੀ ਆਪਣੀ ਪ੍ਰਸਿੱਧ ਪੁਸਤਕ 'ਸਟਰਗਲ ਫਾਰ ਰਿਫਾਰਮ ਇਨ ਸਿੱਖ ਸ਼੍ਰਾਈਨਜ਼' ਵਿਚ ਲਿਖਦੇ ਹਨ, "ਸ. ਤੇਜਾ ਸਿੰਘ ਸਮੁੰਦਰੀ ਸਚਮੁਚ ਹੀ ਬੜਾ ਕਮਾਲ ਦਾ ਬੰਦਾ ਸੀ, ਸਾਧਾਰਨ ਸ਼ਬਦਾਂ ਵਿਚ ਗੱਲ ਕੀਤਿਆਂ, ਉਹ ਪੜ੍ਹਿਆ-ਲਿਖਿਆ ਬੰਦਾ ਨਹੀਂ ਸੀ, ਪਰ ਉਹ ਸਿੱਖ ਇਤਿਹਾਸ ਅਤੇ ਸਿੱਖ ਧਰਮ ਬਾਰੇ ਸਭ ਕੁਝ ਜਾਣਦਾ ਸੀ। ਮੈਂ ਉਸ ਨੂੰ ਜਦੋਂ ਕਦੇ ਗੱਲ ਕਰਦਿਆਂ ਸੁਣਿਆ, ਉਹ ਮੈਨੂੰ ਸਿੱਖ ਇਤਿਹਾਸ ਦੀ ਬੜੀ ਬਾਰੀਕ ਸੂਝ ਰੱਖਣ ਵਾਲਾ ਵਿਅਕਤੀ ਦਿਸ ਆਇਆ। ਉਸ ਦਾ ਸਿੱਖ ਇਤਿਹਾਸ ਦੇ ਉਸ ਕਾਲ ਦਾ ਗਿਆਨ ਤਾਂ ਬੜਾ ਅਦਭੁਤ ਸੀ ਜਿਸ ਨੇ ਉਸ ਦੇ ਸਿੱਖ-ਨਿਸਚੇ ਤੇ ਆਚਰਨ ਨੂੰ ਅਮਲ ਦੀ ਕੁਠਾਲੀ ਵਿਚ ਢਾਲ ਕੇ ਕੰਚਨ ਵਰਗਾ ਬਣਾ ਦਿੱਤਾ ਸੀ। ਸਮੁੰਦਰੀ ਸਾਹਿਬ ਦੀ ਸਭ ਤੋਂ ਵੱਡੀ ਇੱਛਾ ਖਾਲਸੇ ਨੂੰ ਉਸ ਸਮੇਂ ਉਚੇ ਆਦਰਸ਼ਾਂ ਤੇ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰਦੇ ਵੇਖਣਾ ਸੀ।"*



ਤੇਜਾ ਸਿੰਘ ਸਮੁੰਦਰੀ ਦਾ ਜਨਮ 20 ਫਰਵਰੀ 1881 ਵਿਚ ਅੰਮ੍ਰਿਤਸਰ ਜਿਲ੍ਹੇ (ਹੁਣ ਜਿਲ੍ਹਾ ਤਰਨ ਤਾਰਨ ਸਾਹਿਬ) ਦੀ ਤਹਿਸੀਲ ਪੱਟੀ ਦੇ ਪਿੰਡ 'ਬੁਰਜ ਰਾਏ ਕਾ' ਵਿਚ ਰਿਸਾਲਦਾਰ ਮੇਜਰ ਸ. ਦੇਵਾ ਸਿੰਘ ਦੇ ਘਰ ਹੋਇਆ। ਜਦੋਂ ਅੰਗਰੇਜਾਂ ਨੇ ਸੰਦਲਬਾਰ ਦਾ ਇਲਾਕਾ ਵਸਾਇਆ ਤਾਂ ਉਨ੍ਹਾਂ ਦੇ ਪਿਤਾ ਜੀ ਨੂੰ ਫੌਜੀ ਸੇਵਾ ਦੇ ਬਦਲੇ ਜਿਲ੍ਹਾ ਲਾਇਲਪੁਰ (ਹੁਣ ਫੈਸਲਾਬਾਦ, ਲਹਿੰਦਾ ਪੰਜਾਬ) ਤਹਿਸੀਲ ਸਮੁੰਦਰੀ, ਚੱਕ ਨੰਬਰ 140, ਗੋਗੇਰਾ ਬ੍ਰਾਂਚ ਵਿਚ 5 ਮੁਰੱਬੇ ਮਿਲੇ ਸਨ। ਉਹ ਕੇਵਲ ਪੰਜ ਜਮਾਤਾਂ ਹੀ ਪੜ੍ਹੇ ਸਨ। ਛੋਟੀ ਉਮਰ ਵਿਚ ਹੀ ਉਨ੍ਹਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਡੂੰਘਾ ਪਿਆਰ ਸੀ। ਨਿਤਨੇਮ ਦੀਆਂ ਬਾਣੀਆਂ ਦੇ ਨਾਲ ਨਾਲ ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਵੀ ਕੰਠ ਸਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਸੀਏ ਪਾਠੀ ਸਨ।

14 ਜਨਵਰੀ 1914 ਦੀ ਗੱਲ ਹੈ ਕਿ ਗੁਰਦੁਆਰਾ ਰਕਾਬ ਗੰਜ, ਦਿੱਲੀ ਦੀ ਕੰਧ ਸੜਕ ਸਿੱਧਿਆਂ ਕਰਨ ਵਾਸਤੇ ਅੰਗਰੇਜ਼ ਹਕੂਮਤ ਨੇ ਗਿਰਾਈ। ਇਸ ਦੇ ਵਿਰੁਧ ਉਨ੍ਹਾਂ ਮਾਸਟਰ ਮੋਤਾ ਸਿੰਘ ਅਤੇ ਸ. ਹਰਚੰਦ ਸਿੰਘ ਰਈਸ ਲਾਇਲਪੁਰ ਨਾਲ ਮਿਲ ਕੇ ਅੰਦੋਲਨ 'ਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ ਗੁਰਦੁਆਰਾ ਪ੍ਰਬੰਧ ਸੁਧਾਰ ਅੰਦੋਲਨ ਲਈ 35 ਆਦਮੀਆਂ ਦੀ ਬਣਾਈ ਪਹਿਲੀ ਮੁਢਲੀ ਕਮੇਟੀ ਦੇ ਆਗੂਆਂ 'ਚੋਂ ਇਕ ਸਨ। ਇਸੇ ਕਮੇਟੀ ਦਾ ਨਾਮ ਬਾਅਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ।

ਪੰਜਾਬੀ ਦੇ ਰੋਜ਼ਾਨਾ 'ਅਕਾਲੀ' ਅਖਬਾਰ ਦੇ ਬਾਨੀਆਂ 'ਚੋਂ ਉਹ ਇਕ ਸਨ। ਇਸ ਅਖਬਾਰ ਨੇ ਅਕਾਲੀ ਅੰਦੋਲਨ ਵਿਚ ਜਾਨ ਭਰੀ ਅਤੇ ਆਪਣੇ ਲੇਖਾਂ ਨਾਲ ਵਿਦੇਸ਼ੀ ਹਕੂਮਤ ਵਿਰੁਧ ਅਜ਼ਾਦੀ ਲਹਿਰ ਦੀ ਮੁਹਿੰਮ ਚਲਾਈ। ਜਦੋਂ ਇਸ ਅਖਬਾਰ ਨੂੰ ਮਾਲੀ ਔਕੜਾਂ ਆਈਆਂ, ਚਾਲੀ ਚਾਲੀ ਹਜ਼ਾਰ ਦੇ ਜੁਰਮਾਨੇ ਪੇਪਰ ਨੂੰ ਹੋਏ ਤਾਂ ਇਸ ਸਭ ਦਾ ਬੋਝ ਉਨ੍ਹਾਂ ਜਾਤੀ ਤੌਰ 'ਤੇ ਆਪਣੇ ਮੋਢਿਆਂ ਉਤੇ ਉਠਾਇਆ, ਨਿਜੀ ਜਾਇਦਾਦ ਵੇਚ ਕੇ ਹਰਜਾਨਾ ਪੂਰਾ ਕੀਤਾ। ਉਹ ਪੰਜਾਬ ਕਾਂਗਰਸ ਦੀ ਵਰਕਿੰਗ ਕਮੇਟੀ ਤੇ ਸਰਬ ਹਿੰਦ ਕਾਂਗਰਸ ਦੇ ਮੈਂਬਰ ਵੀ ਰਹੇ। ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਕੇ ਅਤੇ ਗੁਰੂ ਕੇ ਬਾਗ ਦੇ ਕਠਨ ਮੋਰਚੇ ਪਿਛੋਂ ਗੁਰਦੁਆਰਾ ਖਡੂਰ ਸਾਹਿਬ ਤੇ ਗੁਰਦੁਆਰਾ ਮੁਕਤਸਰ ਦੇ ਸੁਧਾਰ ਲਈ ਉਨ੍ਹਾਂ ਬੜੀ ਦ੍ਰਿੜਤਾ ਨਾਲ ਅਗਵਾਈ ਕੀਤੀ।

ਉਹ ਦਸਵੰਧ ਤੇ ਚੜ੍ਹਾਵੇ ਦੀ ਮਾਇਆ ਨੂੰ ਵਿਦਿਆ ਦੇ ਪ੍ਰਸਾਰ, ਅਛੂਤਾਂ ਤੇ ਮਾਨਵ-ਜਾਤੀ ਦੇ ਭਲੇ ਹਿਤ ਵਰਤਣ ਦੇ ਸਦਾ ਚਾਹਵਾਨ ਰਹੇ। ਵਿਦਿਅਕ ਅਦਾਰਿਆਂ ਦੀ ਕੀਤੀ ਜਾਣ ਵਾਲੀ ਸਹਾਇਤਾ, ਉਨ੍ਹਾਂ ਦੇ ਵਡਦਾਨੀ ਸੁਭਾਅ ਨੂੰ ਪ੍ਰਗਟ ਕਰਦੀ ਹੈ। ਖਾਲਸਾ ਹਾਈ ਸਕੂਲ ਲਾਇਲਪੁਰ (ਹੁਣ ਫੈਸਲਾਬਾਦ), ਖਾਲਸਾ ਹਾਈ ਸਕੂਲ ਸਰਹਾਲੀ ਤੇ ਚੱਕ ਨੰਬਰ 140 ਵਾਲੇ ਸਕੂਲ ਦਾ ਸਾਰਾ ਖਰਚਾ ਆਪਣੇ ਕੋਲੋਂ ਕਰਦੇ ਸਨ।

9 ਜੁਲਾਈ 1923 ਵਿਚ ਜਦ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਓਂ ਉਤਾਰ ਦਿੱਤਾ ਗਿਆ ਤਾਂ ਸਿੱਖਾਂ ਵਿਚ ਗੁੱਸੇ ਅਤੇ ਵਿਦਰੋਹ ਦੀ ਲਹਿਰ ਫੈਲ ਗਈ। ਮਹਾਰਾਜਾ ਨਾਭਾ ਨੂੰ ਦੇਸ਼ ਪਿਆਰ ਤੇ ਆਜ਼ਾਦ-ਖਿਆਲੀ ਦੀ ਸਜ਼ਾ ਮਿਲੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਇਸ ਵਿਰੁਧ ਮੋਰਚਾ ਲਾਇਆ ਤਾਂ ਦੋਹਾਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ। 4 ਨਵੰਬਰ 1923 ਨੂੰ ਸ. ਤੇਜਾ ਸਿੰਘ ਸਮੁੰਦਰੀ ਤੇ ਉਨ੍ਹਾਂ ਦੇ ਨਾਲ ਹੋਰ ਤਕਰੀਬਨ 60 ਆਗੂਆਂ ਨੂੰ ਅੰਗਰੇਜ਼ੀ ਸਰਕਾਰ ਦਾ ਤਖਤਾ ਉਲਟਾਉਣ ਦੀ ਸਾਜ਼ਿਸ਼ ਕਰਨ ਦੇ ਦੋਸ਼ ਤਹਿਤ ਪਹਿਲਾਂ ਅੰਮ੍ਰਿਤਸਰ ਜੇਲ੍ਹ ਅਤੇ ਬਾਅਦ ਵਿਚ ਲਾਹੌਰ ਦੇ ਇਤਿਹਾਸਕ ਕਿਲ੍ਹੇ ਦੀ ਇਕ ਪੁਰਾਣੀ ਹਵੇਲੀ ਵਿਚ ਡੱਕ ਦਿੱਤਾ ਗਿਆ। ਇਹ ਮੁਕੱਦਮਾ ਲਗਭਗ ਤਿੰਨ ਸਾਲ ਤਕ ਚਲਦਾ ਰਿਹਾ। ਇਨ੍ਹਾਂ ਹੀ ਪੰਥਕ ਆਗੂਆਂ ਵਿਚ ਪ੍ਰਿੰ. ਤੇਜਾ ਸਿੰਘ ਵੀ ਸ਼ਾਮਲ ਸਨ। ਪ੍ਰਿੰ. ਤੇਜਾ ਸਿੰਘ ਨੇ ਆਪਣੀ ਸਵੈ-ਜੀਵਨੀ 'ਆਰਸੀ' ਵਿਚ ਸ. ਤੇਜਾ ਸਿੰਘ ਸਮੁੰਦਰੀ ਦੇ ਠੰਢੇ ਸੁਭਾਅ ਬਾਰੇ ਜ਼ਿਕਰ ਕਰਦਿਆਂ ਲਿਖਿਆ ਹੈ, "ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਇਕੋ ਇਕ ਸ਼ਖਸੀਅਤ ਸੀ ਜਿਸ ਉਤੇ ਜੇਲ੍ਹ ਦੀ ਜ਼ਿੰਦਗੀ ਨੇ ਕੋਈ ਬੁਰਾ ਅਸਰ ਨਹੀਂ ਸੀ ਕੀਤਾ। ਉਹ ਨਿਤਾਪ੍ਰਤਿ ਅੰਮ੍ਰਿਤ ਵੇਲੇ ਉਠ ਕੇ 13 ਵਾਰਾਂ ਦਾ ਪਾਠ ਕਰਦੇ ਅਤੇ ਸਦਾ ਠੰਢੇ ਸੁਭਾਅ ਵਿਚ ਰਹਿੰਦੇ ਹੋਏ ਬਾਕੀ ਦਿਆਂ ਦੇ ਸਭ ਅਕੇਵੇਂ ਤੇ ਸੁਕੇਵੇਂ ਦੂਰ ਕਰਕੇ ਠੰਢ ਵਰਤਾਈ ਰੱਖਦੇ।"



*ਦਰਬਾਰ ਸਾਹਿਬ ਕੰਪਲੈਕਸ ਵਿਚ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਜਿਥੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਹੈ।*

ਇਸੇ ਜੇਲ੍ਹ ਜੀਵਨ ਦੌਰਾਨ ਅੰਗਰੇਜ਼ੀ ਸਰਕਾਰ ਅਕਾਲੀ ਆਗੂਆਂ ਦੀ ਸਲਾਹ ਨਾਲ ਗੁਰਦੁਆਰਾ ਐਕਟ ਬਣਾਉਣ 'ਤੇ ਮਜਬੂਰ ਹੋ ਗਈ। ਐਕਟ ਪਾਸ ਹੋਣ ਬਾਅਦ ਪੰਜਾਬ ਦੇ ਚਲਾਕ ਗਵਰਨਰ ਸਰ ਮੈਲਕਮ ਹੈਲੀ ਨੇ ਇਹ ਸ਼ਰਤ ਲਾ ਦਿੱਤੀ ਕਿ ਸਾਜ਼ਿਸ਼ ਕੇਸ ਵਿਚ ਗ੍ਰਿਫਤਾਰ ਆਗੂਆਂ ਵਿਚੋਂ ਜਿਹੜਾ ਵੀ ਗੁਰਦੁਆਰਾ ਐਕਟ ਮੰਨਣ ਦੀ ਸ਼ਰਤ ਮੰਨ ਲਵੇ, ਉਸ ਨੂੰ ਰਿਹਾ ਕਰ ਦਿੱਤਾ ਜਾਵੇਗਾ। ਕੁਝ ਆਗੂਆਂ ਦਾ ਵਿਚਾਰ ਸੀ ਕਿ ਇਹ ਸ਼ਰਤ ਮੰਨਣ ਦਾ ਕੋਈ ਨੁਕਸਾਨ ਨਹੀਂ ਕਿਉਂਕਿ ਗੁਰਦੁਆਰਾ ਐਕਟ ਉਨ੍ਹਾਂ ਆਪ ਹੀ ਤਾਂ ਬਣਾਇਆਂ ਸੀ। ਉਹ ਇਹ ਸ਼ਰਤ ਮੰਨ ਕੇ ਰਿਹਾ ਹੋ ਗਏ। ਉਸ ਸਮੇਂ ਸ. ਤੇਜਾ ਸਿੰਘ ਸਮੁੰਦਰੀ, ਜੱਥੇਦਾਰ ਤੇਜਾ ਸਿੰਘ ਅਕਰਪੁਰੀ, ਸ. ਗੋਪਾਲ ਸਿੰਘ ਕੌਮੀ ਆਦਿਕ ਕੁਝ ਆਗੂਆਂ ਨੇ ਸ਼ਰਤਾਂ ਮੰਨ ਕੇ ਬਾਹਰ ਆਉਣਾ ਠੀਕ ਨਾ ਸਮਝਿਆ। ਇਸੇ ਦੌਰਾਨ 17 ਜੁਲਾਈ 1926 ਨੂੰ ਸ. ਸਮੁੰਦਰੀ ਦਿਲ ਦੀ ਬੀਮਾਰੀ ਨਾਲ ਜੇਲ੍ਹ ਦੇ ਅੰਦਰ ਹੀ ਸ਼ਹੀਦੀ ਪਾ ਗਏ।

ਪ੍ਰੋ. ਰੁਚੀ ਰਾਮ ਸਾਹਨੀ, ਤੇਜਾ ਸਿੰਘ ਦੀ ਲਿਆਕਤ ਬਾਰੇ ਆਪਣੀ ਪ੍ਰਸਿੱਧ ਪੁਸਤਕ 'ਸਟ੍ਰਗਲ ਫਾਰ ਰੀਫੋਰਮ ਇਨ ਸਿੱਖ ਸ੍ਰਾਈਨਜ਼' ਵਿਚ ਲਿਖਦਾ ਹੈ, "ਸ. ਤੇਜਾ ਸਿੰਘ ਸਮੁੰਦਰੀ ਸੱਚਮੁਚ ਹੀ ਬੜਾ ਕਮਾਲ ਦਾ ਬੰਦਾ ਸੀ, ਸਧਾਰਣ ਸ਼ਬਦਾਂ ਵਿਚ ਗੱਲ ਕੀਤਿਆਂ, ਉਹ ਪੜ੍ਹਿਆ ਲਿਖਿਆ ਬੰਦਾ ਨਹੀਂ ਸੀ, ਪਰ ਉਹ ਸਿੱਖ ਇਤਿਹਾਸ ਅਤੇ ਸਿੱਖ ਧਰਮ ਬਾਰੇ ਸਭ ਕੁਝ ਜਾਣਦਾ ਸੀ। ਮੈਂ ਉਸ ਨੂੰ ਜਦੋਂ ਕਦੇ ਗੱਲ ਕਰਦਿਆਂ ਸੁਣਿਆ, ਉਹ ਮੈਨੂੰ ਸਿੱਖ ਇਤਿਹਾਸ ਦੀ ਬੜੀ ਬਾਰੀਕ ਸੂਝ ਰੱਖਣ ਵਾਲਾ ਵਿਅਕਤੀ ਦਿਸ ਆਇਆ। ਉਸ ਦਾ ਸਿੱਖ ਇਤਿਹਾਸ ਦੇ ਉਸ ਕਾਲ ਦਾ ਗਿਆਨ ਤਾਂ ਬੜਾ ਅਦਭੁਤ ਸੀ, ਜਿਸ ਨੇ ਉਸ ਦੇ ਸਿੱਖ-ਨਿਸਚੇ ਤੇ ਆਚਰਣ ਨੂੰ ਅਮਲ ਦੀ ਕੁਠਾਲੀ ਵਿਚ ਢਾਲ ਕੇ ਕੰਚਨ ਵਰਗਾ ਬਣਾ

**ਬਰਸੀ 'ਤੇ ਵਿਸ਼ੇਸ਼**

ਦਿੱਤਾ ਸੀ। ਸਮੁੰਦਰੀ ਸਾਹਿਬ ਦੀ ਸਭ ਤੋਂ ਵੱਡੀ ਇੱਛਾ ਖਾਲਸੇ ਨੂੰ ਉਸ ਸਮੇਂ ਉਚੇ ਆਦਰਸ਼ਾਂ ਤੇ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰਦੇ ਵੇਖਣਾ ਸੀ।"

(ਹਵਾਲਾ: ਪ੍ਰਮੁਖ ਸਿੱਖ ਸ਼ਖਸੀਅਤਾਂ, ਸੰਪਾਦਕ ਰੂਪ ਸਿੰਘ, ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996)

ਤੇਜਾ ਸਿੰਘ ਸਮੁੰਦਰੀ ਰੱਜੇ-ਪੁੱਜੇ ਘਰਾਣੇ ਦੇ ਜ਼ਿਮੀਂਦਾਰ ਸਨ। ਉਨ੍ਹਾਂ ਦੀ ਪਹਿਲੀ ਸ਼ਾਦੀ ਬੀਬੀ ਰਾਮ ਕੌਰ ਨਾਲ ਹੋਈ। ਕੁਝ ਚਿਰ ਕੋਈ ਬੱਚਾ ਨਾ ਹੋਣ ਕਰਕੇ ਭੈਣਾਂ ਨੇ ਜੋਰ ਦੇ ਕੇ ਦੂਜੀ ਸ਼ਾਦੀ ਕਰਵਾ ਦਿੱਤੀ। ਪਹਿਲੀ ਸ਼ਾਦੀ ਵਿਚੋਂ ਉਨ੍ਹਾਂ ਦੇ ਸਪੁੱਤਰ ਸ. ਬਿਸ਼ਨ ਸਿੰਘ ਸਮੁੰਦਰੀ ਸਨ ਜਿਨ੍ਹਾਂ ਪੜ੍ਹਾਈ ਦੇ ਖੇਤਰ 'ਚ ਨਾਮਣਾ ਖੱਟਿਆ। ਸ. ਬਿਸ਼ਨ ਸਿੰਘ ਸਮੁੰਦਰੀ ਪਹਿਲਾਂ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ ਅਤੇ ਬਾਅਦ ਵਿਚ ਨਵੀਂ ਕਾਇਮ ਕੀਤੀ ਗਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ-ਚਾਂਸਲਰ ਬਣੇ।

ਸ਼ਹੀਦ ਤੇਜਾ ਸਿੰਘ ਸਮੁੰਦਰੀ ਨੇ ਸਿਰਫ 44 ਸਾਲ 5 ਮਹੀਨੇ ਦੀ ਆਰਜਾ ਪਾਈ ਹੈ ਪਰ ਇਸ ਉਮਰ ਵਿਚ ਆਪਣੀ ਪੰਥ ਤੇ ਦੇਸ਼ ਪਿਆਰ ਦੀ ਲਗਨ ਕਰ ਕੇ, ਸਿਆਣੇ ਤੇ ਸੰਜੀਦਾ ਸੁਭਾਅ ਕਰ ਕੇ ਆਪਣੇ ਸਿਰੜ ਤੇ ਦ੍ਰਿੜ ਵਿਸ਼ਵਾਸ ਸਦਕਾ ਬਹੁਤ ਉਚੀ ਸੇਵਾ ਦਾ ਨਾਮਣਾ ਖਟਿਆ ਹੈ। ਅੱਜ ਦਰਬਾਰ ਸਾਹਿਬ ਕੰਪਲੈਕਸ ਵਿਚ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਇਮਾਰਤ 'ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ' ਸੁਭਾਇਮਾਨ ਹੈ। ਮਰਹੂਮ ਕਵੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀਆਂ ਹੇਠ ਲਿਖੀਆਂ ਕਾਵਿ ਸਤਰਾਂ ਨਾਲ ਸ਼ਰਧਾਂਜਲੀ ਅਰਪਣ ਹੈ,

ਮਹਿਕ ਦੇਂਵਦਾ ਪੰਥ ਦੇ ਬਾਗ ਤਾਈਂ
ਕਿਸੇ ਆਖਿਆ ਫੁਲ ਗੁਲਾਬ ਦਾ ਸੀ,
ਜਲਦਾ ਵੇਖ ਕੇ ਧਰਮ ਦੀ ਸ਼ਮ੍ਹਾਂ ਉਤੇ,
ਕੋਈ ਕਹੇ ਪੰਤਗ ਇਹ ਜਾਪਦਾ ਸੀ,
ਸਿਦਕ ਧਾਰ ਬੈਠਾ ਕਤਲ-ਗਾਹ ਅੰਦਰ,
ਮਾਨੋ, ਵਾਂਗ ਮਨਸੂਰ ਸੰਭਾਪਦਾ ਸੀ,
ਕੋਈ ਮੁਖੜਾ ਵੇਖ ਕੇ ਤੇਜ ਵਾਲਾ,
ਸੁਰਖ-ਰੂ ਆਸ਼ਿਕ ਕਹਿ ਅਲਾਪਦਾ ਸੀ,
ਅਸਲ ਵਿਚ ਇਹ ਮੋਤੀ ਸਮੁੰਦਰੀ ਸੀ,
ਆਇਆ ਕੰਮ ਗਰੀਬਾਂ ਦੇ ਆਉਣ ਲਈ,
ਉਹ ਨੂੰ ਮੌਤ-ਸਲਾਈ ਦੇ ਨਾਲ ਵਿੰਨ੍ਹਿਆ,
ਦਾਤੇ ਆਪਣੇ ਗਲ ਵਿਚ ਪਾਉਣ ਦੇ ਲਈ।

# ਮੰਗਵੇਂ ਖੰਭਾਂ 'ਤੇ ਉਡਣ ਨਾਲੋਂ ਸਾਦਗੀ ਚੰਗੀ

ਨੁਮਾਇਸ਼ ਪ੍ਰਧਾਨ ਸਮਾਜ ਵਿਚ ਸਭ ਤੋਂ ਵੱਧ ਅਹਿਮੀਅਤ ਇਨਸਾਨ ਦੀ ਦਿੱਖ ਦੀ ਜਾਪਦੀ ਹੈ। ਉਹ ਜ਼ਮਾਨੇ ਹੋਰ ਸਨ ਜਦੋਂ ਸਾਦਗੀ ਦੀ ਗਿਣਤੀ ਸਲੀਕੇ ਵਿਚ ਸ਼ਾਮਿਲ ਹੁੰਦੀ ਸੀ। ਹੁਣ ਤਾਂ ਸਾਦਗੀ ਮਜਬੂਰੀ ਦਾ ਦੂਜਾ ਨਾਂ ਹੈ। ਸਿਰਫ ਤੇ ਸਿਰਫ ਚਿੱਟੇ ਕੁੜਤੇ ਪਜ਼ਾਮੇ ਹੀ ਕਬੂਲੇ ਜਾਂਦੇ ਹਨ, ਸਾਦੇ ਪਹਿਰਾਵੇ ਵਿਚੋਂ, ਪਰ ਉਹ ਵੀ ਇਹ ਜਾਣ ਲੈਣ ਉਪਰੰਤ ਕਿ ਪਹਿਨਣ ਵਾਲੇ ਦਾ

**ਬੱਬੂ ਤੀਰ**
**ਫੋਨ: 91-98144-33133**

ਸਮਾਜਿਕ ਕੱਦ ਕੀ ਹੈ, ਕਿਉਂਕਿ ਇਹ ਵਸਤਰ ਸਾਡੇ ਨੇਤਾ ਪਸੰਦ ਕਰਦੇ ਹਨ। ਜੇ ਸੂਤੀ ਕੁੜਤੇ ਪਜ਼ਾਮੇ ਪਾ ਲੋਕਾਂ ਵਿਚ ਵਿਚਰ ਉਸ ਕੁਰਸੀ ਨੂੰ ਹੱਥ ਪੈ ਜਾਣਾ ਹੈ, ਜਿਸ ਉਤੇ ਬਿਰਾਜ ਸਾਰੇ ਉਰਲੇ-ਪਰਲਿਆਂ ਦੀ ਵੀ ਸਾਦਗੀ ਲਹਿ ਜਾਣੀ ਹੈ ਤਾਂ ਫਿਰ ਸੌਦਾ ਕੀ ਮਾੜਾ ਹੈ? ਪਰ ਆਮ ਤੌਰ 'ਤੇ ਉਹ ਸ਼ਖਸ ਨਜ਼ਰਅੰਦਾਜ਼ ਹੋ ਕੇ ਰਹਿ ਜਾਂਦਾ ਹੈ, ਜਿਸ ਦੇ ਪਹਿਨਣ-ਪਚਰਨ ਵਿਚ ਰੋਅਬ ਜਿਹਾ ਨਾ ਹੋਵੇ। ਕਿਉਂਕਿ ਸਾਦਗੀ ਜਿਹਾ ਗਹਿਣਾ ਤੁਸੀਂ ਉਦੋਂ ਹੀ ਹੰਢਾਅ ਸਕਦੇ ਹੋ, ਜਦੋਂ ਤੁਹਾਡੀ ਸ਼ਖਸੀਅਤ ਦੀ ਲਿਸ਼ਕ ਹੀ ਬਥੇਰੀ ਹੋਵੇ, ਦੁਨੀਆਂ ਦੀਆਂ ਅੱਖਾਂ ਚੁੰਧਿਆਉਣ ਖਾਤਰ। ਵੱਡੇਪਣ ਦੀ ਇਕ ਨਿਸ਼ਾਨੀ ਇਹ ਵੀ ਹੈ ਕਿ ਤੁਸੀਂ ਲੋਕਾਂ ਦਾ ਧਿਆਨ ਖਿੱਚਣ ਖਾਤਰ ਕੋਈ ਛੋਟੀ ਹਰਕਤ ਨਹੀਂ ਕਰਦੇ। ਤੁਹਾਡੇ ਕਿਰਦਾਰ ਨੂੰ ਆਪਣੇ ਥਾਂ-ਟਿਕਾਣੇ ਦੀ ਪੂਰੀ ਸਮਝ ਹੁੰਦੀ ਹੈ ਤੇ ਭਰੋਸਾ ਵੀ।

ਬੜੇ ਸਾਲ ਪਹਿਲਾਂ ਅਮਰੀਕਾ ਵਿਚ ਇਕ ਅੰਤਰਰਾਸ਼ਟਰੀ ਸਮਾਗਮ ਚਲ ਰਿਹਾ ਸੀ, ਮੁਲਕਾਂ ਦੀਆਂ ਊਰਜਾ ਨੀਤੀਆਂ ਨੂੰ ਲੈ ਕੇ। ਸਾਰੇ ਮੁਲਕਾਂ ਦੇ ਨੁਮਾਇੰਦੇ ਆਪੋ-ਆਪਣੇ ਮੁਲਕ ਦੀ ਵਿਧੀ ਉਲੀਕਣ ਪਹੁੰਚੇ ਸਨ। ਦੁਨੀਆਂ ਦੇ ਬਿਹਤਰੀਨ ਦਿਮਾਗ, ਆਪਣੀ ਕਾਢ ਪੇਸ਼ ਕਰਨ ਜਾ ਰਹੇ ਸਨ। ਇਕ ਅਮਰੀਕਨ ਨੇ ਵੇਖਿਆ ਕਿ ਇਕ ਬੌਣਾ ਜਿਹਾ ਚੀਨਾ ਸ਼ੋਰਬੇ ਦੇ ਪਿਆਲੇ ਨੂੰ ਫੜਨ ਦਾ ਯਤਨ ਕਰ ਰਿਹਾ ਹੈ, ਨਿੱਕੇ-ਨਿੱਕੇ ਹੱਥਾਂ ਨਾਲ।

ਅਮਰੀਕਨ ਡਿਪਲੋਮੈਟ ਨੇ ਤਨਜ਼ ਜਿਹੇ ਨਾਲ ਪੁੱਛਿਆ, 'ਸੂਪੀ ਲਾਈਕੀ?' ਵਿਗੜੀ ਹੋਈ ਅੰਗਰੇਜ਼ੀ ਦਾ ਬੁਰਾ ਨਾ ਮਨਾਉਂਦਿਆਂ ਚੀਨਾ ਸੱਜਣ ਮੁਸਕਰਾ ਕੇ ਕਹਿਣ ਲੱਗਾ 'ਯੈਸ ਸਰ।' ਕੁਝ ਦੇਰ ਮਗਰੋਂ ਉਸ ਦਾ ਨਾਂ ਪੁਕਾਰਿਆ ਗਿਆ। ਤੁਆਰੁਫ ਦੌਰਾਨ ਪਤਾ ਲੱਗਾ ਕਿ ਜਿਹੜੇ ਮੁਲਕ ਦੇ ਪ੍ਰੋਗਰਾਮ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ, ਉਹ ਚੀਨ ਸੀ ਤੇ ਉਹ ਪ੍ਰੋਗਰਾਮ ਉਲੀਕਣ ਵਾਲਾ ਸੱਜਣ ਉਹ ਚੀਨਾ ਸੀ। ਉਸ ਨੇ ਭਾਸ਼ਣ ਦੌਰਾਨ ਦੱਸਿਆ ਕਿ ਉਨ੍ਹਾਂ ਦਾ ਮੁਲਕ ਆਰਥਿਕ ਜੰਗ ਲੜ ਰਿਹਾ ਹੈ ਤੇ ਊਰਜਾ ਉਨ੍ਹਾਂ ਲਈ ਸਭ ਤੋਂ ਵੱਡਾ ਸਰਮਾਇਆ ਹੈ, ਇਸ ਲਈ ਯਤਨ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੀਆਂ ਨਸਲਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਪੇਸ਼ ਆਵੇ, ਉਹ ਉਨ੍ਹਾਂ ਦੇ ਹਿੱਸੇ ਦੀ ਜੰਗ ਵੀ ਲੜ ਜਾਣ ਤੇ ਅਜਿਹੀ ਪੀੜ੍ਹੀ ਤਿਆਰ ਕਰ ਜਾਣ ਜੋ ਆਪਣੇ ਬਲਬੂਤੇ ਆਪਣੀ ਵਿਧੀ ਨਾਲ ਦੁਨੀਆਂ ਭਰ ਵਿਚ ਯੋਗਦਾਨ ਪਾ ਸਕੇ। ਸਾਰਾ ਹਾਲ ਭਾਵੁਕ ਹੋ ਤਾੜੀਆਂ ਮਾਰਨ ਲੱਗਾ। ਉਹ ਚੀਨਾ ਸੱਜਣ ਅਮਰੀਕਨ ਕੋਲ ਆ, ਹੌਲੀ ਜਿਹੀ ਪੁੱਛਦਾ, 'ਸਪੀਚੀ ਲਾਈਕੀ?'

ਸੋ, ਇਹ ਤਾਂ ਕਹਾਣੀ ਹੈ ਚਿਹਰਿਆਂ ਦੀ, ਨਕਾਬਾਂ ਦੀ। ਕੁਝ ਲੋਕਾਂ ਦੀ ਫ਼ਿਤਰਤ ਹੀ ਅਜਿਹੀ ਹੁੰਦੀ ਹੈ ਕਿ ਉਹ ਉਪਰਲੀ ਤਹਿ ਜੋਗੇ ਹੀ ਹੁੰਦੇ ਹਨ ਤੇ ਕਈ ਸੁਭਾਵਾਨ ਧਿਆਨ ਵੀ ਨਹੀਂ ਕਰਦੇ, ਕਿਸੇ ਦੀ ਲਾਮ-ਲਸ਼ਕਰ ਦਾ। ਸੰਨ 1982 ਵਿਚ ਦਸਵੀਂ ਦੀਆਂ ਪ੍ਰੀਖਿਆਵਾਂ ਉਪਰੰਤ ਮੈਂ ਛੁੱਟੀਆਂ ਗੁਜ਼ਾਰਨ ਦਿੱਲੀ ਗਈ। ਸ੍ਰੀ ਰਾਜ ਗਿੱਲ ਉਨ੍ਹੀਂ ਦਿਨੀਂ 'ਦੇਗ, ਤੇਗ, ਫਤਹਿ' ਲਿਖ ਕੇ ਹਟੇ ਸਨ। ਪੰਜਾਬ ਦੀਆਂ ਗਤੀਵਿਧੀਆਂ ਬਾਰੇ ਰੱਜ ਕੇ ਉਤਸੁਕ। ਪਹਿਲੀ ਦਾਅਵਤ ਉਨ੍ਹਾਂ ਦੇ ਘਰ ਸੀ। ਪਹੁੰਚਣ 'ਤੇ ਕਹਿਣ ਲੱਗੇ, 'ਬੇਟਾ ਆਪਾਂ ਵੀਹ ਕੁ ਮਿੰਟ ਕਿਸੇ ਨੂੰ ਮਿਲਣ ਜਾਣੈ।' ਵੀਹ ਕੁ ਮਿੰਟ ਦਾ ਸੰਕਲਪ ਮੇਰੇ ਲਈ ਮੂਲੋਂ ਨਵਾਂ ਸੀ। ਖੈਰ, ਜਦੋਂ ਸੁਜਾਨ ਸਿੰਘ ਪਾਰਕ ਪਹੁੰਚ ਦਰਵਾਜ਼ੇ ਦੇ ਬਾਹਰ ਸ. ਖੁਸ਼ਵੰਤ ਸਿੰਘ ਦਾ ਫੱਟਾ ਵੇਖਿਆ ਤਾਂ ਸਮਝ ਆਇਆ ਕਿ ਇਹ ਵੀਹ ਮਿੰਟ ਮੇਰੀ ਜ਼ਿੰਦਗੀ ਦੇ ਕੀਮਤੀ ਪਲਾਂ ਵਿਚ ਜਮ੍ਹਾਂ ਹੋ ਜਾਣਗੇ। ਮੇਰੇ ਤੁਆਰਫ ਦੇ ਨਾਲ ਗਿੱਲ ਸਾਹਿਬ ਕਹਿਣ ਲੱਗੇ, 'ਆਪਣਾ ਦੋਸਤ (ਭਾਵ ਪਾਪਾ) ਕਹਿ ਰਿਹਾ ਸੀ ਕਿ ਬੱਬੂ ਵਿਚ ਲੇਖਕ ਦੇ ਜਰਾਸੀਮ ਆ ਗਏ ਹਨ, ਤੁਹਾਡਾ ਅਸ਼ੀਰਵਾਦ ਦਵਾ ਲਿਆਵਾਂ।' ਉਹ ਹੱਸ ਕੇ ਮੈਨੂੰ ਕੁਝ ਸੁਣਾਉਣ ਨੂੰ ਕਹਿਣ ਲੱਗੇ। ਮਸਾਂ ਹੀ ਉਨ੍ਹਾਂ ਦੇ ਲਾਪਰਵਾਹ ਮੁੱਛੇ-ਖੁੱਚੇ ਵਸਤਰਾਂ ਤੋਂ ਧਿਆਨ ਹਟਾ ਮੈਂ ਅੰਗਰੇਜ਼ੀ ਦੀਆਂ ਕੁਝ ਰਚਿਤ ਸਤਰਾਂ ਸੁਣਾਈਆਂ। ਪੁੱਛਦੇ 'ਮੇਰਾ ਦੋਸਤ ਵੀ ਸੁਣਦਾ ਤੈਨੂੰ।' ਮੈਂ ਤਾਂ ਹਾਂ ਕਿਹਾ ਪਰ ਗਿੱਲ ਸਾਹਿਬ ਗੱਲ ਕੱਟਦੇ ਕਹਿੰਦੇ, 'ਉਹਨੂੰ ਕਿੱਥੇ ਵਿਹਲ ਅਕਾਲੀ ਸਿਆਸਤ ਤੋਂ।' ਮੈਂ ਇਹ ਤੱਤ ਕੱਢ ਉਹਨੂੰ ਕਹਿ ਆਇਆ ਸਾਂ ਕਿ ਤੇਰੇ ਘਰ ਵਿਚ ਅਤੇ ਬੇਟੀ ਵਿਚ ਇਕ ਸਮਾਨਤਾ ਹੈ। ਚੌਕ ਤੋਂ ਵੇਖੋ ਤਾਂ ਲਗਦੇ ਆਹ ਘਰ ਹੈ, ਪਹੁੰਚਦੇ-ਪਹੁੰਚਦੇ ਦੋ ਕਿਲੋਮੀਟਰ ਲੱਗ ਜਾਂਦਾ ਹੈ। ਮਿਲੋ ਤਾਂ ਲਗਦਾ ਆਪਣੀ ਹੀ ਬੱਚੀ ਹੈ, ਸਮਝਦੇ-ਸਮਝਦੇ ਅੱਧੀ ਉਮਰ ਲੱਗ ਜਾਂਦੀ ਹੈ।' ਅੱਜ ਵੀ ਖੁਸ਼ਵੰਤ ਸਿੰਘ ਦੀ ਉਹ ਗੱਲ ਮੈਨੂੰ ਯਾਦ ਹੈ, 'ਉਹ ਖਾਸ ਹੀ ਹੁੰਦੇ ਹਨ ਕੁਦਰਤ ਦੇ ਰਚੇ ਹੋਏ, ਜਿਨ੍ਹਾਂ ਨੂੰ ਵੇਖ ਉਨ੍ਹਾਂ ਦੀ ਡੂੰਘਾਈ ਦਾ ਅੰਦਾਜ਼ਾ ਨਾ ਲੱਗੇ।' ਇਹ ਜ਼ਿੰਦਗੀ ਦਾ ਅਹਿਮ ਸਬਕ ਸੀ।

(ਅਗਲੇ ਸਫੇ 'ਤੇ ਜਾਰੀ)

# ਘਰ ਚੱਲੀਏ

***ਇਹ ਦੋ ਸ਼ਬਦ 'ਘਰ ਚੱਲੀਏ' ਜਿਨ੍ਹਾਂ ਉਤੇ ਸਾਡੇ ਕਾਲਮਨਵੀਸ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਹ ਪੂਰਾ ਲੇਖ ਬੀੜਿਆ ਹੈ, ਅਸਲ ਵਿਚ ਆਪਣੇ ਅੰਦਰ ਸਦੀਆਂ ਦਾ ਫਲਸਫਾ ਸਮੋਈ ਬੈਠਾ ਹੈ। ਇਸ ਲੇਖ ਵਿਚ ਜਿਹੜੀਆਂ ਗੱਲਾਂ ਦੀ ਖਣਕਾਰ ਬਹੁਤ ਧੀਮੀ-ਧੀਮੀ ਸੁਣ ਰਹੀ ਹੈ, ਉਨ੍ਹਾਂ ਦਾ ਨਾੜੂਆ ਜ਼ਿੰਦਗੀ ਦੀ ਅਮੁੱਕ, ਅਟੁੱਟ, ਅਰੋਕ ਤੇ ਅਨੰਤ ਤਲਾਸ਼ ਨਾਲ ਜੁੜਿਆ ਹੋਇਆ ਹੈ। ਇਸ ਤਲਾਸ਼ ਵਿਚ ਹਰ ਉਸ ਜਿਉੜੇ ਦੀ ਤਾਂਘ ਉਸਲਵੱਟੇ ਲੈਂਦੀ ਰਹਿੰਦੀ ਹੈ, ਜਿਹੜਾ ਜ਼ਿੰਦਗੀ ਦੀਆਂ ਤਾਰਾਂ ਨੂੰ ਲਗਾਤਾਰ ਨੱਚਣ ਲਾਈ ਰੱਖਦਾ ਹੈ। ਇਹ ਨਾਚ ਸੰਗੀਤ ਅਤੇ ਸੰਗਤ ਦੀ ਉਹ ਸੁਰ-ਤਾਲ ਹੈ ਜਿਸ ਵਿਚੋਂ ਸਦਾ ਆਸਾਂ ਦੇ ਝਰਨੇ ਫੁੱਟਦੇ ਰਹਿੰਦੇ ਹਨ। -ਸੰਪਾਦਕ***

ਨਿੱਕਾ ਜਿਹਾ ਇਹ ਵਾਕ 'ਘਰ ਚਲੀਏ' ਅਨੰਤ ਸੁਖਦਾਤਾ ਹੈ। ਇਹ ਵਾਕ ਬੋਲਣ ਵਾਲਾ ਬੰਦਾ ਅੱਧਾ ਤਾਂ ਘਰ ਉਸੇ ਵਕਤ ਪੁੱਜ ਗਿਆ ਜਦੋਂ ਇਹ ਸ਼ਬਦ ਕਹੇ। ਇਨ੍ਹਾਂ ਬੋਲਾਂ ਦਾ ਅਰਥ ਹੈ ਕਿ ਕਥਨ ਕਰਨ ਵਾਲੇ ਦਾ ਕਿਤੇ ਕੋਈ ਘਰ ਹੈ। ਮਹਾਂਨਗਰਾਂ ਵਿਚ ਦਿਨ ਰਾਤ ਸੜਕਾਂ ਉਪਰ ਵਾਹਨਾਂ ਦੀ ਆਵਾਜਾਈ ਰਹਿੰਦੀ ਹੈ। ਦੂਜੇ ਪਾਸੇ ਫੁੱਟਪਾਥਾਂ ਉਪਰ ਲੋਕ



**ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਸੁੱਤੇ ਪਏ ਹਨ ਜਿਨ੍ਹਾਂ ਬਾਬਤ ਖੁਮਾਰ ਨੇ ਲਿਖਿਆ ਸੀ,

ਜੋ ਫੁਟਪਾਥੋਂ ਪੇ ਸੋਤੇ ਹੈਂ
ਵੁ ਅਕਸਰ ਸੋਚਾ ਕਰਤੇ ਹੈਂ,
ਕਿ ਜਿਨ ਲੋਗੋਂ ਕੇ ਘਰ ਹੈਂ
ਵੁ ਅਪਨੇ ਘਰ ਕਿਉਂ ਨਹੀਂ ਜਾਤੇ।

ਮਰਹੂਮ ਸਤਨਾਮ ਸਿੰਘ ਖੁਮਾਰ ਕੇਵਲ ਸ਼ਾਇਰ ਨਹੀਂ, ਮਨੋਵਿਗਿਆਨ ਦਾ ਬਿਹਤਰੀਨ ਅਧਿਆਪਕ ਸੀ। ਉਸ ਦੀ ਹਰ ਗੱਲ ਹਰ ਵਕਤ ਇਉਂ ਹੁੰਦੀ ਸੀ ਜਿਵੇਂ ਕਲਾਸ ਵਿਚ ਖਲੋਤਾ ਹੋਵੇ। ਸ਼ਹਿਰ ਮਿਲ ਗਿਆ, ਮੈਂ ਪੁੱਛਿਆ, ਕਿਧਰੋਂ ਆ ਰਹੇ ਹੋ ਖੁਮਾਰ ਸਾਹਿਬ? ਕਿੱਧਰ ਚੱਲੇ? ਉਸ ਨੇ ਕਿਹਾ, ਸ਼ਿਅਰ ਅਰਜ਼ ਕਰਤਾ ਹੂੰ,

ਹਵਾ ਕੇ ਦੋਸ਼ ਪਰ ਬਾਦਲ ਕੇ
ਟੁਕੜੇ ਕੀ ਤਰਹ ਹਮ ਹੈਂ
ਕਿਸੀ ਝੋਂਕੇ ਸੇ ਪੂਛੋਗੇ
ਕਿ ਹਮ ਕੋ ਹੈ ਕਿਧਰ ਜਾਨਾ।

ਮੈਂ ਪੁੱਛਿਆ, ਦੋਸ਼ ਮਾਇਨੇ ਕੀ ਹੋਇਆ ਇਥੇ? ਉਸ ਨੇ ਕਿਹਾ, ਫਾਰਸੀ ਵਿਚ ਦੋਸ਼ ਮਾਇਨੇ ਕੰਧਾ, ਮੋਢਾ। ਖਾਨਾਬਦੋਸ਼ ਲਫਜ਼ ਨਹੀਂ ਸੁਣਿਆ ਕਦੀ? ਖਾਨਾ ਮਾਇਨੇ ਘਰ। ਖਾਨਾਬਦੋਸ਼ ਉਹ ਲੋਕ ਹਨ ਜਿਨ੍ਹਾਂ ਨੇ ਆਪਣਾ ਘਰ ਆਪਣੇ ਮੋਢਿਆਂ 'ਤੇ ਚੁੱਕਿਆ ਹੁੰਦਾ ਹੈ। ਪੰਜ-ਚਾਰ ਬਾਂਸ, ਇਕ-ਦੋ ਚਾਦਰਾਂ, ਬੱਸ। ਜਿਨ੍ਹਾਂ ਨੇ ਖਾਨਾਬਦੋਸ਼ ਦਾ ਅਰਥ ਟੱਪਰੀਵਾਸ ਕੀਤਾ, ਉਹ ਗਲਤ ਹਨ। ਟੱਪਰੀ/ਝੌਂਪੜੀ ਤਾਂ ਇਕ ਥਾਂ ਖਲੋਤੀ ਹੈ। ਗਰੀਬਾਂ ਦੀਆਂ ਬਸਤੀਆਂ ਹਨ ਜਿਥੇ ਉਹ ਝੌਂਪੜੀਆਂ ਵਿਚ ਰਹੀ ਜਾਂਦੇ ਹਨ। ਉਹ ਖਾਨਾਬਦੋਸ਼ ਨਹੀਂ ਹਨ। ਖਾਨਾਬਦੋਸ਼ਾਂ ਦਾ ਘਰ ਅੱਜ ਇਥੇ, ਕੱਲ੍ਹ ਉਥੇ। ਖਾਨਾਬਦੋਸ਼ ਲੋਕ ਹਮੇਸ਼ਾ ਤਾਜ਼ਾ-ਤਰੀਕ ਪਰ ਬਹੁਤ ਡੂੰਘੇ। ਇਰਾਨ ਦੇ ਬਾਦਸ਼ਾਹ ਪਹਿਲਵੀ ਨੇ ਪਹਾੜੀ ਖਾਨਾਬਦੋਸ਼ਾਂ ਨੂੰ ਜਬਰਨ ਹਥਿਆਰਬੰਦ ਫੌਜਾਂ ਦੀ ਸਹਾਇਤਾ ਨਾਲ ਜ਼ਮੀਨ 'ਤੇ ਆਬਾਦ ਕੀਤਾ। ਘਰ ਬਣਾ ਕੇ ਦਿੱਤੇ। ਦਰਅਸਲ ਉਸ ਨੂੰ ਇਨ੍ਹਾਂ ਸੈਲਾਨੀਆਂ ਤੋਂ ਡਰ ਲਗਦਾ ਸੀ। ਜਿਹੜੇ ਕਿਸੇ ਪੱਖੋਂ ਕਿਸੇ ਹਕੂਮਤ ਦੇ ਮੁਥਾਜ ਨਹੀਂ, ਉਨ੍ਹਾਂ ਤੋਂ ਡਰ ਲੱਗਣਾ ਵਾਜਬ ਹੈ। ਜਦੋਂ ਬਾਦਸ਼ਾਹ ਦੌੜ ਗਿਆ ਤੇ ਅਮਰੀਕਾ ਵਿਚ ਸ਼ਰਨ ਲੈ ਲਈ, ਤਾਂ ਪੱਕੇ ਘਰ ਛੱਡ ਕੇ ਇਹ ਖਾਨਾਬਦੋਸ਼ ਫਿਰ ਪਹਾੜੀ ਜੰਗਲਾਂ ਵਿਚ ਜਾ ਵੜੇ। ਉਨ੍ਹਾਂ ਦੇ ਗੀਤਾਂ ਵਿਚ ਝਰਨਿਆਂ ਦੀਆਂ ਛਣਕਾਟਾਂ ਤੇ ਸ਼ੇਰਾਂ ਦੀਆਂ ਗਰਜਾਂ ਹਨ। ਪਪੀਹਿਆਂ, ਕੋਇਲਾਂ ਤੇ ਬੁਲਬੁਲਾਂ ਦੀਆਂ ਸੁਰ-ਤਾਲਾਂ ਹਨ।

ਹਾਫਿਜ਼ ਸ਼ੀਰਾਜ਼ੀ ਆਪਣੀ ਨਜ਼ਮ ਨਾਲ ਗੱਲਾਂ ਕਰਦਿਆਂ ਲਿਖਦਾ ਹੈ,

ਸ਼ਾਇਰ: ਤੂੰ ਜਨਮ ਤੋਂ ਸ਼ੁਦੈਣ ਹੈ।

ਮੈਂ ਉਸ ਦਿਨ ਸ਼ਰਾਬ ਵਧੀਕ ਪੀ ਕੇ ਬੇਹੋਸ਼ੀ ਹੋ ਗਿਆ।

ਆਪਾਂ ਨੂੰ ਘਰ ਕੌਣ ਛੱਡ ਗਿਆ ਸੀ ਫਿਰ ਉਸ ਦਿਨ?

ਕਵਿਤਾ: ਮੈਂ ਤੈਨੂੰ ਵੀਹ ਵਾਰ ਕਿਹੈ ਕਿ ਸ਼ਰਾਬ ਪੀਣੀ ਬੰਦ ਕਰ ਦੇ।

ਸ਼ਾਇਰ: ਮੈਂ ਤੈਨੂੰ ਹਜ਼ਾਰ ਵਾਰ ਕਿਹੈ ਕਿ ਪਾਗਲਪਣ ਛੱਡ ਦੇ।

ਕਵਿਤਾ: ਇਉਂ ਕਰ, ਤੂੰ ਸ਼ਰਾਬ ਨਾ ਛੱਡ... ਮੈਨੂੰ ਪਾਗਲਪਣ ਛੱਡਣ ਲਈ ਨਾ ਕਹਿ। ਆਪਾਂ ਨੂੰ ਘਰ ਤਾਂ ਛੱਡ ਹੀ ਜਾਂਦੈ ਕੋਈ ਨਾ ਕੋਈ।

ਇਥੇ ਹਾਫਿਜ਼ ਖ਼ਤਰਨਾਕ ਹੋ ਗਿਆ। ਹੁਣ ਉਹ ਹੋਰ ਗੱਲਾਂ ਕਰ ਰਿਹੈ, ਦੁਨੀਆਂਦਾਰੀ ਤੋਂ ਪਾਰ ਦੀਆਂ। ਦੱਸਦਾ ਹਾਂ ਕਿਵੇਂ...

ਸੰਸਾਰ ਦੇ ਹਰ ਧਰਮ ਗ੍ਰੰਥ ਵਿਚ ਇਸ ਦੁਨੀਆਂ ਨੂੰ ਘਰ ਨਹੀਂ ਮੰਨਿਆ ਗਿਆ। ਕਿਹਾ ਹੈ, ਇਹ ਸਰਾਂ ਹੈ। ਇਥੋਂ ਤਕ ਕਿ ਰੱਬ ਤੋਂ ਮੁਨਕਿਰ ਨਾਸਤਕ ਧਰਮਾਂ ਨੇ ਵੀ ਇਸ ਧਰਤੀ ਨੂੰ ਮੁਸਾਫਰਖਾਨਾ ਕਿਹਾ। ਘਰ ਕਿਤੇ ਹੋਰ ਹੈ। ਇਹ ਬਾਬਲ ਦਾ ਘਰ ਹੈ, ਪੇਕਾ ਘਰ। ਇਥੇ ਥੋੜ੍ਹੀ ਦੇਰ ਰਹਿ ਕੇ ਫਿਰ ਪੀਆ ਕੇ ਦੇਸ ਜਾਣਾ ਪਵੇਗਾ। ਹਮੇਸ਼ਾ ਲਈ।

ਬੋਧੀ ਭਿਖੂ ਅਰਦਾਸ ਕਰਦੇ ਹਨ, "ਹੇ ਭੂਤਕਾਲ ਦੇ ਬੁੱਧ, ਹੇ ਵਰਤਮਾਨ ਬੁੱਧ, ਹੇ ਭਵਿਖਕਾਲੀ ਬੁੱਧ! ਭਟਕੇ ਮੁਸਾਫਰਾਂ ਨੂੰ ਘਰ ਲਿਆ।

ਕਰੋਧਵਾਨ ਪਿਤਾ ਨੇ ਜਦੋਂ ਤਲਵੰਡੀ ਪਿੰਡ ਦੇ ਬਾਹਰ, ਛੱਪੜ ਦੇ ਕਿਨਾਰੇ ਬੰਦਗੀ ਕਰਦੇ ਗੁਰੂ ਨਾਨਕ ਨੂੰ ਚਪੇੜਾਂ ਮਾਰੀਆਂ ਤਾਂ ਉਹੀ ਹੱਥ ਆਪਣੇ ਹੱਥ ਵਿਚ ਫੜ ਕੇ ਬੀਬੀ ਨਾਨਕੀ ਨੇ ਕੇਵਲ ਇੰਨੀ ਗੱਲ ਕਹੀ, "ਪਿਤਾ ਜੀ, ਘਰ ਚੱਲੀਏ।"...ਹੁਣ ਤਾਂ ਪੰਜ ਸਦੀਆਂ ਨੇ ਦੱਸ ਦਿੱਤਾ ਹੈ ਕਿ ਗੁਰੂ ਨਾਨਕ, ਬੀਬੀ ਨਾਨਕੀ, ਭਾਈ ਮਰਦਾਨਾ,

***ਕਰੋਧਵਾਨ ਪਿਤਾ ਨੇ ਜਦੋਂ ਤਲਵੰਡੀ ਪਿੰਡ ਦੇ ਬਾਹਰ, ਛੱਪੜ ਦੇ ਕਿਨਾਰੇ ਬੰਦਗੀ ਕਰਦੇ ਗੁਰੂ ਨਾਨਕ ਨੂੰ ਚਪੇੜਾਂ ਮਾਰੀਆਂ ਤਾਂ ਉਹੀ ਹੱਥ ਆਪਣੇ ਹੱਥ ਵਿਚ ਫੜ ਕੇ ਬੀਬੀ ਨਾਨਕੀ ਨੇ ਕੇਵਲ ਇੰਨੀ ਗੱਲ ਕਹੀ- "ਪਿਤਾ ਜੀ, ਘਰ ਚੱਲੀਏ।"... ਹੁਣ ਤਾਂ ਪੰਜ ਸਦੀਆਂ ਨੇ ਦੱਸ ਦਿੱਤਾ ਹੈ ਕਿ ਗੁਰੂ ਨਾਨਕ, ਬੀਬੀ ਨਾਨਕੀ, ਭਾਈ ਮਰਦਾਨਾ, ਰਾਇਬੁਲਾਰ ਖਾਨ ਸਾਹਿਬ ਘਰ ਪੁੱਜ ਗਏ ਸਨ, ਪਿਤਾ ਨੂੰ ਸਾਰੀ ਉਮਰ ਘਰ ਦਾ ਰਸਤਾ ਨਹੀਂ ਲੱਭਿਆ ਸਾਡੇ ਸਾਰਿਆਂ ਵਾਂਗ।***



*ਬਾਬਾ ਨਾਨਕ ਤੇ ਬੇਬੇ ਨਾਨਕੀ।*

ਰਾਇਬੁਲਾਰ ਖਾਨ ਸਾਹਿਬ ਘਰ ਪੁੱਜ ਗਏ ਸਨ, ਪਿਤਾ ਨੂੰ ਸਾਰੀ ਉਮਰ ਘਰ ਦਾ ਰਸਤਾ ਨਹੀਂ ਲੱਭਿਆ ਸਾਡੇ ਸਾਰਿਆਂ ਵਾਂਗ।

ਇਕ ਰੂਸੀ ਗੀਤ ਹੈ,
ਮੈਂ ਸਾਰੇ ਜੱਗ ਦਾ ਰਾਹੀ ਮੇਰੇ ਲਾਲ।
ਮੈਂ ਗਾਹਿਆ ਕੁੱਲ ਜਹਾਨ ਸਗਲ ਸਾਇਬੇਰੀਆ।
ਪਰ ਘਰ ਦੀ ਵਾਟ ਨਾ ਪਾਈ ਮੇਰੇ ਲਾਲ।

ਮੇਰਾ ਇਕ ਮਿੱਤਰ ਵਾਸ਼ਿੰਗਟਨ ਵਿਚ ਰਹਿੰਦੈ। ਉਹਨੂੰ ਪਤਾ ਲੱਗਾ, ਮੈਂ ਨਿਊ ਯਾਰਕ ਵਿਚ ਆਂ, ਤਾਂ ਲੈਣ ਆ ਗਿਆ। ਸਾਰੀ ਉਮਰ ਮਜ਼ਦੂਰੀ ਕਰਦਿਆਂ ਕੋਠੀ ਬਣਾਈ ਸੋਹਣੀ। ਮੁੰਡਾ ਗੋਰੀ ਨੂੰ ਲੈ ਕੇ ਭੱਜ ਗਿਆ, ਕੁੜੀ ਕਾਲੇ ਨਾਲ ਦੌੜ ਗਈ। ਰੋਂਦਾ-ਰੋਂਦਾ ਕਹਿਣ ਲੱਗਾ, ਮੈਂ ਅਮਰੀਕਨਾਂ ਵਾਸਤੇ ਸਾਰੀ ਉਮਰ ਦੀ ਪੂੰਜੀ ਇਸ ਕੋਠੀ ਉਪਰ ਲਾ ਦਿੱਤੀ? ਨਾ ਮੁੰਡਾ ਇਸ ਵਿਚ ਰਹੇਗਾ, ਨਾ ਕੁੜੀ। ਇਹ ਸਰਕਾਰ ਦੀ ਜਾਇਦਾਦ ਬਣ ਜਾਏਗੀ ਬੱਸ। ਮੈਂ ਸੋਚਦਾ ਰਿਹਾ ਇਹ ਮੇਰਾ ਘਰ ਐ।

ਜੈਨ ਤੀਰਥਾਂਕਰ ਕਹਿੰਦੇ ਹੁੰਦੇ ਸਨ, ਜਿਸ ਨੇ ਸ਼ਹਿਦ ਦਾ ਛੱਤਾ ਉਜਾੜਿਆ, ਉਸ ਨੂੰ ਪੂਰਾ ਵਸਦਾ-ਰਸਦਾ ਪਿੰਡ ਉਜਾੜਨ ਦਾ ਪਾਪ ਲੱਗੇਗਾ।

ਨਾਗਸੈਨ ਨੂੰ ਨਾਲ ਲੈ ਕੇ ਮੈਂ ਆਪਣੇ ਇਕ ਪੁਰਾਣੇ ਮਿੱਤਰ ਦੇ ਪਿੰਡ ਮਿਲਣ ਗਿਆ। ਹਵੇਲੀ ਵਿਚ ਇਕ ਬਜ਼ੁਰਗ ਬੈਠਾ ਸੀ। ਅਸੀਂ ਪੁੱਛਿਆ, ਕਿਧਰ ਗਏ ਘਰ ਦੇ ਜੀਅ? ਉਹਨੇ ਕਿਹਾ, ਘਰ? ਕਿਹੜਾ ਘਰ? ਇਹ ਘਰ ਦਿਸਦੈ ਤੁਹਾਨੂੰ? ਕਬੂਤਰਖਾਨਾ ਐ ਇਹ ਕਬੂਤਰਖਾਨਾ। ਪਤਾ ਨੀ ਕਿਧਰੋਂ ਆਉਂਦੇ ਨੇ ਕਬੂਤਰ। ਰਤਾ ਕੁ ਪੰਜੇ ਜਿਹੇ ਛੁਹਾਏ ਬਨੇਰਿਆਂ ਨਾਲ, ਫਿਰ ਉਡਾਰੀ ਮਾਰ ਗਏ। ਕਿਧਰ ਜਾਂਦੇ ਨੇ ਕੋਈ ਪਤਾ ਨਹੀਂ। ਘਰ ਹੁਣ ਘਰ ਨਹੀਂ ਰਹੇ। ਕਬੂਤਰਖਾਨੇ ਨੇ ਇਹ।

ਜੋ ਮਰਜ਼ੀ ਕਹੋ, ਮਾਂ ਤੋਂ ਬਗੈਰ ਕੋਈ ਬਿਲਡਿੰਗ ਘਰ ਨਹੀਂ ਹੋ ਸਕਦੀ। ਸਾਡੀਆਂ ਮਾਂਵਾਂ ਨਹੀਂ ਰਹੀਆਂ, ਉਨ੍ਹਾਂ ਨੇ ਜਾਣਾ ਈ ਸੀ, ਸਾਡੇ ਬੱਚਿਆਂ ਦੀਆਂ ਮਾਂਵਾਂ ਤਾਂ ਹਨ। ਇਕ ਜਪਾਨੀ ਕਵਿਤਾ ਦੇ ਬੋਲ ਇਹ ਹਨ,

ਸਰਦ ਰਾਤ, ਬਿਜਲੀ ਦੀ ਲਿਸ਼ਕਾਰ, ਬੱਦਲਾਂ ਦੀ ਗਰਜ।

ਆਲ੍ਹਣੇ ਵਿਚ ਖੰਭਾਂ ਹੇਠ ਸਹਿਮੇ ਦੋ ਬੋਟਾਂ ਵਿਚੋਂ ਇਕ ਨੇ ਕਿਹਾ, ਬਚ ਜਾਵਾਂਗੇ ਅੱਜ ਦੀ ਰਾਤ ਮਾਂ?

ਚਿੜੀ ਨੇ ਕਿਹਾ, ਕਿਉਂ ਡਰਦੇ ਹੋ? ਮੈਂ ਹਾਂ ਤਾਂ ਇਥੇ ਤੁਹਾਡੇ ਕੋਲ।

ਦੋਵੇਂ ਬੋਟ ਬੇਫਿਕਰ ਹੋ ਕੇ ਸੌਂ ਗਏ।

ਚਾਲੀ ਜੁਆਨ ਬੇਦਾਵਾ ਲਿਖ ਕੇ ਆਪਣੇ ਪਿੰਡ ਪਰਤ ਆਏ। ਵਾਪਸ ਆ ਕੇ ਅਹਿਸਾਸ ਹੋਇਆ ਕਿ ਗੱਲ ਠੀਕ ਨਹੀਂ ਹੋਈ, ਵਾਪਸ ਜਾਣਾ ਪਵੇਗਾ। ਉਹ ਮਰਨ ਤੋਂ ਡਰਦੇ ਜਿਉਣ ਦੀ ਲਾਲਸਾ ਨਾਲ ਪਰਤੇ ਸਨ, ਪਰ ਮਾਈ ਭਾਗੋ ਨੇ ਜਦੋਂ ਦੱਸਿਆ ਕਿ ਆਪਣਾ ਸਭ ਦਾ ਘਰ ਤਾਂ ਦਸਮੇਸ਼ ਪਿਤਾ ਦੇ ਕਦਮਾਂ ਵਿਚ ਹੈ, ਉਹ ਮਰਨ ਵਾਸਤੇ ਵਾਪਸ ਪਰਤ ਗਏ। ਚਾਲੀਆਂ ਵਿਚੋਂ ਅਠੱਤੀ ਜਾਂ ਉਨਤਾਲੀ ਨਹੀਂ, ਇਕਤਾਲੀ ਹੋ ਕੇ ਮੁਕਤਸਰ ਪੁੱਜੇ, ਤੇ ਉਹ ਸ਼ਾਨਦਾਰ ਯੁੱਧ ਲੜਿਆ ਕਿ ਉਨ੍ਹਾਂ ਦਾ ਸ਼ਹੀਦੀ ਸਥਾਨ ਮੁਕਤੀ ਦਾ ਸਰੋਵਰ ਬਣ ਗਿਆ ਜਿਥੇ ਸਾਡੇ ਪਾਪ ਧੋਏ ਜਾਂਦੇ ਹਨ। ਟੁੱਟੀ, ਕਿਸੇ ਵਕਤ ਵੀ ਗੰਢੀ ਜਾ ਸਕਦੀ ਹੈ। ਉਹ ਘਰ ਪੁੱਜ ਗਏ।

ਇਕ ਬੁੱਢਾ ਆਦਮੀ ਹਜ਼ਰਤ ਨਿਜ਼ਾਮ-ਉਦ-ਦੀਨ ਦੇ ਦਰਬਾਰ ਵਿਚ ਪੇਸ਼ ਹੋਇਆ, ਤੇ ਅਰਜ਼ ਕੀਤੀ, ਮੇਰੇ ਗੁਨਾਹ ਪਰਵਰਦਗਾਰ ਪਾਸੋਂ ਬਖਸ਼ਣਾ ਹਜ਼ੂਰ। ਤੁਸੀਂ ਵਡੀਆਂ ਕਮਾਈਆਂ ਵਾਲੇ ਹੋ।

ਹਜ਼ਰਤ ਨਿਜ਼ਾਮ-ਉਦ-ਦੀਨ ਨੇ ਕਿਹਾ, ਹੁਣ ਸਾਰੀ ਉਮਰ ਬਿਤਾ ਕੇ ਇਥੇ ਆ ਗਏ ਹੋ। ਪਹਿਲਾਂ ਕਿਉਂ ਨਹੀਂ ਆਏ? ਇੰਨੀ ਦੇਰ ਕਿਉਂ ਕੀਤੀ?

ਬਜ਼ੁਰਗ ਨੇ ਕਿਹਾ, ਮਰਨ ਤੋਂ ਪਹਿਲਾਂ-ਪਹਿਲਾਂ ਜਿਹੜਾ ਤੁਹਾਡੇ ਦਰਬਾਰ ਵਿਚ ਹਾਜ਼ਰ ਹੋ ਜਾਏ, ਉਹ ਬਖਸ਼ੇ ਜਾਣ ਦਾ ਹੱਕਦਾਰ ਹੈ।

ਔਲੀਆ ਨੇ ਫਰਮਾਇਆ, ਇਨ੍ਹਾਂ ਨੇ ਠੀਕ ਕਿਹਾ ਭਾਈਓ। ਲੇਟ ਆ ਜਾਓ ਬੇਸ਼ਕ, ਪਰ ਘਰ ਪਰਤ ਆਇਆ ਜਿਹੜਾ, ਸੋ ਬਚ ਗਿਆ।

ਫੂਲਕੀਆਂ ਘਰਾਣਾ ਫਖ਼ਰ ਨਾਲ ਦੱਸਦਾ ਹੁੰਦਾ ਕਿ ਮਹਾਰਾਜ ਇਨ੍ਹਾਂ ਦੀ ਸੇਵਾ ਤੋਂ ਇੰਨੇ ਪ੍ਰਸੰਨ ਹੋਏ ਕਿ ਬਚਨ ਕੀਤਾ, "ਤੇਰਾ ਘਰ ਮੇਰਾ ਅਸੈ।" ਮਹਿੰਦਰਾ ਕਾਲਜ ਦਾ ਐਮਬਲਮ (ਮੁਹਰ, ਨਿਸ਼ਾਨ) ਇਨ੍ਹਾਂ ਸੁੰਦਰ ਬੋਲਾਂ ਨਾਲ ਸ਼ਿੰਗਾਰਿਆ ਹੋਇਆ ਹੈ। ਮੈਂ ਇਸ ਕਾਲਜੋਂ ਬੀ.ਏ. ਕੀਤੀ ਸੀ। ਅਧਿਆਪਕਾਂ ਨੂੰ ਪੁੱਛਦਾ ਸਾਂ, "ਅਸੈ" ਲਫਜ਼ ਦੇ ਕੀ ਮਾਇਨੇ ਨੇ? ਸਾਰੇ ਆਖਦੇ, ਘਰ, ਤੇਰਾ ਘਰ ਸੋ ਮੇਰਾ ਘਰ। ਕੋਸ਼ਾਂ ਵਿਚ ਤਾਂ ਅਜਿਹਾ ਅਰਥ ਲੱਭਾ ਨਹੀਂ, ਫਿਰ ਇਹ ਕੀ ਹੋਇਆ? ਮੇਰੇ ਨਾਨਕੇ ਹਰਿਆਣੇ ਵਿਚ ਹਨ, ਉਨ੍ਹਾਂ ਦੇ ਬੋਲ ਧਿਆਨ ਨਾਲ ਸੁਣੇ ਤਾਂ ਪਤਾ ਲੱਗਾ ਕਿ ਇਸ ਲਫਜ਼ ਦਾ ਅਰਥ ਹੈ "ਹੈ।" ਤੇਰਾ ਘਰ ਮੇਰਾ ਹੈ। ਖੇਤ ਵਿਚ ਕਿਸੇ ਹਰਿਆਣਵੀ ਨੇ ਪੁੱਛਿਆ, ਜੋਹ ਗੰਡਾਸਾ ਕਿਸਕੈ ਭਈ? ਜਵਾਬ ਸੀ, ਮ੍ਹਾਰਾ ਸੈ (ਸਾਡਾ ਹੈ)। ਉਹ ਸੈ ਤੋਂ ਵਰਤੇ ਜਾਂਦੇ ਪਹਿਲੇ ਅੱਖਰ ਉਪਰ ਵੱਧ ਜ਼ੋਰ ਦਿੰਦੇ ਹਨ, ਸੋ "ਸੈ" ਨੂੰ "ਅਸੈ" ਲਿਖਿਆ ਗਿਆ। ਨਾਲੇ 'ਸ' ਅਤੇ 'ਹ' ਆਪਸ ਵਿਚ ਅਕਸਰ ਥਾਂਵਾਂ ਬਦਲ ਲੈਂਦੇ ਹਨ (ਸਿੰਧ-ਹਿੰਦ, ਸਪਤਾਹ-ਹਫਤਾ, ਅਸੀਂ-ਅਹੀਂ)।

ਇਮਾਮ ਖੁਮੀਨੀ ਨੂੰ ਬਾਦਸ਼ਾਹ ਈਰਾਨ ਨੇ ਦੇਸ਼ ਨਿਕਾਲਾ ਦੇ ਦਿੱਤਾ। ਉਹਨੇ ਪੈਰਿਸ 'ਚ ਪਨਾਹ ਲਈ ਜਿਥੇ ਪਹਿਰੇ ਹੇਠ 14 ਸਾਲ ਜਲਾਵਤਨੀ ਕੱਟੀ। ਫਿਰ ਉਹਦੀ ਬੰਦਗੀ ਰੰਗ ਲਿਆਈ। ਬਾਦਸ਼ਾਹ ਨੇ ਰੇਤ ਦੀ ਇਕ ਮੁੱਠੀ ਲਿਫਾਫੇ ਵਿਚ ਪਾ ਲਈ ਤੇ ਜਹਾਜ਼ੇ ਚੜ੍ਹ ਕੇ ਅਮਰੀਕਾ ਪਨਾਹ ਲਈ- ਇਹ ਰੇਤ ਦੇਖਿਆ ਕਰਾਂਗਾ, ਇਹ ਮੇਰਾ ਮੁਲਕ ਸੀ ਕਦੀ।... ਖੁਮੀਨੀ ਪੈਰਿਸ ਦੇ ਹਵਾਈ ਅੱਡੇ ਉਪਰ ਆ ਉਤਰਿਆ। ਹਵਾਈ ਅੱਡੇ ਤੋਂ ਉਹਦੇ ਪਿੰਡ ਕੁਮ ਤੱਕ ਇਰਾਨ ਸੜਕਾਂ ਉਪਰ ਉਤਰ ਆਇਆ, ਆਪਣੇ ਈਮਾਮ ਦੇ ਦੀਦਾਰ ਕਰਨ। ਉਸ ਨੂੰ ਪੁੱਛਿਆ ਗਿਆ, ਆਪਣੇ ਘਰ ਚੱਲੋਗੇ? ਇਮਾਮ ਨੇ ਕਿਹਾ, ਘਰ? ਕਿਹੜਾ ਘਰ? ਇਰਾਨ ਮੇਰਾ ਘਰ ਤਾਂ ਹੈ। ਆ ਗਿਆ ਇਥੇ ਆਪਣੇ ਘਰ, ਆਪਣੇ ਬਾਲ ਬੱਚਿਆਂ ਨੂੰ ਮਿਲਣ। ਪਹਿਲੋਂ ਮੈਨੂੰ ਕਬਰਿਸਤਾਨ ਲੈ ਚੱਲੋ, ਉਥੇ ਮੇਰੇ ਹਜ਼ਾਰਾਂ ਬੱਚੇ-ਬੱਚੀਆਂ ਸੁੱਤੇ ਪਏ ਨੇ। ਯੁੱਧ ਮੈਂ ਸ਼ੁਰੂ ਕੀਤਾ, ਉਨ੍ਹਾਂ ਨੇ ਮੇਰਾ ਆਖਾ ਮੰਨਿਆ, ਇਹ ਸੋਚ ਕੇ, ਕਿ ਜਿੱਤਾਂਗੇ। ਤੇ ਬਾਦਸ਼ਾਹ ਦੇ ਸਿਪਾਹੀਆਂ ਨੇ ਉਹ ਮਾਰ ਦਿੱਤੇ। ਮੈਂ ਉਥੇ ਉਨ੍ਹਾਂ ਨੂੰ ਸਲਾਮ ਕਰਾਂਗਾ।... ਕਬਰਿਸਤਾਨ ਪੁੱਜੇ। ਇਮਾਮ ਨੇ ਫਾਤਿਹਾ ਪੜ੍ਹਿਆ, ਕਿਹਾ, ਮੇਰੀ ਵਸੀਅਤ ਹੈ-ਮੇਰੀ ਕਬਰ ਇਥੇ ਬਣੇ। ਮੈਂ ਆਪਣੇ ਇਸ ਪਰਿਵਾਰ 'ਚ ਸੌਂਵਾਂਗਾ।

ਕਿਤਾਬ 'ਸੇਗਮਾਂ ਦੇ ਹੰਝੂ' ਪੜ੍ਹਨੀ। ਸਾਲ 1857 ਦੇ ਯੁੱਧ ਤੋਂ ਬਾਅਦ ਜਦੋਂ ਗੋਰਾ ਸਾਰੇ ਹਿੰਦੁਸਤਾਨ 'ਤੇ ਕਾਬਜ਼ ਹੋ ਗਿਆ ਤਾਂ ਫੈਸਲਾ ਹੋਇਆ ਕਿ ਜਾਰਜ ਪੰਜਵਾਂ ਦਿੱਲੀ ਆਏਗਾ। ਹੁਣ ਦੁਸ਼ਮਣੀ ਕਿਸ ਗੱਲ ਲਈ ਭਲਾ? ਸ਼ਾਹੀ ਖਾਨਦਾਨ ਦੇ ਜਿਉਂਦੇ ਬਚੇ ਹੋਏ ਬੰਦੇ ਲੱਭੋ ਅਤੇ ਉਨ੍ਹਾਂ ਨੂੰ ਦਾਅਵਤ ਦਿਓ, ਵਜ਼ੀਫੇ ਲਾਓ; ਹੁਣ ਉਹ ਸਾਡੀ ਪਰਜਾ ਹਨ। ਬਹਾਦਰ ਸ਼ਾਹ ਦੇ ਕਰੀਬੀ ਰਿਸ਼ਤੇਦਾਰਾਂ ਦੀ ਤਲਾਸ਼ ਹੋਈ।

ਪਤਾ ਲੱਗਾ ਇਕ ਬਜ਼ੁਰਗ ਔਰਤ ਗਰੀਬੀ ਵਿਚ ਦਿਨ-ਕਟੀ ਕਰ ਰਹੀ ਹੈ। ਗੋਰਾ, ਦੁਭਾਸ਼ੀਆ ਸਣੇ ਸੱਦਾ ਪੱਤਰ ਦੇਣ ਚਲਾ ਗਿਆ। ਮਾਤਾ ਨੇ ਸੱਦਾ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ। ਗੋਰੇ ਨੇ ਪੁੱਛਿਆ, ਪਤਾ ਲੱਗਾ ਹੈ ਕਿ ਤੁਸੀਂ ਲਾਲ ਕਿਲ੍ਹੇ ਅੰਦਰ ਮਹਿਲਾਂ ਵਿਚ ਰਿਹਾ ਕਰਦੇ ਸੀ? ਹੁਣ ਦੇਖਣ ਨਹੀਂ ਆਓਗੇ ਆਪਣਾ ਪੁਰਾਣਾ ਘਰ? ਮਾਤਾ ਨੇ ਕਿਹਾ, ਮੈਂ ਉਥੇ ਚਾਲੀ ਸਾਲ ਰਹੀ, ਮੈਨੂੰ ਲਗਦਾ ਸੀ, ਇਹ ਮੇਰਾ ਘਰ ਹੈ। ਹੁਣ ਗੋਰਾ ਸਮਝਦਾ ਹੈ ਕਿ ਇਹ ਉਹਦਾ ਘਰ ਹੈ। ਮੈਨੂੰ ਤਾਂ ਸਮਝ ਆ ਗਈ ਕਿ ਉਹ ਮੇਰਾ ਘਰ ਨਹੀਂ, ਇਕ ਦਿਨ ਗੋਰੇ ਨੂੰ ਵੀ ਪਤਾ ਲੱਗ ਜਾਵੇਗਾ ਕਿ ਉਹਦਾ ਘਰ ਵੀ ਨਹੀਂ ਇਹ। ਇਹ ਤਾਂ ਅੱਲਾਹ ਪਰਵਰਦਗਾਰ ਦੀਆਂ ਨਿਸ਼ਾਨੀਆਂ ਨੇ, ਸੁਹਣੀਆਂ ਨੇ; ਘਰ ਨਹੀਂ ਇਹ। ਸਾਡਾ ਘਰ ਕਿਤੇ ਹੋਰ ਹੈ।

## ਮੰਗਵੇਂ ਖੰਭਾਂ 'ਤੇ ਉਡਣ ਨਾਲੋਂ ਸਾਦਗੀ ਚੰਗੀ

ਖੇਚਲ ਉਹ ਕਰਦੇ ਹਨ, ਜਿਨ੍ਹਾਂ ਦੀ ਅਸਲੀਅਤ ਵਿਚ ਖਿੱਚ ਨਹੀਂ। ਜਿਥੇ ਮਨ ਰੁਸ਼ਨਾਏ ਹੋਏ ਹਨ, ਹਰ ਕਹੇ ਅਤੇ ਲਿਖੇ ਲਫ਼ਜ਼ ਵਿਚ ਨਫ਼ਾਸਤ ਹੈ, ਕਿਰਦਾਰ ਵਿਚ ਦਮ ਹੈ, ਉਹ ਭਲਾ ਕਿਉਂ ਔਖੇ ਹੋਣ? ਸਾਡੇ ਤੋਂ ਪਹਿਲੀ ਪੀੜ੍ਹੀ ਦੀ ਸੋਚ ਪਾਏਦਾਰ ਸੀ। ਕਮਾਉਣਾ ਉਨ੍ਹਾਂ ਲਈ ਕਿਤੇ ਔਖਾ ਸੀ, ਜੋੜਨਾ ਉਸ ਤੋਂ ਵੱਧ। ਕਈ ਵਾਰ ਇਕ ਪੁੱਤ ਸ਼ਹਿਰ ਆ ਵਸਦਾ ਤੇ ਬਾਕੀ ਭਰਾਵਾਂ ਦੀ ਔਲਾਦ ਵੀ ਪੜ੍ਹਾ ਦਿੰਦਾ। ਇਕ-ਦੂਜੇ ਦੇ ਉਤਾਰ-ਪਤਾਰ ਹੰਢਾਅ ਸਾਰੇ ਭੈਣ-ਭਰਾ ਪਲ ਜਾਂਦੇ। ਅੱਜ ਤਾਂ ਨੌਜਵਾਨ ਵਰਗ ਮੰਗਵੇਂ ਖੰਭਾਂ ਨਾਲ ਉਡਣਾ ਸਿੱਖ ਰਿਹਾ ਹੈ। ਇਹੋ ਭੁਲੇਖੇ ਦੇ ਮਾਰੇ ਹੋਏ ਹਨ ਕਿ ਸ਼ਾਇਦ ਸਾਡੀ ਘੜੀ, ਗੱਡੀ, ਫੋਨ ਦਾ ਰੋਅਬ ਪੈ ਜਾਵੇ ਦੁਨੀਆਂ 'ਤੇ। ਜੇ ਪਛਾਣ ਖੋਖਲੀ ਹੈ, ਫਿਰ ਕੁਝ ਮਰਜ਼ੀ ਭਰ ਕੇ ਵੇਖ ਲਵੋ, ਪਛਾਣ ਪੱਤਰ ਖਾਲੀ ਹੀ ਰਹੇਗਾ। ਮੌਕਾ ਮਿਲਿਆ ਹੈ, ਕੁਝ ਅਜਿਹਾ ਕਰ ਜਾਵੋ ਕਿ ਤੁਹਾਡੇ ਸੰਘਰਸ਼ ਵਿਚੋਂ ਕਿੰਨੀਆਂ ਜ਼ਿੰਦਗੀਆਂ ਨੂੰ ਜਿਊਣ ਦੀ ਖੁਰਾਕ ਅਤੇ ਪ੍ਰੇਰਨਾ ਲੱਭ ਜਾਵੇ। ਇਤਿਹਾਸ ਵੀ ਅਗਾਂਹ ਹੋ ਕੇ ਉਨ੍ਹਾਂ ਪੈੜਾਂ ਦੀ ਛਾਪ ਬੋਚਦਾ ਹੈ, ਜਿਹੜੀਆਂ ਪੈੜਾਂ ਲੰਮੀ ਵਾਟ ਗਾਹ ਕਿਸੇ ਵਰਣਨਯੋਗ ਮੰਜ਼ਿਲ ਤੱਕ ਅੱਪੜੀਆਂ ਹਨ। ਅਖੀਰ ਵਿਚ ਇਕ ਸ਼ਿਅਰ ਹੈ ਮੇਰਾ,

ਕੁਝ ਐਸਾ ਬੁਲੰਦ ਇਰਾਦੋਂ ਕਾ ਦਸਤੂਰ ਹੋ ਜਾਏ।
ਵਕਤ ਭੀ ਹਾਥ ਮਿਲਾਨੇ ਕੋ ਮਜਬੂਰ ਹੋ ਜਾਏ।

## ਪਰਵਾਸੀ ਦਾ ਗੀਤ

ਮਨ ਸਮਝੇ ਨਾ ਸਮਝੇ ਮਨ ਸਮਝਾਉਣਾ ਹੀ ਪੈਣਾ।
ਚਿੱਤ ਲੱਗੇ ਨਾ ਲੱਗੇ ਪਰ ਚਿੱਤ ਲਾਉਣਾ ਹੀ ਪੈਣਾ।
ਅਸੀਂ ਉਨ੍ਹਾਂ 'ਚੋਂ ਜਿਨ੍ਹਾਂ ਨੇ ਪਿੰਡ ਸੀ ਬੜੇ ਹੀ ਪੈਰ ਅੜਾਏ,
ਢਲਦੀ ਉਮਰੇ ਬੱਚਿਆਂ ਦੇ ਹੁਣ ਪਿੱਛੇ ਪਿੱਛੇ ਆਏ।
'ਕੱਠੇ ਰਹਿਣ ਦਾ ਏਨਾ ਮੁੱਲ ਚੁਕਾਉਣਾ ਹੀ ਪੈਣਾ।
ਚਿੱਤ ਲੱਗੇ ਨਾ ਲੱਗੇ...।

ਭੀੜਾਂ ਦੇ ਵਿਚ ਗੁੰਮ ਗਏ ਹਾਂ ਅਸੀਂ ਬਹੁਤ ਪਛਾਣਾਂ ਵਾਲੇ,
ਕੰਮ ਧੰਦਿਆਂ ਵਿਚ ਗੁੰਮ ਗਏ ਹਾਂ ਕਿਤੇ ਲੱਭਦੇ ਨਹੀਂ ਭਾਲੇ।
ਏਹਨੂੰ ਕਹਿੰਦੇ ਗਲ ਪਿਆ ਢੋਲ ਵਜਾਉਣਾ ਹੀ ਪੈਣਾ...।

ਬੇਬੇ ਬਾਪੂ ਦਾ ਚਿਹਰਾ ਹੁਣ ਉਦਾਂ ਸਾਹਮਣੇ ਤੱਕਾਂ,
ਜ਼ਿਕਰ 'ਬਾਰ' ਦਾ ਛਿੜਦਿਆਂ ਹੀ ਜਿਵੇਂ ਭਰ ਲੈਂਦੇ ਸੀ ਅੱਖਾਂ।
ਜੰਮਣ-ਭੋਇੰ ਦਾ ਹੇਰਵਾ ਉਵੇਂ ਹੰਢਾਉਣਾ ਹੀ ਪੈਣਾ।..।

ਬਾਬੇ-ਦਾਦੀਆਂ ਅਕਸਰ ਪੋਤੇ-ਪੋਤੀਆਂ ਤਾਈਂ ਖਿਡਾਇਆ,
ਪੀੜ੍ਹੀਉਂ ਪੀੜ੍ਹੀ ਏਹ ਸਿਲਸਿਲਾ ਏਦਾਂ ਚੱਲਦਾ ਆਇਆ।
'ਬੀਸਲੇ' ਰਿਣ ਪਿੱਤਰਾਂ ਦਾ ਏਦਾਂ ਲਾਹੁਣਾ ਹੀ ਪੈਣਾ।
ਚਿੱਤ ਲੱਗੇ ਨਾ ਲੱਗੇ, ਪਰ ਚਿੱਤ ਲਾਉਣਾ ਹੀ ਪੈਣਾ!

*-ਹਰਿੰਦਰ ਸਿੰਘ ਬੀਸਲਾ*
*ਫੋਨ: 314-226-4120*

# ਕਿਰਾਏਦਾਰੀ ਦੀ ਲਾਹਣਤ

***ਪੰਜਾਬੀ ਸ਼ਾਇਰ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਪੰਜਾਬੀ ਸਾਹਿਤ ਵਿਚ ਵੱਖਰਾ ਸਥਾਨ ਰੱਖਦੀ ਹੈ। ਲੇਖਕ ਨੇ ਇਸ ਸਵੈ-ਜੀਵਨੀ ਵਿਚ ਜਾਤ-ਪਾਤ ਦੇ ਕਰੂਰ ਢਾਂਚੇ ਬਾਰੇ ਜਿੰਨੇ ਮਹੀਨ ਵੇਰਵੇ ਦਿੱਤੇ ਹਨ ਅਤੇ ਜਿਸ ਢੰਗ ਨਾਲ ਇਹ ਪੇਸ਼ ਕੀਤੇ ਹਨ, ਉਸ ਨਾਲ ਇਕ ਵਾਰ ਤਾਂ ਬੰਦਾ ਹਲੂਣਿਆ ਹੀ ਜਾਂਦਾ ਹੈ। ਬਲਬੀਰ ਦੇ ਇਹ ਵੇਰਵੇ ਚੇਤਨਾ ਦੀ ਜਾਗ ਤਾਂ ਲਾਉਂਦੇ ਹੀ ਹਨ, ਢਾਂਚੇ ਉਤੇ ਤਿੱਖੇ ਬਾਣ ਵੀ ਛੱਡਦੇ ਹਨ। ਇਸ ਸਵੈ-ਜੀਵਨ ਦੀਆਂ ਕੁਝ ਕਿਸ਼ਤਾਂ ਗਾਹੇ-ਬਗਾਹੇ ਪਹਿਲਾਂ ਵੀ ਪਾਠਕਾਂ ਦੀ ਨਜ਼ਰ ਕਰ ਚੁੱਕੇ ਹਾਂ। 'ਕਿਰਾਏਦਾਰੀ ਦੀ ਲਾਹਣਤ' ਨਾਂ ਦੇ ਇਸ ਅਧਿਆਇ ਵਿਚ ਸ਼ਹਿਰ ਵੱਸਦੇ ਟੱਬਰ ਨੂੰ ਦਰਪੇਸ਼ ਔਕੜਾਂ ਦਾ ਜ਼ਿਕਰ ਕੀਤਾ ਮਿਲਦਾ ਹੈ। ਜੇ ਕੋਈ ਬੰਦਾ 'ਜਾਤ ਦੀ ਮਾਰ' ਸਹਿ ਰਿਹਾ ਹੋਵੇ ਤਾਂ ਇਹ ਔਕੜਾਂ ਕਿੰਜ ਦੂਣ-ਸਵਾਈਆਂ ਹੁੰਦੀਆਂ ਹਨ, ਇਸ ਲੇਖ ਦਾ ਅਹਿਮ ਹਿੱਸਾ ਹੈ। -ਸੰਪਾਦਕ***

ਮੇਰੇ ਵਿਆਹ ਦੀ ਮੇਰੇ ਸਣੇ ਗਿਆਰਾਂ ਜਾਂਞੀਆਂ ਦੀ ਬਰਾਤ ਸਹੁਰੇ ਪਿੰਡ ਢੁੱਕੀ। ਸਵਾਗਤ ਵਿਚ ਹੋਰਾਂ ਗੀਤਾਂ ਸਣੇ ਜ਼ਨਾਨੀਆਂ ਸਿੱਠਣੀਆਂ ਦੇਣ ਲੱਗੀਆਂ ਜਿਨ੍ਹਾਂ ਵਿਚੋਂ ਕੁਝ ਬੋਲ ਇਉਂ ਸਨ,

ਪੈਸਾ-ਪੈਸਾ ਸਾਡੇ ਪਿੰਡ ਦਿਓ ਪਾਓ
ਲਾੜੇ ਜੋਗਾ ਤੁਸੀਂ ਬਾਜਾ ਮੰਗਾਓ।
ਜੰਞ ਤਾਂ ਸੱਜਦੀ ਨਹੀਂ,
ਨਿਲੱਜਿਓ, ਲੱਜ ਧੁਆਨੂੰ ਨਈਂ।
ਬਰਾਤੀਆਂ ਨੂੰ ਬਾਜਾ ਨਾ ਜੁੜਿਆ
ਢਿੱਡ ਵਜਾਉਂਦੇ ਆਏ।

ਤੀਵੀਆਂ ਸੁਣਾ-ਸੁਣਾ ਕੇ ਕਹਿੰਦੀਆਂ, "ਕਹਿੰਦੇ ਸੀ ਮੁੰਡਾ ਅਬਸਰ ਲੱਗਾ ਆ-ਨਾ ਵੀਡੀਓ ਫਿਲਮ ਬਣਾਉਣ ਆਲਾ ਲਿਆਂਦਾ... ਨਾ ਕੁਛ ਹੋਰ। ਜਿੱਦਾਂ ਨਿਰੀ ਵਿਆਂਹਦੜ ਕੁੜੀ ਲੈਣ ਆਇਓ ਹੋਣ...ਕੁਛ ਤਾਂ ਰੌਣਕ ਚਾਹੀਦੀ ਆ...।"

"ਮੈਂ ਤਾਂ ਸੁਣਿਆ, ਕਹਿੰਦੇ ਦਾਜ ਨਹੀਂ ਲੈਣਾ!" ਇਕ ਹੋਰ ਜ਼ਨਾਨੀ ਨੇ ਗੱਲ ਕੀਤੀ।

"ਮੁਫਤ ਦਾ ਮਾਲ ਕਿਹਨੂੰ ਮਾੜਾ ਲਗਦਾ, ਹੁਣ ਨਹੀਂ ਤਾਂ ਰਾਤ-ਬਰਾਤੇ ਪੁਚਾ ਦੇਣਗੇ। ਨਾਲੇ ਲੋਕੀਂ ਇੱਦਾਂ ਈ ਕਹਿੰਦੇ ਆ ਭੈਣੇ, ਮਗਰੋਂ ਆਣੀ ਹੋਰ ਮੰਗਣ ਡਹਿ ਪੈਂਦੇ ਆ।"

...ਤੇ ਦੋ-ਢਾਈ ਘੰਟਿਆਂ ਦੇ ਵਿਆਹ ਪਿੱਛੋਂ ਦੁਬਿਧਾ ਭਰੀ ਸੋਚ ਤੰਗ ਕਰਨ ਲੱਗੀ ਜੋ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਮੈਨੂੰ ਅੰਦਰੋ-ਅੰਦਰ ਘੁਣ ਵਾਂਗ ਖਾ ਰਹੀ ਸੀ। ਉਹ ਸੀ ਮੁਕਲਾਵੇ ਵਾਲੀ ਰਾਤ ਤੇ ਵਿਆਹੁਤਾ ਜ਼ਿੰਦਗੀ। ਮਾਨਸਿਕ ਡਰ ਹੋਰ ਸੰਘਣਾ ਹੁੰਦਾ ਗਿਆ। ਮਹਿਸੂਸ ਹੁੰਦਾ ਜਿਵੇਂ ਕੋਈ ਬਲਾ, ਕੋਈ ਪਹਾੜ ਮੇਰੇ 'ਤੇ ਆ ਡਿਗਿਆ ਹੋਵੇ। ਇਸ ਫ਼ਿਕਰ ਕਾਰਨ ਮੇਰਾ ਅੱਠ-ਦਸ ਕਿਲੋ ਭਾਰ ਪਹਿਲਾਂ ਹੀ ਘਟ ਗਿਆ ਹੋਇਆ ਸੀ। ਕਈ ਮਖੌਲ ਕਰਦੇ, 'ਪਹਿਲਾਂ ਈ ਸੁੱਕਦਾ ਜਾਨੈਂ। ਕੋਈ ਨਹੀਂ, ਫਿੱਟ ਜਾਊਂਗਾ ਦਿਨਾਂ ਵਿਚ ਈ। ਕਈਆਂ



ਬਲਬੀਰ ਮਾਧੋਪੁਰੀ
ਫੋਨ: 91-93505-48100

ਨੂੰ ਵਿਆਹ ਦੇਸੀ ਘੇ ਆਂਙੂੰ ਲਗਦਾ!'

ਮੈਂ ਆਪਣੀ ਪਤਨੀ ਨੂੰ ਲੈ ਕੇ ਪੰਜਵੇਂ ਦਿਨ ਦਿੱਲੀ ਪੁੱਜ ਗਿਆ। ਮਹੀਨੇ-ਡੇਢ ਮਹੀਨੇ ਵਿਚ ਮੇਰਾ ਵਜ਼ਨ ਪਹਿਲਾਂ ਜਿੰਨਾ ਹੋ ਗਿਆ, ਤੇ ਮਨ ਉਚੀਆਂ ਹਵਾਵਾਂ ਵਿਚ ਉਡਣ ਲੱਗਾ ਪਰ ਇਹ ਰੌਂ ਬਹੁਤੇ ਦਿਨ ਬਰਕਰਾਰ ਨਾ ਰਹੀ ਤੇ ਚਾਰ-ਪੰਜ ਮਹੀਨਿਆਂ ਵਿਚ ਮੈਂ ਹਕੀਕਤ ਦੀ ਜ਼ਮੀਨ ਉਤੇ ਆ ਗਿਆ। ਪ੍ਰਤੱਖ ਦਿਸਦੀ ਚਿੰਤਾ ਨੇ ਜਿਵੇਂ ਮੇਰੇ ਪਰ ਕੱਟ ਦਿੱਤੇ ਹੋਣ।

ਦਰਅਸਲ ਮਕਾਨਾਂ, ਦੋ ਭੈਣਾਂ, ਆਪਣੇ ਤੇ ਵੱਡੇ ਭਰਾ ਦੇ ਵਿਆਹਾਂ ਨੇ ਮੈਨੂੰ ਆਰਥਿਕ ਤੰਗੀਆਂ ਦੇ ਡੂੰਘੇ ਸਮੁੰਦਰਾਂ ਵਿਚ ਸੁੱਟ ਦਿੱਤਾ ਹੋਇਆ ਸੀ ਜਿਸ ਵਿਚੋਂ ਬਾਹਰ ਨਿਕਲਣ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰਦਾ। ਜੀ.ਪੀ. ਫੰਡ ਵਿਚੋਂ ਵਾਰ-ਵਾਰ ਰਕਮਾਂ ਕਢਾਉਂਦਿਆਂ ਤਨਖ਼ਾਹ ਦੋ ਹਜ਼ਾਰ ਰੁਪਏ ਤੋਂ ਵੀ ਘਟ ਗਈ। ਇਸ ਵਿਚੋਂ ਤੀਜਾ ਹਿੱਸਾ ਮੈਂ ਆਪਣੇ ਲਈ, ਤੇ ਬਾਕੀ ਮਾਧੋਪੁਰ ਤੇ ਵੱਡੇ ਭਰਾ ਨੂੰ ਗੁਜ਼ਾਰਾ ਚਲਾਉਣ ਲਈ ਦੇ ਦਿੰਦਾ।

ਵਿਆਹ ਦੇ ਛੇ ਕੁ ਸਾਲਾਂ ਵਿਚ ਮੈਂ ਤਿੰਨ ਬੱਚਿਆਂ ਦਾ ਬਾਪ ਬਣ ਗਿਆ। ਤੀਜੀ ਭੈਣ ਦਾ ਵਿਆਹ ਕਰ ਦਿੱਤਾ। ਕਿਸ਼ਤ ਜ਼ਿਆਦਾ ਕੱਟ ਹੋਣ ਲੱਗੀ। ਮਹਿੰਗਾਈ ਤੇ ਹੋਰ ਖਰਚਿਆਂ ਵਿਚ ਵਾਧੇ ਨੇ ਘਰ ਦੇ ਮਾਹੌਲ ਵਿਚ ਮਾਨਸਿਕ ਤਣਾਅ ਪੈਦਾ ਕਰ ਦਿੱਤਾ। ਨਤੀਜੇ ਵਜੋਂ ਇਕ ਦਿਨ ਵੱਡੇ ਭਰਾ ਨੇ ਤਲਖ਼ੀ ਨਾਲ ਆਖਿਆ, "ਤੂੰ ਹਰ ਮਹੀਨੇ ਕਹਿਨਾ ਪਈ ਮਕਾਨ ਕਿਰਾਏ 'ਤੇ ਦੇਖ ਲਊਂਗਾ, ਜਾਂਦਾ ਤਾਂ ਹੈ ਨਹੀਂ। ਅੱਠ ਸੌ ਦਿੰਨਾਂ, ਉਹਦੇ ਨਾਲ ਰੋਟੀ ਚਲਦੀ ਆ? ਉਤੋਂ ਤੇਰੇ ਯਾਰ-ਦੋਸਤ ਡਾਰਾਂ ਬੰਨ੍ਹ ਕੇ ਤੁਰੇ ਰਹਿੰਦੇ ਆ। ਜਦੋਂ ਜੁਦੇ-ਬਾਹਰੇ ਹੋਇਆਂ ਦੇ ਸਿਰ ਪਈ ਤਾਂ ਫੇ' ਪਤਾ ਲੱਗੂ ਕਿ ਦਾਲਾਂ-ਆਟੇ ਦੇ ਕੀ ਭਾਅ ਆ, ਨਾਲੇ ਘਰ ਕਿੱਦਾਂ ਚਲਦੇ ਆ।"

"ਜਿਹੜਾ ਅੱਠ ਸੌ ਪਿੰਡ ਭੇਜਦਾਂ, ਉਹ ਕਿਸੇ ਗਿਣਤੀ ਵਿਚ ਨਹੀਂ?" ਮੈਂ ਦਲੀਲ ਦਿੱਤੀ, "ਨਾਲੇ ਪਹਿਲਾਂ ਤੁਸੀਂ ਕਹਿੰਦੇ ਸੀ, ਕੋਈ ਨਹੀਂ ਫੰਡ ਕਢਵਾ ਲਾ, ਰਲ-ਮਿਲ ਕੇ ਗੁਜ਼ਾਰਾ ਕਰ ਲਾਂਗੇ!"

"ਤੁਸੀਂ ਇੱਥੋਂ ਜਾਓ, ਜ਼ਿੰਦਗੀ ਦੇ ਚਾਰ ਦਿਨ ਅਸੀਂ ਬੀ ਸਉਖੇ ਕੱਟ ਲਈਏ!" ਭਾਬੀ ਨੇ ਸੌ ਦੀ ਇਕ ਸੁਣਾਈ।

ਮੈਨੂੰ ਲੱਗਿਆ ਜਿਵੇਂ ਘਰ-ਪਰਿਵਾਰ ਨੂੰ ਅੱਗੇ ਲਿਜਾਣ ਦੇ ਮੇਰੇ ਖ਼ਿਆਲਾਂ ਦੀ ਇਮਾਰਤ, ਢਾਹੀ ਗਈ ਬਾਬਰੀ ਮਸਜਿਦ ਵਾਂਗ ਢਹਿ ਢੇਰੀ ਕਰ ਦਿੱਤੀ ਗਈ ਹੋਵੇ ਜਿਸ ਨੂੰ ਬਰਕਰਾਰ ਰੱਖਣ ਦਾ ਮੇਰਾ ਦ੍ਰਿੜ ਇਰਾਦਾ ਸੀ। ਮੈਨੂੰ ਜਾਪਿਆ ਜਿਵੇਂ ਵਾਦ-ਸੰਵਾਦ ਦੀ ਜੜ੍ਹ ਖ਼ਤਮ ਕਰ ਦਿੱਤੀ ਗਈ ਹੋਵੇ, ਤੇ ਭਵਿੱਖ ਨੂੰ ਵਿਚਾਰਿਆ ਹੀ ਨਾ ਗਿਆ ਹੋਵੇ। ਮੈਨੂੰ ਮਹਿਸੂਸ ਹੋਇਆ ਜਿਵੇਂ ਮੈਂ ਉਨ੍ਹਾਂ ਲਈ ਪੈਸੇ ਬਣਾਉਣ ਵਾਲੀ ਮਸ਼ੀਨ ਤੋਂ ਵੱਧ ਕੁਝ ਨਾ ਹੋਵਾਂ।

ਉਸ ਸਵੇਰ ਮੈਂ ਆਪਣੇ ਦੋਸਤ, ਵਿਚੋਲੇ ਤੇ ਪਤਨੀ ਦੇ ਮਾਮੇ ਦੇ ਪੁੱਤ ਮਿਸਰਦੀਪ ਭਾਟੀਆ ਕੋਲ ਗਿਆ। ਦੱਖਣ-ਪੱਛਮ ਦਿੱਲੀ ਦੀਆਂ ਦੂਰ-ਨੇੜੇ ਦੀਆਂ ਬਸਤੀਆਂ ਵਿਚ ਖੱਜਲ-ਖੁਆਰ ਹੋਣ ਪਿੱਛੋਂ ਸਾਨੂੰ ਮੁਨੀਰਕਾ ਵਿਚ ਕਮਰਾ ਮਿਲ ਗਿਆ। ਮੇਰਾ ਦਫ਼ਤਰ ਤੇ ਵੱਡੀ ਧੀ ਦਾ ਸਕੂਲ ਕਿਲੋਮੀਟਰ ਦੇ ਕਰੀਬ।...ਨਵੇਂ-ਨਵੇਂ ਬਣੇ ਮਕਾਨ ਵਿਚ ਅਸੀਂ ਨਵੇਂ ਭਾਂਡਿਆਂ ਵਿਚ ਦਾਲ-ਸਬਜ਼ੀ ਰਿੱਧੀ ਤੇ ਰੋਟੀ ਖਾਧੀ। ਪੰਜ ਜਣਿਆਂ ਦਾ ਸਾਡਾ ਟੱਬਰ ਇਕ ਰਜਾਈ ਵਿਚ ਬੈਡ ਉਤੇ ਸੁੱਤਾ। ਨਾ ਹੋਰ ਮੰਜਾ ਨਾ ਕੱਪੜਾ, ਪਰ ਕਿਤਾਬਾਂ ਮੇਰੇ ਅੰਗ-ਸੰਗ।

ਉਥੇ ਰਹਿਣ ਦੇ ਪਹਿਲੇ ਦੋ-ਤਿੰਨ ਦਿਨਾਂ ਵਿਚ ਛੋਟੇ ਭਰਾ ਵਰਗਾ ਮਦਨ ਵੀਰਾ ਆਪਣੀ ਪਤਨੀ ਨਾਲ ਜੁੜਵੇਂ ਬੱਚਿਆਂ ਨੂੰ ਲੈ ਕੇ ਮਿਲਣ ਆਇਆ। ਅਸੀਂ ਪਤੀ-ਪਤਨੀ ਇਕ-ਦੂਜੇ ਦੇ ਮੂੰਹ ਵਲ ਦੇਖਣ ਲੱਗੇ।

"ਮਦਨ, ਆਹ ਰੱਦੀ ਬਿਲੇ ਲਾਈਏ ਪਹਿਲਾਂ, ਗੰਦ ਪਿਆ ਆ!" ਬਹਾਨੇ ਨਾਲ ਮੈਂ ਖੰਡ ਤੇ ਬਿਸਕੁਟ ਲੈ ਆਇਆ। ਤਨਖ਼ਾਹ ਮਕਾਨ ਦਾ ਅਗਾਊਂ ਕਿਰਾਇਆ ਤੇ ਰਸੋਈ ਦਾ ਨਿੱਕ-ਸੁੱਕ ਲਿਆਉਣ ਨਾਲ ਪਹਿਲਾਂ ਹੀ ਮੁੱਕ ਗਈ ਸੀ।

"ਪਹਿਲੀ ਵਾਰੀ ਨਿਆਣੇ ਲੈ ਕੇ ਆਈ ਸੀ, ਸਾਡੇ ਕੋਲੋਂ ਦਸ ਰੁਪਏ ਵੀ ਨਾ ਜੁੜੇ ਉਨ੍ਹਾਂ ਲਈ!" ਪਤਨੀ ਨੇ ਭਰੇ ਮਨ ਨਾਲ ਕਿਹਾ।

ਦੂਜੇ ਬੰਨੇ ਮੈਂ ਆਪਣੀਆਂ ਸੋਚਾਂ ਵਿਚ ਭੱਜ-ਟੁੱਟ ਰਿਹਾ ਸੀ। ਮੈਂ ਜਦੋਂ ਦਫ਼ਤਰੋਂ ਆਉਂਦਾ ਤਾਂ ਮਕਾਨ ਮਾਲਕ ਆਪਣੀ ਬੈਠਕ ਮੋਹਰੇ ਹੁੱਕਾ ਪੀਂਦਾ ਅਕਸਰ ਪੁੱਛਦਾ, "ਭਾਈ ਨਰਾਜ ਮੱਤ ਹੋਨਾ, ਆਪ ਕਿਸ ਜਾਤੀ ਕੇ ਹੋ?"

"ਹਮ ਸਿੱਖ ਹੈਂ!" ਮੈਂ ਆਪਣੀ ਪੱਗ ਸੁਆਰਦਿਆਂ ਦੱਸਿਆ।

"ਗੁੱਸਾ ਨਾ ਕਰਨਾ, ਮੈਂ ਏਕ ਵਾਰ ਰੇਲ ਗਾੜੀ ਮੇਂ ਬੈਠ ਕਰ ਆਗਰਾ ਸੇ ਦਿੱਲੀ ਆ ਰਹਾ ਥਾ। ਏਕ ਸਰਦਾਰ ਔਰ ਉਸ ਕੀ ਬੀਵੀ ਭੀ ਪਾਸ ਬੈਠੇ ਥੇ। ਅੱਛੇ ਕੱਪੜੇ ਪਹਿਨੇ ਹੁਏ ਥੇ, ਆਦਮੀ ਪੜ੍ਹਾ-ਲਿਖਾ ਲਗਤਾ ਥਾ। ਔਰ ਮੈਂ ਪੰਜਾਬ ਕੇ ਬਾਰੇ ਕਈ ਬਾਤੇਂ ਉਸ ਸੇ ਪੂਛਤਾ ਰਹਾ, ਜਾਨਤਾ ਰਹਾ...।"

"ਅੱਛਾ!"

"...ਤੋ ਮੈਂ ਉਸ ਸੇ ਉਸ ਕੀ ਜਾਤੀ ਪੂਛੀ! ਤੁਮ੍ਹਾਰੀ ਤਰਹ ਉਸ ਨੇ ਭੀ ਅਪਨੇ ਕੋ ਸਿੱਖ ਬਤਾਇਆ। ਮੈਨੇ ਕਹਾ, ਸਿੱਖੋਂ ਮੇਂ ਭੀ ਜਾਤੀਆਂ ਹੈਂ, ਆਪ ਕਿਸ ਜਾਤੀ ਕੇ ਹੋ? ਪਹਲੇ ਤੋ ਵੋਹ ਝਿਜਕਤਾ ਰਹਾ, ਆਖ਼ਿਰ ਉਸ ਨੇ ਬਤਾਇਆ ਕਿ ਰਾਮਦਾਸੀਆ ਹੂੰ...।"

"ਚਲੋ ਬਾਤ-ਚੀਤ ਮੇਂ ਅੱਛਾ ਵਕਤ ਕਟ ਗਯਾ ਹੋਗਾ...।"

"ਜਬ ਉਸ ਨੇ ਅਪਨੇ ਕੋ ਰਾਮਦਾਸੀਆ ਬਤਾ ਦੀਆ, ਤੋ ਉਸ ਕੇ ਆਗੇ ਮੈਂ ਕਿਆ ਬਾਤ ਕਰਨੀ ਥੀ। ਮੈਂ ਦੂਸਰੀ ਤਰਫ਼ ਮੂੰਹ ਕਰ ਕੇ ਬੈਠ ਗਯਾ!" ਬਜ਼ੁਰਗ ਗੁੱਜਰ ਨੇ ਫ਼ਖ਼ਰ ਨਾਲ ਦੱਸਿਆ।

"ਅਗਰ ਵੋਹ ਝੂਠ ਬੋਲ ਕਰ ਉਚੀ ਜਾਤੀ ਕਾ ਬਤਾ ਦੇਤਾ ਤੋ?"

"...ਤੋ ਪਾਪ ਕਾ ਅਧਿਕਾਰੀ ਹੋਤਾ!" ਇਹ ਕਹਿ ਕੇ ਉਹਨੇ ਕੋਲ ਪਈ ਰੰਮ ਦੀ ਬੋਤਲ ਗਲਾਸ ਵਿਚ ਉਲੱਦੀ ਤੇ ਸੁੱਕੀ ਹੀ ਇੱਕੋ ਸਾਹੇ ਚਾੜ੍ਹ ਗਿਆ।

ਮੇਰੇ ਮਨ ਵਿਚ ਉਸ ਅਨਪੜ੍ਹ ਬਜ਼ੁਰਗ ਬਾਰੇ ਬੁਰੇ ਖ਼ਿਆਲ ਆਉਂਦੇ। ਮੈਨੂੰ ਲੱਗਿਆ ਜ਼ਲਾਲਤ ਦਾ ਦੌਰ ਸ਼ੁਰੂ ਹੋ ਗਿਆ ਹੈ। ਨਿੱਤ ਦੀ ਪੁੱਛ-ਪੜਤਾਲ ਤੋਂ ਤੰਗ ਆ ਕੇ ਹੋਰ ਮਕਾਨ ਦੀ ਤਲਾਸ਼ ਕਰਨ ਲੱਗਾ।

ਵਾਕਿਫ਼ ਪਰਿਵਾਰ ਦੀ ਔਰਤ ਕੋਲ ਮੈਂ ਆਰ.ਕੇ. ਪੁਰਮ ਦੇ ਸੈਕਟਰ 7 'ਚ ਗਿਆ। ਉਹ ਛੱਤ ਉਤੇ ਧੁੱਪੇ ਬੈਠੀ ਸਵੈਟਰ ਬੁਣ ਰਹੀ ਸੀ।

"ਤੁਸੀਂ ਪੰਜ ਹਜ਼ਾਰ ਅਡਵਾਂਸ ਦੇ ਜਾਓ, ਇਹ ਕੁਆਟਰ ਅਸੀਂ ਧੁਆਨੂੰ ਦੇ ਦਿਆਂਗੇ। ਅੱਜ ਕੱਲ੍ਹ ਇਨ੍ਹਾਂ ਕਲਾਸ ਫੋਰ ਕੁਆਟਰਾਂ ਦਾ ਦਸ-ਦਸ ਹਜ਼ਾਰ ਅਡਵਾਂਸ ਚਲਦਾ। ਆਪਣੀ ਤਾਂ ਘਰ ਆਲੀ ਗੱਲ ਆ!"

ਅਸੀਂ ਨਵੇਂ ਮਕਾਨ ਵਿਚ ਚਾਅ ਨਾਲ ਰਹਿਣ ਲੱਗੇ, ਪਰ ਬੇਟੀ ਦਾ ਸੈਕਟਰ ਤਿੰਨ ਵਿਚਲਾ ਸਕੂਲ ਦੂਰ ਹੋ ਗਿਆ। ਨਾ ਮੇਰੇ ਕੋਲ ਸਾਈਕਲ, ਤੇ ਨਾ ਬੱਸ ਤੋਂ ਸਿਵਾ ਕੋਈ ਸਾਧਨ। ਗਰਮੀਆਂ ਦੀਆਂ ਸਿਖਰ ਦੁਪਹਿਰਾਂ ਨੂੰ ਉਹਨੂੰ ਸਕੂਲੇ ਲੈਣ ਜਾਂਦਾ, ਘਰ ਛੱਡ ਕਾਹਲੀ ਨਾਲ ਦਫ਼ਤਰ ਮੁੜਦਾ। ਸੋਚਾਂ ਆਉਂਦੀਆਂ, ਜੇ ਵੱਡਾ ਭਰਾ ਸਕੂਲ ਦਾ ਸੈਸ਼ਨ ਪੂਰਾ ਕਰਵਾ ਦਿੰਦਾ ਤਾਂ ਕੀ ਲੋਹੜਾ ਆ ਜਾਣਾ ਸੀ! ਮਾਂ ਦੇ ਉਹ ਬੋਲ ਮੈਨੂੰ ਮੁੜ-ਮੁੜ ਯਾਦ ਆਉਂਦੇ, "ਹੁਣ ਤਿੰਨ ਘਰ ਬਣ ਗਏ। 'ਕੱਠੇ ਰਹਿੰਦੇ ਤਾਂ ਇਨ੍ਹਾਂ ਦੋਹਾਂ ਛੋਟੇ ਕੁੜੀ-ਮੁੰਡੇ ਦੇ ਵਿਆਹ ਕਰ ਕੇ ਜਿੱਦਾਂ ਮਰਜ਼ੀ ਜੁਦੇ ਰਹਿ ਲੈਂਦੇ।"

ਖ਼ੈਰ, ਇਸੇ ਹਾਲਤ ਵਿਚ ਪੰਜ ਮਹੀਨੇ ਲੰਘ ਗਏ ਕਿ ਇਕ ਮੋਟੀ ਜ਼ਨਾਨੀ ਸਾੜ੍ਹੀ ਸੰਭਾਲਦੀ ਅੰਦਰ ਆ ਵੜੀ। ਉਚੀ-ਉਚੀ ਬੋਲਣ ਲੱਗੀ, "ਤੁਮ ਕੌਨ ਹੋ? ਮੇਰੇ ਕਵਾਟਰ ਮੇਂ ਬਿਨਾਂ ਪੂਛੇ ਕੈਸੇ ਘੁਸ ਆਏ ਹੋ?"

ਔਰਤ ਦੇ ਰੂਪ ਵਿਚ ਆਈ ਇਸ ਨਵੀਂ ਸਮੱਸਿਆ ਨੇ ਸਾਡੀਆਂ ਪ੍ਰੇਸ਼ਾਨੀਆਂ ਵਿਚ ਹੋਰ ਵਾਧਾ ਕਰ ਦਿੱਤਾ। ਉਹ ਜ਼ਨਾਨੀ ਬੈਡ ਉਤੇ ਬਹਿ ਗਈ ਤੇ ਰੋਹਬ ਨਾਲ ਗੱਲ ਕਰਨ ਲੱਗੀ। ਅਸੀਂ ਇਕ-ਦੂਜੇ ਵੱਲ ਦੇਖਣ ਲੱਗੇ। ਨਿਆਣੇ ਕੰਨ ਕੋਲ ਮੂੰਹ ਕਰ ਕੇ ਸਾਨੂੰ ਪੁੱਛਦੇ, "ਇਹ 'ਟੁਨਟੁਨ' ਕਦੋਂ ਜਾਵੇਗੀ। ਸਾਰਾ ਬੈਡ ਮੱਲ ਕੇ ਪੈ ਗਈ ਆ, ਅਸੀਂ ਕਿੱਥੇ ਸੌਣਾ?"

"ਮੇਰੇ ਪਾਸ ਕਿਰਾਇਆ ਪਹੁੰਚਤਾ ਰਹਤਾ ਤੋ ਮੇਰੇ ਕੋ ਕਿਆ ਇਤਰਾਜ਼ ਥਾ...।" ਉਸ 'ਮਾਲਕਣ' ਨੇ ਚਾਹ-ਪਾਣੀ ਪੀਣ ਪਿੱਛੋਂ ਕਿਹਾ।

"ਹਮਾਰੇ ਸੇ ਤੋ ਵੋਹ ਪਾਂਚ ਹਜ਼ਾਰ ਅਡਵਾਂਸ ਲੇ ਗਏ ਥੇ, ਔਰ ਪਾਂਚ ਸੌ ਰੁਪਏ ਮਹੀਨਾ ਕਿਰਾਏ ਕਾ ਵਸੂਲ ਕਰ ਰਹੇ ਹੈਂ, ਉਨਹੋਂ ਨੇ ਹਮਾਰੇ ਕੋ ਕਹਾ ਥਾ, ਬੇਫ਼ਿਕਰ ਹੋ ਕਰ ਰਹੋ। ਹਮ ਨੇ ਸਾਰੀ ਬਾਤ ਕਰ ਰੱਖੀ ਹੈ, ਪਾਂਚ ਸੌ ਅਡਵਾਂਸ ਮੇਂ ਕਟਤਾ ਰਹੇਗਾ!" ਅਸੀਂ ਦੱਸਿਆ।

"ਯਾਨਿ ਏਕ ਹਜ਼ਾਰ ਕਿਰਾਇਆ! ਖ਼ੁਦ ਤੋ ਪਾਂਚ ਸੌ ਦੇਤੀ ਰਹੀ ਅਬ ਤਕ ਅਪਨੇ ਕਿਰਾਏ ਕਾ!" ਮਾਲਕਣ ਨੇ ਦੱਸਿਆ। ਗੱਲਾਂ ਸੁਣ-ਸੁਣ ਹੈਰਾਨ ਹੁੰਦੇ ਗਏ। ਉਹਤੋਂ ਥੋੜ੍ਹਾ ਵਕਤ ਲੈ ਕੇ ਜਿਵੇਂ-ਕਿਵੇਂ ਉਹਨੂੰ ਪਿਛਲਾ ਕਿਰਾਇਆ ਦਿੱਤਾ।

ਦਰਅਸਲ ਸਾਡੇ ਉਸ ਚਿਰੋਕਣੇ ਜਾਣਕਾਰ ਪਰਿਵਾਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦਾ ਪਤਾ ਸੀ ਕਿ ਇਨ੍ਹਾਂ ਕੁਆਟਰਾਂ ਦੇ ਅੱਗੇ ਕਿਰਾਏ ਉਤੇ ਦੇਣ ਦੀ ਜਾਂਚ-ਪੜਤਾਲ ਹੋਣ ਵਾਲੀ ਹੈ। ਉਨ੍ਹਾਂ ਮੌਕੇ ਦਾ ਪੂਰਾ ਫ਼ਾਇਦਾ ਉਠਾਇਆ ਸੀ, ਤੇ ਆਪ ਉਥੋਂ ਜਾਂਦਿਆਂ ਕੁੰਜੀ ਸਾਡੇ ਹੱਥ ਫੜਾ ਦਿੱਤੀ ਸੀ। ਇਸ ਸਾਰੀ ਹੇਰਾ-ਫੇਰੀ ਦਾ ਸਾਡੇ ਪੁੱਛਣ 'ਤੇ ਉਨ੍ਹਾਂ ਝਿੜਕ ਕੇ ਆਖਿਆ, "ਪ੍ਰਾਪਰਟੀ ਡੀਲਰ ਜਿਹੜੇ ਕਿਰਾਏ ਦੇ ਕਮਰੇ ਦੁਆਉਂਦੇ ਆ, ਤਿੰਨ ਮਹੀਨਿਆਂ ਦਾ ਕਿਰਾਇਆ ਲੈਂਦੇ ਆ, ਤੇ ਤੁਸੀਂ ਸਾਨੂੰ ਵਾਰ-ਵਾਰ ਪੈਸੇ ਪੁੱਛ ਕੇ ਸਾਡੀ ਬੇਇੱਜ਼ਤੀ ਕਰਦੇ ਹੋ। ਖ਼ਬਰਦਾਰ ਜੇ ਮੁੜ ਪੈਸਿਆਂ ਦਾ ਪੁੱਛਣ ਆਏ!"

ਕੇਂਦਰੀ ਲੋਕ ਨਿਰਮਾਣ ਵਿਭਾਗ ਵਲੋਂ ਦਿਨ-ਰਾਤ ਛਾਪੇ ਮਾਰੇ ਜਾਣ ਲੱਗੇ। ਪਤਾ ਲੱਗਾ ਕਿ ਸਾਡੇ ਵਾਲੇ ਕੁਆਟਰ ਦਾ ਨਾ ਕਿਸੇ ਨੇ ਪਿਛਲੇ ਦਸਾਂ ਸਾਲਾਂ ਤੋਂ ਬਿਜਲੀ ਦਾ ਬਿਲ ਤਾਰਿਆ, ਤੇ ਨਾ ਹੀ ਕਿਰਾਇਆ ਜਮ੍ਹਾਂ ਕਰਾਇਆ ਸੀ। ਕਾਰਨ, 'ਟੁਨਟੁਨ' ਕੁਝ ਸਾਲ ਪਹਿਲਾਂ ਵਿਧਵਾ ਹੋ ਗਈ ਸੀ, ਤੇ ਉਸ ਨੇ ਕਿਰਾਇਆ ਵਸੂਲਣ ਤੋਂ ਇਲਾਵਾ ਕੁਝ ਨਾ ਸੋਚਿਆ। ਉਂਜ ਵੀ ਕਲਾਸ ਫੋਰ ਕੁਆਟਰਾਂ ਦਾ ਬਿਜਲੀ-ਪਾਣੀ ਨਹੀਂ ਕੱਟਿਆ ਜਾਂਦਾ ਸੀ।



ਦਿੱਲੀ ਸ਼ਹਿਰ ਦਾ ਇਕ ਅੰਬਰੀ ਨਜ਼ਾਰਾ ਜਿੱਥੇ ਬਲਬੀਰ ਮਾਧੋਪੁਰੀ ਰਹਿੰਦਾ ਹੈ।

ਉਧਰ ਡਾਕਟਰ ਗੁਰਚਰਨ ਸਿੰਘ ਮੋਹੇ ਮੇਰੇ ਖਹਿੜੇ ਪਏ ਹੋਏ ਸਨ ਕਿ ਸਾਡੇ ਨਾਲ ਕੇਰਲ ਚੱਲ, ਐਲ.ਟੀ.ਸੀ. ਲੈ ਕੇ। ਦੂਜਾ ਬੱਚਿਆਂ ਦੇ ਨੌਮਾਹੀ ਇਮਤਿਹਾਨ। ਪਤਨੀ ਨਰਾਜ਼ ਹੋਣ ਦਾ ਡਰ। ਜਦੋਂ ਦੱਖਣ ਤੋਂ ਬਾਰਾਂ ਦਿਨਾਂ ਉਪਰੰਤ ਪਰਤਿਆ ਤਾਂ ਗੁਆਂਢੀਆਂ ਨੇ ਹੇਠਾਂ ਪੌੜੀਆਂ ਕੋਲ ਮੈਨੂੰ ਦੱਸਿਆ, "ਸਮਾਨ ਬਾਹਰ ਸੁੱਟਣ ਲਈ ਨਿਰਮਾਣ ਵਿਭਾਗ ਦੇ ਬੰਦੇ ਆਏ ਸੀ, ਅਸੀਂ ਸਾਰਿਆਂ ਨੇ ਮਿਲ ਕੇ ਕਿਹਾ, ਦੋ ਦਿਨ ਵਿਚ ਖਾਲੀ ਕਰ ਦੇਣਗੇ।"

ਅਗਲੇ ਦਿਨ ਅਸੀਂ ਇਕ ਮਿੱਤਰ ਕੋਲ ਆਰਜ਼ੀ ਤੌਰ 'ਤੇ ਸਮਾਨ ਟਿਕਾ ਲਿਆ। ਹਫ਼ਤੇ ਅੰਦਰ ਸਾਨੂੰ ਆਰ.ਕੇ. ਪੁਰਮ ਦੇ ਸੈਕਟਰ ਅੱਠ ਵਿਚ ਪੰਜ ਹਜ਼ਾਰ ਰੁਪਏ ਪੇਸ਼ਗੀ ਸਣੇ ਸਖ਼ਤ ਸ਼ਰਤਾਂ ਉਤੇ ਕਮਰਾ ਮਿਲ ਗਿਆ।

ਇਸ ਸਰਕਾਰੀ ਮਕਾਨ ਦੀ ਮਾਲਕਣ ਕਰੈਚ ਚਲਾਉਂਦੀ ਸੀ। ਬੱਚਿਆਂ ਨੂੰ ਦਬਕੇ ਮਾਰ-ਮਾਰ ਸੁਲਾ ਰੱਖਦੀ। ਸਾਡਿਆਂ ਨੂੰ ਦਿਨ ਵੇਲੇ ਨਾ ਬਾਹਰ ਨਿਕਲਣ ਦਿੰਦੀ ਤੇ ਨਾ ਹੀ ਬੋਲਣ। ਉਹਨੇ ਮਜਬੂਰੀ ਖੜ੍ਹੀ ਕਰ ਦਿੱਤੀ, "ਭਾਈ ਸਾਹਬ ਆਪ ਕੇ ਬੱਚੇ ਬਹੁਤ ਸ਼ੋਰ ਕਰਤੇ ਹੈਂ, ਆਪ ਕਾ ਪਰਿਵਾਰ ਭੀ ਬੜਾ ਹੈ। ਕੱਪੜੇ ਧੋਨੇ ਮੇਂ ਪਾਣੀ ਬਹੁਤ ਲਗਤਾ ਹੈ, ਦੋ-ਚਾਰ ਦਿਨ ਮੇਂ ਕਮਰਾ ਖ਼ਾਲੀ ਕਰ ਦੋ!"

ਉਹਦੇ ਪਤੀ ਦਾ ਮੈਨੂੰ ਕਿਹਾ ਵਾਕ ਚੇਤੇ ਆਇਆ, "ਭਾਈ ਸਾਹਬ ਆਪ ਸਾਰਾ ਬਾਥਰੂਮ ਗੀਲਾ ਕਰ ਦੇਤੇ ਹੋ, ਜ਼ਰਾ ਆਗੇ ਕੋ ਹੋ ਕਰ ਇਸ਼ਨਾਨ ਕੀਆ ਕਰੋ! ਪੜ੍ਹੇ ਲਿਖੇ ਹੋ, ਜ਼ਿਆਦਾ ਕਹਤੇ ਭੀ ਹਮ ਅੱਛੇ ਨਹੀਂ ਲਗਤੇ।"

ਮੇਰੇ ਹੌਸਲੇ ਨੂੰ ਢਾਹ ਲਾਉਣ ਵਾਲਾ ਨਵਾਂ ਸਿਲਸਿਲਾ ਸਾਹਮਣੇ ਆ ਗਿਆ। ਝੋਰਾ ਹੁੰਦਾ, ਨਵੇਂ ਸਕੂਲ ਵਿਚ ਬੱਚਿਆਂ ਦੇ ਦਾਖ਼ਲੇ ਉਤੇ ਹਜ਼ਾਰਾਂ ਰੁਪਏ ਲੱਗੇ, ਹੁਣ ਤਿੰਨਾਂ ਮਹੀਨਿਆਂ ਬਾਅਦ ਫਿਰ ਘਰੋਂ-ਬੇਘਰ। ਉਧਾਰ ਕਿੱਥੋਂ ਚੁੱਕੀ ਜਾਵਾਂ। ਮੈਨੂੰ ਭਾਈਆ ਯਾਦ ਆਉਂਦਾ, ਸਮੱਸਿਆਵਾਂ ਤੇ ਮਜਬੂਰੀਆਂ ਦੌਰਾਨ ਉਹਦਾ ਦ੍ਰਿੜ ਇਰਾਦਾ, ਉਹਦੇ ਵਲੋਂ ਚੁੱਕੇ ਉਧਾਰ-ਕਰਜ਼ੇ, ਤੇ ਕਮਾਈ; ਖ਼ੂਹ ਦੀ ਮਿੱਟੀ ਖ਼ੂਹ ਨੂੰ! ਉਹਦੀ ਸੂਰਮਗਤੀ ਤੇ ਪੱਕੇ ਇਰਾਦੇ ਤੋਂ ਮੈਨੂੰ ਅੱਗੇ ਵਧਣ ਦੀ ਹਿੰਮਤ ਮਿਲਦੀ ਕਿ ਮੈਨੂੰ ਤਾਂ ਆਖ਼ਰ ਬੱਝਵੀਂ ਤਨਖ਼ਾਹ ਮਿਲਦੀ ਹੈ।

ਮੈਂ ਮਨ ਵਿਚ ਤੇ ਪਤਨੀ ਨਾਲ ਸਲਾਹ ਕਰ ਕੇ ਫ਼ੈਸਲਾ ਕਰ ਲਿਆ ਕਿ ਸਰਕਾਰੀ ਕੁਆਟਰਾਂ ਦੇ ਗੇੜ ਵਿਚ ਨਹੀਂ ਪੈਣਾ। ਮੈਨੂੰ ਰਹਿ-ਰਹਿ ਗੁੱਸਾ ਆਉਂਦਾ ਜੋ ਕਹਿੰਦੇ, "ਐਸ.ਸੀ. ਲੋਕਾਂ ਨੂੰ ਝੱਟ ਕੁਆਟਰ ਮਿਲ ਜਾਂਦਾ!" ਮੇਰੀ ਨੌਕਰੀ ਪੰਦਰਾਂ ਸਾਲ ਹੋ ਚੱਲੀ ਆ, ਹਰ ਸਾਲ ਕੁਆਟਰ ਲਈ ਅਰਜ਼ੀ ਦਿੰਦਾਂ। ਮਿਲਣਾ ਕਦੋਂ ਨੂੰ? ਜਦੋਂ ਦੋ-ਚਾਰ ਸਾਲ ਨੌਕਰੀ ਰਹਿ ਜਾਊ?

ਤੇ ਉਹ ਮਾਲਕਣ ਕਹਿਣ ਲੱਗੀ, "ਜਬ ਜਾਨਾ ਹੀ ਹੈ, ਸਾਮਾਨ ਭੀ ਬੰਧਾ ਹੁਆ, ਬੂੰਦਾ-ਬਾਂਦੀ ਇਤਨੀ ਤੋ ਹੈ ਨਹੀਂ, ਫੁਹਾਰ ਸੀ ਹੈ... ਬਾਦਲ ਕੁਛ ਐਸਾ ਹੀ ਰਹਨੇ ਵਾਲਾ ਹੈ...।"

ਅਸੀਂ ਸਾਮਾਨ ਟੈਂਪੂ ਵਿਚ ਲੱਦਿਆ ਤੇ ਪਾਲਮ ਪਿੰਡ ਦੇ ਜੈਨ ਮੁਹੱਲੇ ਵਿਚ ਕਿਰਾਏ ਦੇ ਮਕਾਨ ਮੋਹਰੇ ਜਾ ਰੋਕਿਆ। ਨਿਆਣੇ ਨਾਲੀਆਂ ਵਿਚ ਤਰਦੀਆਂ ਟੱਟੀਆਂ ਦੇਖ ਕੇ ਨੱਕ ਚਾੜ੍ਹਨ ਲੱਗੇ। ਪਤਨੀ ਕਾਫ਼ੀ ਬੁਖ਼ਾਰ ਦੌਰਾਨ ਵੀ ਨਿਆਣੇ ਲੈ ਕੇ ਅੰਦਰ ਬੈਠੀ ਹੀ ਸੀ ਕਿ ਮਾਲਕਣ ਉਹਦੇ ਕੋਲ ਆ ਬੈਠੀ।

ਬਾਰਿਸ਼ ਜਾਰੀ ਸੀ ਜਦੋਂ ਅਸੀਂ ਸਾਮਾਨ ਲਾਹਿਆ। ਪਤਨੀ ਦਾ ਬੁਖ਼ਾਰ ਨਾਲ ਮੂੰਹ ਲਾਲ ਹੋਇਆ ਦਿਖਾਈ ਦਿੰਦਾ। ਉਹ ਮਾਲਕਣ ਨਾਲ ਗੱਲਾਂ ਕਰਦੀ ਤਕਲੀਫ਼ ਮਹਿਸੂਸ ਕਰਦੀ ਦਿਸਦੀ। ਉਹਦੇ ਜਾਣ ਪਿੱਛੋਂ ਮੈਨੂੰ ਦੱਸਣ ਲੱਗੀ, "ਬੁੜ੍ਹੀ ਪੁੱਛਦੀ ਗਈ ਆ- ਤੁਮ ਕੌਨ ਹੋਤੇ ਹੋ, ਜੈਸੇ ਪੰਡਿਤ ਔਰ ਦੂਸਰੇ ਲੋਗ ਹੋਤੇ ਹੈਂ!"

"ਤੇ ਤੂੰ ਕੀ ਕਿਹਾ?"

"ਮੈਂ ਕਿਹਾ, ਅਸੀਂ ਸਰਦਾਰ ਹੁੰਨੇ ਆਂ। ਆਪਾਂ ਸਲਾਹ ਕਰ ਲਈਏ ਕਿ ਜਾਤ ਕੀ ਦੱਸਣੀ ਆ, ਜੇ ਉਹਨੇ ਫਿਰ ਪੁੱਛਿਆ ਤਾਂ! ਇਹ ਨਾ ਹੋਵੇ ਪਈ ਤੁਸੀਂ ਕੁਛ ਹੋਰ ਦੱਸ ਦਿਓ ਤੇ ਮੈਂ ਕੁਛ ਹੋਰ!"

ਅਸੀਂ ਅੱਧੀ ਰਾਤ ਤਕ ਵਿਚਾਰੀਂ ਪਏ ਰਹੇ। ਖ਼ਿਆਲ ਆਉਂਦਾ, ਇਨ੍ਹਾਂ ਲੋਕਾਂ ਨੂੰ ਕਿਰਾਏ ਨਾਲ ਮਤਲਬ ਹੈ, ਸਾਡੀ ਜਾਤ ਵਿਚੋਂ ਇਨ੍ਹਾਂ ਨੇ ਛਿੱਕੂ ਲੈਣਾ!...ਜਾਤ ਦੇ ਕਲੰਕ ਨੇ ਸ਼ਹਿਰ ਆ ਕੇ ਵੀ ਸਾਡਾ ਪਿੱਛਾ ਨਹੀਂ ਛੱਡਿਆ। ਕਹਿਣ ਨੂੰ ਇੱਥੇ ਪੜ੍ਹੇ-ਲਿਖੇ ਲੋਕ ਰਹਿੰਦੇ।

"ਗਲੀ-ਗਲੀ ਕਰੈਚ ਵਾਲੀ ਸ਼ੇਸ਼ਾ ਜਾਤ ਦਾ ਬਥੇਰਾ ਪੁੱਛਦੀ ਰਹੀ, ਪਰ ਮੈਂ ਪੱਲਾ ਨਹੀਂ ਫੜਾਇਆ ਸੀ। ਇਸ ਬੁੜ੍ਹੀ ਨੇ ਸਮਾਨ ਵੀ ਨਹੀਂ ਰੱਖਣ ਦਿੱਤਾ, ਤੇ ਪੁਣ-ਛਾਣ ਕਰਨ ਡਹਿ ਪਈ ...।" ਉਹਨੇ ਜ਼ਰਾ ਕੁ ਰੁਕ ਕੇ ਫਿਰ ਆਖਿਆ, "ਜੇ ਸ਼ੇਸ਼ਾ ਬੱਚਿਆਂ ਦਾ ਸੈਸ਼ਨ ਪੂਰਾ ਕਰਾ ਦਿੰਦੀ ਤਾਂ ਉਹਨੂੰ ਕੀ ਫ਼ਰਕ ਪੈ ਜਾਣਾ ਸੀ। ਮੀਟਰ ਬੰਦ ਕੀਤਾ ਹੋਇਆ ਸੀ, ਘਾਹ ਤੇ ਸਬਜ਼ੀ ਨੂੰ ਪਾਣੀ ਛੱਡ ਰੱਖਦੀ ਆ, ਸਾਡੀ ਵਾਰੀ ਕਹਿੰਦੀ; ਅਖੇ ਧੁਆਡਾ ਪਰਿਵਾਰ ਵੱਡਾ ਆ, ਉਹਦੇ ਦੋ ਨਿਆਣੇ ਤੇ ਸਾਡੇ ਤਿੰਨ...।"

"ਉਹਨੂੰ ਵੀ ਕਿਤੇ ਜਾਤ ਦੀ ਭਿਣਕ ਤਾਂ ਨਹੀਂ ਪੈ ਗਈ ਸੀ? ਕੁਆਟਰ ਦੇ ਬਾਹਰ ਮੋਟੇ-ਵੱਡੇ ਅੱਖਰਾਂ ਦੀ ਨੇਮ ਪਲੇਟ ਨਹੀਂ ਦੇਖੀ- ਗੋਪਾਲ ਸਿੰਘ ਗੌੜ!"

"ਇਹਦੇ ਬਾਰੇ ਮੈਂ ਕੀ ਕਹਿ ਸਕਦੀ ਆਂ ਪਰ ਪੁੱਛਦੀ ਸੀ ਕਿ ਜੇ ਤੁਸੀਂ ਸਰਦਾਰ ਹੋ ਤਾਂ ਜੂੜੀ ਕਿਉਂ ਨਹੀਂ ਰੱਖਦੇ?"

"ਨਵਾਂ ਸਕੂਲ ਮੀਲ ਭਰ ਦੂਰ ਆ, ਕਮਾਈ ਕੀ ਕਰੇ! ਸਾਈਕਲ ਲੈ ਲਓ, ਨਹੀਂ ਤਾਂ ਰਿਕਸ਼ਾ ਲੁਆ ਲਓ ਨਿਆਣਿਆਂ ਲਈ।"

ਮੁੜ-ਘਿੜ ਕੇ ਮੇਰੀਆਂ ਸੋਚਾਂ ਦੀ ਸੂਈ ਵੱਡੇ ਭਰਾ ਉਤੇ ਟਿਕ-ਟਿਕ ਕਰਦੀ ਰੁਕਦੀ ਕਿ ਉਥੇ ਇਕ-ਇਕ ਕੁਆਟਰ ਵਿਚ ਪੰਦਰਾਂ-ਪੰਦਰਾਂ

(ਬਾਕੀ ਅਗਲੇ ਸਫੇ 'ਤੇ)

# ਡੇਰੇ ਦਾ ਦਾਇਰਾ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਦੇਰ ਸਮੇਂ ਤੋਂ ਪੰਜਾਬ ਦੇ ਸਿੱਖ ਅਤੇ ਸਿਆਸੀ ਹਲਕਿਆਂ ਵਿਚ ਡੇਰੇ ਦੀ ਚਰਚਾ ਆਮ ਹੁੰਦੀ ਰਹਿੰਦੀ ਹੈ। ਸਿੱਖ ਧਰਮ ਸਿਧਾਂਤਕ ਤੌਰ 'ਤੇ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ ਤੇ ਕਿਸੇ ਵੀ ਦੇਹਧਾਰੀ ਗੁਰੂ ਦੀ ਪੂਜਾ ਦੇ ਵਿਰੁਧ ਹੈ। ਅਕਾਲ ਤਖਤ ਤੇ ਕੇਂਦ੍ਰਿਤ ਸਿੱਖੀ ਦੀ ਮੁਖਧਾਰਾ ਸਿੱਖ ਧਰਮ ਦੇ ਅੰਤਰਗਤ ਸਿੱਖੀ ਵੇਸ ਵਿਚ ਬੇਸ਼ੁਮਾਰ ਉਭਰ ਚੁੱਕੇ ਡੇਰਿਆਂ ਨੂੰ ਸਿੱਖੀ ਲਈ ਇਕ ਚਿਣੌਤੀ ਸਮਝਦੀ ਹੈ। ਇਨ੍ਹਾਂ ਡੇਰਿਆਂ ਦੇ ਸ਼ਰਧਾਲੂਆਂ ਦੀ ਮੁਖਧਾਰਾ ਨਾਲ ਜੁੜੇ ਸਿੱਖਾਂ ਨਾਲ ਜ਼ਬਰਦਸਤ ਤਕਰਾਰ ਦੀਆਂ ਦੁਖਦ ਘਟਨਾਵਾਂ ਆਮ ਹੀ ਵਾਪਰਦੀਆਂ ਰਹਿੰਦੀਆਂ ਹਨ। ਪਿਛੇ ਜਿਹੇ ਸਿਰਸੇ ਵਿਚ ਸੱਚਾ ਸੌਦਾ ਡੇਰੇ ਦੇ ਡੇਰੇਦਾਰ ਰਾਮ ਰਹੀਮ ਸਿੰਘ ਨੇ ਜਦ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਿਆ ਸੀ ਤਾਂ ਪੰਜਾਬ ਵਿਚ ਤਹਿਲਕਾ ਮੱਚ ਗਿਆ ਸੀ। ਡੇਰਾ ਸੱਚਖੰਡ ਬੱਲਾਂ ਵਾਲਿਆਂ ਨਾਲ ਰਹਿੰਦਾ ਟਕਰਾਓ ਵੀ ਦੁਖਾਂਤ ਰੂਪ ਧਾਰ ਚੁੱਕਾ ਹੈ। ਪੰਜਾਬ ਨੂੰ ਬੁਰੀ ਤਰ੍ਹਾਂ ਝੰਜੋੜਨ ਵਾਲੀ ਕਥਿਤ ਖਾੜਕੂ ਲਹਿਰ ਨੂੰ ਭੜਕਾਉਣ ਵਿਚ ਡੇਰਿਆਂ ਦਾ ਵੱਡਾ ਹੱਥ ਸੀ। ਪੰਜਾਬ ਵਿਚ ਨਵੇਂ ਤੋਂ ਨਵੇਂ ਡੇਰੇ ਸਿਰ ਚੁੱਕ ਰਹੇ ਹਨ, ਉਨ੍ਹਾਂ ਦੀ ਸਿੱਖੀ-ਸੇਵਕੀ ਵਿਸ਼ਾਲ ਹੁੰਦੀ ਜਾ ਰਹੀ ਹੈ।

ਬਹੁਤ ਪਹਿਲਾਂ ਪੰਜਾਬ ਦੀ ਇਕ ਰੋਜ਼ਾਨਾ ਅਖਬਾਰ 'ਦੇਸ਼ ਸੇਵਕ' ਨੇ ਪੰਜਾਬ ਵਿਚ ਇਕ ਸਰਵੇਖਣ ਕਰਾਇਆ ਸੀ ਜਿਸ ਅਨੁਸਾਰ ਪੰਜਾਬ ਵਿਚ ਡੇਰਿਆਂ ਦੀ ਗਿਣਤੀ 9000 ਹੈ ਜਦਕਿ ਪੰਜਾਬ ਵਿਚ 12000 ਪਿੰਡ ਹਨ। ਮੇਰੇ ਵਿਚਾਰ ਅਨੁਸਾਰ ਪੰਜਾਬ ਵਿਚ ਔਸਤਨ ਹਰ ਪਿੰਡ ਪਿਛੇ ਇਕ ਡੇਰਾ ਹੈ। ਡੇਰਿਆਂ ਦੇ ਵਧ ਰਹੇ ਰੁਝਾਨ ਨੂੰ 'ਡੇਰਾਵਾਦ' ਦਾ ਸ਼ਬਦ ਦਿੱਤਾ ਗਿਆ ਹੈ। ਇਕ ਵਿਚਾਰ ਅਨੁਸਾਰ ਪੰਜਾਬ ਦੀ ਮੁਖਧਾਰਾ ਵਾਲੀ ਸਿੱਖੀ ਅਤੇ ਸਿੱਖ ਸਿਆਸਤ ਉਤੇ ਜੱਟਾਂ ਦਾ ਕਬਜ਼ਾ ਹੈ ਅਤੇ ਉਹ ਸਿੱਖੀ ਦੇ ਕੱਟੜ ਅਤੇ ਕਰਮਕਾਂਡੀ ਜਿਹੇ ਰੂਪ ਨੂੰ ਹੀ ਫੈਲਾ ਰਹੇ ਹਨ ਜਿਸ ਦੇ ਪ੍ਰਤਿਕਰਮ ਵਜੋਂ ਡੇਰਿਆਂ ਦਾ ਰੁਝਾਨ ਵਧਿਆ। ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਡੇਰਿਆਂ ਦੀ ਸਿੱਖੀ ਸੇਵਕੀ ਦਾ ਵੱਡਾ ਹਿੱਸਾ ਅਖੌਤੀ ਨਿਮਨਜਾਤੀ ਦੇ ਲੋਕਾਂ ਵਿਚੋਂ ਆਉਂਦਾ ਹੈ। ਪੰਜਾਬ ਅਤੇ ਬਾਕੀ ਦੇ ਭਾਰਤ ਵਿਚ ਹਿੰਦੂ ਧਰਮ ਨਾਲ ਸਬੰਧਤ ਡੇਰੇ ਜਾਂ ਡੇਰੇ ਜਿਹੀਆਂ ਹੋਰ ਸੰਸਥਾਵਾਂ ਜਿਵੇਂ ਅਖਾੜੇ, ਆਸ਼ਰਮ, ਪੰਥ ਆਦਿ ਦੀ ਗਿਣਤੀ ਵਧਣ ਦਾ ਰੁਝਾਨ ਘੱਟ ਨਹੀਂ ਪਰ ਉਨ੍ਹਾਂ ਦਾ ਹਿੰਦੂ ਧਰਮ ਨਾਲ ਤਣਾਅ ਅਜਿਹਾ ਗੰਭੀਰ ਰੁਖ ਅਤਿਆਚਾਰ ਨਹੀਂ ਕਰਦਾ। ਸ਼ਾਇਦ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਸਿੱਖ ਇਕ ਤਰ੍ਹਾਂ ਏਕੀਸ਼ਵਰਵਾਦੀ ਧਰਮ ਹੈ ਜਦਕਿ ਹਿੰਦੂ ਧਰਮ ਮੂਲ ਰੂਪ ਵਿਚ ਬਹੁਪੰਥੀ ਖਾਸੇ ਵਾਲਾ ਹੈ।

ਕੋਸ਼ਾਂ ਵਿਚ ਡੇਰਾ ਸ਼ਬਦ ਦੇ ਮੁਖ ਤੌਰ 'ਤੇ ਦੋ ਅਰਥ ਲਭਦੇ ਹਨ। ਮਿਸਾਲ ਵਜੋਂ 'ਮਹਾਨ ਕੋਸ਼' ਅਨੁਸਾਰ (1) ਠਹਿਰਨ ਦਾ ਸਥਾਨ, (2) ਖੇਮਾ, ਤੰਬੂ। ਉਂਜ ਦੋਹਾਂ ਅਰਥਾਂ ਨੂੰ ਤਾਰਕਿਕ ਤੌਰ 'ਤੇ ਜੋੜਿਆ ਜਾ ਸਕਦਾ ਹੈ। ਠਹਿਰਨ ਦੇ ਸਥਾਨ ਲਈ ਮਿਸਾਲ ਦੇਖੀਏ, "ਡੇਰਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥" -ਗੁਰੂ ਅਰਜਨ ਦੇਵ। ਇਸੇ ਅਰਥ ਵਜੋਂ ਲਾਖਣਿਕ ਵਰਤੋਂ ਦੇਖੋ,

ਮੈਂ ਜੋ ਤੈਨੂੰ ਆਖਿਆ ਕੋਈ ਘੱਲ ਸੁਨੇਹੜਾ।
ਚਸ਼ਮਾਂ ਸੇਜ ਵਛਾਈਆਂ, ਦਿਲ ਕੀਤਾ ਡੇਰਾ।
-ਬੁਲ੍ਹੇ ਸ਼ਾਹ

ਸਰਮ ਧਰਮ ਕਾ ਡੇਰਾ ਦੂਰਿ॥
-ਗੁਰੂ ਨਾਨਕ ਦੇਵ

ਅਤੇ ਫੌਜੀ ਖੇਮੇ ਜਾਂ ਤੰਬੂ ਵਜੋਂ ਨਜਾਬਤ ਰਚਿਤ ਨਾਦਰ ਸ਼ਾਹ ਦੀ ਵਾਰ ਵਿਚ,

ਗੁਜਰਾਤੋਂ ਛੁੱਟੀ ਮੰਗੀ,
ਮਿਰਜ਼ੇ ਬਦਰ ਬੇਗ
ਮੁਹਰਾਂ ਪਹੁੰਚ ਗਈਆਂ ਤਲਵੰਡੀ,
ਡੇਰਾ ਸ਼ਾਹਦਰੇ।

ਡੇਰਾ ਸ਼ਬਦ ਪੰਜਾਬ, ਸਿੰਧ, ਰਾਜਸਥਾਨ, ਬਲੋਚਿਸਤਾਨ, ਇਥੋਂ ਤੱਕ ਕਿ ਇਰਾਨ ਦੇ ਬਹੁਤ ਸਾਰੇ ਸਥਾਨ ਨਾਮਾਂ ਵਿਚ ਵੀ 'ਵਸੇਰਾ' ਦੇ ਅਰਥਾਂ ਵਿਚ ਆਉਂਦਾ ਹੈ। ਮਿਸਾਲ ਵਜੋਂ ਡੇਰਾ ਬਾਬਾ ਨਾਨਕ, ਡੇਰਾ ਅੱਲਾ ਯਾਰ, ਡੇਰਾ ਬੁਗਤੀ, ਡੇਰਾ ਦਿਲਦਾਰ, ਡੇਰਾ ਇਸਮਾਈਲ ਖਾਂ, ਡੇਰਾ ਗਾਜ਼ੀ ਖਾਂ, ਡੇਰਾ ਮੁਰਾਦ ਜਮਾਲੀ। ਬੇਸ਼ੁਮਾਰ ਧਾਰਮਿਕ ਸਥਾਨਾਂ ਦੇ ਨਾਂਵਾਂ ਵਿਚ ਵੀ ਛੌਣੀ ਆਦਿ ਦੇ ਅਰਥਾਂ ਵਿਚ ਡੇਰਾ ਸ਼ਬਦ ਆਉਂਦਾ ਹੈ ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਹੋ ਚੁੱਕਾ ਹੈ। ਇਸ ਤੋਂ ਇਲਾਵਾ ਡੇਰਾਦੂਨ ਵਿਚ ਵੀ ਡੇਰਾ ਬੋਲਦਾ ਹੈ ਜਿਸ ਦਾ ਜ਼ਿਕਰ ਵਖਰੇ ਤੌਰ 'ਤੇ ਕੀਤਾ ਜਾ ਰਿਹਾ ਹੈ। ਡੇਰਾ ਲਾਉਣਾ ਜਾਂ ਡੇਰਾ ਜਮਾਉਣਾ ਮੁਹਾਵਰੇ ਦਾ ਅਰਥ ਹੈ-ਜੰਮ ਕੇ ਬੈਠ ਜਾਣਾ। ਡੇਰਾ-ਡੰਡਾ ਚੁੱਕਣਾ ਦਾ ਮਤਲਬ ਬੋਰੀਆ ਬਿਸਤਰਾ ਗੋਲ ਕਰਨਾ ਅਰਥਾਤ ਟਿਕਾਣਾ ਚੁੱਕ ਲੈਣਾ ਹੁੰਦਾ ਹੈ। ਇਕ ਕੋਸ਼ ਅਨੁਸਾਰ ਡੇਰਾ ਸ਼ਬਦ ਠਹਿਰ ਜਾਂ ਠਾਹਰ ਦਾ ਵਿਗੜਿਆ ਰੂਪ ਹੈ। ਪਰ ਇਸ ਵਿਚ ਅਸਥਾਈ ਮੁਕਾਮ ਦੇ ਭਾਵ ਉਜਾਗਰ ਨਹੀਂ ਹੁੰਦੇ। ਟਰਨਰ ਅਨੁਸਾਰ ਇਹ ਫਾਰਸੀ ਅਸਲੇ ਦਾ ਸ਼ਬਦ ਹੈ ਜਿਸ ਦਾ ਪਹਿਲਵੀ ਰੂਪ ਡੇਰੋ ਸੀ। ਪਰ ਡੇਰਾ ਸ਼ਬਦ ਵਿਚ ਮੁਢਲੇ ਤੌਰ 'ਤੇ ਧਰਮ ਦੇ ਭਾਵ ਨਹੀਂ ਹਨ। ਹਾਂ, ਕੁਝ ਸ਼ਬਦਾਂ ਵਿਚ ਅਜਿਹਾ ਹੋ ਸਕਦਾ ਹੈ ਜਿਵੇਂ ਦੇਹਰਾਦੂਨ। ਪਹਿਲਾਂ ਅਸੀਂ ਦੇਹਰਾਦੂਨ ਨੂੰ ਨਜਿੱਠ ਲਈਏ। ਇਸ ਸ਼ਬਦ ਦੇ ਅੰਗਰੇਜ਼ੀ ਸ਼ਬਦ ਜੋੜ ਹਨ Dehradun. ਇਸ ਤੋਂ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਇਹ ਸ਼ਬਦ 'ਡੇਰਾਦੂਨ' ਹੈ ਜਦਕਿ ਮੁਢਲੇ ਤੌਰ 'ਤੇ ਇਹ 'ਦੇਹਰਾਦੂਨ' ਹੀ ਹੈ। 'ਮਹਾਨ ਕੋਸ਼' ਅਨੁਸਾਰ 'ਦੇਹਰਾ' ਉਹ ਹੈ ਜਿਥੇ ਦੇਹ (ਸਰੀਰ) ਦਾ ਅੰਤਮ ਸੰਸਕਾਰ ਹੋਇਆ, ਸਮਾਧੀ। ਇਹੀ ਅਰਥ ਦੇਹਰਾਦੂਨ ਲਈ ਢੁਕਾਏ ਜਾਂਦੇ ਹਨ ਅਰਥਾਤ ਉਹ ਪਹਾੜੀ ਦੂਨ (ਵਾਦੀ) ਜਿਥੇ ਰਾਮ ਰਾਇ ਜੀ ਦੀ ਸਮਾਧੀ ਬਣੀ ਹੈ।

ਪਲੈਟਸ ਅਨੁਸਾਰ ਇਹ ਦੇਹਰਾ ਜਾਂ ਦੇਵਰਾ ਦਾ ਵਿਕਸਿਤ ਰੂਪ ਹੋ ਸਕਦਾ ਹੈ। ਦੇਹਰਾ ਜਾਂ ਦੇਵਰਾ ਦੇਵਾਲਾਯ ਦਾ ਬਦਲਿਆ ਰੂਪ ਹੈ। ਅਸਲ 'ਮਹਾਨ ਕੋਸ਼' ਨੇ ਦੇਹਰਾ ਦਾ ਇਕ ਅਰਥ




ਦੇਵਗ੍ਰਿਹ ਜਾਂ ਦੇਵਮੰਦਿਰ ਦੱਸਿਆ ਹੈ ਪਰ ਇਸ ਨੂੰ ਦੇਹਰਾਦੂਨ ਉਪਰ ਢੁਕਾਉਣ ਤੋਂ ਸੰਕੋਚ ਕੀਤਾ ਹੈ। ਦਰਅਸਲ ਇਸ ਦਾ ਮੁਢਲਾ ਰੂਪ ਦੇਵਘਰ ਹੈ। ਇਸ ਤਰ੍ਹਾਂ ਇਸ ਦਾ ਵਿਕਾਸ ਦੇਵਘਰ > ਦੇਵਹਰ > ਦੇਵਰਾ > ਦੇਹਰਾ ਦੀ ਤਰ੍ਹਾਂ ਹੈ। ਉਂਜ ਨਗਰ ਆਦਿ ਦੇ ਅਰਥਾਂ ਵਿਚ 'ਦੇਹਰਾ' ਸ਼ਬਦ ਇਕ ਹੋਰ ਤਰ੍ਹਾਂ ਦੇਹ ਤੋਂ ਬਣਿਆ ਹੋ ਸਕਦਾ ਹੈ। ਜਿਵੇਂ ਪਿੰਡ ਤੇ ਪਿੰਡਾ ਸ਼ਬਦ ਵਿਚ ਸਾਂਝ ਹੈ, ਉਸੇ ਤਰ੍ਹਾਂ ਫਾਰਸੀ ਦੇਹ ਤੇ ਦੇਹਰਾ ਵਿਚ ਸਾਂਝ ਹੋ ਸਕਦੀ ਹੈ। ਦੋਨਾਂ ਵਿਚ ਕੁਝ ਨਿਮਿਤ ਹੋਣ ਦੇ ਭਾਵ ਹਨ। ਇਸ ਤਰ੍ਹਾਂ ਦੇਹਰਾਦੂਨ ਦਾ ਅਰਥ ਵਾਦੀ ਦਾ ਪਿੰਡ ਬਣਦਾ ਹੈ। ਉਂਜ ਦੇਹਰਾ, ਦੇਹਲੀ ਜਿਹੇ ਸ਼ਬਦਾਂ ਵਿਚ ਦਹਿਲੀਜ਼ ਦੇ ਭਾਵ ਵੀ ਹਨ ਤੇ ਇਸ ਅਨੁਸਾਰ ਦੇਹਰਾਦੂਨ ਦਾ ਅਰਥ ਘਾਟੀ ਦੀ ਦਹਿਲੀਜ਼ ਹੋ ਸਕਦਾ ਹੈ। ਇਸ ਚਰਚਾ ਨੂੰ ਅਜੇ ਖੁਲ੍ਹਾ ਛੱਡਿਆ ਜਾਂਦਾ ਹੈ। ਏਨਾ ਕੁ ਜ਼ਰੂਰ ਹੈ ਕਿ ਇਸ ਵਿਚ ਡੇਰਾ ਅਮਸ਼ ਬੋਲਦਾ ਪ੍ਰਤੀਤ ਨਹੀਂ ਹੁੰਦਾ।

ਅਜਿਤ ਵਡਨੇਰਕਰ ਦਾ ਵਿਚਾਰ ਹੈ ਕਿ ਡੇਰਾ ਬੱਦੂ ਲੋਕਾਂ ਦਾ ਸ਼ਬਦ ਹੈ ਅਤੇ ਇਸ ਦਾ ਸ੍ਰੋਤ ਸਾਮੀ ਹੈ। ਘੁਮੱਕੜ ਬੱਦੂ ਕਬੀਲਿਆਂ ਨੇ ਜਦ ਤੰਬੂ ਲਾ ਕੇ ਇਕ ਥਾਂ ਜੰਮ ਕੇ ਰਹਿਣਾ ਸਿੱਖ ਲਿਆ ਸੀ ਤਾਂ ਇਸ ਸ਼ਬਦ ਦਾ ਮੁਢਲਾ ਰੂਪ ਹੋਂਦ ਵਿਚ ਆਇਆ ਹੋਵੇਗਾ। ਕਬੀਲੇ ਦੇ ਲੋਕ ਇਕ ਗੋਲਾਕਾਰ ਦਾਇਰੇ ਵਿਚ ਰਹਿੰਦੇ ਹੋਣਗੇ ਤਾਂ ਜੁ ਇਕ ਦੂਜੇ ਦੇ ਪਾਸ ਪਾਸ ਸੁਰੱਖਿਅਤ ਰਹਿ ਸਕਣ। ਇਸ ਤਰ੍ਹਾਂ ਇਸ ਦੇ ਵਸੇਰੇ ਵਿਚ ਮੂਲ ਭਾਵ ਇਕ ਦੂਜੇ ਦੇ ਨਿਕਟ ਗੋਲ ਗੋਲ ਰਹਿਣ ਵਿਚ ਹੈ। ਸਾਮੀ ਮੂਲ d-y-r ਵਿਚ ਘੁੰਮਣ, ਫਿਰਨ, ਗੋਲ ਗੋਲ ਚੱਲਣ ਦੇ ਭਾਵ ਹਨ। ਅਰਬੀ ਵਿਚ ਮੂਲ ਦਾ ਰੂਪ ਹੈ d-w-r. ਇਸ ਤੋਂ ਦਾਇਰ ਸ਼ਬਦ ਬਣਿਆ ਜਿਸ ਵਿਚ ਗੋਲ, ਘੇਰਾ, ਮੰਡਲ ਆਦਿ ਜਿਹੇ ਅਰਥ ਹਨ। ਇਸ ਵਿਚ ਮਜਲਿਸ, ਸਭਾ, ਟੱਬਰ ਦੇ ਅਰਥ ਵੀ ਹਨ। ਅਸੀਂ ਇਸ ਨੂੰ 'ਅਪੀਲ ਦਾਇਰ ਕਰਨਾ' ਜਿਹੀ ਉਕਤੀ ਵਿਚ ਦੇਖ ਸਕਦੇ ਹਾਂ ਜਿਸ ਦਾ ਭਾਵ (ਮੁਕੱਦਮਾ) ਪੇਸ਼ ਕਰਨਾ ਹੁੰਦਾ ਹੈ। ਇਸੇ ਤੋਂ ਦਾਇਰਾ ਸ਼ਬਦ ਬਣਿਆ ਜੋ ਸਾਡੀਆਂ ਭਾਸ਼ਾਵਾਂ ਵਿਚ ਗੋਲ ਚੱਕਰ, ਪਰਿਧੀ, ਘੇਰਾ, ਚੱਕਰ ਦੇ ਅਰਥਾਂ ਵਜੋਂ ਸਮਾ ਚੁੱਕਾ ਹੈ। ਦਾਇਰਾ ਸ਼ਬਦ ਵਿਚ ਮਹੱਲਾ, ਬਸਤੀ, ਆਸ਼ਰਮ, ਖੇਮਾ ਦੇ ਭਾਵ ਹਨ। ਉਰਦੂ ਵਿਚ ਦਾਇਰਾਦਾਰ ਦਾ ਮਤਲਬ ਮਹੰਤ ਜਾਂ ਮਠਧਾਰੀ ਹੁੰਦਾ ਹੈ। ਧਿਆਨ ਦਿਓ, ਡੇਰੇਦਾਰ ਵਿਚ ਵੀ ਏਹੀ ਭਾਵ ਹਨ। 'ਦੌਰ' ਸ਼ਬਦ ਦਾ ਅਰਥ ਵੀ ਘੁਮਾਉ, ਚੱਕਰ ਹੁੰਦਾ ਹੈ। ਇਸ ਤੋਂ ਬਣੇ ਦੌਰਾ ਸ਼ਬਦ ਵਿਚ ਵੀ ਘੁੰਮਣ, ਫਿਰਨ, ਗਸ਼ਤ ਕਰਨ ਦੇ ਭਾਵ ਹਨ। ਮਦਾਰੀ ਉਹ ਹੈ ਜੋ ਘੁੰਮ ਫਿਰ ਕੇ ਤਮਾਸ਼ਾ ਦਿਖਾਉਂਦਾ ਹੈ। ਅਸਲ ਵਿਚ ਇਸ ਧਾਤੂ ਤੋਂ ਬਣੇ ਸ਼ਬਦ ਦਰ, ਦਾਰ, ਦਾਇਰ, ਦਿਆਰ ਆਦਿ ਵਿਚ ਘਰ ਜਾਂ ਵਸੇਰਾ ਦੇ ਭਾਵ ਹਨ,

ਕਲ ਚਮਨ ਥਾ ਆਜ ਉਜੜਾ ਦਿਆਰ ਹੈ;
ਲਗਤਾ ਨਹੀਂ ਹੈ ਜੀ ਮੇਰਾ ਉਜੜੇ ਦਿਆਰ ਮੇਂ।

ਡੇਰਾ ਬਣ ਕੇ ਭਾਰਤ ਪੁੱਜੇ ਇਸ ਸ਼ਬਦ ਦੇ ਅਰਥਾਂ ਵਿਚ ਹੋਰ ਵਿਸਤਾਰ ਹੋਇਆ। ਇਸ ਵਿਚ ਟਿਕਾਣਾ, ਬਸਤੀ, ਵਸੇਰਾ ਦੇ ਭਾਵ ਆਏ। ਫਿਰ ਤੰਬੂ, ਸ਼ਾਮਿਆਨਾ, ਮਠ, ਮਜਲਿਸ ਮਕਾਨ ਆਦਿ ਦੇ ਭਾਵ ਜੁੜੇ। ਡੇਰੇ ਦਾ ਕਰਤਾਧਰਤਾ ਜਾਂ ਮਠਧਾਰੀ ਡੇਰੇਦਾਰ ਹੈ। ਡੇਰਿਆਂ ਵਾਂਗ ਰਹਿਣ ਵਾਲੀ ਤਵਾਇਫ ਲਈ ਡੇਰੇਦਾਰਨ ਸ਼ਬਦ ਵੀ ਪ੍ਰਚਲਿਤ ਹੋਇਆ। ਡੇਰਾ ਗਾਜ਼ੀ ਖਾਂ ਤੇ ਡੇਰਾ ਇਸਮਾਇਲ ਖਾਂ ਦੇ ਇਲਾਕੇ ਵਾਲੇ ਲੋਕਾਂ ਨੂੰ ਡੇਰੇਵਾਲ ਕਿਹਾ ਜਾਂਦਾ ਹੈ। ਕੁਝ ਚਰਚਾ ਇਨ੍ਹਾਂ ਦੋਨਾਂ ਸਥਾਨਾਂ ਦੀ ਕਰ ਲਈਏ। ਅਸਲ ਵਿਚ 15ਵੀਂ ਸਦੀ ਵਿਚ ਬਲੋਚੀ ਯੋਧੇ ਸਰਦਾਰ ਮਲਿਕ ਸੁਹਰਾਬ ਖਾਂ ਨੇ ਸਿੰਧ ਘਾਟੀ ਦੇ ਇਸ ਇਲਾਕੇ ਨੂੰ ਹਥਿਆਇਆ ਸੀ ਤੇ ਮੁਲਤਾਨ ਦੇ ਸੁਲਤਾਨ ਨੇ ਉਸ ਨੂੰ ਇਹ ਇਲਾਕਾ ਜਗੀਰ ਵਜੋਂ ਬਖਸ਼ਿਆ ਸੀ। ਉਸ ਦੇ ਤਿੰਨ ਬੇਟਿਆਂ ਤੇ ਜਾਨਸ਼ੀਨਾਂ-ਗਾਜ਼ੀ ਖਾਂ, ਇਸਮਾਇਲ ਖਾਂ ਅਤੇ ਫਤਹਿ ਖਾਂ ਨੇ ਇਹ ਡੇਰੇ ਆਪਣੇ ਨਾਂਵਾਂ ਥੱਲੇ ਵਸਾਏ।

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਡਾ. ਸਰਜੀਤ ਸਿੰਘ ਸੰਧੂ ਬਾਰੇ ਮੇਰੇ ਲੇਖ ਵਿਚ ਪਿਛਲੇ ਕਾਲਮ ਵਿਚ ਕੁਝ ਉਕਾਈਆਂ ਰਹਿ ਗਈਆਂ ਸਨ ਜਿਨ੍ਹਾਂ ਵੱਲ ਉਨ੍ਹਾਂ ਦੀ ਬੇਟੀ ਸੁਮੀਤ ਸੰਧੂ ਨੇ ਈਮੇਲ ਰਾਹੀਂ ਧਿਆਨ ਦੁਆਇਆ ਹੈ। ਸੰਧੂ ਸਾਹਿਬ ਦੇ ਤਿੰਨ ਬੇਟੇ ਨਹੀਂ ਬਲਕਿ ਤਿੰਨ ਬੱਚੇ ਹਨ-ਦੋ ਪੁੱਤਰ ਅਤੇ ਇੱਕ ਬੇਟੀ। ਸੁਮੀਤ ਸੰਧੂ ਉਨ੍ਹਾਂ ਦੀ ਬੇਟੀ ਹੈ। ਡਾਕਟਰ ਸਾਹਿਬ ਆਪਣੇ ਅਖੀਰਲੇ ਵਰ੍ਹਿਆਂ ਵਿਚ ਓਰੇਗਾਨ ਸਟੇਟ ਵਿਚ ਨਹੀਂ ਬਲਕਿ ਆਇਡਹੋ ਸਟੇਟ ਵਿਚ ਰਹਿੰਦੇ ਸਨ। ਪਾਠਕ ਖਿਮਾ ਕਰਨ।

-ਬਲਜੀਤ ਬਾਸੀ

# ਕਿਰਾਏਦਾਰੀ ਦੀ ਲਾਹਣਤ

(ਪਿਛਲੇ ਸਫੇ ਦੀ ਬਾਕੀ)

ਜੀਅ ਰਹਿੰਦੇ ਆ, ਮਾਂ-ਪਿਓ, ਭੈਣ-ਭਰਾ ਤੇ ਉਨ੍ਹਾਂ ਦੇ ਬੱਚੇ! ਜੇ ਅਸੀਂ ਉਥੇ ਟਿਕੇ ਰਹਿੰਦੇ ਤਾਂ ਚੌਥੀ ਭੈਣ ਦਾ ਵਿਆਹ ਕਰਨਾ ਸੌਖਾ ਹੋ ਜਾਣਾ ਸੀ।

ਪਤਨੀ ਮੇਰੇ ਮਨ ਦੀ ਹਾਲਤ ਨੂੰ ਜਾਂਚ ਲੈਂਦੀ ਤੇ ਕਹਿੰਦੀ, "ਬਹੁਤੀਆਂ ਸੋਚਾਂ ਵਿਚ ਨਹੀਂ ਪਈਦਾ, ਬਾਪ ਦੀ ਕਬੀਲਦਾਰੀ ਪੁੱਤ ਈ ਨਜਿੱਠਦੇ ਹੁੰਦੇ ਆ। ਤੰਦਰੁਸਤੀ ਰਹਿਣੀ ਚਾਹੀਦੀ ਆ, ਸਭ ਕੁਝ ਠੀਕ ਹੋ ਜਾਣਾ! ਆਰਾਮ ਨਾਲ ਸੌਂ ਜਾਓ!"

ਮੈਨੂੰ ਧਰਵਾਸ ਜਿਹਾ ਮਿਲਦਾ ਕਿ ਮੈਂ ਇਕੱਲਾ ਨਹੀਂ, ਦੋ ਜਣੇ ਹਾਂ। ਇਕ-ਇਕ ਗਿਆਰਾਂ ਹੁੰਦੇ ਹਨ।

ਪਾਲਮ ਦੇ ਜੈਨ ਪਰਿਵਾਰ ਦੇ ਕਿਰਾਏ 'ਤੇ ਸਾਡੇ ਨਾਲ 'ਮਰਦਾ ਕੀ ਨਾ ਕਰਦਾ' ਵਾਲੀ ਗੱਲ ਹੋਈ। ਮੀਟਰ ਦਾ ਪੁਰਾਣਾ ਬਿੱਲ ਸਾਨੂੰ ਤਾਰਨਾ ਪਿਆ। ਸਾਡੇ ਕਮਰੇ ਵਿਚ ਜਦੋਂ ਬਿਜਲੀ ਨਾ ਹੁੰਦੀ, ਮਾਲਕਾਂ ਦੇ ਤਾਂ ਵੀ ਹੁੰਦੀ। ਰੋਜ਼ਾਨਾ ਦੀ ਸਮੱਸਿਆ ਤੋਂ ਤੰਗ ਹੋ ਕੇ ਇਕ ਦਿਨ ਮੈਂ ਕਿਹਾ, "ਮੱਛਰ ਬਹੁਤ ਹੈ, ਤੁਹਾਡੇ ਪਲੰਗ ਵਿਚੋਂ ਤਾਰ ਲਾ ਕੇ ਪੱਖਾ ਚਲਾ ਲੈਂਦੇ ਹਾਂ, ਬੱਚੇ ਸੌਂ ਜਾਣਗੇ।"

"ਨਹੀਂ, ਹਮਾਰੇ ਲੋਡ ਕਮ ਹੋ ਜਾਏਗਾ।" ਮਾਈ ਦੀ ਨੂੰਹ ਨੇ ਮਨ੍ਹਾਂ ਕਰ ਦਿੱਤਾ ਜਦ ਕਿ ਉਨ੍ਹਾਂ ਨੇ ਖੰਭੇ ਤੋਂ ਤਾਰਾਂ ਖਿੱਚੀਆਂ ਹੋਈਆਂ ਸਨ।

ਪਾਣੀ ਦੀ ਉਡੀਕ ਵਿਚ ਮੈਂ ਕਦੇ ਅੱਧੀ ਰਾਤ ਨੂੰ, ਤੇ ਕਦੇ ਤੜਕੇ ਹੀ ਉਠਦਾ। ਪਾਣੀ ਦੇ ਘੱਟ ਦਬਾਅ ਕਾਰਨ ਮੇਰੇ ਦੋ-ਢਾਈ ਘੰਟੇ ਪਾਣੀ ਭਰਨ ਨੂੰ ਲਗਦੇ। ਨੀਂਦ ਪੂਰੀ ਨਾ ਹੁੰਦੀ। ਪੜ੍ਹਾਈ-ਲਿਖਾਈ ਦੀ ਸੱਧਰ ਬਰਕਰਾਰ ਰੱਖਣ ਦੀ ਕੋਸ਼ਿਸ਼ ਦਾ ਗਲਾ ਘੁਟਦਾ ਮਹਿਸੂਸ ਹੁੰਦਾ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਮਕਾਨ ਸਕੂਲ ਨੇੜੇ ਲੈਣ ਦਾ ਫੈਸਲਾ ਕੀਤਾ।

ਹੁਣ ਅਸੀਂ ਮਹਾਂਵੀਰ ਐਨਕਲੇਵ, ਪਾਲਮ ਪਿੰਡ ਦੇ ਵਿਸਤਾਰ ਦੀ ਇਕ ਕਾਲੋਨੀ ਵਿਚ ਬੀ.ਡੀ. ਸ਼ਰਮਾ ਦੇ ਘਰ ਮਕਾਨ ਲੈ ਲਿਆ। ਉਹ ਪੰਜਾਬ ਦੇ ਅਤਿਵਾਦ ਦੌਰਾਨ ਉਜੜ ਕੇ ਤੇ ਆਪਣਾ ਸਭ ਕੁਝ ਵੇਚ-ਵੱਟ ਕੇ ਇੱਥੇ ਆ ਟਿਕੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਬਹੁਤੇ ਵਪਾਰੀਆਂ ਦੇ ਇੱਥੇ ਕਾਰੋਬਾਰ ਹਨ। ਉਨ੍ਹਾਂ ਦੀਆਂ ਧੀਆਂ ਮੇਰੀ ਪਤਨੀ ਨੂੰ ਗੱਲੀਂ-ਬਾਤੀਂ ਜਾਤ ਪੁੱਛਦੀਆਂ। ਉਹ ਵੀ ਕਿਸੇ ਅਨੁਭਵੀ ਵਿਅਕਤੀ ਵਾਂਗ ਗੱਲ ਗੋਲ-ਮੋਲ ਕਰਦੀ ਤੇ ਕਹਿੰਦੀ, "ਲੋਕਾਂ ਨੂੰ ਖਬਰੇ ਰੋਟੀ ਨਹੀਂ ਪਚਦੀ ਜਿੰਨਾ ਚਿਰ ਜਾਤ ਦਾ ਪਤਾ ਨਹੀਂ ਲਾ ਲੈਂਦੇ।"

ਕਿਰਾਇਆਂ ਉਤੇ ਰਹਿਣ ਦੀਆਂ ਸਮੱਸਿਆਵਾਂ ਬਾਰੇ ਇਕ ਦਿਨ ਮੈਂ ਆਪਣੇ ਇਕ ਕੁਲੀਗ ਨਾਲ ਗੱਲ ਕੀਤੀ ਤੇ ਉਸ ਨੇ ਅੱਗਿਉਂ ਜੁਗਤ ਦੱਸੀ, "ਦੇਖ ਹੁਣ ਤੂੰ ਪੱਗ ਤਾਂ ਬੰਨ੍ਹਦਾ ਨਹੀਂ, ਕਮਰਾ ਸਸਤੇ ਕਿਰਾਏ 'ਤੇ ਲੈਣ ਲਈ ਨਾਟਕ ਕਰਨਾ ਪੈਂਦਾ। ਸੁਣ ਜ਼ਰਾ, ਇਕ ਦਿਨ ਮੈਂ ਜੈਨੀਆਂ ਦੇ ਮੁਹੱਲੇ ਛੱਤ ਉਤੇ ਟਹਿਲ ਰਿਹਾ ਸੀ ਕਿ ਇਕ ਆਦਮੀ ਨਾਲ ਦੀ ਛੱਤ ਉਤੇ ਘੁੰਮ ਰਿਹਾ ਸੀ। ਉਹਨੇ ਜਨੇਊ ਕੰਨ ਉਤੇ ਚੜ੍ਹਾਇਆ ਹੋਇਆ ਤਾਂ ਕਿ ਦੂਰੋਂ ਹੀ ਉਹਦੀ ਪਛਾਣ ਹੋ ਸਕੇ। ਮੈਂ ਉਹਨੂੰ ਦੇਖਿਆ ਤੇ ਪੁੱਛਿਆ, 'ਪ੍ਰਸ਼ੋਤਮ, ਯਾਰ ਤੂੰ? ਇੱਥੇ ਕਦੋਂ ਆਇਆਂ? ਨਾਲੇ ਕਦੋਂ ਦਾ ਬਾਹਮਣ ਬਣ ਗਿਆਂ। ਮੈਨੂੰ ਤਾਂ ਤੂੰ ਦੱਸਿਆ ਸੀ ਕੋਟੇ ਵਿਚ ਆਇਆਂ।' ਉਹ ਅੱਗਿਉਂ ਕਹਿੰਦਾ, 'ਹੌਲੀ ਬੋਲ, ਲੋਕ ਮਕਾਨ ਦੇਣ ਲਈ ਪਹਿਲਾਂ ਸੌ ਗੱਲਾਂ ਪੁੱਛਦੇ, ਨਖਰੇ ਕਰਦੇ ਸੀ। ਯਾਰਾਂ ਨੂੰ ਜੁਗਤ ਸੁੱਝੀ; ਚੁਆਨੀ ਦਾ ਧਾਗਾ ਲਿਆਂਦਾ ਤੇ ਜਨੇਊ ਬਣਾ ਕੇ ਪਾ ਲਿਆ। ਹੁਣ ਇਹ ਸਾਰੇ ਜਾਟ-ਜੈਨੀ ਪੰਡਤ ਜੀ, ਪੰਡਤ ਜੀ ਕਹਿੰਦੇ ਅੱਗੇ-ਪਿੱਛੇ ਫਿਰਦੇ ਆ'।"

"ਮੇਤੋ ਨਹੀਂ ਇੰਦਾਂ ਦੀ ਦੋਹਰੀ-ਤਿਹਰੀ ਜ਼ਿੰਦਗੀ ਬਤੀਤ ਹੋ ਸਕਦੀ। ਆਪਾਂ ਨੂੰ ਇਸ ਬਿਮਾਰੀ ਵਿਰੁਧ ਚੇਤਨਾ ਲਿਆਉਣੀ ਚਾਹੀਦੀ ਆ...।" ਮੈਂ ਸਹਿਜ ਹੀ ਆਖਿਆ, "ਬਹੁਤਾ ਕਿਰਾਇਆ ਦੇ ਕੇ ਸ਼ਾਨ ਨਾਲ ਰਹਿਣਾ ਮੇਰੇ ਬੱਸ ਦੀ ਗੱਲ ਨਹੀਂ।"

"ਖਾਹ ਫੇ' ਧੱਕੇ, ਸਾਨੂੰ ਕੀ!" ਉਸ ਮਲ੍ਹਕਚਾਰੇ ਕਿਹਾ।

ਬੀ.ਡੀ. ਸ਼ਰਮਾ ਨੇ ਅਚਾਨਕ ਅਗਲੇ ਮਹੀਨੇ ਤੋਂ ਕਮਰੇ ਦਾ ਕਿਰਾਇਆ ਤਿੰਨ ਸੌ ਰੁਪਏ ਵਧਾ ਦਿੱਤਾ। ਦੂਜੀ ਸ਼ਰਤ ਇਹ ਰੱਖੀ ਕਿ ਜੇ ਕਿਰਾਇਆ ਨਹੀਂ ਵਧਾਉਣਾ, ਤਾਂ ਆਪਣੇ ਤਿੰਨੇ ਬੱਚੇ ਸਾਡੇ ਸਕੂਲ ਪੜ੍ਹਨ ਪਾਓ।...ਤੇ ਦੋ ਹਫਤੇ ਮਕਾਨ ਭਾਲਦਿਆਂ ਲੰਘ ਗਏ। ਇਕ ਬਿਹਾਰੀ ਔਰਤ ਨੇ ਕਿਹਾ, "ਆਪ ਕਾ ਪਰਿਵਾਰ ਬਹੁਤ ਬੜਾ ਹੈ।" ਇਕ ਹਿਮਾਚਲੀ ਨੇ ਮੇਰੇ ਤੇ ਮੇਰੀ ਨੌਕਰੀ ਬਾਰੇ ਜਾਣਨ ਤੋਂ ਬਾਅਦ ਆਖਿਆ, "ਇੰਨੇ ਸਾਲ ਹੋ ਗਏ ਦਿੱਲੀ ਰਹਿੰਦਿਆਂ, ਅਜੇ ਐਦਾਂ ਈ ਤੁਰੇ ਫਿਰਦੇ ਹੋ? ਸ਼ਰਾਬੀ-ਕਬਾਬੀ ਜਾਂ ਐਬੀ ਤਾਂ ਨਹੀਂ ਹੋ...!"

ਕਈ ਮਕਾਨ-ਮਾਲਕ ਸਾਰੀ ਪੁੱਛ-ਪ੍ਰਤੀਤ ਤੋਂ ਬਾਅਦ ਕਿਰਾਇਆ ਇੰਨਾ ਵਧਾ ਕੇ ਦੱਸ ਦਿੰਦੇ ਕਿ ਅਸੀਂ ਉਹ ਲੈਣ ਦੀ ਹਾਲਤ ਵਿਚ ਨਾ ਹੁੰਦੇ। ਪਤਨੀ ਦੀ ਪਹਿਲੀ ਤੋਂ ਲੈ ਕੇ ਬੀ.ਏ. ਤਕ ਦੀ ਸਹੇਲੀ ਕਈ ਵਾਰ ਸਾਨੂੰ ਖਾਲੀ ਹੋਏ ਮਕਾਨਾਂ ਦੀ ਦੱਸ ਪਾਉਂਦੀ। ਉਹੀ ਸਾਨੂੰ ਆਪਣੀ ਇਸ ਕਾਲੋਨੀ ਵਿਚ ਲੈ ਕੇ ਆਈ ਸੀ। ਉਹਦੇ ਯਤਨਾਂ ਨਾਲ ਉਹਦੇ ਘਰ ਪਿਛਲੀ ਗਲੀ ਵਿਚ ਸਾਨੂੰ ਹੇਠਲਾ ਨ੍ਹੇਰੇ ਨਾਲ ਭਰਿਆ ਮਕਾਨ ਮਿਲ ਗਿਆ।

ਦੋ-ਚਾਰ ਦਿਨਾਂ ਮਗਰੋਂ ਹਰਿਆਣਵੀ ਮਾਲਕਣ ਨੇ ਮੇਰੀ ਪਤਨੀ ਨੂੰ ਪੁੱਛਿਆ, "ਤੁਮ ਭੀ ਬਲਜੀਤ (ਪਤਨੀ ਦੀ ਸਹੇਲੀ) ਕੀ ਜਾਤ ਕੇ ਜਾਟ ਭਾਈ ਹੋ? ਉਨ ਕੀ ਤੋ ਬਹੁਤ ਜਮੀਨ ਹੈ!"

ਇੰਨੇ ਨੂੰ ਦਰਵਾਜ਼ੇ ਦੀ ਘੰਟੀ ਵੱਜੀ। ਬਲਜੀਤ ਦੇ ਨਿਆਣੇ 'ਮਾਸੀ ਜੀ-ਮਾਸੀ ਜੀ' ਕਰਦੇ ਆ ਗਏ ਤੇ ਮਾਲਕਣ ਚੁੱਪ ਕਰ ਕੇ ਆਪਣੇ ਕਮਰੇ ਅੰਦਰ ਚਲੇ ਗਈ। ਉਂਜ, ਜਾਤੀ ਦੀ ਘੋਖ ਦਾ ਕੰਮ ਸ਼ਾਇਦ ਅਜੇ ਮੁੱਕਿਆ ਨਹੀਂ ਸੀ।

"ਬਲਬੀਰ ਜੀ ਆ ਜਾਓ! ਏਕ-ਏਕ ਰੰਮ ਕਾ ਪੈਗ ਲੇਂਗੇ।" ਮਕਾਨ ਮਾਲਕ ਸਾਬਕਾ ਫੌਜੀ ਨੇ ਆਖਿਆ ਤੇ ਮੈਨੂੰ ਸੋਫ਼ੇ ਉਤੇ ਬਹਿੰਦੇ ਨੂੰ ਪੁੱਛਿਆ, "ਅੱਛਾ ਤੋ ਆਪ ਕਾ ਘਰ ਗਾਂਵ ਮੇਂ ਹੈ! ਗਾਂਵ ਕੇ ਅੰਦਰ ਹੈ ਕਿ ਬਾਹਰ!"

"ਗਾਂਵ ਮੇਂ ਹੈ ...।" ਇਸ ਨਵੀਂ ਪੜਤਾਲੀਆ ਜੁਗਤ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ। 'ਮੈਂ ਪੀਂਦਾ ਨਹੀਂ' ਕਹਿ ਕੇ ਉਠ ਪਿਆ, ਨਹੀਂ ਤਾਂ ਖਬਰੇ ਹੋਰ ਕੀ-ਕੀ ਜਵਾਬ ਦੇਣੇ ਪੈਂਦੇ।

ਇਸ ਮਕਾਨ ਵਿਚ ਅਸੀਂ ਦਸ ਕੁ ਮਹੀਨੇ ਰਹਿ ਕੇ ਉਨ੍ਹਾਂ ਨੂੰ ਦੱਸਿਆ, "ਬੱਚਿਆਂ ਨੂੰ ਸੜਕ ਪਾਰ ਕਰਦਿਆਂ ਦੇਖ ਕੇ ਡਰ ਲਗਦਾ ਰਹਿੰਦਾ, ਅਸੀਂ ਉਧਰਲੇ ਪਾਸੇ ਪਲਾਟ ਲੈ ਲਿਆ। ਬਸ ਹੁਣ ਮਕਾਨ ਬਣਾਉਣਾ ਸ਼ੁਰੂ ਕਰਨਾ।"

ਮੈਂ ਪਤਨੀ ਨੂੰ ਮੁਸਕਰਾਉਂਦਿਆਂ ਦੇਖਿਆ, ਸ਼ਾਇਦ ਉਹਨੂੰ ਮੇਰੇ ਬੋਲ ਸੁਣ ਪਏ ਸਨ। ਅਗਲੇ ਦਿਨ ਅਸੀਂ 'ਆਪਣੇ' ਨਵੇਂ ਮਕਾਨ ਦੀ ਤੀਜੀ ਮੰਜ਼ਿਲ ਉਤੇ ਸਾਮਾਨ ਟਿਕਾ ਲਿਆ।

ਸਾਢੇ ਚਾਰ ਸਾਲਾਂ 'ਚ ਕਿਰਾਏ ਦਾ ਛੇਵਾਂ ਮਕਾਨ ਤੇ ਵੱਡੀ ਧੀ ਦਾ ਛੇਵਾਂ ਸਕੂਲ ਹੋ ਗਿਆ। ਹਰ ਨਵੇਂ ਸਕੂਲ ਵਿਚ ਪੈਸੇ ਦੀ ਲੁੱਟ। ਘਰਦੇ ਸੁਨੇਹੇ ਘੱਲਦੇ, 'ਨਿਆਣੇ ਲੈ ਕੇ ਲਾਂਭੇ ਹੋਇਆ। ਚਿੱਤ 'ਚ ਆਵੇ ਤਾਂ ਦੋ-ਚਹੁੰ ਮਹੀਨੀਂ 5-7 ਸੌ ਭੇਜ ਦਿੰਦਾ। ਨਹੀਂ ਤਾਂ ਅੱਲਾ-ਅੱਲਾ, ਖੈਰ-ਸੱਲਾ।'

ਮਨ ਵਿਚ ਉਬਾਲ ਜਿਹਾ ਚੜ੍ਹਦਾ ਕਿ ਆਪਣੇ ਇਨ੍ਹਾਂ ਹਾਲਾਤ ਦਾ ਦੋਸ਼ ਕਿਸ ਸਿਰ ਧਰਾਂ। ਇਹਦੇ ਲਈ ਕਿਹੜੀਆਂ-ਕਿਹੜੀਆਂ ਧਿਰਾਂ ਜ਼ਿੰਮੇਵਾਰ ਹਨ! ਸੋਚਦਾ, ਇਹ ਸੋਚਾਂ ਮੈਨੂੰ ਕਿਤੇ ਪੜ੍ਹਾਈ-ਲਿਖਾਈ ਤੋਂ ਦੂਰ ਨਾ ਕਰ ਦੇਣ। ਮੇਰੀ ਕਵਿਤਾ ਨੂੰ ਮਾਨਤਾ ਮਿਲ ਰਹੀ ਹੈ, ਕੁਝ ਪੁਰਸਕਾਰ ਤੇ ਸਨਮਾਨ ਹਾਸਿਲ ਹੋਏ ਹਨ, ਇਸ ਤੋਂ ਮੋਹ-ਭੰਗ ਨਹੀਂ ਹੋਣਾ ਚਾਹੀਦਾ। ਇਨ੍ਹਾਂ ਵਿਚਾਰਾਂ ਤੇ ਹੋਰ ਘਰੇਲੂ ਹਾਲਾਤ ਦੀ ਪੜਤਾਲ ਕਰਦਿਆਂ ਮੈਂ ਹਿੰਦੀ-ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਨੂੰ ਵਧੇਰੇ ਸ਼ਿੱਦਤ ਨਾਲ ਕਰਨ ਲੱਗਾ। ਮੈਂ ਮੇਜ਼-ਕੁਰਸੀ ਉਤੇ ਪਹਿਲੀ ਵਾਰ ਪੜ੍ਹਨ-ਲਿਖਣ ਲੱਗਾ; ਨਹੀਂ ਤਾਂ ਹੁਣ ਤਕ ਬੈਡ 'ਤੇ ਚੌਕੜੀ ਮਾਰ ਕੇ ਕੰਮ ਕਰਦਾ ਰਿਹਾ ਸੀ, ਤੇ ਲੱਕ-ਲੱਤਾਂ ਦੁਖਣ ਲੱਗ ਪੈਂਦੇ ਸਨ।

'ਲੱਜਾ' ਦਾ ਆਰਸੀ ਪਬਲਿਸ਼ਰਜ਼ ਤੇ 'ਐਡਵਿਨਾ ਤੇ ਨਹਿਰੂ' ਦਾ ਅਨੁਵਾਦ ਨਵਯੁਗ ਪਬਲਿਸ਼ਰਜ਼ ਵਾਸਤੇ ਕੀਤਾ। ਮੈਨੂੰ ਭਾਪਾ ਪ੍ਰੀਤਮ ਸਿੰਘ ਦੇ ਚਾਂਦਨੀ ਚੌਕ ਵਾਲੇ ਦਫ਼ਤਰ ਦਾ ਚੇਤੇ ਆਇਆ, ਜਦੋਂ ਲਾਲ ਕਿਲ੍ਹੇ ਦੇ ਸਾਹਮਣੇ ਉਨ੍ਹਾਂ ਕੋਲ ਜਾਂਦਿਆਂ ਭੁੱਖਮਰੀ ਦੇ ਸ਼ਿਕਾਰ ਬੱਚਿਆਂ ਤੇ ਵੱਡਿਆਂ ਨੂੰ ਲੋਕਾਂ ਦੀਆਂ ਜੂਠੀਆਂ ਕੁੱਤੇ ਵਜੋਂ ਸੁੱਟੀਆਂ ਪੱਤਲਾਂ ਚੱਟਦਿਆਂ ਕਈ ਵਾਰ ਦੇਖਿਆ ਸੀ। ਫੁੱਟਪਾਥ ਉਤੇ ਉਨ੍ਹਾਂ ਦੇ ਬਿਨਾਂ ਛੱਤ ਦੇ 'ਘਰ' ਅਤੇ ਉਨ੍ਹਾਂ ਦੇ ਨੰਗੇ ਪੈਰ ਤੇ ਗੰਦੇ ਲੀੜਿਆਂ ਤੇ ਕੇਲਿਆਂ-ਸੇਬਾਂ ਦੀਆਂ ਰੇਹੜੀਆਂ ਥੱਲੇ ਬੰਨ੍ਹੀਆਂ ਪੱਲੀਆਂ ਵਿਚ ਸੁੱਤੇ ਬੰਦਿਆਂ ਨੂੰ ਦੇਖ ਕੇ ਮੈਂ ਕੰਬ ਜਿਹਾ ਗਿਆ ਸੀ।

ਮੈਨੂੰ ਇਨ੍ਹਾਂ ਖ਼ਿਆਲਾਂ ਨੇ ਕਾਫ਼ੀ ਊਰਜਾ ਦਿੱਤੀ ਕਿ ਜ਼ਿੰਦਗੀ ਦਾ ਸੰਘਰਸ਼ ਹਰ ਥਾਂ ਹੈ। ਲੱਤਾਂ ਪਸਾਰਨ ਲਈ ਮੈਨੂੰ ਆਪਣੀ ਚਾਦਰ ਵੱਡੀ ਕਰਨ ਲਈ ਸਿਰਤੋੜ ਯਤਨ ਕਰਨੇ ਚਾਹੀਦੇ ਹਨ। ਖ਼ਿਆਲ ਆਉਂਦਾ, ਬੇਗਾਨੇ ਘਰ ਵਿਚ ਕਿਰਾਏਦਾਰੀ ਲਾਹਣਤ ਹੈ, ਅਪਮਾਨ ਤੇ ਹੇਠੀ ਕਰਾਉਣ ਤੁੱਲ ਹੈ ਤੇ ਇਸ ਤੋਂ ਛੁਟਕਾਰਾ ਪਾਉਣ ਲਈ ਮੈਂ ਉੱਚੇ ਕਿੰਗਰਿਆਂ ਵਾਲੇ ਚੁਬਾਰਿਆਂ ਦੇ ਹਾਣ ਦਾ ਹੋਣ ਲਈ ਉਪਰਾਲੇ ਕਰਨ ਲੱਗਾ।

ਕਹਾਣੀ

# ਖੁਸ਼ਬੂ

***ਕਹਾਣੀਕਾਰ ਤਲਵਿੰਦਰ ਸਿੰਘ ਦੀ ਕਹਾਣੀ 'ਖੁਸ਼ਬੂ' ਸੱਚਮੁੱਚ ਚਾਰ-ਚੁਫੇਰੇ ਖੁਸ਼ਬੂ ਬਖੇਰਦੀ ਹੈ। 1947 ਦੇ ਕਹਿਰਾਂ ਭਰੇ ਦਰਦ ਨੂੰ ਕੋਈ ਇੰਨੇ ਸਹਿਜ ਨਾਲ ਵੀ ਬਿਆਨ ਕਰ ਸਕਦਾ ਹੈ, ਪੜ੍ਹ ਕੇ ਹੈਰਾਨੀ ਹੁੰਦੀ ਹੈ। ਕਹਾਣੀ ਦਾ ਮਾਨਵੀ ਪੱਖ ਇੰਨਾ ਜ਼ੋਰਦਾਰ ਅਤੇ ਰਵਾਨੀ ਵਾਲਾ ਹੈ ਕਿ ਦਿਲ ਦੀ ਫਟੜੀ ਉਤੇ ਦਰਦ ਦੀਆਂ ਲਕੀਰਾਂ ਭਾਵੇਂ ਵਾਰ-ਵਾਰ ਲਾਸਾਂ ਬਣ ਕੇ ਉਭਰਦੀਆਂ ਹਨ, ਪਰ ਕਹਾਣੀ ਦਾ ਬਿਰਤਾਂਤ ਇਨ੍ਹਾਂ ਲਾਸਾਂ ਉਤੇ ਲਗਾਤਾਰ ਮੱਲ੍ਹਮ ਲਾਈ ਜਾਂਦਾ ਹੈ। ਆਪਣੀਆਂ ਜੂਹਾਂ ਵਿਚ ਜਦ ਕੋਈ ਬੇਗਾਨਾ ਬਣ ਕੇ ਲੰਘਦਾ ਹੈ ਤਾਂ ਉਸ ਪੀੜ ਨੂੰ ਡੀਕ ਸਕਣਾ ਹਰ ਹਾਰੀ-ਸਾਰੀ ਦਾ ਦਿਲ-ਗੁਰਦਾ ਨਹੀਂ ਹੁੰਦਾ। -ਸੰਪਾਦਕ***

ਕਾਨਫਰੰਸ ਦੌਰਾਨ ਮੈਨੂੰ ਕਿਸੇ ਨੇ ਦੱਸਿਆ ਕਿ ਹਨੀਫ਼ਾਂ ਬੀਬੀ ਮੈਨੂੰ ਲੱਭਦੀ ਪਈ ਹੈ। ਮੈਨੂੰ ਪਤਾ ਸੀ ਉਹ ਇਥੇ ਹੀ ਕਿਧਰੇ ਹੈ ਤੇ ਮੈਂ ਵੀ ਉਸੇ ਦੀ ਭਾਲ ਵਿਚ ਸਾਂ। ਸੋਚ ਰਿਹਾ ਸਾਂ ਕਿ ਹੁਣ ਦੁਪਹਿਰ ਦੇ ਖਾਣੇ ਵੇਲੇ ਹੀ ਮੁਲਾਕਾਤ ਹੋਵੇਗੀ ਪਰ ਅਚਾਨਕ ਕਿਸੇ ਨੇ ਪਿੱਛੋਂ ਆ ਕੇ ਮੇਰੇ ਮੋਢੇ 'ਤੇ ਪੋਲਾ ਜਿਹਾ ਧੱਫਾ ਮਾਰਿਆ। ਮੈਂ ਪਲਟ ਕੇ ਵੇਖਿਆ ਤਾਂ ਪਝੱਤਰ-ਛਿਹੱਤਰ ਵਰ੍ਹਿਆਂ ਦੀ ਭਰਵੇਂ ਜੁੱਸੇ ਵਾਲੀ ਔਰਤ ਮੁਸਕਰਾ ਰਹੀ ਸੀ। ਉਸ ਦੇ ਗੋਰੇ ਨਿਛੋਹ ਰੰਗ 'ਤੇ ਸੁਨਹਿਰੀ ਫਰੇਮ ਵਾਲੀ ਐਨਕ ਕਮਾਲ ਦੀ ਹੱਦ ਤੱਕ ਜਚ ਰਹੀ ਸੀ। ਬੋਲੀ, 'ਤੂੰ ਸੁਰਿੰਦਰ ਏਂ ਐਂ ਨਾ?'

'ਜੀ, ਮੈਂ ਈ ਆਂ। ਤੁਸੀਂ ਪਾਕਿਸਤਾਨ ਤੋਂ?'

ਤਲਵਿੰਦਰ ਸਿੰਘ

ਮੈਂ ਅਦਬ ਵਜੋਂ ਕੁਰਸੀ ਤੋਂ ਉਠਣ ਲਈ ਅਹੁਲਿਆ।

'ਹਾਂ ਉਹੀ।' ਉਸ ਨੇ ਜੁਆਬ ਦਿੱਤਾ, 'ਆ ਜਾ, ਜ਼ਰਾ ਬਾਹਰ ਚਲਦੇ ਆਂ।'

ਮੈਂ ਉਠ ਕੇ ਉਹਦੇ ਮਗਰ-ਮਗਰ ਬਾਹਰ ਆ ਗਿਆ। ਆਡੀਟੋਰੀਅਮ ਦੀਆਂ ਪੌੜੀਆਂ ਲਾਗੇ ਖਲੋ ਕੇ ਉਹ ਬੇਤਕੱਲਫ਼ੀ ਵਿਚ ਬੋਲੀ, 'ਆ ਗਲੇ ਮਿਲ।' ਤੇ ਉਹਨੇ ਆਪਣੀਆਂ ਬਾਹਾਂ ਵਿਚ ਘੁੱਟ ਕੇ ਮੈਨੂੰ ਪਿਆਰ ਦਿੱਤਾ। ਬੋਲੀ, 'ਲਹੌਰੋਂ ਤੁਰਨ ਵੇਲੇ ਤੋਂ ਖ਼ਾਹਸ਼ ਸੀ ਤੈਨੂੰ ਮਿਲਣ ਦੀ। ਤਾਂ ਹੀ ਤੈਨੂੰ ਖ਼ਬਰ ਕੀਤੀ ਸੀ ਈ-ਮੇਲ ਕਰ ਕੇ ਆਪਣੇ ਆਉਣ ਬਾਰੇ। 'ਪੰਚਮ' ਵਿਚ ਤੇਰਾ ਲੇਖ ਪੜ੍ਹਿਆ, ਬਹੁਤ ਹੀ ਪਸੰਦ ਆਇਆ। ਤੇਰੀਆਂ ਕਹਾਣੀਆਂ ਦੀ ਕਿਤਾਬ ਵੀ ਪੜ੍ਹੀ ਐ। ਤੂੰ ਬਹੁਤ ਵਧੀਆ ਲਿਖਦੈਂ।'

'ਮੈਂ ਵੀ ਤੁਹਾਡਾ ਨਾਵਲ ਪੜ੍ਹਿਆ। ਸ਼ਾਹਮੁਖੀ ਅੱਖਰ ਥੋੜ੍ਹੀ ਦਿੱਕਤ ਪੈਦਾ ਕਰਦੇ ਨੇ ਪਰ ਮੈਂ ਹਫ਼ਤਾ ਲਾ ਕੇ ਪੜ੍ਹ ਹੀ ਲਿਆ।'

'ਚੰਗਾ ਲੱਗਾ?' ਉਹਨੇ ਪੁੱਛਿਆ।

'ਇਕ ਵਾਰ ਤਾਂ ਹਿੱਲ ਹੀ ਗਿਆ ਮੈਂ। ਗਜ਼ਬ ਦਾ ਘਟਨਾਕ੍ਰਮ ਹੈ। ਜਿਵੇਂ ਹੱਡੀਂ ਹੰਢਾਇਆ ਸੱਚ ਹੋਵੇ। ਮੈਨੂੰ ਤਾਂ ਲੱਗਾ ਜਿਸ ਸ਼ਿੱਦਤ ਨਾਲ ਤੁਸਾਂ ਇਸ ਨੂੰ ਲਿਖਿਆ, ਤੁਹਾਡੇ ਆਪਣੇ ਆਪ ਨਾਲ ਜਾਂ ਬਹੁਤ ਨੇੜੇ ਤੇੜੇ ਇਹ ਸਭ ਵਾਪਰਿਆ, ਨਹੀਂ?'

'ਹਾਂ, ਤੂੰ ਦੱਸ ਆਪਣੇ ਅਸਲੇ ਨਾਲੋਂ ਕਿਵੇਂ ਟੁੱਟੇਗਾ ਬੰਦਾ? ਜਿਸ ਤਰ੍ਹਾਂ ਦੇ ਜੀਵਨ ਨੂੰ ਭੋਗਿਆ, ਵੇਖਿਆ, ਹੰਢਾਇਆ; ਉਹ ਸਾਡੀ ਲਿਖਤ ਵਿਚ ਆਏਗਾ ਹੀ। ਅਸੀਂ ਕਿੰਨੇ ਵੀ ਵਲੇਵੇਂ ਪਾ ਕੇ ਲਿਖੀਏ...ਕਿ ਨਹੀਂ?' ਉਹ ਕਹਿ ਰਹੀ ਸੀ ਤੇ ਮੈਂ ਸਹਿਮਤੀ ਵਿਚ ਸਿਰ ਹਿਲਾ ਰਿਹਾ ਸਾਂ। ਉਹ ਕਹਿਣ ਲੱਗੀ, 'ਚੱਲ ਜ਼ਰਾ ਭੀੜ ਤੋਂ ਪਰ੍ਹੇ ਹੋਈਏ। ਕਿਤੋਂ ਚਾਹ ਜਾਂ ਕੌਫ਼ੀ ਨਹੀਂ ਮਿਲ ਸਕਦੀ ਚੰਗੀ ਜਿਹੀ?'

'ਮੈਨੂੰ ਚੰਡੀਗੜ੍ਹ ਦੀ ਬਹੁਤੀ ਵਾਕਫ਼ੀਅਤ ਨਹੀਂ, ਪਰ ਆਓ ਥੱਲੇ ਚੱਲਦੇ ਆਂ। ਕੋਈ ਰਾਹ ਲੱਭਦੇ ਆਂ।' ਅਸੀਂ ਪੌੜੀਆਂ ਉਤਰ ਥੱਲੇ ਆਏ। ਉਹ ਮੇਰੇ ਨਾਲ ਇੰਜ ਤੁਰਨ ਲੱਗੀ ਜਿਵੇਂ ਵਰ੍ਹਿਆਂ ਤੋਂ ਜਾਣੂੰ ਹੋਵੇ। ਜਿਵੇਂ ਅਨੇਕਾਂ ਵਾਰ ਪਹਿਲਾਂ ਮਿਲ ਚੁੱਕੇ ਹੋਈਏ। ਕਲਾ ਭਵਨ ਦੀਆਂ ਕਿਆਰੀਆਂ ਵਿਚ ਖਿੜੇ ਫੁੱਲ ਤੱਕਦੀ ਉਹ ਮੰਦ-ਮੰਦ ਮੁਸਕਰਾ ਰਹੀ ਸੀ। ਮੈਂ ਇਧਰ-ਉਧਰ ਵੇਖਿਆ ਪਰ ਕੋਈ ਢੁਕਵੀਂ ਥਾਂ ਨਜ਼ਰ ਨਾ ਪਈ। ਮੇਰੀ ਉਲਝਣ ਨੂੰ ਸਮਝ ਕੇ ਉਹ ਬੋਲੀ, 'ਚੱਲ ਏਥੋਂ ਵੀ ਨਿਕਲ, ਕਿਤੇ ਬਾਹਰ ਚੱਲੀਏ।'

ਦੋ ਕੱਪ ਚਾਹ ਪੀਣ ਲਈ ਮੈਂ ਕਈ ਕਿਲੋਮੀਟਰ ਕਾਰ ਚਲਾਈ। ਕਿੰਨੇ ਹੀ ਮੋੜਾਂ 'ਤੇ ਰੁਕ ਕੇ ਪੁੱਛ-ਗਿੱਛ ਕੀਤੀ। ਉਹ ਸਹਿਜ ਗੱਲਾਂ ਕਰੀ ਜਾ ਰਹੀ ਸੀ। ਆਸੇ-ਪਾਸੇ ਇਮਾਰਤਾਂ ਨੂੰ ਵੇਖਦੀ ਨਿੱਕੇ-ਨਿੱਕੇ ਸੁਆਲ ਪੁੱਛ ਰਹੀ ਸੀ ਜਿਨ੍ਹਾਂ ਦਾ ਉਤਰ ਮੈਂ ਆਪਣੀ ਜਾਣਕਾਰੀ ਮੁਤਾਬਿਕ ਦਿੰਦਾ ਜਾ ਰਿਹਾ ਸਾਂ।

'ਮੈਂ ਤੁਹਾਨੂੰ ਦੀਦੀ ਆਖ ਕੇ ਬੁਲਾਵਾਂ?' ਉਹਦੀ ਅਪਣੱਤ ਵਿਚ ਭਿੱਜਦਿਆਂ ਮੈਂ ਪੁੱਛਿਆ।

'ਜੇ ਭੈਣ ਜਾਂ ਆਪਾ-ਜੀ ਕਹਿਣ ਲੱਗਿਆਂ ਜ਼ੋਰ ਲੱਗਦੈ ਤਾਂ ਮਾਸੀ ਭੂਆ ਕੁਝ ਵੀ ਕਹਿ ਲੈ ਪਰ ਦੀਦੀ-ਸ਼ੀਦੀ ਬਿਲਕੁਲ ਨਹੀਂ।' ਉਹਨੇ ਹੱਸ ਕੇ ਉਤਰ ਮੋੜਿਆ। ਇਕ ਕੌਫ਼ੀ ਹਾਊਸ ਤੋਂ ਹੋ ਕੇ ਅਸੀਂ ਮੁੜ ਕਾਨਫਰੰਸ ਵਿਚ ਕੋਲ ਕੋਲ ਆ ਬੈਠੇ। ਦੁਪਹਿਰ ਦੇ ਖਾਣੇ ਵੇਲੇ ਵੀ ਉਹ ਮੇਰੇ ਕਰੀਬ-ਕਰੀਬ ਰਹੀ। ਰਾਤੀਂ ਉਸ ਨੇ ਸਟੇਜ ਤੋਂ ਡਾਢੀ ਸੋਜ਼ ਭਰੀ ਆਵਾਜ਼ ਵਿਚ ਗ਼ਜ਼ਲ ਦੇ ਬੋਲ ਚੁੱਕੇ,

ਤੇਰਾ ਨਾਂ ਨਸੀਬਾਂ ਵਿਚ ਲਿਖਿਆ ਏ,
ਮੇਰੇ ਮੱਥੇ ਨਾ ਲੱਗ ਇਲਜ਼ਾਮ ਵਾਂਗੂੰ।
ਮੇਰੇ ਸਿਦਕ 'ਤੇ ਬਿਠਾ ਪਹਿਰਾ,
ਮੇਰੇ ਨਾਲ ਨਾ ਚੱਲ ਅਹਿਸਾਨ ਵਾਂਗੂੰ।

ਸੁਣ ਕੇ ਮੈਂ ਦੰਗ ਰਹਿ ਗਿਆ। ਸਰੋਤਿਆਂ ਨੇ ਭਰਪੂਰ ਤਾੜੀਆਂ ਵਜਾਈਆਂ। ਵਾਪਸ ਆਈ ਤਾਂ ਮੈਂ ਮੁਬਾਰਕਬਾਦ ਦਿੱਤੀ। 'ਤੁਹਾਡੀ ਆਵਾਜ਼ ਵਿਚ ਤਾਂ ਜਾਦੂ ਆ।' ਜੁਆਬ ਵਿਚ ਉਹ ਸਿਰਫ਼ ਮੁਸਕਰਾਈ।

ਰਾਤੀਂ ਉਹਦੇ ਰਹਿਣ ਦਾ ਇੰਤਜ਼ਾਮ ਹੋਟਲ ਵਿਚ ਸੀ। ਮੈਂ ਆਪਣੇ ਦੋਸਤ ਨਾਲ ਜਾਣਾ ਸੀ। ਵਿਛੜਨ ਵੇਲੇ ਮੇਰੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਸ ਨੇ ਕਿਹਾ, 'ਇਕ ਦਿਨ ਲਈ ਮੇਰੇ ਲਈ ਥੋੜ੍ਹਾ ਕਸ਼ਟ ਝੱਲ। ਮੈਨੂੰ ਅੰਬਰਸਰ ਦਰਬਾਰ ਸਾਹਿਬ ਤੇ ਮੇਰਾ ਪਿੰਡ ਅਟਾਰੀ ਵਿਖਾ ਦੇ। ਤੇਰਾ ਅਹਿਸਾਨ...।'

'ਨਾ ਨਾ, ਇੰਜ ਨਾ ਕਹੋ। ਇਹ ਮੇਰੇ ਲਈ ਮਾਣ ਵਾਲੀ ਗੱਲ ਆ।' ਮੈਂ ਕਿਹਾ।

ਅਗਲੇ ਦਿਨ ਅਸੀਂ ਅੰਮ੍ਰਿਤਸਰ ਦੇ ਰਾਹ 'ਤੇ ਸਾਂ। ਉਹ ਮੇਰੇ ਨਾਲ ਇੰਜ ਰਚੀ ਮਿਚੀ ਸੀ ਜਿਵੇਂ ਬਹੁਤ ਸਮੇਂ ਤੋਂ ਇਕੱਠੇ ਰਹਿੰਦੇ ਆ ਰਹੇ ਹੋਈਏ। ਦੂਰ ਤੱਕ ਪਸਰੇ ਕਣਕ ਦੇ ਨਿੱਸਰਦੇ ਖੇਤਾਂ 'ਤੇ ਨਜ਼ਰ ਦੌੜਾਉਂਦੀ ਉਹ ਕਿਧਰੇ ਗੁਆਚੀ ਹੋਈ ਸੀ। ਕੁਝ ਛਿਣਾਂ ਦੀ ਚੁੱਪ ਤੋੜਦਿਆਂ ਮੈਂ ਕਿਹਾ, 'ਬਾ-ਜੀ, ਮੈਨੂੰ ਲੱਗਦੈ ਆਪਣੇ ਨਾਵਲ 'ਇੰਤਹਾ' ਦੀ ਨਾਇਕਾ ਸਰਗਮ ਤੁਸੀਂ ਖੁਦ ਹੀ ਹੋ।' ਉਹਨੇ ਹਲਕਾ ਜਿਹਾ ਸਿਰ ਹਿਲਾਇਆ। ਚਿਹਰਾ ਹੋਰ ਸੰਜੀਦਾ ਹੋ ਗਿਆ। ਬੋਲੀ, 'ਤੈਨੂੰ ਕੱਲ੍ਹ ਵੀ ਦੱਸਿਆ ਸੀ, ਬੰਦਾ ਆਪਣੇ ਅਤੀਤ ਨਾਲੋਂ ਟੁੱਟ ਨਹੀਂ ਸਕਦਾ। ਬਹੁਤ ਕੁਝ ਐਸਾ ਹੁੰਦਾ ਜੋ ਉਹਦੇ ਨਾਲ-ਨਾਲ ਤੁਰਦਾ।'

'ਕਿੰਜ ਹੋਇਆ?' ਮੈਂ ਕੁਰੇਦਣ ਦੇ ਇਰਾਦੇ ਨਾਲ ਗੱਲ ਤੋਰੀ।

'ਮੇਰੇ ਵਾਲਿਦ ਲਾਇਲਪੁਰ ਪੋਸਟਡ ਸਨ। ਉਹ ਕਹਿਰ ਮੈਨੂੰ ਅੱਜ ਵੀ ਚੇਤੇ ਐ। ਅੱਗਾਂ, ਖ਼ੂਨ, ਲੋਥਾਂ, ਚੀਕਾਂ, ਕੁਰਲਾਹਟਾਂ, ਕਾਫ਼ਲੇ, ਤਬਾਹੀਆਂ ਤੇ ਉਜਾੜੇ...।' ਉਹਨੇ ਦੋਹਾਂ ਹੱਥਾਂ ਨਾਲ ਕੰਨਾਂ ਨੂੰ ਛੂਹਿਆ। ਮੇਰਾ ਧਿਆਨ ਉਚਾਟ ਹੋਇਆ ਤਾਂ ਅਚਾਨਕ ਪੈਰ ਰੇਸ ਤੋਂ ਉਠ ਬਰੇਕ 'ਤੇ ਆ ਟਿਕਿਆ। ਸਾਹਮਣਿਓਂ ਆਉਂਦੀ ਗੱਡੀ ਵਾਲੇ ਨੇ ਔਖੀ ਜਿਹੀ ਨਜ਼ਰੇ ਮੇਰੇ ਵੱਲ ਵੇਖਿਆ। ਮੈਂ ਰਫ਼ਤਾਰ ਪਹਿਲਾਂ ਨਾਲੋਂ ਧੀਮੀ ਕਰ ਲਈ। ਉਹ ਕਹਿਣ ਲੱਗੀ, 'ਸਰਗਮ ਨਹੀਂ, ਅਸਲ ਵਿਚ ਮੈਂ ਸੁਰਜੀਤ ਆਂ। ਚੰਗਾ ਬੰਦਾ ਸੀ ਉਹ ਜਿਸ ਮੈਨੂੰ ਸੁਰਜੀਤ ਤੋਂ ਹਨੀਫ਼ਾਂ ਬਣਾਉਣ ਵਿਚ ਕੋਈ ਕਾਹਲ ਨਹੀਂ ਸੀ ਕੀਤੀ। ਮੈਨੂੰ ਕਈ ਦਿਨ ਘਰ ਰੱਖਿਆ। ਮੈਂ ਮੂੰਹੋਂ ਰਜ਼ਾਮੰਦੀ ਜ਼ਾਹਰ ਕੀਤੀ ਤਾਂ ਹੀ ਉਸ ਨੇ ਮੈਨੂੰ ਆਪਣੀ ਬੇਗ਼ਮ ਬਣਾਇਆ।'

ਕੁਝ ਸਮਾਂ ਫਿਰ ਚੁੱਪ ਤਣ ਗਈ। ਮੈਂ ਕਿਹਾ, 'ਉਸ ਅਤੀਤ ਵੱਲ ਪਰਤਣ ਨੂੰ ਜੀਅ ਕਰਦੈ?'

'ਹੁਣ ਮੇਰੀ ਜ਼ਿੰਦਗੀ ਦੀ ਹਕੀਕਤ ਐ ਇਹ। ਮੇਰੇ ਮਨ ਨੇ ਪ੍ਰਵਾਨ ਕਰ ਲਿਐ। ਹੁਣ ਤੇਰੇ ਜਿੱਡਾ ਮੇਰਾ ਗੱਭਰੂ ਪੁੱਤ ਆ। ਖ਼ੂਬਸੂਰਤ ਨੂੰਹ, ਦੋ ਨਿੱਕੇ ਨਿਆਣੇ। ਔਰਤ ਤਾਂ ਰੁੱਖ ਹੁੰਦੀ ਆ, ਜਿੱਥੇ ਜਾ ਬੈਠੀ ਉਥੇ ਜੜ੍ਹ ਫੜ ਗਈ।' ਆਪਣੇ ਪਰਿਵਾਰ ਦੇ ਨਿੱਕੇ-ਨਿੱਕੇ ਵੇਰਵੇ, ਸ਼ਾਖਾਵਾਂ, ਪੱਤੀਆਂ, ਫੁੱਲਾਂ ਬਾਰੇ ਦੱਸਦੀ ਰਹੀ ਉਹ। ਉਹਦੀਆਂ ਗੱਲਾਂ ਵਿਚ ਇਕਮਿੱਕ ਹੋਇਆ ਮੈਂ ਅਣਵੇਖੇ ਸੰਸਾਰ ਦੀਆਂ ਜੂਹਾਂ ਗਾਹੁੰਦਾ ਰਿਹਾ। ਜ਼ਿੰਦਗੀ ਦੀਆਂ ਗੰਢਾਂ ਬਾਰੇ ਸੋਚਦਾ ਕਾਰ ਚਲਾਉਂਦਾ ਰਿਹਾ।

ਦਰਬਾਰ ਸਾਹਿਬ ਦੀ ਪਰਿਕਰਮਾ 'ਤੇ ਉਤਰ ਹਨੀਫ਼ਾਂ ਅੱਖਾਂ ਮੀਟ ਤੇ ਹੱਥ ਜੋੜ ਸ਼ਾਂਤ ਚਿੱਤ ਮੁਦਰਾ ਵਿਚ ਕਾਫ਼ੀ ਚਿਰ ਖਲੋਤੀ ਰਹੀ। ਮੈਂ ਚੁੱਪ-ਚਾਪ ਉਹਦੇ ਲਾਗੇ ਖੜ੍ਹਾ ਰਿਹਾ। ਚੇਤੰਨ ਹੋਈ ਤਾਂ ਅਸੀਂ ਅਗਾਂਹ ਤੁਰੇ। ਉਸ ਨੂੰ ਆਪਣੇ ਅੰਦਰ ਉਤਰਨ ਦਾ ਮੌਕਾ ਦੇਣ ਦੇ ਖ਼ਿਆਲ ਨਾਲ ਮੈਂ ਕੋਈ ਗੱਲ ਨਾ ਛੋਹੀ। ਦੁੱਖ ਭੰਜਨੀ ਬੇਰੀ ਲਾਗਿਉਂ ਉਹਨੇ ਚਰਨਾਮਤ ਲਿਆ। ਅਚਾਨਕ ਬੋਲੀ, 'ਕਿੱਥੋਂ ਤੋਪਾਂ ਚਲਾਈਆਂ ਸਨ ਇੰਡੀਅਨ ਫੌਜ ਨੇ?'

ਇਸ ਸੁਆਲ ਦੀ ਤਾਂ ਮੈਂ ਤਵੱਕੋ ਹੀ ਨਹੀਂ ਸਾਂ ਕਰ ਰਿਹਾ। ਫਿਰ ਵੀ ਮੈਂ ਖੱਬੇ ਹੱਥ ਇਸ਼ਾਰਾ ਕਰ ਕੇ ਦੱਸਿਆ, 'ਇਸ ਰਸਤੇ ਤੇ ਔਸ ਥਾਂ ਤੋਂ ਫਾਇਰਿੰਗ ਹੋਈ ਸੀ।' ਉਹ ਕੁਝ ਚਿਰ ਚੁੱਪ ਰਹੀ। ਫਿਰ ਬੋਲੀ, 'ਕੌਣ ਜ਼ਾਲਮ ਐ ਤੇ ਕੌਣ ਨਿਰਦੋਸ਼, ਇਸ ਦਾ ਫ਼ੈਸਲਾ ਕੌਣ ਕਰੇ?' ਉਹ ਮੂੰਹ ਵਿਚ ਕੁਝ ਬੁੜ-ਬੁੜਾ ਰਹੀ ਸੀ, ਜਿਵੇਂ ਪਾਠ ਕਰ ਰਹੀ ਹੋਵੇ। ਫਿਰ ਉਸ ਨੇ ਇਕੋਤਰ ਸੌ ਦਾ ਪ੍ਰਸ਼ਾਦ ਲਿਆ ਤੇ ਅੰਦਰ ਜਾ ਕੇ ਚੜ੍ਹਾਇਆ। ਕੁਝ ਚਿਰ ਬੈਠ ਕੇ ਕੀਰਤਨ ਸੁਣਿਆ। ਉਠੀ ਤੇ ਆਸੇ-ਪਾਸੇ ਨੂੰ ਨਿਹਾਰਨ ਲੱਗੀ। ਫਿਰ ਬੁੱਲ੍ਹ ਫਰਕੇ, 'ਇਹ ਵੀ ਮੇਰਾ ਘਰ ਆ, ਮੇਰੇ ਅੰਦਰ ਵੱਸਿਆ।' ਉਹਦੀਆਂ ਅੱਖਾਂ ਨਮ ਸਨ। ਵਕਤ ਦਾ ਤਕਾਜ਼ਾ ਵੇਖਦੇ ਅਸੀਂ ਬਾਹਰ ਆਏ। ਭੀੜ ਵਿਚੋਂ ਰਾਹ ਬਣਾਉਂਦੇ ਅਸੀਂ



ਲੰਘਣ ਲੱਗੇ। ਫ਼ੁਹਾਰਾ ਚੌਕ, ਚੌਕ ਫਰੀਦ, ਉਚਾ ਪੁਲ, ਸਟੇਸ਼ਨ। 'ਇਹ ਉਹ ਅੰਬਰਸਰ ਨਹੀਂ ਜਿਸ ਦਾ ਤਸੱਵਰ ਮੈਂ ਲਾਹੌਰ ਬੈਠੀ ਕਰਦੀ ਰਹੀ। ਜਦ ਦਾ ਵੇਖਿਆ, ਉਦੋਂ ਬੜਾ ਸਾਧਾਰਨ ਜਿਹਾ ਸੀ।'

'ਸ਼ਹਿਰਾਂ ਦਾ ਰੰਗ ਢੰਗ ਬਦਲ ਗਿਆ। ਨਾ ਅੰਬਰਸਰ ਉਹ ਰਿਹਾ, ਨਾ ਲਾਹੌਰ।' ਮੈਂ ਕਿਹਾ।

'ਪਰ ਬੰਦੇ ਦੀ ਜ਼ਹਿਨੀਅਤ ਸਦੀਆਂ ਤੱਕ ਨਹੀਂ ਬਦਲਦੀ। ਬੁੱਸਿਆ ਸੜਿਆ-ਗਲਿਆ ਨਾਲ ਹੀ ਚੁੱਕੀ ਫਿਰਦਾ ਬੰਦਾ। ਬਾਹਰੀ ਲਿਬਾਸ ਬਦਲ ਲੈਂਦਾ, ਪਰ ਅੰਦਰੋਂ ਉਹੀ।' ਉਹ ਬੋਲੀ। ਪੁਤਲੀਘਰ ਚੌਕ, ਖ਼ਾਲਸਾ ਕਾਲਜ ਤੇ ਯੂਨੀਵਰਸਿਟੀ ਲੰਘ ਗਏ। ਛੇਹਰਟਾ ਚੌਕ 'ਤੋਂ ਲੰਘਦਿਆਂ ਕਹਿਣ ਲੱਗੀ, 'ਇਥੇ ਈ ਕਿਤੇ ਨਰੈਣਗੜ੍ਹ ਹੋਏਗਾ। ਮੇਰੀ ਇਕ ਭੂਆ ਹੁੰਦੀ ਸੀ ਬਚਨ ਕੌਰ। ਫੁੱਫੜ ਜੀ ਸਰਦੂਲ ਸਿੰਘ ਸਨ ਜਾਂ ਸੁਲੱਖਣ ਸਿੰਘ। ਹੁਣ ਯਾਦ ਨਹੀਂ ਪੱਕਾ। ਪਤਾ ਨਹੀਂ ਕਿਹੜੀ ਗਲੀ ਸੀ। ਨਾਲੇ ਕੀ ਪਤਾ ਹੁਣ ਉਨ੍ਹਾਂ ਵਿਚੋਂ ਕੋਈ ਹੋਵੇ ਵੀ ਜਾਂ ਨਾ।' ਉਸ ਦੀ ਨਜ਼ਰ ਅਗਾਂਹ ਟਿਕ ਗਈ। 'ਇਸ ਰੋਡ 'ਤੇ ਅੱਗੇ ਥਾਣਾ ਆਏਗਾ, ਘਰਿੰਡਾ।'

'ਤਾਂ ਇਸ ਥਾਣੇ ਵਿਚ ਸਰਗਮ ਆਉਂਦੀ ਏ ਇਕ ਦਿਨ।' ਮੈਂ ਉਸ ਦੇ ਨਾਵਲ ਦੇ ਕਥਾਨਕ ਨੂੰ ਚਿਤਵਦਾ ਹਾਂ, 'ਉਹਦਾ ਪਿਓ ਇਕ ਮੁਜਰਿਮ ਨੂੰ ਕੁੱਟਦਾ ਏ ਤੇ ਉਹ ਚੀਕਾਂ ਮਾਰਦੀ ਬਾਹਰ ਨੂੰ ਭੱਜਦੀ ਏ।'

'ਬਿਲਕੁਲ, ਉਦੋਂ ਮੇਰੇ ਵਾਲਿਦ ਇਥੇ ਪੋਸਟਡ ਸਨ। ਅਸੀਂ ਉਨ੍ਹਾਂ ਨੂੰ ਦਾਰ ਜੀ ਕਹਿੰਦੇ ਸਾਂ। ਅਸੀਂ ਅਟਾਰੀ ਰਹਿੰਦੇ ਸਾਂ। ਮੇਰਾ ਜੰਮਣ ਅਟਾਰੀ ਦਾ ਈ ਏ। ਅਟਾਰੀ ਵਾਲਾ ਘਰ ਅੱਜ ਵੀ ਮੇਰੇ ਸੁਪਨਿਆਂ ਵਿਚ ਆਉਂਦਾ।'

ਅਟਾਰੀ ਦੀਆਂ ਜੂਹਾਂ ਵਿਚ ਅੱਪੜਦਿਆਂ ਹੀ ਹਨੀਫ਼ਾਂ ਦਾ ਚਿਹਰਾ ਖਿੜਨ ਲੱਗਾ ਸੀ। ਮੇਨ ਬਾਜ਼ਾਰ ਵਿਚ ਮੈਂ ਕਾਰ ਵਾੜ ਲਈ। ਇਕ ਥਾਂ ਉਹ ਬੋਲੀ, 'ਰੋਕ ਖਾਂ ਇਥੇ ਜ਼ਰਾ। ਸ਼ਾਇਦ ਏਹੋ ਥਾਂ ਏ।' ਮੈਂ ਖੁੱਲ੍ਹਾ ਪਲਾਟ ਵੇਖ ਕਾਰ ਪਾਰਕ ਕੀਤੀ। ਬਾਹਰ ਨਿਕਲ ਆਸੇ-ਪਾਸੇ ਤੱਕਦੀ ਉਹ ਕਹਿਣ ਲੱਗੀ, 'ਬਾਹਰ ਆ, ਤੈਨੂੰ ਵਿਖਾਵਾਂ ਆਪਣਾ ਪਹਿਲਾ ਘਰ।' ਸਾਨੂੰ ਓਪਰਿਆਂ ਨੂੰ ਵੇਖ ਦੁਕਾਨਦਾਰ ਕੁਝ ਅਸਚਰਜ ਜਿਹੇ ਹੋਏ। ਸੋਚਦੇ ਹੋਣਗੇ, ਗਾਹਕ ਤਾਂ ਲੱਗਦੇ ਨਹੀਂ, ਕੁਝ ਲੱਭਣ ਆਏ ਨੇ ਸ਼ਾਇਦ।

'ਬਿਲਕੁਲ ਏਹੋ ਏ।' ਬੜੀ ਉਤਸੁਕਤਾ ਨਾਲ ਉਹ ਕਹਿ ਰਹੀ ਸੀ। 'ਅਹੁ ਬਾਰੀ ਏ ਜਿੱਥੇ ਖਲੋ ਕੇ ਮੈਂ ਹੇਠਾਂ ਵੱਲ ਵੇਖਦੀ ਸਾਂ। ਇਕ ਫਕੀਰ ਲੰਘਦਾ ਹੁੰਦਾ ਸੀ ਏਥੋਂ ਦੀ। ਉਸ ਨੂੰ ਉਡੀਕਿਆ ਕਰਦੀ ਸਾਂ ਰੋਜ਼। ਕੋਈ ਗੀਤ ਗਾਉਂਦਾ ਹੁੰਦਾ ਸੀ ਉਹ। ਹੁਣ ਯਾਦ ਨਹੀਂ, ਕੀ ਸੀ ਉਹ। ਏਧਰ ਇਕ ਗਲੀ ਹੁੰਦੀ ਸੀ। ਸ਼ਾਇਦ ਏਹੋ ਏ। ਅੰਦਰ ਮੰਦਰ ਹੈ ਏ ਕੋਈ?'

'ਪਤਾ ਨਹੀਂ।' ਮੈਂ ਕਿਹਾ ਪਰ ਨਾਲ ਹੀ ਖਲੋਤੇ ਇਕ ਬਜ਼ੁਰਗ ਨੇ ਹੁੰਗਾਰਾ ਭਰ ਦਿੱਤਾ, 'ਹੈਗਾ ਏ ਮੰਦਰ।'

'ਹੈਗਾ ਏ ਨਾ, ਮੈਂ ਕਿਹਾ ਸੀ ਨਾ।' ਹਨੀਫ਼ਾਂ ਖ਼ੁਸ਼ ਹੋ ਗਈ। 'ਉਸ ਮੰਦਰ ਵਿਚ ਰਾਮਲੀਲਾ ਲੱਗਦੀ ਹੁੰਦੀ ਸੀ।'

'ਹਾਲੇ ਵੀ ਲੱਗਦੀ ਆ।' ਬਜ਼ੁਰਗ ਨੇ ਦੱਸਿਆ।

'ਕਮਾਲ ਹੋ ਗਈ।' ਹਨੀਫ਼ਾਂ ਹੈਰਾਨ ਸੀ। 'ਆਓ ਖਾਂ ਦੇਖੀਏ ਜ਼ਰਾ...।' ਸਾਹਮਣਿਓਂ ਦੁਕਾਨ 'ਤੋਂ ਉਠ ਕੇ ਹਲਵਾਈ ਲਾਗੇ ਆਇਆ ਤੇ ਬੋਲਿਆ, 'ਕਿਵੇਂ ਸਰਦਾਰ ਜੀ?'

'ਇਨ੍ਹਾਂ ਬੀਬੀ ਹੋਰਾਂ ਦਾ ਪਿੰਡ ਏ ਇਹ। ਇੱਥੇ ਹੀ ਜੰਮੇ ਪਲੇ। ਲਾਹੌਰੋਂ ਆਏ ਨੇ ਬਾਹਠਾਂ ਸਾਲਾਂ ਬਾਅਦ।' ਮੇਰੀ ਗੱਲ ਸੁਣ ਕੇ ਬਜ਼ੁਰਗ ਨੇ ਅੱਖਾਂ ਚੌੜੀਆਂ ਕੀਤੀਆਂ। ਪੁੱਛਿਆ, 'ਕੌਣ ਸਨ ਬੀਬੀ ਜੀ ਤੁਹਾਡੇ ਬਾਪ?'

'ਠਾਣੇਦਾਰ ਭਜਨ ਸਿੰਘ, ਜਾਣਦੇ ਓ?' ਹਨੀਫ਼ਾਂ ਨੇ ਦੱਸਿਆ। ਇਕ ਛਿਣ ਲਈ ਬਜ਼ੁਰਗ ਨੇ ਆਪਣੀ ਸੋਚ ਵਿਚ ਟੁੱਭੀ ਮਾਰੀ ਤੇ ਅਗਲੇ ਛਿਣ ਬਾਹਰ ਨਿਕਲ ਆਇਆ। 'ਮੈਂ ਜਾਣਦਾਂ ਬੀਬੀ ਜੀ, ਉਨ੍ਹਾਂ ਦੀ ਤਾਂ ਬੜੀ ਧਾਂਕ ਸੀ 'ਲਾਕੇ 'ਚ। ਚੋਰ ਉਚੱਕੇ ਨਾਂ ਸੁਣ ਕੇ ਈ ਕੰਬ ਜਾਂਦੇ। ਤਾਂ ਤੁਸੀਂ ਉਨ੍ਹਾਂ ਦੀ ਪੁੱਤਰੀ ਓ?'

'ਹਾਂ ਬਾਬਾ ਜੀ।' ਕਹਿ ਕੇ ਹਨੀਫ਼ਾਂ ਨੂੰ ਲੱਗਾ ਜਿਵੇਂ ਇਸ ਪਿੰਡ ਵਿਚ ਉਸ ਦੀ ਜੜ੍ਹ ਹਾਲੇ ਵੀ ਹਰੀ ਸੀ। ਉਸ ਘਰ ਨੂੰ ਤੱਕਣ ਲਈ ਅਸੀਂ ਪੌੜੀਆਂ ਚੜ੍ਹੇ। ਘਰ ਦੇ ਕਮਰਿਆਂ ਨੂੰ ਵੇਖਦੀ ਉਹ ਵਿਸਮਾਦਤ ਹੋ ਗਈ। 'ਇਹ ਅਲਮਾਰੀ ਏ ਜਿੱਥੇ ਮੇਰੀ ਸਹੇਲੀ ਨੇ ਮੈਨੂੰ ਡੱਕ ਦਿੱਤਾ ਸੀ ਤੇ ਆਪ ਬਾਹਰ ਦੌੜ ਗਈ ਸੀ। ਮਰ ਹੀ ਜਾਂਦੀ ਜੇ ਮਾਂ ਆ ਕੇ ਅਲਮਾਰੀ ਨਾ ਖੋਲ੍ਹਦੀ।' ਇਹ ਸੁਣਦਾ ਵੇਖਦਾ ਘਰ ਦਾ ਮਾਲਕ ਹੈਰਾਨ ਹੋ ਰਿਹਾ ਸੀ। ਉਸ ਦੀ ਹੈਰਾਨੀ ਨੂੰ ਤਾੜਦਿਆਂ ਹਨੀਫ਼ਾਂ ਬੋਲੀ, 'ਜਨਾਬੇ ਆਲੀ, ਇਹ ਮੇਰਾ ਘਰ ਏ ਪਰ ਤੁਸੀਂ ਇਥੇ ਰਹੋ।' ਕੰਧਾਂ ਕੌਲਿਆਂ ਨੂੰ ਨਿਹਾਰਦੀ ਉਹ ਮੇਰੇ ਨਾਲ ਹੇਠਾਂ ਉਤਰੀ। ਬਜ਼ੁਰਗ ਨੂੰ ਅਸੀਂ ਨਾਲ ਤੋਰ ਲਿਆ। ਪੈਰ ਪੈਰ 'ਤੇ ਉਹ ਰੁਕ ਜਾਂਦੀ ਤੇ ਦਰਵਾਜ਼ਿਆਂ ਝਰੋਖਿਆਂ ਨੂੰ ਵੇਖਦੀ ਉਹ ਯਾਦਾਂ 'ਚ ਲਹਿ ਜਾਂਦੀ।

'ਇਸ ਉਚੀ ਬਿਲਡਿੰਗ ਦੇ ਧੁਰ ਉਪਰੋਂ ਇਕ ਕੁੜੀ ਨੇ ਛਾਲ ਮਾਰ ਕੇ ਖ਼ੁਦਕੁਸ਼ੀ ਕੀਤੀ ਸੀ। ਐਸ ਥਾਂ ਪਈ ਸੀ ਲਾਸ਼ ਉਹਦੀ।' ਇਕ ਥਾਂ ਰੁਕ ਕੇ ਉਹਨੇ ਦੱਸਿਆ। ਬਜ਼ੁਰਗ ਨੇ ਫਿਰ ਦਿਮਾਗ 'ਤੇ ਜ਼ੋਰ ਪਾਇਆ ਤੇ ਦੱਸਿਆ, 'ਹਾਂ ਹੋਇਆ ਸੀ ਇਹ ਵਾਕਿਆ।'

'ਕਿਉਂ ਹੋਇਆ ਸੀ?' ਮੈਂ ਸਹਿਵਨ ਹੀ ਪੁੱਛਿਆ।

'ਐਸੇ ਵਾਕਿਆਤ ਪਿੱਛੇ ਇੱਕੋ ਜਿਹੇ ਸਬਬ ਹੁੰਦੇ ਨੇ।' ਉਹ ਬੋਲੀ, 'ਸੈਤ ਪੰਡਤਾਂ ਦੀ ਕੁੜੀ ਸੀ ਉਹ, ਤੇ ਕਿਸੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਨਾ ਚਾਹੁੰਦੀ ਸੀ। ਜਦੋਂ ਮਜ਼ਹਬੀ ਤਵਾਜ਼ਨ ਨਾ ਬਣਿਆ ਤਾਂ ਇੰਜ ਹੀ ਹੋਣਾ ਸੀ। ਕਿਉਂ ਬਾਬਾ ਜੀ?'

'ਬੀਬੀ ਜੀ ਤੁਹਾਡੀ ਤਾਂ ਯਾਦਾਸ਼ਤ ਕਮਾਲ ਆ। ਬਿਲਕੁਲ ਏਹੋ ਗੱਲ ਸੀ।' ਬਜ਼ੁਰਗ ਦਾ ਚਿਹਰਾ ਹੈਰਾਨੀ ਦੀ ਭਾਹ ਦੇਣ ਲੱਗਾ। ਇਕ ਮੋੜ ਲਾਗੇ ਉਹ ਰੁਕਿਆ, 'ਇਹ ਐ ਆਪਣਾ ਗਰੀਬ-ਖ਼ਾਨਾ, ਆਓ ਕੁਝ ਖਾ ਪੀ ਕੇ ਚੱਲੋ।' ਉਸ ਨੂੰ ਹਾਂ-ਨਾਂਹ ਦਾ ਜੁਆਬ ਦੇਣ 'ਤੋਂ ਪਹਿਲਾਂ ਹਨੀਫ਼ਾਂ ਫਿਰ ਚੇਤਿਆਂ ਵਿਚ ਲਹਿ ਗਈ, 'ਮੈਨੂੰ ਯਾਦ ਆਉਂਦੈ, ਇਥੇ ਵਿਆਹ ਹੋਇਆ ਸੀ ਇਕ। ਇਸ ਥੜ੍ਹੇ 'ਤੇ ਵਹੁਟੀ ਦਾ ਡੋਲਾ ਰੱਖਿਆ ਗਿਆ ਸੀ। ਬੜੀ ਸੁਹਣੀ ਸੀ ਵਹੁਟੀ, ਨਿੱਕੀ ਜਿਹੀ ਉਮਰ ਦੀ। ਇਥੇ ਇਕ ਖੂਹੀ ਨਹੀਂ ਸੀ ਹੁੰਦੀ?'

'ਹੁੰਦੀ ਸੀ। ਹੁਣ ਪੂਰ ਦਿੱਤੀ ਗਈ ਐ। ਤੇ ਵਿਆਹ ਹੋਇਆ ਸੀ ਮੇਰਾ।' ਬਜ਼ੁਰਗ ਦੀਆਂ ਅੱਖਾਂ ਲਿਸ਼ਕੀਆਂ।

'ਉਹ ਵਹੁਟੀ ਕਿੱਥੇ ਜੇ ਸੂਹੇ ਲਿਬਾਸ ਵਾਲੀ, ਗੋਰੀ ਚਿੱਟੀ?' ਹਨੀਫ਼ਾਂ ਆਪਣੇ ਚੇਤਿਆਂ ਦੀ ਤਾਈਦ ਵਿਚ ਖ਼ੁਸ਼ ਹੋ ਗਈ।

'ਘਰੇ ਈ ਐ, ਆਓ ਮਿਲਾਵਾਂ।' ਬਜ਼ੁਰਗ ਅੱਗੇ ਅੱਗੇ ਹੋ ਗਿਆ ਤੇ ਅਸੀਂ ਪਿੱਛੇ ਪਿੱਛੇ। ਉਸ ਨੇ ਸੋਟੀ ਆਸਰੇ ਤੁਰਦੀ ਇਕ ਔਰਤ ਨੂੰ ਹਾਕ ਮਾਰੀ, 'ਬੰਸ ਕੁਰੇ, ਆ ਏਧਰ, ਤੈਨੂੰ ਮਿਲਣ ਆਏ ਆ।' ਉਹਦੀ ਧੀਮੀ ਤੋਰ ਵੇਖ ਹਨੀਫ਼ਾਂ ਅੱਗੇ ਹੋਈ ਤੇ ਉਸ ਔਰਤ ਨੂੰ ਗਲ਼ ਨਾਲ ਲਾਇਆ। ਬੋਲੀ, 'ਤੁਸੀਂ ਤਾਂ ਬੁੱਢੇ ਹੋ ਗਏ ਏਨੀ ਛੇਤੀ?'

'ਸਮੇਂ ਦਾ ਰੰਗ ਆ ਭੈਣੇ, ਤੂੰ ਵੀ ਤਾਂ ਹੋ ਈ ਗਈ।' ਉਹ ਬੋਲੀ। ਪਰ ਹਨੀਫ਼ਾਂ ਨਹੀਂ ਮੰਨੀ, 'ਮੈਂ ਤਾਂ ਜੁਆਨ ਆਂ ਹਾਲੇ। ਬੁਢਾਪੇ ਨੂੰ ਲਾਗੇ ਨਹੀਂ ਫਟਕਣ ਦਿੰਦੀ। ਫਿਰ ਅੱਜ ਤਾਂ ਉਕਾ ਨਹੀਂ। ਅੱਜ ਤਾਂ ਮੇਰੀ ਉਮਰ ਦਸਾਂ-ਬਾਰਾਂ ਤੋਂ ਵੱਧ ਹੈ ਈ ਨਹੀਂ। ਇਹ ਬਚਪਨ ਕਿੰਨਾ ਪਿਆਰਾ ਐ।' ਮੇਰੇ ਸਮੇਤ ਆਸੇ ਪਾਸੇ ਖੜ੍ਹੇ ਘਰ ਦੇ ਜੀਅ ਮੁਸਕਰਾ ਪਏ। ਉਸ ਘਰੋਂ ਅਸਾਂ ਠੰਢਾ ਸ਼ਰਬਤ ਪੀਤਾ। ਫਿਰ ਘਾਟੀ ਵੱਲ ਮੁੜੇ। ਅੰਨ੍ਹੀ ਡਿਓਢੀ ਵੇਖ ਕੇ ਤਾਂ ਮੈਂ ਵੀ ਹੈਰਾਨ ਰਹਿ ਗਿਆ। ਕਮਾਲ ਦੀ ਕਾਰੀਗਰੀ ਸੀ। ਕਮਾਲ ਦਾ ਓਹਲਾ ਸੀ। ਹਨੀਫ਼ਾਂ ਨੇ ਦੱਸਿਆ, 'ਇਸ ਥਾਂ ਦਾ ਓਹਲਾ ਆਸ਼ਕਾਂ ਲਈ ਜੰਨਤ ਜਿਹਾ ਏ। ਉਦੋਂ ਕੁੜੀਆਂ-ਮੁੰਡੇ ਇਥੇ ਮਿਲਦੇ ਹੁੰਦੇ ਸਨ।' ਬਜ਼ੁਰਗ ਨੇ ਦੱਸਿਆ, 'ਹੁਣ ਵੀ ਏਦਾਂ ਈ ਏ ਬੀਬੀ ਜੀ।' ਮੈਂ ਡਿਓਢੀ ਦੀਆਂ ਨੁੱਕਰਾਂ, ਓਹਲਿਆਂ ਤੇ ਹਨੇਰਿਆਂ ਨੂੰ ਵੇਖਿਆ। ਅੱਗੇ ਖੁੱਲ੍ਹੀ ਥਾਂ ਸੀ। ਹਨੀਫ਼ਾਂ ਦੱਸ ਰਹੀ ਸੀ, 'ਇਥੇ ਅਸੀਂ ਖੇਡਿਆ ਕਰਦੇ ਸਾਂ। ਸਾਹਮਣੀ ਛਾਟ 'ਤੇ ਕਬੂਤਰਾਂ ਦੇ ਝੁੰਡ ਬੈਠਦੇ। ਸਰਦਾਰਾਂ ਦੀਆਂ ਨੂੰਹਾਂ ਏਧਰੋਂ ਘੱਗਰੇ ਪਾਈ ਲੰਘਦੀਆਂ। ਨੌਕਰਾਣੀਆਂ ਉਨ੍ਹਾਂ ਦੇ ਘੱਗਰੇ ਚੁੱਕੀ ਪਿੱਛੇ ਪਿੱਛੇ ਤੁਰਦੀਆਂ।'

'ਬਿਲਕੁਲ ਦਰੁੱਸਤ।' ਬਜ਼ੁਰਗ ਨੇ ਹਾਂ ਪੱਖੀ ਮੁਦਰਾ ਵਿਚ ਸਿਰ ਹਿਲਾਇਆ। ਨਾਨਕਸ਼ਾਹੀ ਇੱਟ ਦੀਆਂ ਜਰਜਰੀਆਂ ਹੋ ਰਹੀਆਂ ਕੰਧਾਂ ਤੇ ਖੰਡਰਾਂ ਵਿਚ ਬਦਲ ਰਹੇ ਮਹਿਲਨੁਮਾ ਘਰਾਂ ਨੂੰ ਵੇਖਦੇ ਅਸੀਂ ਗਲੀਓ ਗਲੀ ਲੰਘਦੇ ਗਏ। ਇਕ ਉਚੇ ਥੜ੍ਹੇ ਵਾਲੇ ਘਰ ਅੱਗੇ ਖਲੋ ਉਹ ਬੋਲੀ, 'ਜ਼ਰਾ ਇਸ ਘਰ ਚੱਲੀਏ।' ਮੈਂ ਬੂਹਾ ਖੜਕਾਇਆ। ਸਾਹਮਣੇ ਮੇਰਾ ਜਾਣੂ-ਪਛਾਣੂ ਅਧਿਆਪਕ ਅਮਰਜੀਤ ਆ ਖੜ੍ਹਾ ਹੋਇਆ। ਉਸ ਅੱਗੇ ਵਧ ਕੇ ਹੱਥ ਮਿਲਾਇਆ, 'ਅੱਜ ਕਵੀ ਜਨ ਕਿਵੇਂ

(ਅਗਲੇ ਸਫੇ 'ਤੇ ਜਾਰੀ)

# ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ

**ਭਾਸ਼ਾ-1**

***ਪਰਵਾਸੀਆਂ ਦੀ ਅੱਜ ਇਕ ਵੱਖਰੀ ਪਛਾਣ ਅਤੇ ਐਨ ਵੱਖਰਾ ਨੁਕਤਾ-ਨਿਗ੍ਹਾ ਹੈ। ਪੰਜਾਬ ਵਿਚੋਂ ਪਰਵਾਸੀ ਹੋਣ ਦੀ ਕੜੀ ਰੋਜ਼ਗਾਰ ਨਾਲ ਜੁੜੀ ਹੋਈ ਹੈ। ਆਪਣੇ ਖਾਲੀ ਪੱਲੇ ਵਿਚ ਪਰਵਾਸ ਪੁਆਉਣ ਵਾਲੇ ਇਹ ਲੋਕ ਕਿਰਤੀ-ਕਾਮੇ ਸਨ ਜਿਨ੍ਹਾਂ ਨੂੰ ਅੱਖਰਾਂ ਦਾ ਗਿਆਨ ਬੱਸ ਗੁਜ਼ਾਰੇ ਜੋਗਾ ਹੀ ਸੀ। ਪਰਾਈ ਧਰਤੀ ਉਤੇ ਅਨਜਾਣੀ ਭਾਸ਼ਾ/ਬੋਲੀ ਦੇ ਜੰਗਲ ਵਿਚ ਉਨ੍ਹਾਂ ਨੇ ਜਿਹੜੀਆਂ ਕੂਕਾਂ ਮਾਰੀਆਂ ਹੋਣਗੀਆਂ, ਉਸ ਬਾਰੇ ਸੋਚ ਕੇ ਹੀ ਕਾਲਜਾ ਮੂੰਹ ਨੂੰ ਆਉਣ ਲਗਦਾ ਹੈ। ਅੱਜ ਜੇ ਘੜੀ-ਪਲ ਲਈ ਕਿਸੇ ਨਾਲ ਫੋਨ 'ਤੇ ਸੰਪਰਕ ਨਹੀਂ ਹੁੰਦਾ ਤਾਂ ਸਾਨੂੰ ਹੇਠਲੀ, ਉਤੇ ਹੋ ਗਈ ਜਾਪਦੀ ਹੈ; ਪਰ ਮੁਢਲੇ ਪੰਜਾਬੀਆਂ ਨੇ ਇਸ ਪੱਖੋਂ ਜਿਹੜੀਆਂ ਔਕੜਾਂ ਝਾਗੀਆਂ ਹੋਣਗੀਆਂ, ਉਨ੍ਹਾਂ ਬਾਰੇ ਸੂਹਜ ਭਰੀ ਸੂਖਮ ਚਰਚਾ ਸ. ਗੁਰਬਚਨ ਸਿੰਘ ਭੁੱਲਰ ਨੇ ਆਪਣੇ ਲੜੀਵਾਰ ਲੇਖ 'ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ' ਵਿਚ ਕੀਤੀ ਹੈ। ਇਸ ਲੇਖ ਦੀ ਪਹਿਲੀ ਕੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਨ। -ਸੰਪਾਦਕ***

ਪੰਜਾਬੀਆਂ ਨੇ ਉਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਗੌਲਣਯੋਗ ਗਿਣਤੀ ਵਿਚ ਕੈਲੀਫੋਰਨੀਆ ਜਾਣਾ ਸ਼ੁਰੂ ਕੀਤਾ। ਉਂਜ ਯੂਬਾ ਕਾਉਂਟੀ ਵਿਚ ਇਕ ਪੰਜਾਬੀ ਦੇ 1861 ਵਿਚ ਪੁੱਜਣ ਦਾ ਵੀ ਜ਼ਿਕਰ ਮਿਲਦਾ ਹੈ। ਉਸ ਦੇ ਅਸਲ ਨਾਂ ਦਾ ਕੋਈ ਪਤਾ ਨਹੀਂ। ਉਸ ਸਮੇਂ ਛਪੀ ਉਸ ਦੀ ਅਖਬਾਰੀ ਖਬਰ ਵਿਚ ਲਿਖਿਆ ਗਿਆ ਸੀ, "ਉਸ ਦਾ ਨਾਂ ਉਚਾਰਿਆ ਨਾ ਜਾ ਸਕਣ ਵਾਲਾ ਹੋਣ ਕਰਕੇ ਉਸ ਨੂੰ ਸੈਮ ਹੀ ਕਹਿ ਲੈਂਦੇ ਹਾਂ।" ਪਤਾ ਨਹੀਂ, ਉਹ ਕੋਈ ਸਤਨਾਮ ਸਿੰਘ, ਸੁਰਮੁਖ ਸਿੰਘ ਜਾਂ ਸੁਖਮੰਦਰ ਸਿੰਘ ਹੀ ਹੋਵੇ। ਉਸ ਦੀ ਖਬਰ ਛਪਣ ਦੀ ਵੀ




**ਗੁਰਬਚਨ ਸਿੰਘ ਭੁੱਲਰ**

ਫੋਨ: 01191-1165736868

bhullargs@gmail.com


ਦਿਲਚਸਪ ਕਹਾਣੀ ਹੈ। ਉਸ ਦਾ ਕਿਸੇ ਸਥਾਨਕ ਆਦਮੀ ਨਾਲ ਝਗੜਾ ਹੋ ਗਿਆ। ਇਸ ਝਗੜੇ ਕਾਰਨ ਉਹਨੂੰ ਪੰਜ ਡਾਲਰ ਜੁਰਮਾਨਾ ਕੀਤਾ ਗਿਆ। ਉਹ ਕਿਸ ਨਾਲ ਝਗੜਿਆ, ਕਿਉਂ ਝਗੜਿਆ, ਕੁਝ ਨਹੀਂ ਦੱਸਿਆ ਗਿਆ। ਖਬਰ ਇਸ ਬਾਰੇ ਵੀ ਚੁੱਪ ਹੈ ਕਿ ਦੂਜੀ ਧਿਰ ਨੂੰ ਵੀ ਕੋਈ ਜੁਰਮਾਨਾ ਹੋਇਆ ਕਿ ਨਹੀਂ।

ਉਸ ਸਮੇਂ ਪਰਵਾਸੀਆਂ ਨਾਲ ਹੁੰਦੇ ਵਿਤਕਰੇ ਨੂੰ ਦੇਖਦਿਆਂ, ਮੇਰਾ ਖ਼ਿਆਲ ਹੈ, ਸਥਾਨਕ ਝਗੜਾਲੂ ਨੂੰ ਕੁਝ ਨਹੀਂ ਕਿਹਾ ਗਿਆ ਹੋਵੇਗਾ। ਉਸ ਵਰਤਾਉ ਨੂੰ ਵਿਤਕਰਾ ਕਹਿਣ ਨਾਲੋਂ ਨਫਰਤ ਕਹਿਣਾ ਵਧੇਰੇ ਠੀਕ ਹੈ। ਉਦੋਂ ਤਾਂ ਖੁੱਲ੍ਹੇਆਮ ਮੰਗ ਕੀਤੀ ਜਾਂਦੀ ਸੀ ਕਿ ਆਵਾਸੀਆਂ ਨੂੰ ਲੁੱਟਣ-ਕੁੱਟਣ ਵਾਲਿਆਂ ਨੂੰ ਕੁਝ ਨਾ ਕਿਹਾ ਜਾਵੇ। ਇਸ ਦੀ ਇਕ ਲਿਖਤੀ ਮਿਸਾਲ ਦੇਖੋ। 1912 ਦੇ ਸ਼ੁਰੂ ਵਿਚ ਯੂਬਾ ਸਿਟੀ ਦੇ ਇਕ ਜਾਇਦਾਦੀ ਵਿਚੋਲੇ ਨੇ ਕੁਝ ਪੰਜਾਬੀਆਂ ਨੂੰ ਜ਼ਮੀਨ ਵਿਕਵਾ ਦਿੱਤੀ। ਸਥਾਨਕ ਲੋਕਾਂ ਨੇ 'ਮੈਰਿਸਵਿਲ ਅਪੀਲ' ਨਾਂ ਦੇ ਅਖਬਾਰ ਨੂੰ ਰੋਸ-ਪੱਤਰ ਭੇਜਿਆ। ਅਖਬਾਰ ਨੇ ਉਹ ਰੋਸ-ਪੱਤਰ ਮੁੱਖ ਪੰਨੇ ਉਤੇ ਹੂਬਹੂ ਛਾਪ ਦਿੱਤਾ। ਪੱਤਰ ਵਿਚ ਕਿਹਾ ਗਿਆ ਸੀ, "ਇੰਡੀਆ ਤੋਂ ਆਏ ਬੰਦੇ ਧਰਤੀ ਦੇ ਚਿਹਰੇ ਉਤੇ ਮਨੁੱਖਜਾਤੀ ਦਾ ਸਭ ਤੋਂ ਨਿੰਘਰਿਆ ਅਤੇ ਸਭ ਤੋਂ ਘਿਣਾਉਣਾ ਨਮੂਨਾ ਹਨ। ਉਨ੍ਹਾਂ ਨੇ ਸਾਡੇ ਛੋਟੇ ਜਿਹੇ ਸੁਖ-ਵਸਦੇ ਅਤੇ ਸੁਹਾਵਣੇ ਇਲਾਕੇ ਉਤੇ ਹੱਲਾ ਬੋਲ ਦਿੱਤਾ ਹੈ।"

ਉਸ ਸਮੇਂ ਦੇ ਆਵਾਸੀਆਂ ਦੀ ਮੰਦੀ ਹਾਲਤ ਦੀ ਇਕ ਹੋਰ ਮਿਸਾਲ ਦੇਖੋ। 1915 ਵਿਚ ਸਟਰ ਕਾਉਂਟੀ ਦੇ ਇਕ ਪੁਲਿਸ ਅਧਿਕਾਰੀ ਨੇ ਉਸੇ ਅਖਬਾਰ ਨੂੰ ਦੱਸਿਆ ਕਿ ਅਨੇਕ ਲੋਕ ਇਨ੍ਹਾਂ ਨਾਲ ਏਨੀ ਖਾਰ ਖਾਂਦੇ ਹਨ ਕਿ ਉਨ੍ਹਾਂ ਦੀ ਮੰਗ ਹੈ, ਮੈਂ 'ਹਿੰਦੂ' (ਉਸ ਸਮੇਂ ਸਭ ਹਿੰਦੋਸਤਾਨੀਆਂ ਨੂੰ 'ਹਿੰਦੂ' ਹੀ ਕਿਹਾ ਜਾਂਦਾ ਸੀ) ਕਾਮਿਆਂ ਦੇ ਕੁੱਲੇ-ਜੁੱਲੇ ਲੁੱਟਣ ਵਾਲਿਆਂ ਨੂੰ ਲੱਭਣ ਤੇ ਸਜ਼ਾ ਦੁਆਉਣ ਦੇ ਯਤਨ ਨਾ ਕਰਿਆ ਕਰਾਂ।

ਇਸ ਮਾਹੌਲ ਦੇ ਬਾਵਜੂਦ ਯੂਵਾ ਕਾਉਂਟੀ, ਸਟਰ ਕਾਉਂਟੀ ਤੇ ਫਰਿਜ਼ਨੋ ਸਮੇਤ ਅਮਰੀਕਾ ਦੇ ਪੱਛਮੀ ਇਲਾਕੇ ਵਿਚ 1910 ਤਕ ਕੋਈ ਪੰਜ ਹਜ਼ਾਰ ਪੰਜਾਬੀ ਵੱਖ ਵੱਖ ਕੰਮਾਂ ਉਤੇ ਲੱਗੇ ਹੋਏ ਸਨ। ਇਕਾ-ਦੁੱਕਾ ਪੰਜਾਬੀ ਤਾਂ ਉਚੇਰੀ ਪੜ੍ਹਾਈ ਦੇ ਉਦੇਸ਼ ਨਾਲ ਵੀ ਪੁੱਜਣ ਲੱਗੇ, ਪਰ ਬਹੁਤੇ ਪੰਜਾਬੀਆਂ ਨੂੰ ਰੁਜ਼ਗਾਰ ਦੀ ਤਲਾਸ਼ ਹੁੰਦੀ ਸੀ। ਮਸ਼ੀਨੀ ਆਰਿਆਂ ਨਾਲ ਮਹਾਂ-ਬਿਰਛਾਂ ਦੀ ਧੜਾਧੜ ਕਟਾਈ ਲਈ ਮਜ਼ਦੂਰਾਂ ਦੀ ਲੋੜ ਸੀ। ਨਵੀਆਂ ਜ਼ਮੀਨਾਂ ਹਲ ਹੇਠ ਆਉਣ ਅਤੇ ਸਿੰਜਾਈ ਸ਼ੁਰੂ ਹੋਣ ਸਦਕਾ ਖੇਤੀ ਲਈ ਕਿਸਾਨ ਚਾਹੀਦੇ ਸਨ। ਕੰਮ-ਧੰਦੇ ਦੀਆਂ ਸੰਭਾਵਨਾਵਾਂ ਦੀਆਂ ਖਬਰਾਂ ਦੇ ਖਿੱਚੇ ਹੋਏ ਇਹ ਆਵਾਸੀ ਲਗਭਗ ਸਾਰੇ ਹੀ ਅਨਪੜ੍ਹ ਜਾਂ ਬਹੁਤ ਘਟ ਪੜ੍ਹੇ ਹੋਏ ਲੋਕ ਸਨ।

ਇਨ੍ਹਾਂ ਬਾਰੇ ਸੋਚਦਿਆਂ ਹੋਰ ਗੱਲਾਂ ਤੋਂ ਇਲਾਵਾ ਮੇਰਾ ਧਿਆਨ ਉਨ੍ਹਾਂ ਦੀ ਭਾਸ਼ਾਈ ਔਕੜ ਵੱਲ ਜਾਂਦਾ। ਹਜ਼ਾਰਾਂ ਮੀਲ ਔਝੜੇ ਰਾਹਾਂ ਦੇ ਜਾਨ-ਹੂਲਵੇਂ ਸਫਰ ਦੀਆਂ ਹੋਰ ਅਨੇਕਾਂ ਮੁਸ਼ਕਲਾਂ ਤਾਂ ਇਕ ਪਾਸੇ, ਉਨ੍ਹਾਂ ਨੇ ਗੱਲਬਾਤ ਦਾ ਕੀ ਰਾਹ ਕੱਢਿਆ ਹੋਵੇਗਾ? ਜੇ ਉਨ੍ਹਾਂ ਵਿਚੋਂ ਕੁਝ ਡੰਗ ਸਾਰਨ ਜਿੰਨੇ ਅੰਗਰੇਜ਼ੀ ਸ਼ਬਦਾਂ ਦੇ ਸੂਹੇਂ ਮੰਨ ਵੀ ਲਏ ਜਾਣ, ਕਈ ਤਾਂ ਮਹੀਨਿਆਂ-ਬੱਧੀ ਅਜਿਹੇ ਇਲਾਕੇ ਵਿਚੋਂ ਦੀ ਪੈਦਲ ਤੁਰੇ ਜਿਥੇ ਸਪੇਨੀ ਜਾਂ ਸ਼ਾਇਦ ਹੋਰ ਭਾਸ਼ਾਵਾਂ ਦਾ ਬੋਲਬਾਲਾ ਸੀ।

ਬਰਕਲੇ ਯੂਨੀਵਰਸਿਟੀ ਦੇ ਪ੍ਰੋਫੈਸਰ ਬਰੂਸ ਲਾ ਬਰੈਕ ਨੂੰ ਇਕ ਪੰਜਾਬੀ ਬਜ਼ੁਰਗ ਨੇ ਦੱਸਿਆ ਸੀ, "ਮੈਂ ਹਜ਼ਾਰਾਂ ਮੀਲ ਦੂਰ ਆਇਆ। ਪਨਾਮਾ ਤੋਂ ਅਮਰੀਕਾ ਤਕ ਮੈਂ ਪੈਦਲ ਤੁਰਿਆ।" ਸਮੁੰਦਰੀ ਜਹਾਜ਼ ਰਾਹੀਂ ਉਹ ਹਿੰਦ-ਮਹਾਂਸਾਗਰ ਪਾਰ ਕਰ ਕੇ ਅਫਰੀਕਾ ਦੇ ਹੇਠਾਂ ਦੀ ਲੰਘਦਿਆਂ ਐਟਲਾਂਟਿਕ ਮਹਾਂਸਾਗਰ ਵਿਚੋਂ ਦੀ ਪਨਾਮਾ ਦੀ ਕਿਸੇ ਬੰਦਰਗਾਹ ਪੁਜਿਆ ਹੋਵੇਗਾ। ਉਥੋਂ ਉਸ ਨੂੰ ਪਨਾਮਾ, ਕੋਸਟਾਰੀਕਾ, ਨਿਕਾਰਾਗੂਆ, ਹੋਂਡੂਰਸ, ਗੁਆਟੇਮਾਲਾ ਅਤੇ ਫਿਰ ਉਨ੍ਹਾਂ ਸਾਰੇ ਦੇਸ਼ਾਂ ਤੋਂ ਦੁਗਣਾ ਲੰਮਾ ਮੈਕਸੀਕੋ, ਉਸ ਦੇ ਕਹਿਣ ਅਨੁਸਾਰ ਪੈਦਲ, ਪਾਰ ਕਰਦਿਆਂ ਅਤੇ ਅੱਗੇ ਅਮਰੀਕਾ ਵਿਚ ਆਪਣੇ ਟਿਕਾਣੇ ਤਕ ਪੁਜਦਿਆਂ ਕਿੰਨੇ ਮਹੀਨੇ ਲੱਗੇ ਹੋਣਗੇ! ਬਿਲਕੁਲ ਓਪਰੇ ਮਾਹੌਲ ਵਿਚ ਜੇ ਉਹਦੇ ਖਾਣ-ਪੀਣ, ਰਾਤਾਂ ਕੱਟਣ ਆਦਿ ਦੀ ਗੱਲ ਰਹਿਣ ਵੀ ਦੇਈਏ, ਉਹ ਇਨ੍ਹਾਂ ਦੇਸ਼ਾਂ ਦੇ ਲੋਕਾਂ ਨਾਲ ਉਨ੍ਹਾਂ ਦੀਆਂ ਭਾਸ਼ਾਵਾਂ ਤੋਂ ਪੂਰੀ ਤਰ੍ਹਾਂ ਕੋਰਾ ਹੁੰਦਿਆਂ 'ਗੱਲਬਾਤ' ਕਿਵੇਂ ਕਰਦਾ ਹੋਵੇਗਾ! ਤੇ ਉਹ ਅਜਿਹਾ ਯਕੀਨੋਂ-ਬਾਹਰਾ ਸਿਰੜ ਦਿਖਾਉਣ ਵਾਲਾ ਇਕੱਲਾ ਹੀ ਨਹੀਂ ਸੀ,



*ਪੁਰਾਣੇ ਵੇਲਿਆਂ 'ਚ ਅਮਰੀਕਾ ਪਹੁੰਚੇ ਸਿੱਖ ਕਾਮੇ*

ਹੋਰ ਬਥੇਰੇ ਇਸੇ ਰਾਹ ਗਏ ਹੋਣਗੇ।

ਅਮਰੀਕਨਾਂ ਦੀ ਅੰਗਰੇਜ਼ੀ ਬਰਤਾਨਵੀ ਅੰਗਰੇਜ਼ੀ ਨਾਲੋਂ ਉਚਾਰਨ ਦੇ ਪੱਖੋਂ ਖਾਸੀ ਵੱਖਰੀ ਹੈ। ਅਸੀਂ ਭਾਰਤੀ ਲੋਕ ਤਾਂ ਬਰਤਾਨਵੀ ਅੰਗਰੇਜ਼ੀ ਦੇ ਆਦੀ ਹੁੰਦੇ ਹਾਂ। ਅਮਰੀਕਾ ਵਿਚ ਜਦੋਂ ਅਸੀਂ ਆਪਣੀ ਕਾਰ ਦਾ ਪੱਥ-ਪ੍ਰਦਰਸ਼ਕ ਯੰਤਰ ਜੀ.ਪੀ.ਐਸ. ਚਾਲੂ ਕੀਤਾ, ਉਹਨੇ ਪੁੱਛਿਆ, ਅਮਰੀਕੀ ਅੰਗਰੇਜ਼ੀ ਕਿ ਬਰਤਾਨਵੀ ਅੰਗਰੇਜ਼ੀ? ਅਮਰੀਕੀ ਅੰਗਰੇਜ਼ੀ ਦਾ ਅਨੁਭਵ ਮੈਨੂੰ ਵੀਜ਼ੇ ਵਾਲੀ ਖਿੜਕੀ ਅੱਗੇ ਖਲੋਂਦਿਆਂ ਹੀ ਹੋ ਗਿਆ ਸੀ। ਅਮਰੀਕੀ ਅਧਿਕਾਰੀ ਨੇ ਪੁੱਛਿਆ, "ਹਾਵਾਯੂਅਡੇ?" ਅੰਗਰੇਜ਼ੀ ਮਾਧਿਅਮ ਨਾਲ ਦੋ ਐਮ.ਏ. ਕੀਤੀਆਂ ਹੋਣ ਦੇ ਬਾਵਜੂਦ ਮੈਂ ਬੌਂਦਲ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਸਵਾਲ ਦੁਹਰਾਉਣ ਦੀ ਬੇਨਤੀ ਕਰਦਾ, ਮੈਨੂੰ ਅਚਾਨਕ ਸਮਝ ਆ ਗਈ, ਇਹ ਸ਼ਿਸ਼ਟਾਚਾਰ ਦੇ ਨਾਤੇ ਹਾਲ ਪੁੱਛਣ ਵਾਂਗ ਪੁੱਛਦਾ ਹੈ, 'ਹਾਉ ਵਾਜ਼ ਯੂਅਰ ਡੇ', ਭਾਵ ਤੁਹਾਡਾ ਦਿਨ ਕਿਵੇਂ ਰਿਹਾ। ਮੈਂ ਮੁਸਕਰਾਇਆ, 'ਆਲ ਇਜ਼ ਫਾਈਨ, ਥੈਂਕਯੂ...,' ਵਧੀਆ ਰਿਹਾ, ਧੰਨਵਾਦ।

ਮੇਰੀ ਇਹ ਉਤਸੁਕਤਾ ਹੋਰ ਤਿੱਖੀ ਹੋ ਗਈ ਕਿ ਅੰਗਰੇਜ਼ੀ, ਸਪੇਨੀ ਅਤੇ ਰਾਹ ਦੀਆਂ ਹੋਰ ਬੋਲੀਆਂ ਵਾਲਿਆਂ ਨਾਲ ਵਾਹ ਪਏ ਤੋਂ ਕੋਰੇ ਅਨਪੜ੍ਹ ਪੰਜਾਬੀ ਕੀ ਕਰਦੇ ਹੋਣਗੇ? ਮੈਨੂੰ ਕਈ ਦਹਾਕੇ ਪੁਰਾਣਾ ਉਹ ਟੋਟਕਾ ਚੇਤੇ ਆ ਗਿਆ ਜੋ ਸਾਡੇ ਸਕੂਲੀ ਅਧਿਆਪਕ ਨੇ ਫਾਰਸੀ ਵਿਚ ਸਾਡੀ ਦਿਲਚਸਪੀ ਜਗਾਉਣ ਲਈ ਸੁਣਾਇਆ ਸੀ। ਕੇਵਲ ਫਾਰਸੀ ਜਾਣਨ ਵਾਲੇ ਇਕ ਵਿਦੇਸ਼ੀ ਨੇ ਹਿੰਦੋਸਤਾਨ ਆ ਕੇ ਫਾਰਸੀ ਤੋਂ ਬਿਲਕੁਲ ਕੋਰੇ ਇਕ ਪੰਜਾਬੀ ਹਲਵਾਈ ਨੂੰ ਕੁਝ ਘੋਟਦਿਆਂ ਦੇਖ ਕੇ ਪੁੱਛਿਆ, 'ਈਂ ਚੀਸਤ?' (ਇਹ ਕੀ ਹੈ?) ਉਤਰ ਮਿਲਿਆ, ਪੀਠੀ ਪੀਸਤ। ਉਹਨੇ ਪੁੱਛਿਆ, 'ਚਿਹ ਮੇ ਗੋਈ?' (ਕੀ ਕਹਿੰਦੇ ਹੈਂ?); ਹਲਵਾਈ ਨੇ ਦੱਸਿਆ, ਤੇਲ ਮੈਂ ਡੁਬੋਈ। ਫ਼ਾਰਸੀਦਾਨ ਬੋਲਿਆ, 'ਬਾਜ਼ ਬਗੋ।' (ਫੇਰ ਦੱਸ!) ਹਲਵਾਈ ਮੁਸਕਰਾਇਆ, ਪੈਸੇ ਦੇ ਦੋ।

ਅਨਪੜ੍ਹ ਪੰਜਾਬੀ ਹੁਣ ਵੀ ਅਮਰੀਕਾ ਜਾਂਦੇ ਹਨ, ਖਾਸ ਕਰਕੇ ਪੁੱਤਾਂ-ਧੀਆਂ ਦੇ ਬੱਚਿਆਂ ਨੂੰ ਸੰਭਾਲਣ ਲਈ। ਪਹਿਲਾਂ ਉਨ੍ਹਾਂ ਦਾ ਕੰਮ ਆਪਣੇ ਟੱਬਰਾਂ ਦੇ ਅੰਗਰੇਜ਼ੀ ਜਾਣਦੇ ਜੀਆਂ ਦੇ ਸਹਾਰੇ ਚਲਦਾ ਰਹਿੰਦਾ ਹੈ। ਫੇਰ ਭਾਸ਼ਾ ਦੇ ਕੁਦਰਤੀ ਨੇਮ ਅਨੁਸਾਰ ਉਹ ਸ਼ਬਦ ਸ਼ਬਦ ਕਰਕੇ ਟੇਢੀ-ਵਿੰਗੀ ਅੰਗਰੇਜ਼ੀ ਬੋਲਣ ਤੇ ਸਮਝਣ ਲਗਦੇ ਹਨ। ਯੂਬਾ ਸਿਟੀ ਵਿਚ ਸਿੱਖਾਂ ਦੀ ਸਭ ਤੋਂ ਵੱਡੀ ਵਸੋਂ ਹੈ। ਗੁਰਦੁਆਰੇ ਵਿਚ ਅਤੇ ਪਾਰਕਾਂ ਵਿਚ ਬੁੜ੍ਹੇ-ਬੁੜ੍ਹੀਆਂ ਦੇਖ ਕੇ ਤੁਹਾਨੂੰ ਪੰਜਾਬ ਵਿਚ ਹੋਣ ਦਾ ਭੁਲੇਖਾ ਪੈ ਜਾਂਦਾ ਹੈ। ਪਤਾ ਲਗਿਆ ਕਿ ਉਥੇ ਕੁਝ ਲੋਕ ਅਜਿਹੇ ਹਨ, ਜੋ ਸਾਲਾਂ ਤੋਂ ਰਹਿੰਦੇ ਹੋਣ ਦੇ ਬਾਵਜੂਦ ਅੰਗਰੇਜ਼ੀ ਸਿਖਣ ਦੀ ਲੋੜ ਨਹੀਂ ਸਮਝਦੇ। ਉਨ੍ਹਾਂ ਦਾ ਕੰਮ ਪੰਜਾਬੀਆਂ ਨਾਲ ਵਾਹ ਰੱਖ ਕੇ ਹੀ ਸਰ ਜਾਂਦਾ ਹੈ।

ਉਥੇ ਅਨੇਕ ਪੰਜਾਬੀ ਦੁਕਾਨਾਂ ਹਨ। ਇਕ ਦੁਕਾਨ ਹਿੰਦੀ ਦੇ ਨਾਲ ਹੀ ਪੰਜਾਬੀ ਕੈਸਿਟਾਂ ਤੇ ਸੀਡੀਆਂ ਦੀ ਭਰੀ ਹੋਈ ਸੀ। ਯੂਬਾ ਸਿਟੀ ਵਿਚ ਹੀ ਮੈਂ ਇਕ ਦੁਕਾਨ ਦੇ ਬਾਹਰ ਤਿੰਨ ਕਮਰਿਆਂ ਦਾ ਮਕਾਨ ਕਿਰਾਏ ਲਈ ਖਾਲੀ ਹੋਣ ਸਬੰਧੀ ਪੰਜਾਬੀ ਵਿਚ ਹੱਥ ਨਾਲ ਲਿਖਿਆ ਹੋਇਆ ਇਸ਼ਤਿਹਾਰ ਚੇਪਿਆ ਦੇਖਿਆ। ਬੱਸ ਇਕ ਹੋਰ ਥਾਂ ਪੰਜਾਬੀ ਅੱਖਰ ਮੈਨੂੰ ਲਾਸ ਏਂਜਲਸ ਵਿਚ ਦਿਸੇ ਸਨ। ਉਥੇ 'ਆਰਟੀਜ਼ੀਆ' ਨਾਂ ਦਾ ਲੰਮਾ-ਚੌੜਾ, ਖੁੱਲ੍ਹਾ, ਮੋਕਲਾ ਨਿਰੋਲ ਭਾਰਤੀ ਬਾਜ਼ਾਰ ਹੈ। ਬਜਾਜਾਂ, ਸੁਨਿਆਰਿਆਂ, ਹਲਵਾਈਆਂ, ਪਨਸਾਰੀਆਂ, ਕਰਿਆਨੇ ਵਾਲਿਆਂ ਆਦਿ ਦੀਆਂ ਸ਼ਾਨਦਾਰ ਦੁਕਾਨਾਂ। ਉਤਰੀ ਤੇ ਦੱਖਣੀ ਭਾਰਤੀ ਰੈਸਟੋਰੈਂਟ। ਇਕ ਰੈਸਟੋਰੈਂਟ ਦੇ ਮੱਥੇ ਉਤੇ ਅਤੇ ਬੂਹਿਆਂ ਦੇ ਸ਼ੀਸ਼ਿਆਂ ਉਤੇ ਲਿਖੇ ਸ਼ਬਦਾਂ ਵੱਲ ਨਜ਼ਰ ਆਪੇ ਖਿਚੀ ਗਈ। ਪੰਜਾਬੀ ਵਿਚ ਲਿਖਿਆ ਹੋਇਆ ਸੀ, ਅੰਬਾਲਾ ਢਾਬਾ। ਮੈਂ ਹੈਰਾਨ ਹੋਇਆ, ਏਨੇ ਖ਼ੂਬਸੂਰਤ ਪੰਜਾਬੀ ਅੱਖਰ ਲਿਖਣ ਵਾਲਾ ਪੇਂਟਰ ਇਥੇ ਕਿਥੋਂ ਲੱਭ ਪਿਆ!

ਹੁਣ ਆਵਾਸੀ ਪੰਜਾਬੀ ਜਿਥੇ ਆਪ ਅੰਗਰੇਜ਼ੀ ਵਿਚ ਤਾਕ ਹੋਣ ਦਾ ਯਤਨ ਕਰਦੇ ਹਨ, ਨਾਲ ਹੀ ਅੰਗਰੇਜ਼ੀ ਦੇ ਭਾਸ਼ਾਈ ਮਾਹੌਲ ਵਿਚ ਪਲ ਰਹੇ ਆਪਣੇ ਬੱਚਿਆਂ ਨੂੰ ਘਰਾਂ ਵਿਚ ਪੰਜਾਬੀ ਨਾਲ ਜੋੜਨ ਲਈ ਵੀ ਵਾਹ ਲਾਉਂਦੇ ਹਨ। ਇਸ ਤੋਂ ਇਲਾਵਾ ਗੁਰਦੁਆਰਿਆਂ ਵਿਚ ਵੀ ਪੰਜਾਬੀ ਸਿਖਾਈ ਜਾਂਦੀ ਹੈ। ਵੈਸੇ ਇਹ ਯਤਨ ਬਹੁਤੇ ਸਫਲ ਨਹੀਂ ਹੁੰਦੇ। ਅੰਗਰੇਜ਼ੀ ਦੇ ਠਾਠਾਂ ਮਾਰਦੇ ਸਮੁੰਦਰ ਵਿਚ ਪੰਜਾਬੀ ਦੀ ਨਦੀ ਦਾ ਆਪਣਾ ਵੱਖਰਾ ਵਜੂਦ ਬਣੇ ਰਹਿਣਾ ਅਸੰਭਵ ਸਿੱਧ ਹੁੰਦਾ ਹੈ। ਭਾਸ਼ਾ ਦੇ ਚਾਰ ਪੱਖ ਹੁੰਦੇ ਹਨ- ਸਮਝਣਾ, ਬੋਲਣਾ, ਪੜ੍ਹਨਾ ਤੇ ਲਿਖਣਾ। ਉਧਰ ਜੰਮੇ ਜਾਂ ਨਿਆਣੀ ਉਮਰੇ ਇਧਰੋਂ ਗਏ ਬੱਚੇ, ਪੰਜਾਬੀ ਮੋਟੇ ਤੌਰ ਉਤੇ ਸਮਝ ਲੈਂਦੇ ਹਨ, ਰੁਕ ਰੁਕ ਕੇ ਬੋਲ ਲੈਂਦੇ ਹਨ, ਪਰ ਪੜ੍ਹਨ ਤੇ ਲਿਖਣ ਦੀ ਲੋੜ ਨਾ ਹੋਣ ਕਾਰਨ ਇਨ੍ਹਾਂ ਪੱਖਾਂ ਤੋਂ ਊਣੇ ਰਹਿ ਜਾਂਦੇ ਹਨ। ਉਨ੍ਹਾਂ ਤੋਂ ਅਗਲੀ ਪੀੜ੍ਹੀ ਨਿਸਚੇ ਹੀ ਚਾਰੇ ਪੱਖਾਂ ਤੋਂ ਪੰਜਾਬੀ ਨਾਲੋਂ ਟੁੱਟੀ ਹੋਈ ਹੋਵੇਗੀ।

**(ਚਲਦਾ)**

---

# ਖ਼ੁਸ਼ਬੂ

*(ਪਿਛਲੇ ਸਫੇ ਤੋਂ ਜਾਰੀ)*

(ਪਿਛਲੇ ਸਫੇ ਤੋਂ ਜਾਰੀ)

ਸਾਡੀਆਂ ਜੂਹਾਂ 'ਚ?' ਮੈਂ ਉਹਨੂੰ ਗਲਵਕੜੀ 'ਚ ਲੈਂਦਿਆਂ ਸੰਖੇਪ ਵਿਚ ਹਨੀਫ਼ਾਂ ਬਾਰੇ ਦੱਸਿਆ। ਹਨੀਫ਼ਾਂ ਨੇ ਕਿਹਾ, 'ਮੇਰਾ ਖ਼ਿਆਲ ਐ ਏਹੋ ਘਰ ਐ ਜਿੱਥੇ ਅਟਾਰੀ ਵਿਚ ਆਪਾਂ ਆਖਰੀ ਦੋ ਸਾਲ ਗੁਜ਼ਾਰੇ।' ਅਮਰਜੀਤ ਸਾਨੂੰ ਅੰਦਰ ਲੈ ਗਿਆ। ਯਾਦਾਂ ਦੀ ਪਟਾਰੀ ਇਕ ਵਾਰ ਫਿਰ ਖੁੱਲ੍ਹ ਗਈ। ਹਨੀਫ਼ਾਂ ਨੇ ਪੁਰਾਣੇ ਕਮਰੇ ਖੁਲ੍ਹਵਾ ਕੇ ਵੇਖੇ। ਦਰਵਾਜ਼ਿਆਂ ਤੇ ਖਿੜਕੀਆਂ ਦੇ ਸ਼ੀਸ਼ਿਆਂ ਦੇ ਰੰਗ ਤੱਕ ਯਾਦ ਸਨ ਉਸ ਨੂੰ। ਛੱਤ ਉਪਰ ਜਾ ਕੇ ਉਹ ਸਾਹਮਣੇ ਚੁਬਾਰੇ ਵੱਲ ਵੇਖਣ ਲੱਗੀ ਜਿਸ ਦੀਆਂ ਮਮਟੀਆਂ ਤੇ ਜਾਲੀਦਾਰ ਰੋਸ਼ਨਦਾਨ ਆਖਰੀ ਸਾਹਾਂ 'ਤੇ ਸਨ। 'ਇਕ ਚੈਪਟਰ ਮੇਰੇ ਨਾਵਲ ਦਾ ਇਥੇ ਵੀ ਖੁੱਲ੍ਹਦਾ ਏ, ਯਾਦ ਈ?' ਉਹ ਬੋਲੀ। ਮੈਂ ਆਪਣੀ ਯਾਦਾਸ਼ਤ 'ਤੇ ਜ਼ੋਰ ਪਾਇਆ, 'ਕਿਹੜਾ ਭਲਾ?'

'ਜਦੋਂ ਸਰਗਮ ਨੂੰ ਜ਼ਿਮੀਦਾਰਾਂ ਦਾ ਮੁੰਡਾ ਚੁਬਾਰੇ 'ਤੇ ਖਲੋ ਕੇ ਵੇਂਹਦਾ ਏ। ਏਸ ਛੱਤ ਤੇ ਖਲੋਂਦੀ ਹੁੰਦੀ ਸਾਂ ਮੈਂ ਤੇ ਉਹ ਔਸ ਚੁਬਾਰੇ ਦੀ ਛੱਤ ਉਤੇ। ਉਹ ਮੇਰੇ ਵੱਲ ਤੱਕਦਾ ਸੀ। ਸਿਖ਼ਰ ਦੁਪਹਿਰੇ, ਕਦੇ ਵਰ੍ਹਦੇ ਮੀਂਹ ਵਿਚ। ਮੈਨੂੰ ਉਹ ਪਾਗਲ ਲੱਗਦਾ ਸੀ। ਇਕ ਦਿਨ ਉਸ ਨੇ ਆਪਣੀ ਭੈਣ ਹੱਥ ਮੇਰੇ ਲਈ ਇਕ ਮੁੰਦਰੀ ਘੱਲੀ। ਮੈਨੂੰ ਗੁੱਸਾ ਚੜ੍ਹ ਗਿਆ ਤੇ ਮੈਂ ਉਸ ਨੂੰ ਭਜਾ ਦਿੱਤਾ।' ਮਹਿਕ ਦਾ ਕੋਈ ਬੁੱਲਾ ਸਾਡੇ ਲਾਗੋਂ ਗੁਜ਼ਰਿਆ। ਕੁਝ ਚਿਰ ਅਸੀਂ ਸੁੰਨ ਜਿਹੇ ਖਲੋਤੇ ਰਹੇ। ਫਿਰ ਅਮਰਜੀਤ ਬੋਲਿਆ, 'ਜ਼ਰਾ ਦੱਸੋ ਤਾਂ ਉਹ ਕੌਣ ਸੀ?'

'ਸਰੂਪ ਸੀ ਨਾਂ ਉਹਦਾ।' ਇਸ ਵਾਰ ਹਨੀਫ਼ਾਂ ਨੂੰ ਦਿਮਾਗ਼ 'ਤੇ ਕੋਈ ਜ਼ੋਰ ਨਾ ਪਾਉਣਾ ਪਿਆ। ਅਮਰਜੀਤ ਨੇ ਕਿਹਾ, 'ਇਹ ਮਕਾਨ ਸਰੂਪ ਸਿਹੁੰ ਨੰਬਰਦਾਰ ਦਾ ਈ ਐ ਜੀ। ਹੁਣ ਉਨ੍ਹਾਂ ਨੇ ਬਾਹਰ ਕੋਠੀ ਪਾ ਲਈ ਆ।' ਮਾਹੌਲ ਦੀ ਰੁਮਾਂਚਿਕਤਾ ਵੇਖ ਅਮਰਜੀਤ ਨੇ ਕਿਹਾ, 'ਜੇ ਆਖੋ ਤਾਂ ਲੱਭਾਂ ਤਾਏ ਸਰੂਪ ਸਿਹੁੰ ਨੂੰ।' ਹਨੀਫ਼ਾਂ ਨੇ ਖੁਸ਼ ਤਬੀਅਤ ਹੋ ਕੇ ਕਿਹਾ, 'ਹੋ ਜਾਏ।'

ਆਪਣੀ ਪਤਨੀ ਨੂੰ ਚਾਹ ਬਣਾਉਣ ਲਈ ਆਖ ਉਹ ਸਕੂਟਰ ਫੜ ਕੇ ਘਰੋਂ ਨਿਕਲ ਗਿਆ। ਹਨੀਫ਼ਾਂ ਦੱਸ ਰਹੀ ਸੀ, 'ਉਹਦੀਆਂ ਭੈਣਾਂ ਮੇਰੀਆਂ ਸਹੇਲੀਆਂ ਸਨ। ਕਦੇ ਕਦਾਈ ਉਧਰ ਜਾਂਦੀ ਸਾਂ ਮੈਂ। ਉਹ ਮੇਰੇ ਵੱਲ ਵੇਖਦਾ ਤਾਂ ਮੈਂ ਘੂਰੀਆਂ ਵੱਟਦੀ। ਘਰ ਨਾ ਹੁੰਦਾ ਤਾਂ ਐਵੇਂ ਖਾਲੀ ਖਾਲੀ ਜਿਹਾ ਲੱਗਦਾ। ਅਜੀਬ ਸੀ ਇਹ ਅੱਲ੍ਹੜ ਵਰੇਸ ਵੀ। ਉਹ ਮੇਰੇ ਤੋਂ ਡਰਦਾ ਵੀ ਸੀ। ਮੇਰੇ ਦਾਰ ਜੀ ਤੋਂ ਤਾਂ ਬਹੁਤ।'

'ਕਿਸੇ ਸਾਂਝ ਦਾ ਮੁੱਢ ਬੱਝਾ ਵੀ?' ਮੈਂ ਪੁੱਛਿਆ।

'ਬੱਸ ਇਕ ਡੇਢ ਸਾਲ। ਛਿਆਲੀ ਵਿਚ ਦਾਰ ਜੀ ਦੀ ਬਦਲੀ ਲਾਇਲਪੁਰ ਹੋਈ। ਸਾਲ ਭਰ ਉਥੇ ਰਹੇ। ਜਦੋਂ ਹੱਲੇ ਸ਼ੁਰੂ ਹੋਏ, ਦਾਰ ਜੀ ਫ਼ਸਾਦ ਰੋਕਦੇ ਕਤਲ ਹੋ ਗਏ। ਜਿਸ ਕਾਫ਼ਲੇ ਵਿਚ ਅਸੀਂ ਨਿਕਲ ਰਹੇ ਸਾਂ, ਉਸ 'ਤੇ ਹਮਲਾ ਹੋ ਗਿਆ। ਮੈਨੂੰ ਬਚਾਉਂਦਿਆਂ ਮਾਂ ਮਾਰੀ ਗਈ ਤੇ ਮੈਂ...।' ਹਨੀਫ਼ਾਂ ਖ਼ਲਾਅ ਨੂੰ ਘੂਰਨ ਲੱਗੀ। ਚਾਹ ਮੁੱਕਣ 'ਤੋਂ ਪਹਿਲਾਂ ਅਮਰਜੀਤ ਇਕ ਦਾਨੇ ਪ੍ਰਧਾਨੇ ਬਜ਼ੁਰਗ ਸ਼ਖ਼ਸ ਨੂੰ ਲੈ ਆਇਆ। ਉਸ ਨੇ ਬੜੇ ਅਦਬ ਨਾਲ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹੀ। ਉਹਦੇ ਸਤਿਕਾਰ ਵਜੋਂ ਹਨੀਫ਼ਾਂ ਖਲੋ ਗਈ ਤੇ ਬੋਲੀ, 'ਪਛਾਣੋਂ ਤਾਂ ਕੌਣ ਆਂ ਮੈਂ?'

'ਤੁਸੀਂ ਜੀਤਾਂ, ਪਛਾਣ ਲਿਆ ਮੈਂ।' ਸਮੇਂ ਦੀ ਧੁੰਦ ਵਿਚ ਗੁਆਚੀਆਂ ਤਸਵੀਰਾਂ ਜਿਵੇਂ ਚਾਣਚੱਕ ਪ੍ਰਗਟ ਹੋ ਗਈਆਂ ਹੋਣ। ਨਿੱਕੇ ਨਿੱਕੇ ਸੁਆਲ, ਘਰਾਂ ਪਰਿਵਾਰਾਂ ਦੀ ਖ਼ੈਰ ਸੁੱਖ, ਜੀਵਨ ਦੇ ਰੰਗ ਢੰਗ ਤੇ ਬਦਲੇ ਮਾਹੌਲ ਦੀਆਂ ਗੱਲਾਂ ਨੇ ਘੇਰਾ ਘੱਤ ਲਿਆ। ਸਮੇਂ ਤੇ ਸਥਾਨ ਦਾ ਫ਼ਾਸਲਾ ਪਲਾਂ ਛਿਣਾਂ ਵਿਚ ਮੁੱਕ ਗਿਆ ਜਿਵੇਂ। ਹਨੀਫ਼ਾਂ ਬੋਲੀ, 'ਯਾਦ ਜੇ ਤੁਸਾਂ ਮੇਰੇ ਲਈ ਮੁੰਦਰੀ ਭੇਜੀ ਸੀ ਤੇ ਮੈਂ ਮੋੜ ਦਿੱਤੀ ਸੀ। ਲਿਆਓ, ਦੇ ਦਿਓ ਹੁਣ। ਅੱਜ ਮੈਂ ਉਹ ਮੁੰਦਰੀ ਲੈਣ ਆਈ ਆਂ।'

ਖਿੜੇ ਹੋਏ ਰੋਹਬਦਾਰ ਚਿਹਰੇ 'ਤੇ ਸ਼ਰਮਿੰਦਗੀ ਜਿਹੀ ਦੀ ਬੱਦਲੀ ਉਮਡ ਆਈ। ਉਹ ਬੋਲਿਆ, 'ਉਹ ਬਚਪਨ ਦੀਆਂ ਗੱਲਾਂ ਸੀਗੀਆਂ ਭੈਣ ਜੀ।' ਪਰ ਹਨੀਫ਼ਾਂ ਠਹਾਕਾ ਲਾ ਕੇ ਹੱਸੀ। ਫ਼ਿਜ਼ਾ ਤਾਂ ਪਹਿਲਾਂ ਹੀ ਸੁਗੰਧਤ ਹੋਈ ਪਈ ਸੀ। ਹਾਸਿਆਂ ਤੇ ਕਹਿਕਹਿਆਂ ਨੇ ਇਸ ਦੀ ਖ਼ੁਸ਼ਬੂ ਹੋਰ ਸੰਘਣੀ ਕਰ ਦਿੱਤੀ। ਸਰੂਪ ਸਿਹੁੰ ਕੁਝ ਚਿਰ ਲਈ ਘਰ ਲਿਜਾਣਾ ਚਾਹੁੰਦਾ ਸੀ ਪਰ ਦਿਨ ਬਹੁਤ ਹੇਠਾਂ ਚਲਾ ਗਿਆ ਸੀ। ਸਾਨੂੰ ਵਾਪਸ ਪਰਤਣ ਦੀ ਕਾਹਲ਼ੀ ਸੀ। ਕਾਹਲੀ ਵੀ ਸੀ ਤੇ ਮਜਬੂਰੀ ਵੀ।

ਮੇਨ ਬਾਜ਼ਾਰ ਦੇ ਉਸ ਖੁੱਲ੍ਹੇ ਜਿਹੇ ਪਲਾਟ ਸਾਹਮਣੇ ਜਿੱਥੇ ਸਾਡੀ ਕਾਰ ਖਲੋਤੀ ਸੀ, ਰੁਕਦਿਆਂ ਸਰੂਪ ਸਿਹੁੰ ਨੇ ਤਰਲਾ ਜਿਹਾ ਲਿਆ, 'ਜੇ ਘਰ ਨਹੀਂ ਚੱਲਣਾ ਤਾਂ ਮੇਰੇ ਵੱਲੋਂ ਕੋਈ ਚੀਜ਼ ਹੀ ਤੁਹਫ਼ੇ ਵਜੋਂ ਲੈ ਲਓ, ਦੱਸੋ ਕੀ ਲੈ ਕੇ ਦਿਆਂ?' ਹਨੀਫ਼ਾਂ ਨੇ ਸੱਜੇ-ਖੱਬੇ ਇਕ ਸਿਰੇ ਤੋਂ ਦੂਜੇ ਤੱਕ ਬਾਜ਼ਾਰ ਨੂੰ ਵੇਖਿਆ। ਸਾਹਮਣੀ ਦੁਕਾਨ 'ਤੇ ਠੱਕ ਠੱਕ ਕਰ ਰਹੇ ਠਠਿਆਰ ਵੱਲ ਵੇਖ ਕੇ ਬੋਲੀ, 'ਚਲੋ, ਤਵਾ ਲੈ ਦਿਓ ਇਕ।'

'ਤਵਾ?' ਮੇਰੇ ਤੇ ਅਮਰਜੀਤ ਦੇ ਮੂੰਹੋਂ ਇਕੱਠਾ ਨਿਕਲਿਆ। 'ਤਵਾ ਕੀ ਸ਼ੈਅ ਹੋਈ ਭੈਣ ਜੀ।' ਸਰੂਪ ਸਿਹੁੰ ਨੇ ਵੀ ਕਿਹਾ।

'ਤੁਸਾਂ ਮੈਨੂੰ ਪੁੱਛਿਆ ਤੇ ਮੈਂ ਦੱਸ ਦਿੱਤਾ, ਅੱਗੇ ਤੁਹਾਡੀ ਇੱਛਾ।' ਹਨੀਫ਼ਾਂ ਨੇ ਕਿਹਾ। ਸਰੂਪ ਸਿਹੁੰ ਨੇ ਠਠਿਆਰ ਨੂੰ ਸੈਨਤ ਨਾਲ ਸੱਦਿਆ ਤੇ ਕਿਹਾ ਕਿ ਸਭ ਤੋਂ ਵਧੀਆ ਤਵਾ ਲਿਆ ਕੇ ਦੇਵੇ। ਸਰੂਪ ਸਿਹੁੰ ਨੇ ਅਖ਼ਬਾਰ ਵਿਚ ਲਪੇਟਿਆ ਤਵਾ ਹਨੀਫ਼ਾਂ ਨੂੰ ਫੜਾਇਆ। ਉਸ ਨੇ ਮੱਥੇ ਨੂੰ ਛੂਹਾ ਕੇ ਸਵੀਕਾਰ ਕੀਤਾ।

'ਫੇਰ ਵੀ ਕਦੇ ਆਉਣਾ।' ਸਰੂਪ ਸਿਹੁੰ ਦੀਆਂ ਅੱਖਾਂ ਕਿਸੇ ਵਿਸਮਾਦ ਵਿਚ ਰੰਗੀਆਂ ਹੋਈਆਂ ਸਨ। ਫਿਰ ਇਕ ਚੁੱਪ ਸੀ। ਬੋਝਲ ਜਿਹੀ। ਇਕ ਦੂਜੇ ਕੋਲੋਂ ਵਿਦਾਇਗੀ। ਕਾਰ ਅਗਾਂਹ ਖਿਸਕੀ ਤੇ ਮੇਨ ਬਾਜ਼ਾਰ ਮੁੱਕ ਗਿਆ। ਅਟਾਰੀ ਪਿੱਛੇ ਰਹਿ ਗਿਆ।

ਯਾਦਾਂ ਦੀ ਤੰਦ-ਤਾਣੀ ਉਲਝ ਗਈ ਕਿ ਸੁਲਝ ਗਈ ਇਸ ਦਾ ਫ਼ੈਸਲਾ ਅਸੀਂ ਕਰ ਨਾ ਪਾਏ। ਸੁਨਹਿਰੀ ਫਰੇਮ ਵਾਲੀ ਐਨਕ ਦੇ ਹੇਠੋਂ ਹਨੀਫ਼ਾਂ ਦੁਪੱਟੇ ਦੇ ਪੱਲੇ ਨਾਲ ਕੁਝ ਸਾਫ਼ ਕਰ ਰਹੀ ਸੀ। ਉਹ ਮੇਰੇ ਕੋਲੋਂ ਕੁਝ ਲੁਕਾ ਰਹੀ ਸੀ, ਜਾਂ ਮੈਂ ਸਭ ਕੁਝ ਵੇਖਦਾ ਅਣਡਿੱਠ ਕਰ ਰਿਹਾ ਸਾਂ, ਇਸ ਦਾ ਵੀ ਨਹੀਂ ਸੀ ਪਤਾ।

# ਪੰਜਾਬੀ ਸੱਭਿਆਚਾਰ ਦੀਆਂ ਕੂਲ੍ਹਾ-ਖੇਡ ਗੀਤ

**ਲੋਕ ਸਭਿਆਚਾਰ**

ਲੋਕ ਸਾਹਿਤ ਆਦਿ ਕਾਲ ਤੋਂ ਹੀ ਜਨ ਸਾਧਾਰਨ ਲਈ ਮਨੋਰੰਜਨ ਦਾ ਵਿਸ਼ੇਸ਼ ਸਾਧਨ ਹੀ ਨਹੀਂ ਰਿਹਾ ਬਲਕਿ ਇਹ ਉਨ੍ਹਾਂ ਦੇ ਜੀਵਨ ਦੀ ਅਗਵਾਈ ਵੀ ਕਰਦਾ ਰਿਹਾ ਹੈ। ਮਨੁੱਖ ਦੇ ਜਨਮ ਦੇ ਨਾਲ ਹੀ ਇਸ ਦਾ ਜਨਮ ਹੁੰਦਾ ਹੈ। ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ-ਸਹਿਜ ਕਰਮ ਹੈ। ਬੱਚੇ ਦੇ ਜੰਮਦਿਆਂ ਸਾਰ ਹੀ ਖੇਡ ਪ੍ਰਕ੍ਰਿਆ ਅਰੰਭ ਹੋ ਜਾਂਦੀ ਹੈ-ਉਹ ਹੱਥ ਪੈਰ ਮਾਰਨਾ ਸ਼ੁਰੂ ਕਰ ਦਿੰਦਾ ਹੈ। ਬੱਚੇ ਪੰਜ-ਸਤ ਵਰ੍ਹਿਆਂ ਦੀ ਉਮਰ ਵਿਚ ਖੇਡਣ ਵਿਚ ਐਨੇ ਰੁੱਝ ਜਾਂਦੇ ਹਨ ਕਿ ਉਨ੍ਹਾਂ ਨੂੰ ਖਾਣ-ਪੀਣ ਦੀ ਸੁਰਤ ਵੀ ਨਹੀਂ ਰਹਿੰਦੀ। ਇਹ ਖੇਡ ਰੁਚੀਆਂ ਹੀ ਮਨੁੱਖ



ਸੁਖਦੇਵ ਮਾਦਪੁਰੀ
ਫੋਨ: 91-94630-34472

ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਵਿਮਸ ਦੀਆਂ ਸੂਚਕ ਹਨ।

ਬੱਚਿਆਂ ਵਿਚ ਸਦਭਾਵਨਾ, ਨੇਕ ਨੀਅਤੀ, ਈਮਾਨਦਾਰੀ, ਅਨੁਸ਼ਾਸਨ, ਇਨਸਾਫ, ਸਹਿਣਸ਼ੀਲਤਾ, ਤਿਆਗ, ਸਾਹਸ, ਸਬਰ ਸੰਤੋਖ, ਆਤਮ ਵਿਸ਼ਵਾਸ, ਏਕਤਾ, ਸਹਿਯੋਗ ਅਤੇ ਭਾਈਵਾਲੀ ਜਿਹੇ ਨੈਤਿਕ ਗੁਣ ਇਨ੍ਹਾਂ ਖੇਡਾਂ ਰਾਹੀਂ ਪ੍ਰਵੇਸ਼ ਕਰਦੇ ਹਨ। ਉਨ੍ਹਾਂ ਖੇਡਦਿਆਂ-ਮਲਦਿਆਂ ਅਨੇਕਾਂ ਲੋਕ ਗੀਤਾਂ ਦੀ ਸਿਰਜਣਾ ਕੀਤੀ ਹੈ ਜੋ ਬਾਲ ਮਨਾਂ ਦੀਆਂ ਆਸਾਂ, ਭਾਵਨਾਵਾਂ ਅਤੇ ਕਲਪਨਾਵਾਂ ਦਾ ਪ੍ਰਗਟਾਵਾ ਕਰਦੇ ਹਨ। ਖੇਡਣ ਸਮੇਂ ਗਾਏ ਜਾਂਦੇ ਲੋਕ ਗੀਤਾਂ ਨੂੰ ਖੇਡ ਗੀਤ ਕਿਹਾ ਜਾਂਦਾ ਹੈ।

ਬਾਲਾਂ ਦਾ ਖੇਡ ਸ਼ਾਸਤਰ ਬੜਾ ਨਿਆਰਾ ਹੈ। ਖੇਡਣ ਲਈ ਕੋਈ ਬੱਚਾ ਕਿਸੇ ਦੇ ਘਰ ਸੱਦਣ ਲਈ ਨਹੀਂ ਜਾਂਦਾ ਬਲਕਿ ਗਲੀ-ਗੁਆਂਢ ਵਿਚ ਹੀ ਕਿਸੇ ਮੋਕਲੀ ਥਾਂ 'ਤੇ ਖਲੋ ਕੇ ਕੋਈ ਜਣਾ ਉਚੀ ਆਵਾਜ਼ ਵਿਚ ਹੋਕਾ ਦਿੰਦਾ ਹੈ,



ਪਿਠੂ ਲਾਉਣਾ

ਦੋ ਲਕੜੀਆਂ ਦੇ ਕਾਨੇ
ਆ ਜੋ ਮੁੰਡਿਓ ਕਿਸੇ ਬਹਾਨੇ।

ਕੁੜੀਆਂ ਵੀ ਕਿਸੇ ਬੰਨੇ ਤੋਂ ਆਵਾਜ਼ ਬੁਲੰਦ ਕਰਦੀਆਂ ਹਨ,

ਤੱਤਾ ਖੁਰਚਣਾ ਜੰਗ ਜਲੇਬੀ
ਆ ਜੋ ਕੁੜੀਓ ਖੇਡੀਏ।
ਹੋਰ
ਪਿੱਤਲ ਦੀ ਛਾਨਣੀ ਪਿੱਤਲ ਦਾ ਰੋੜ
ਇਜਰਾ ਦੀ ਅੰਮੀ ਇਜਰਾ ਨੂੰ ਤੋਰ
ਪਿੱਤਲ ਦੀ ਛਾਨਣੀ ਪਿੱਤਲ ਦਾ ਰੋੜ
ਸਾਰੇ ਲੋਕੀਂ ਖੇਡਦੇ ਇਜਰਾ ਬੇਬੇ ਕੋਲ।

ਕਿਧਰੇ ਕੁੜੀਆਂ ਦੀ ਟੋਲੀ ਰਲ ਕੇ ਗਾ ਉਠਦੀ ਹੈ,

ਆਓ ਭੈਣੋਂ ਖੇਡੀਏ
ਖੇਡਣ ਵੇਲਾ ਹੋਇਆ
ਰੋਟੀ ਕੌਣ ਪਕਾਊਗਾ?
ਹੀਰਾ
ਹੀਰੇ ਦੀ ਮੈਂ ਭਾਣਜੀ
ਸੱਭੇ ਗੱਲਾਂ ਜਾਣਦੀ
ਇੱਕ ਗੱਲ ਭੁਲਗੀ
ਬਰੋਟੇ ਵਾਂਗੂ ਫੁਲਗੀ।

ਬੱਚੇ ਆਮ ਕਰਕੇ ਛੂਹਣ ਵਾਲੀਆਂ ਖੇਡਾਂ ਖੇਡਦੇ ਹਨ। ਬੁੱਢੀ ਮਾਈ, ਭੰਡਾਂ-ਭੰਡਾਰੀਆ, ਊਠਕ-ਬੈਠਕ, ਊਚ-ਨੀਚ, ਕੋਟਲਾ-ਛਪਾਕੀ, ਦਾਈਆਂ-ਦੂਹਕੜੇ, ਪੀਚੋ-ਬੱਕਰੀ, ਪਿਠੂ ਅਤੇ ਅੱਡੀ-ਛੜੱਪਾ ਆਦਿ ਇਨ੍ਹਾਂ ਦੀਆਂ ਪਿਆਰੀਆਂ ਖੇਡਾਂ ਹਨ। ਖੇਡਣ ਸਮੇਂ ਕਿਸੇ ਨਾ ਕਿਸੇ ਨੇ ਦਾਈ ਜਾਂ ਪਿੱਤ ਦੇਣੀ ਹੁੰਦੀ ਹੈ। ਸਭ ਤੋਂ ਪਹਿਲੀ ਦਾਈ ਕੌਣ ਦੇਵੇ। ਇਸ ਕਾਰਜ ਲਈ ਪੁੱਗਣ ਦਾ ਨਿਯਮ ਹੈ। ਖੇਡਣ ਵਾਲੇ ਸਾਰੇ ਬੱਚੇ ਇੱਕ ਗੋਲ ਚੱਕਰ ਬਣਾ ਕੇ ਖੜੇ ਹੋ ਜਾਂਦੇ ਹਨ। ਇੱਕ ਜਣਾ ਇੱਕਲੇ-ਇੱਕਲੇ ਬੱਚੇ ਦੀ ਛਾਤੀ 'ਤੇ ਉਂਗਲ ਛੂਹਾਂਦਾ ਹੋਇਆ ਇਹ ਛੰਦ ਉਚਾਰਦਾ ਹੈ,

ਈਂਗਣ ਮੀਂਗਣ
ਤਲੀ ਤਲੀਂਗਣ
ਕਾਲਾ ਪੀਲਾ ਡੱਕਰਾ
ਗੁੜ ਖਾਵਾਂ ਬੇਲ ਵਧਾਵਾਂ,
ਮੂਲੀ ਪੱਤਰਾ
ਪੱਤਰਾਂ ਵਾਲੇ ਘੋੜੇ ਆਏ
ਹੱਥ ਕੁਤਾੜੀ ਪੈਰ ਕੁਤਾੜੀ
ਨਿੱਕਲ ਬਾਲਿਆ ਤੇਰੀ ਬਾਰੀ।

ਆਖਰੀ ਸ਼ਬਦ 'ਤੇ ਉਂਗਲ ਲਗਣ ਵਾਲਾ ਪੁਗ ਜਾਂਦਾ ਹੈ। ਇਸ ਤਰ੍ਹਾਂ ਵਾਰ-ਵਾਰ ਇਹ ਛੰਦ ਬੋਲਿਆ ਜਾਂਦਾ ਹੈ। ਇਸ ਰੀਤੀ ਅਨੁਸਾਰ ਜਦੋਂ ਸਾਰੇ ਬੱਚੇ ਪੁੱਗ ਜਾਂਦੇ ਹਨ ਤੇ ਜਿਹੜਾ ਬੱਚਾ ਪੁੱਗਣੋਂ ਰਹਿ ਜਾਂਦਾ ਹੈ, ਉਹਦੇ ਸਿਰ ਦਾਈ ਆ ਜਾਂਦੀ ਹੈ। ਦਾਈ ਦੇ ਸਥਾਨਕ ਤੌਰ 'ਤੇ ਨਾਂ ਮੀਤੀ ਅਤੇ ਪਿੱਤ ਹਨ। ਪੁੱਗਣ ਦੀ ਰੀਤ ਸਮੇਂ ਕਈ ਹੋਰ ਲੋਕ ਗੀਤ ਵੀ ਗਾਏ ਜਾਂਦੇ ਹਨ। ਹਰ ਇਲਾਕੇ ਦੇ ਆਪਣੇ-ਆਪਣੇ ਗੀਤ ਪ੍ਰਚਲਿਤ ਹਨ। ਨਮੂਨੇ ਵਜੋਂ ਕੁਝ ਗੀਤ ਹਾਜ਼ਰ ਹਨ,

ਉੱਕੜ-ਦੁੱਕੜ ਭੰਬਾ ਭੌ
ਅੱਸੀ ਨੱਬੇ ਪੂਰਾ ਸੌ
ਸਾਹਾ ਸਲੋਟਾ ਤਿੱਤਰ ਮੋਟਾ
ਚੱਲ ਮਦਾਰੀ ਪੈਸਾ ਖੋਟਾ
ਖੋਟੇ ਦੀ ਖਟਿਆਈ
ਬੇਬੇ ਦੌੜੀ ਦੌੜੀ ਆਈ।
---
ਈਂਗਣ ਮੀਂਗਣ ਤਲੀ ਤਲੀਂਗਣ
ਸਾਵਾ ਪੀਲਾ ਡੱਕਰਾ
ਗੁੜ ਖਾਵਾਂ ਵੇਲ ਵਧਾਵਾਂ
ਮੂਲੀ ਮਾਰਿਆ ਪੱਤਰਾ
ਪੱਤਰ ਗਏ ਲਾਹੌਰ
ਉਥੋਂ ਲਿਆਂਦੇ ਤਿੱਤਰ ਮੋਰ
ਤਿੱਤਰਾਂ ਮੋਰਾਂ ਪਾਈ ਲੜਾਈ
ਤੈਤਕੜੀ ਛੁਡਾਉਣ ਆਈ
ਤੈਤਕੜੀ ਨੂੰ ਵਜਾ ਡੰਡਾ
ਵੇ ਛੁਡਾਈਂ ਰਾਮ ਚੰਦਾ।
---
ਇਕ ਸਲਾਈ ਦੋ ਸਲਾਈ
ਤੀਜਾ ਬੋਲੇ ਲੈਫਟ ਰਾਈਟ।
---
ਆਂਟੇ ਮਾਂਟੇ ਟਈਓ ਟਿੱਚ
ਘੁੱਗੀ ਬਟੇਰਾ ਆਲ੍ਹਣੇ ਵਿਚ।
---
ਪਹਿਲਾ ਰਾਜਾ ਦੂਜਾ ਵਜ਼ੀਰ
ਤੀਜਾ ਚੌਧਰੀਆਂ ਦਾ ਪੀਰ
ਚੌਥਾ ਫੁਲ ਗੁਲਾਬ ਦਾ
ਪੰਜਵਾਂ ਮੱਖੀਆਂ ਮਾਰਦਾ।
---
ਪਹਿਲਾ ਰਾਣਾ ਦੂਜਾ ਕਾਣਾ
ਤੀਜਾ ਸਭ ਤੋਂ ਸਿਆਣਾ
ਚੌਥਾ ਫੁਲ ਗੁਲਾਬ ਦਾ
ਪੰਜਵਾਂ ਮੱਖੀਆਂ ਮਾਰਦਾ।
---
ਕੁਰਸੀ ਉਤੇ ਕਿਤਾਬ
ਕੋਈ ਮੇਮ ਕੋਈ ਸਾਬ
ਸਾਬ ਨੇ ਮਾਰਿਆ ਤੀਰ
ਕੋਈ ਰਾਂਝਾ ਕੋਈ ਹੀਰ
ਹੀਰ ਗਈ ਪਰਦੇਸ
ਕੋਈ ਲੁੰਗੀ ਕੋਈ ਖੇਸ
ਖੇਸ ਨੂੰ ਲੱਗਾ ਕੀੜਾ
ਕੋਈ ਕਾਣਾ ਕੋਈ ਟੀਰਾ।

ਕਈ ਖੇਡਾਂ ਜਿਵੇਂ ਕਬੱਡੀ, ਰੱਸਾ-ਕਸ਼ੀ, ਸ਼ੱਕਰ-ਭਿੱਜੀ, ਲੂਣ-ਮਿਆਣੀ, ਖਿੱਦੋ-ਖੂੰਡੀ,



ਕੋਟਲਾ-ਛਪਾਕੀ

ਕੂਕਾਂ-ਕਾਂਗੜੇ ਤੇ ਟਿਵਲਾ-ਟਿਵਲੀ ਆਦਿ ਦੋ ਟੋਲੀਆਂ ਬਣਾ ਕੇ ਖੇਡੀਆਂ ਜਾਂਦੀਆਂ ਹਨ। ਕਈ ਵਾਰ ਇਹ ਟੋਲੀਆਂ ਸਹੀ ਢੰਗ ਨਾਲ ਨਹੀਂ ਬਣਦੀਆਂ। ਟੋਲੀ ਦੇ ਖਿਡਾਰੀ ਚੁਣਨ ਸਮੇਂ ਝਗੜਾ ਹੋ ਜਾਣ ਦਾ ਡਰ ਰਹਿੰਦਾ ਹੈ। ਟੋਲੀਆਂ ਦੀ ਨਿਰਵਿਵਾਦ ਚੋਣ ਲਈ ਉਨ੍ਹਾਂ ਨਿਯਮ ਬਣਾਇਆ ਹੋਇਆ ਹੈ। ਇਹ ਨਿਯਮ ਬੱਚੇ ਤੇ ਗੱਭਰੂ ਬੜੀ ਈਮਾਨਦਾਰੀ ਨਾਲ ਨਿਭਾਉਂਦੇ ਹਨ।

ਜਿੰਨੇ ਬੱਚੇ ਜਾਂ ਗੱਭਰੂ ਖੇਡਣਾ ਚਾਹੁਣ ਉਹ ਇੱਕ ਥਾਂ ਇੱਕਠੇ ਹੋ ਕੇ ਬੈਠ ਜਾਂਦੇ ਹਨ। ਉਨ੍ਹਾਂ ਵਿਚੋਂ ਦੋ ਹੁੰਦਤਹੇਲ ਬੱਚੇ ਇੱਕ-ਇੱਕ ਟੋਲੀ ਦਾ ਮੁੱਖੀ ਬਣ ਜਾਂਦੇ ਹਨ ਤੇ ਇੱਕ ਪਾਸੇ ਹੋ ਕੇ ਕੱਠੇ ਬੈਠ ਜਾਂਦੇ ਹਨ। ਬਾਕੀ ਬੱਚਿਆਂ ਵਿਚੋਂ ਦੋ ਬੱਚੇ ਉਠ ਕੇ ਉਨ੍ਹਾਂ ਤੋਂ ਥੋੜ੍ਹੀ ਦੂਰ ਜਾਂਦੇ ਹਨ ਤੇ ਆਪਣੇ-ਆਪਣੇ ਫਰਜ਼ੀ ਨਾਂ ਰੱਖਦੇ ਹਨ। ਇਨ੍ਹਾਂ ਫਰਜ਼ੀ ਨਾਂਵਾਂ ਦਾ ਕੇਵਲ ਇਨ੍ਹਾਂ ਦੋਹਾਂ ਨੂੰ ਹੀ ਪਤਾ ਹੁੰਦਾ ਹੈ। ਫਰਜ਼ੀ ਨਾਂ ਵਾਲੇ ਬੱਚੇ ਗਲਵੱਕੜੀ ਪਾਈ ਆਉਂਦੇ ਹਨ ਤੇ ਟੋਲੀਆਂ ਦੇ ਮੁਖੀ ਕੋਲ ਆ ਕੇ ਪੁੱਛਦੇ ਹਨ। ਫਰਜ਼ ਕਰੋ ਇੱਕ ਜਣੇ ਦਾ ਨਾਂ ਚਾਂਦੀ ਹੈ ਤੇ ਦੂਜੇ ਦਾ ਨਾਂ ਸੋਨਾ ਉਹ ਦੋਵੇਂ ਪੁੱਛਣਗੇ,

ਕੋਈ ਲੈ ਲਓ ਚਾਂਦੀ
ਕੋਈ ਲੈ ਲਓ ਸੋਨਾ।

ਇੱਕ ਟੋਲੀ ਦਾ ਮੁਖੀ ਚਾਂਦੀ ਮੰਗ ਲੈਂਦਾ ਹੈ ਤਾਂ ਚਾਂਦੀ ਬਣਿਆਂ ਬੱਚਾ ਜਾਂ ਗੱਭਰੂ ਉਸ ਦੀ ਟੋਲੀ ਵਿਚ ਜਾ ਬੈਠਦਾ ਹੈ ਤੇ ਦੂਜਾ ਟੋਲੀ ਦੇ ਮੁਖੀ ਕੋਲ ਚਲਿਆ ਜਾਂਦਾ ਹੈ। ਇਸ ਤਰ੍ਹਾਂ ਵਾਰੋ ਵਾਰੀ ਚੋਣ ਕਰਵਾਉਂਦੇ ਹਨ। ਚੋਣ ਕਰਨ ਦੀ ਰੀਤੀ ਬਣੀ ਦਿਲਚਸਪ ਹੁੰਦੀ ਹੈ। ਇਸ ਰੀਤ ਨੂੰ ਆੜੀ ਮੜੱਕਣਾ ਵੀ ਆਖਦੇ ਹਨ। ਆੜੀ ਮੜੱਕਣ ਭਾਵ ਆੜੀ ਚੁਣਨ ਸਮੇਂ ਦੇ ਗੀਤ ਵੀ ਪ੍ਰਚਲਿਤ ਹਨ ਜਿਨ੍ਹਾਂ ਨੂੰ ਬੱਚੇ ਬੜੇ ਰਹਾ ਤੇ ਚਾਅ ਨਾਲ ਗਾਉਂਦੇ ਹਨ,

ਖੂਹ ਵਿਚ ਪਪੀਤਾ
ਕੋਈ ਮੰਗੇ ਰਾਮ
ਕੋਈ ਮੰਗੇ ਸੀਤਾ।
---
ਡਿਕਮ ਡਿਕਮ ਛਈਆ ਡੋ
ਜੀਵੇ ਥੋਡਾ ਮਾਂ ਪਿਓ
ਖੂਹ ਵਿਚ ਮਾਰੀ ਥਾਪੀ
ਕੋਈ ਲਓ ਸ਼ੇਰ
ਕੋਈ ਲਓ ਹਾਥੀ।
---
ਵੱਡੇ ਵੱਡੇ ਹਾਣੀਓ
ਹਾਂ ਜੀ
ਤੁਹਾਡੇ ਲਈ ਇਕ ਚੀਜ਼ ਲਿਆਏ
ਹਾਂ ਜੀ
ਕੋਈ ਲਓ ਗੁਲਾਬ ਦਾ ਫੁੱਲ
ਕੋਈ ਲਓ ਚੰਬੇਲੀ ਦਾ ਫੁੱਲ।

ਪੁੱਗਣ ਮਗਰੋਂ ਮੜਿੱਕ ਕੇ ਟੋਲੀਆਂ ਬਣਨ ਉਪਰੰਤ ਖੇਡ ਸ਼ੁਰੂ ਹੋ ਜਾਂਦੀ ਹੈ। ਖੇਡਣ ਸਮੇਂ ਛੂਹੇ ਜਾਣ 'ਤੇ ਜੇਕਰ ਕੋਈ ਖਿਡਾਰੀ ਆਪਣੀ ਦਾਈ ਅਥਵਾ ਪਿੱਤ-ਮੀਟੀ ਨਾ ਦੇਵੇ ਤਾਂ ਇਹ ਸਮਝਿਆ ਜਾਂਦਾ ਹੈ ਕਿ ਉਸ ਦੇ ਸਿਰ ਰੱਬ ਦਾ ਭਾਰ ਚੜ੍ਹੇਗਾ। ਇਸ ਕਰਕੇ ਉਹ ਆਪਣਾ ਫਰਜ਼ ਨਿਭਾਉਣ ਲਈ ਆਪਣੀ ਵਾਰੀ ਦਿੰਦੇ ਹਨ। ਜੇਕਰ ਕੋਈ ਜਣਾ ਘਰੋਂ ਸੱਦਾ ਆ ਜਾਣ ਕਰਕੇ ਜਾ ਜਾਣ ਬੁੱਝ ਕੇ ਆਪਣੀ ਮੀਟੀ-ਪਿੱਤ ਵਿਚਾਲੇ ਛੱਡ ਕੇ ਨੱਸਦਾ ਹੈ ਤਾਂ ਦੂਸਰੇ ਬੱਚੇ ਇਹ ਗੀਤ ਉਚੀ ਸੁਰ ਵਿਚ ਗਾਉਂਦੇ ਉਹਦੇ ਘਰ ਤੱਕ ਜਾਂਦੇ ਹਨ,

ਸਾਡੀ ਪਿੱਤ ਦੱਬਣਾ
ਘਰ ਦੇ ਚੂਹੇ ਚੱਬਣਾ
ਇੱਕ ਚੂਹਾ ਰਹਿ ਗਿਆ
ਚਪਾਹੀ ਫੜ ਕੇ ਲੈ ਗਿਆ
ਚਪਾਹੀ ਨੇ ਮਾਰੀ ਇੱਟ
ਚਾਹੇ ਰੋ ਚਾਹੇ ਪਿੱਟ।

ਇਨ੍ਹਾਂ ਖੇਡ ਨਿਯਮਾਂ ਦੀ ਪਾਲਣਾ ਕਰਨ ਕਰਕੇ ਬਾਲਾਂ ਵਿਚ ਬਚਪਨ ਤੋਂ ਹੀ ਫਰਜ਼-ਸ਼ਨਾਸ਼ੀ, ਸਦਭਾਵਨਾ, ਸਹਿਣਸ਼ੀਲਤਾ, ਨਿਆਂ, ਈਮਾਨਦਾਰੀ ਅਤੇ ਭਾਈਵਾਲੀ ਵਾਲੀਆਂ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਹੋ ਜਾਂਦਾ ਹੈ ਜੋ ਉਨ੍ਹਾਂ ਨੂੰ ਭਵਿੱਖ ਵਿਚ ਆਦਰਸ਼ ਮਨੁੱਖ ਬਣਨ ਵਿਚ ਸਹਾਇਕ ਹੁੰਦੀਆਂ ਹਨ।

ਆਪਸੀ ਸਹਿਮਤੀ ਨਾਲ ਖੇਡ ਸ਼ੁਰੂ ਹੋ ਜਾਂਦੀ ਹੈ। ਅਨੇਕਾਂ ਖੇਡਾਂ ਅਜਿਹੀਆਂ ਹਨ ਜਿਨ੍ਹਾਂ ਨਾਲ ਬੜੇ ਦਿਲਚਸਪ ਖੇਡ ਗੀਤ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਪੰਜਾਬੀ ਸੱਭਿਆਚਾਰ ਦੇ ਅੰਸ਼ ਸਮੋਏ ਹੋਏ ਹਨ,

ਅੰਬਾਂ ਵਾਲੀ ਕੋਠੜੀ
ਬਦਾਮਾਂ ਵਾਲਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ।
---
ਭੰਡਾ ਭੰਡਾਰੀਆ
ਕਿਤਨਾ ਕੁ ਭਾਰ
ਇੱਕ ਮੁੱਠੀ ਚੁੱਕ ਲੈ
ਦੂਈ ਨੂੰ ਤਿਆਰ।
---
ਗੱਡਾ ਗਡੋਰੀਆ
ਗੱਡੇ ਵਿਚ ਖੂਹ
ਖੜੇ ਨੂੰ ਛੱਡ ਕੇ
ਬੈਠੇ ਨੂੰ ਛੂਹ।
---
ਅੱਲੀਏ ਪਟੱਲੀਏ
ਕਪਾਹ ਚੁਗਣ ਚੱਲੀਏ
ਮੂਹਰੇ ਬੈਠੇ ਗਿੱਦੜ
ਪਿਛਾਂਹ ਮੁੜ ਚੱਲੀਏ।
---
ਐਸ ਗਲੀ ਆ ਜਾ
ਐਸ ਗਲੀ ਹਨ੍ਹੇਰਾ
ਲੈਂਪ ਲੈ ਕੇ ਆ ਜਾ
ਲੈਂਪ ਮੇਰਾ ਟੁੱਟਾ ਫੁੱਟਾ
ਦੀਵਾ ਲੈ ਕੇ ਆ ਜਾ
ਦੀਵੇ ਵਿਚ ਤੇਲ ਨੀ
ਤੇਰਾ ਮੇਰਾ ਮੇਲ ਨੀ।
---
ਕਾਹਨਾ ਕਾਹਨਾ ਸ਼ੇਰ ਜਵਾਨਾ
ਤੇਰੀ ਘੋੜੀ ਖਾਂਦੀ ਦਾਲ ਵੜੀਆਂ
ਪੀਂਦੀ ਕੀ?
ਭੰਗ
ਤੇਰੀ ਘੋੜੀ ਦੀ ਟੁੱਟ ਜੇ ਟੰਗ।
---
ਲੁਕ ਛਿਪ ਜਾਣਾ
ਮੱਕੀ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ।
---
ਮੇਰੇ ਕੋਠੇ ਤੇ ਕੌਣ ਲੰਘਿਆ
ਮੈਂ ਰਾਜਾ ਪਟਵਾਰ
ਕੀ ਕੁਝ ਮੰਗਦਾ
ਅਧ ਮਣ ਖਿਚੜੀ ਨੌਂ ਮਣ ਦਾਲ
ਖਾਵਾਂ ਕਦੂਆਂ ਨਾਲ
ਜਿਹੜਾ ਮੰਗੇ ਲੈ ਜਾਏ ਨਾਲੋ ਨਾਲ।
---
ਰਾਜਾ ਮੰਗੇ ਬੱਕਰੀ
ਮੈਂ ਬੱਕਰੀ ਲਜਾਣੀ ਐ
ਇੱਕੋ ਮੇਰੀ ਬੱਕਰੀ
ਮੈਂ ਕਿੱਲੇ 'ਤੇ ਬਨ੍ਹਣੀ ਐ।
---
ਕੋਟਲਾ ਛਪਾਕੀ ਜੁੰਮੇਰਾਤ ਆਈ ਏ
ਜਿਹੜਾ ਪਿੱਛੇ ਮੁੜ ਕੇ ਝਾਕੇ
ਉਹਦੀ ਸ਼ਾਮਤ ਆਈ ਏ।
---
ਮੇਰੀ ਲਾਲ ਪਰੀ ਆ ਜਾ
ਟਿੱਕਾ ਬਿੰਦੀ ਲਾ ਜਾ
ਹੌਲੀ ਹੌਲੀ ਆਵੀਂ
ਸ਼ੋਰ ਨਾ ਮਚਾਵੀਂ।

ਹੋਰ ਵੀ ਅਨੇਕਾਂ ਖੇਡ ਗੀਤ ਹਨ ਜੋ ਆਧੁਨਿਕ ਮਸ਼ੀਨੀ ਸੱਭਿਅਤਾ ਦੇ ਵਿਕਾਸ ਦੇ ਪ੍ਰਭਾਵ ਅਤੇ ਬਿਜਲਈ ਸੰਚਾਰ ਸਾਧਨਾਂ ਦੇ ਮਾਰੂ ਅਸਰ ਕਾਰਨ ਸਮੇਂ ਦੀ ਧੂੜ ਵਿਚ ਗੁਆਚ ਰਹੇ ਹਨ। ਅੱਜ ਕਲ੍ਹ ਬਾਲ ਤੇ ਗੱਭਰੂ ਪਹਿਲਿਆਂ ਵਾਂਗ ਰਲ ਕੇ ਖੇਡਾਂ ਨਹੀਂ ਖੇਡਦੇ ਬਲਕਿ ਕੰਪਿਊਟਰ ਅਤੇ ਮੋਬਾਇਲਾਂ 'ਤੇ ਉਪਲਬਧ 'ਗੇਮਾਂ' ਖੇਡ ਕੇ ਹੀ ਡੰਗ ਟਪਾਉਂਦੇ ਹਨ। ਨਤੀਜਾ ਇਹ ਹੈ ਕਿ ਉਨ੍ਹਾਂ ਵਿਚ ਭਾਈਚਾਰਕ ਸਾਂਝ ਬਣਨ ਦੀ ਥਾਂ ਵਿਅਕਤੀਵਾਦ ਪ੍ਰਧਾਨ ਹੋਈ ਜਾ ਰਿਹਾ ਹੈ ਜੋ ਕਿਸੇ ਵੀ ਤਰ੍ਹਾਂ ਸਮਾਜ ਲਈ ਚੰਗਾ ਨਹੀਂ ਗਿਣਿਆ ਜਾ ਸਕਦਾ। ਖੇਡ ਗੀਤ ਪੰਜਾਬੀ ਸੱਭਿਆਚਾਰ ਅਤੇ ਲੋਕ ਧਾਰਾ ਦਾ ਅਨਿਖੜਵਾਂ ਅੰਗ ਹਨ। ਇਨ੍ਹਾਂ ਨੂੰ ਲੋਕਧਾਰਾਈ ਦ੍ਰਿਸ਼ਟੀ ਤੋਂ ਵਾਚਣ ਦੀ ਲੋੜ ਹੈ।



ਬਾਂਟੇ ਖੇਡਣਾ

# ਜ਼ੋਹਰਾ ਸਹਿਗਲ

## ਅਦਾ ਅਤੇ ਅਦਾਕਾਰੀ ਦੀ ਜਾਦੂਗਰਨੀ



ਜ਼ੋਹਰਾ ਸਹਿਗਲ ਦਾ ਨਾਂ ਪੜ੍ਹਦਿਆਂ-ਸੁਣਦਿਆਂ ਹੀ ਦਿਲ-ਓ-ਦਿਮਾਗ ਵਿਚ ਮਾਂ ਦਾ ਅਕਸ ਉਭਰਦਾ ਹੈ। ਅਸਲ ਵਿਚ ਉਸ ਨੇ ਆਪਣੀਆਂ ਆਖਰੀ ਫਿਲਮਾਂ ਵਿਚ ਜਿਸ ਤਰ੍ਹਾਂ ਦੇ ਦਾਦੀ-ਮਾਂ ਵਾਲੇ ਕਿਰਦਾਰ ਨਿਭਾਏ ਅਤੇ ਇਹ ਕਿਰਦਾਰ ਨਿੱਕੇ ਜਾਂ ਵੱਡੇ ਪਰਦੇ ਉਤੇ ਸਾਕਾਰ ਕੀਤੇ, ਉਹ ਲੋਕਾਂ ਦੇ ਮਨਾਂ ਉਤੇ ਡੂੰਘਾ ਅਸਰ ਕਰ ਗਏ ਸਨ।

ਵੱਕਾਰੀ ਪਦਮਸ੍ਰੀ ਅਤੇ ਪਦਮ ਵਿਭੂਸ਼ਨ ਪੁਰਸਕਾਰਾਂ ਨਾਲ ਸਨਮਾਨਤ ਜ਼ੋਹਰਾ ਸਹਿਗਲ ਦਾ ਜਨਮ 27 ਅਪਰੈਲ, 1912 ਨੂੰ ਉੱਤਰ ਪ੍ਰਦੇਸ਼ ਦੇ ਸ਼ਹਿਰ ਸਹਾਰਨਪੁਰ ਵਿਚ ਮੁਮਤਾਜ਼-ਉਲਾ ਖ਼ਾਨ ਅਤੇ ਨਤਿਕਾ ਬੇਗਮ ਦੇ ਘਰ ਹੋਇਆ ਸੀ। ਸਾਹਿਬਜ਼ਾਦੀ ਜ਼ੋਹਰਾ ਸੱਤ ਭੈਣ-ਭਰਾਵਾਂ ਵਿਚ ਤੀਜੇ ਨੰਬਰ 'ਤੇ ਸਨ ਅਤੇ ਉਨ੍ਹਾਂ ਬਚਪਨ ਦੇਹਰਾਦੂਨ ਨੇੜੇ ਚਕਰਾਤਾ ਵਿਖੇ ਬੀਤਿਆ। ਜ਼ੋਹਰਾ ਨੇ 1935 ਵਿਚ ਆਪਣਾ ਕੈਰੀਅਰ ਡਾਂਸਰ ਉਦੈ ਸ਼ੰਕਰ ਨਾਲ ਸ਼ੁਰੂ ਕੀਤਾ ਅਤੇ ਜਾਪਾਨ, ਮਿਸਰ, ਯੂਰਪ ਅਤੇ ਅਮਰੀਕਾ ਵਿਚ ਪੇਸ਼ਕਾਰੀਆਂ ਦਿੱਤੀਆਂ। ਅਗਸਤ 1942 ਵਿਚ ਉਸ ਨੇ ਵਿਗਿਆਨੀ, ਚਿੱਤਰਕਾਰ ਅਤੇ ਡਾਂਸਰ ਕਮੇਸ਼ਵਰ ਸਹਿਗਲ ਨਾਲ ਵਿਆਹ ਕਰਵਾ ਲਿਆ। ਉਨ੍ਹਾਂ ਦੇ ਘਰ ਧੀ ਕਿਰਨ ਅਤੇ ਪੁੱਤਰ ਪਵਨ ਨੇ ਜਨਮ ਲਿਆ।

ਇੰਡੀਅਨ ਥਿਏਟਰ ਦੇ ਹੰਢੇ ਹੋਏ ਕਲਾਕਾਰਾਂ ਵਿਚੋਂ ਇਕ ਮੰਨੀ ਜਾਂਦੀ ਜ਼ੋਹਰਾ ਸਹਿਗਲ ਨੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਅਤੇ ਪ੍ਰਿਥਵੀਰਾਜ ਕਪੂਰ ਦੇ ਪ੍ਰਿਥਵੀ ਥਿਏਟਰ ਨਾਲ 14 ਸਾਲਾਂ ਤੱਕ ਸਾਂਝ ਨਿਭਾਈ। ਉਨ੍ਹਾਂ ਗੁਰੂਦੱਤ ਦੀ ਫਿਲਮ 'ਬਾਜ਼ੀ' ਅਤੇ ਰਾਜ ਕਪੂਰ ਦੀ ਫ਼ਿਲਮ 'ਆਵਾਰਾ' ਦੇ ਗੀਤ ਸਮੇਤ ਕਈ ਫ਼ਿਲਮਾਂ ਵਿਚ ਕੋਰੀਓਗ੍ਰਾਫੀ ਵੀ ਕੀਤੀ। 1952 ਵਿਚ ਪਤੀ ਵੱਲੋਂ ਖ਼ੁਦਕੁਸ਼ੀ ਕਰਨ ਤੋਂ ਬਾਅਦ ਪਹਿਲਾਂ ਉਹ ਦਿੱਲੀ ਆ ਗਈ ਅਤੇ ਫਿਰ 1962 ਵਿਚ ਉਹ ਡਰਾਮਾ ਵਜ਼ੀਫੇ ਤਹਿਤ ਲੰਡਨ ਚਲੀ ਗਈ ਜਿੱਥੇ ਉਨ੍ਹਾਂ 'ਦਿ ਜਿਊਲ ਇਨ ਦਿ ਕਰਾਊਨ', 'ਤੰਦੂਰੀ ਨਾਈਟਸ' ਅਤੇ 'ਮਾਈ ਬਿਊਟੀਫੁਲ ਲਾਂਡਰੀ' ਸਮੇਤ ਕਈ ਲੜੀਵਾਰਾਂ ਵਿਚ ਅਹਿਮ ਭੂਮਿਕਾ ਨਿਭਾਈ। ਹਮੇਸ਼ਾ ਖਿੜੇ ਚਿਹਰੇ ਵਾਲੀ ਇਸ ਅਦਾਕਾਰਾ ਨੇ ਆਪਣੇ 70 ਸਾਲਾਂ ਦੇ ਕਰੀਅਰ ਦੌਰਾਨ ਆਖਰੀ ਫ਼ਿਲਮ 2007 ਵਿਚ 'ਸਾਂਵਰੀਆ' ਕੀਤੀ ਸੀ। ਉਸ ਨੇ ਅਮਿਤਾਭ ਬੱਚਨ ਨਾਲ 'ਚੀਨੀ ਕਮ', ਸ਼ਾਹਰੁਖ ਖ਼ਾਨ ਨਾਲ 'ਦਿਲ ਸੇ' ਤੇ 'ਤੰਦੂਰੀ ਨਾਈਟਸ' ਅਤੇ ਸਲਮਾਨ ਖ਼ਾਨ ਨਾਲ 'ਹਮ ਦਿਲ ਦੇ ਚੁਕੇ ਸਨਮ' ਫਿਲਮਾਂ ਵਿਚ ਅਹਿਮ ਭੂਮਿਕਾਵਾਂ ਨਿਭਾਈਆਂ।

ਜ਼ੋਹਰਾ ਸਹਿਗਲ ਦਾ ਜੀਵਨ ਬੜਾ ਸ਼ੰਘਰਸ਼ਪੂਰਨ ਸੀ। ਅਜੇ ਉਹ ਬਚਪਨ ਤੋਂ ਅੱਲ੍ਹੜ ਉਮਰ ਵੱਲ ਪੈਰ ਪੁੱਟ ਹੀ ਰਹੀ ਸੀ ਜਦੋਂ ਉਸ ਦੀ ਅੰਮੜੀ ਦਾ ਇੰਤਕਾਲ ਹੋ ਗਿਆ। ਅੰਮੜੀ ਦੀ ਇੱਛਾ ਅਨੁਸਾਰ ਉਹਨੂੰ ਅਤੇ ਉਸ ਦੀ ਭੈਣ ਨੂੰ ਲਾਹੌਰ ਦੇ ਕੁਈਨ ਮੇਰੀ ਕਾਲਜ ਵਿਚ ਦਾਖਲ ਕਰਵਾਇਆ ਗਿਆ। ਉਥੇ ਪਰਦੇ ਦੀ ਸ਼ਰਤ ਬੜੀ ਸਖਤ ਸੀ। ਇਸੇ ਦੌਰਾਨ ਆਪਣੀ ਭੈਣ ਦੇ ਫੇਲ੍ਹ ਵਿਆਹ ਦਾ ਮੰਜ਼ਰ ਉਹ ਦੇਖ ਚੁੱਕੀ ਸੀ। ਬੱਸ, ਉਸ ਨੇ ਉਦੋਂ ਹੀ ਮਨ ਹੀ ਮਨ ਧਾਰ ਲਿਆ ਕਿ ਵਿਆਹ ਦੇ ਖਲਜਗਣ ਵਿਚ ਨਹੀਂ ਪੈਣਾ, ਸਗੋਂ ਆਪਣੇ ਪੈਰਾਂ ਉਤੇ ਖੜ੍ਹੇ ਹੋਣਾ ਹੈ। ਇਸੇ ਪ੍ਰਣ ਵਿਚੋਂ ਹੀ ਉਸ ਦੇ ਕਰੀਅਰ ਦਾ ਆਰੰਭ ਹੋਇਆ। ਉਸ ਦੇ ਕਰੀਅਰ ਦੀ ਸ਼ੁਰੂਆਤ ਵੀ ਉਹਦੀ ਜ਼ਿੰਦਗੀ ਜਿੰਨੀ ਹੀ ਇਤਫਾਕ ਵਰਗੀ ਸੀ। ਯੂਰਪ ਵਿਚ ਆਪਣੇ ਚਾਚਾਜਾਨ ਦੇ ਸਿਰ 'ਤੇ ਘੁੰਮਦਿਆਂ ਉਸ ਦੀ ਮੁਲਾਕਾਤ ਉਦੈ ਸ਼ੰਕਰ ਨਾਲ ਹੋਈ। ਉਹ ਉਦੋਂ 'ਸ਼ਿਵ-ਪਾਰਬਤੀ' ਵਾਲਾ ਬੈਲੇ ਕਰ ਰਿਹਾ ਸੀ। ਬੱਸ, ਇਸ ਬੈਲੇ ਨੇ ਉਸ ਦੀ ਜ਼ਿੰਦਗੀ ਦੀ ਪਟੜੀ ਹੀ ਬਦਲ ਦਿੱਤੀ। ਇਹ ਬੈਲੇ ਦੇਖਣ ਤੋਂ ਤੁਰੰਤ ਬਾਅਦ ਉਹ ਸਟੇਜ ਦੇ ਪਿੱਛੇ ਉਦੈ ਸ਼ੰਕਰ ਨੂੰ ਮਿਲਣ ਗਈ। ਉਹ ਉਦੈ ਦੀ ਅਦਾਕਾਰੀ ਤੋਂ ਬਾਗੋ-ਬਾਗ ਸੀ। ਉਦੈ ਸ਼ੰਕਰ ਨੇ ਵੀ ਉਸ ਨਾਲ ਵਾਅਦਾ ਕੀਤਾ ਕਿ ਭਾਰਤ ਪੁੱਜ ਕੇ ਉਹ ਉਸ ਨੂੰ ਕੰਮ ਦਿਵਾਏਗਾ। ਉਦੋਂ ਤੱਕ ਜ਼ੋਹਰਾ ਦੀ ਗਰੈਜੂਏਸ਼ਨ ਵੀ ਪੂਰੀ ਹੋ ਜਾਣੀ ਸੀ।

ਫਿਰ ਇਕ ਦਿਨ ਉਦੈ ਸ਼ੰਕਰ ਦੀ ਟੈਲੀਗ੍ਰਾਮ ਆ ਗਈ। ਲਿਖਿਆ ਸੀ- "ਜਪਾਨ ਦੇ ਟੂਰ ਲਈ ਨਿਕਲ ਰਹੇ ਹਾਂ, ਛੇਤੀ ਨਾਲ ਰਲ ਸਕਦੇ ਹੋ?" ... ਤੇ 8 ਅਗਸਤ 1935 ਨੂੰ ਜ਼ੋਹਰਾ ਇਸ ਗਰੁੱਪ ਨਾਲ ਜਾ ਰਲੀ ਅਤੇ ਜਪਾਨ ਵਿਚ ਹੋਏ ਪ੍ਰੋਗਰਾਮਾਂ ਦੌਰਾਨ ਰੱਜ ਨੇ ਨੱਚੀ। ਇਸ ਤੋਂ ਬਾਅਦ ਮਿਸਰ, ਯੂਰਪ ਅਤੇ ਅਮਰੀਕਾ ਦੀ ਵੀ ਵਾਰੀ ਆਈ। ਉਹ ਬੈਲੇ ਦੀ 'ਲੀਡ ਲੇਡੀ' ਬਣ ਚੁੱਕੀ ਸੀ। 1940 ਵਿਚ ਉਦੈ ਸ਼ੰਕਰ ਜਦੋਂ ਭਾਰਤ ਪਰਤਿਆ ਤਾਂ ਉਹ ਉਸ ਦੇ ਅਲਮੋੜਾ ਸਥਿਤ 'ਇੰਡੀਆ ਕਲਚਰਲ ਸੈਂਟਰ' ਵਿਚ ਪੜ੍ਹਾਉਣ ਲੱਗ ਪਈ। ਇਥੇ ਹੀ ਉਸ ਦੀ ਮੁਲਾਕਾਤ ਕਮੇਸ਼ਵਰ ਸਹਿਗਲ ਨਾਲ ਹੋਈ। ਉਹ ਇੰਦੌਰ ਤੋਂ ਸੀ ਅਤੇ ਚਿੱਤਰਕਾਰ ਤੇ ਡਾਂਸਰ ਹੋਣ ਦੇ ਨਾਲ-ਨਾਲ ਵਿਗਿਆਨੀ ਵੀ ਸੀ। ਮਗਰੋਂ ਦੋਹਾਂ ਨੇ 14 ਅਗਸਤ 1942 ਨੂੰ ਵਿਆਹ ਕਰਵਾ ਲਿਆ। ਉਨ੍ਹਾਂ ਕੁਝ ਸਮਾਂ ਲਾਹੌਰ ਡੇਰੇ ਲਾਈ ਰੱਖੇ। ਫਿਰ ਵੰਡ ਤੋਂ ਬਆਦ ਮੁੰਬਈ ਪੁੱਜ ਗਏ। ਉਹਦੇ ਕੁੱਛੜ ਉਦੋਂ ਇਕ ਸਾਲ ਦੀ ਧੀ ਕਿਰਨ ਸੀ। ਮੁੰਬਈ ਵਿਚ ਉਹਦੀ ਭੈਣ ਉਜ਼ਰਾ ਬੱਟ ਪ੍ਰਿਥਵੀ ਥੀਏਟਰ ਵਿਚ ਕੰਮ ਕਰਦੀ ਸੀ। ਉਹ ਵੀ ਉਥੇ ਡਟ ਗਈ। ਫਿਰ ਖੱਬੇਪੱਖੀ ਜਥੇਬੰਦੀ 'ਇਪਟਾ' ਨਾਲ ਨਾਟਕਾ ਦਾ ਸਿਲਸਿਲਾ ਚੱਲ ਪਿਆ। 'ਇਪਟਾ' ਵਾਲਿਆਂ ਜਦੋਂ 1946 ਵਿਚ ਫਿਲਮਸਾਜ਼ ਖਵਾਜਾ ਅਹਿਮਦ ਅੱਬਾਸ ਦੇ ਨਿਰਦੇਸ਼ਨ ਹੇਠ ਫਿਲਮ 'ਧਰਤੀ ਕੇ ਲਾਲ' ਬਣਾਈ ਤਾਂ ਇਹ ਉਸ ਦੀ ਪਲੇਠੀ ਫਿਲਮ ਹੋ ਨਿਬੜੀ। ਫਿਰ 'ਇਪਟਾ' ਨਾਲ ਹੀ ਸਬੰਧਤ ਚੇਤਨ ਆਨੰਦ ਦੀ ਫਿਲਮ 'ਨੀਚਾ ਨਗਰ' (1946) ਵਿਚ ਵੀ ਕੰਮ ਕੀਤਾ। ਇਸ ਫਿਲਮ ਵਿਚ ਉਸ ਦੇ ਕੰਮ ਦੀ ਬਹੁਤ ਤਾਰੀਫ ਹੋਈ। ਫਿਰ ਤਾਂ ਚੱਲ ਸੋ ਚੱਲ ਹੀ ਸੀ।




*ਜ਼ੋਹਰਾ ਸਹਿਗਲ ਦੀ ਧੀ ਕਿਰਨ ਸਹਿਗਲ ਨੇ ਆਪਣੀ ਮਾਂ ਬਾਰੇ ਕਿਤਾਬ ਲਿਖੀ, ਤਾਂ ਕਹਾਣੀ ਬਣ ਗਈ। ਇਸ ਕਿਤਾਬ ਦਾ ਨਾਂ ਪਹਿਲਾਂ 'ਜ਼ੋਹਰਾ ਸਹਿਗਲ: ਫੈਟੀ ਹਿਟਲਰ' ਸੋਚਿਆ ਗਿਆ ਸੀ ਪਰ ਬਾਅਦ ਵਿਚ ਇਸ ਕਿਤਾਬ ਦਾ ਨਾ ਸਿਰਫ 'ਜ਼ੋਹਰਾ ਸਹਿਗਲ: ਫੈਟੀ' ਰੱਖਿਆ ਗਿਆ। ਜ਼ੋਹਰਾ ਨੂੰ ਇਸ ਬਾਰੇ ਪਤਾ ਲੱਗਾ ਤਾਂ ਕਹਿੰਦੀ: ਧੀਏ ਰੱਖ ਦੇਣਾ ਸੀ ਉਹੀ ਨਾਂ-ਹਿਟਲਰ ਵਾਲਾ ਹੀ। ਕੋਈ ਗੱਲ ਜਿਹੀ ਤਾਂ ਬਣਦੀ ਰਤਾ ਕੁ...।*

### ਜ਼ੋਹਰਾ: ਝਾਤੀਆਂ


ਜਵਾਨੀ ਵੇਲੇ ਦੀ ਤਸਵੀਰ।


ਧੀ ਕਿਰਨ ਤੇ ਪੁੱਤਰ ਪਵਨ ਨਾਲ।


ਅਦਾਕਾਰੀ ਦਾ ਇਕ ਰੰਗ।


ਮਾਂ ਦੇ ਰੂਪ ਵਿਚ ਜ਼ੋਹਰਾ।

# ਦਿਪਨਿਤਾ ਸ਼ਰਮਾ ਦੀ ਅਨੋਖੀ ਉਡਾਣ



ਆਸਾਮ ਦੀ ਜਾਈ ਮਾਡਲ ਅਦਾਕਾਰਾ ਦਿਪਨਿਤਾ ਸ਼ਰਮਾ ਨੇ ਅਜੇ ਸਿਰਫ ਸੱਤ ਫਿਲਮਾਂ ਹੀ ਕੀਤੀਆਂ ਹਨ ਅਤੇ ਹੁਣ ਉਹ 'ਟੇਕ ਇਟ ਇਜ਼ੀ' ਨਾਂ ਦੀ ਫਿਲਮ ਵਿਚ ਮਾਂ ਦੀ ਭੂਮਿਕਾ ਨਿਭਾਅ ਰਹੀ ਹੈ। ਦਿਪਨਿਤਾ ਦਾ ਕਹਿਣਾ ਹੈ ਕਿ ਉਸ ਨੇ ਸਦਾ ਹੀ ਕੁਝ ਨਾ ਕੁਝ ਨਵਾਂ ਕਰਨਾ ਚਾਹਿਆ ਹੈ, ਆਮ ਲੀਹ ਤੋਂ ਐਨ ਹਟਵਾਂ। ਇਸੇ ਲਈ ਜਦੋਂ ਉਸ ਨੂੰ ਇਸ ਫਿਲਮ ਦੀ ਪੇਸ਼ਕਸ਼ ਆਈ ਤਾਂ ਉਸ ਨੇ ਝੱਟ ਸਵੀਕਾਰ ਕਰ ਲਈ। ਇਹ ਫਿਲਮ ਵਿਚ ਦਿਪਨਿਤਾ ਦੋ ਬੱਚਿਆਂ ਦੀ ਮਾਂ ਬਣੀ ਹੈ। ਉਸ ਮੁਤਾਬਕ ਬਹੁਤ ਜਾਨ ਕਿਰਦਾਰ ਹੈ। ਇਸ ਫਿਲਮ ਤੋਂ ਪਹਿਲਾਂ ਉਸ ਦੀ ਇਕ ਹੋਰ ਫਿਲਮ 'ਪਿਜ਼ਾ' ਆ ਰਹੀ ਹੈ।

ਦਿਪਨਿਤਾ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 2002 ਵਿਚ ਫਿਲਮ '16 ਦਸੰਬਰ' ਤੋਂ ਕੀਤਾ ਸੀ। ਇਸ ਫਿਲਮ ਵਿਚ ਆਪਣੀ ਵਧੀਆ ਅਦਾਕਾਰੀ ਕਰ ਕੇ ਉਹ ਜ਼ੀ ਅਤੇ ਸਕਰੀਨ ਪੁਰਸਕਾਰਾਂ ਲਈ ਸਰਵੋਤਮ ਅਦਾਕਾਰਾ (ਪਲੇਠੀ ਫਿਲਮ ਵਾਲੇ ਵਰਗ ਵਿਚ) ਵਜੋਂ ਨਾਮਜ਼ਦ ਹੋਈ ਸੀ। ਇਸ ਤੋਂ ਬਾਅਦ 2004 ਵਿਚ ਉਸ ਦੀਆਂ 2 ਫਿਲਮਾਂ- 'ਦਿਲ ਵਿਲ ਅਿਪਾਰ ਵਿਆਰ' ਅਤੇ 'ਅਸੰਭਵ' ਆਈਆਂ ਅਤੇ ਉਸ ਦੀ ਚਰਚਾ ਅੱਗੇ ਤੁਰੀ। 2005 ਵਿਚ ਵੀ 2 ਫਿਲਮਾਂ- 'ਮਾਈ ਬ੍ਰਦਰ...ਨਿਖਿਲ' ਤੇ 'ਕੋਈ ਆਪ ਸਾ' ਰਿਲੀਜ਼ ਹੋਈਆਂ। ਉਂਜ ਉਸ ਦੀ ਅਸਲ ਚਰਚਾ 2011 ਵਿਚ ਆਈ ਫਿਲਮ 'ਲੇਡੀਜ਼ ਵਰਸਿਜ ਰਿੱਕੀ ਬਹਿਲ' ਨਾਲ ਹੋਈ। ਇਸ ਫਿਲਮ ਲਈ ਵੀ ਉਹ 2012 ਦੇ ਜ਼ੀ ਪੁਰਸਕਾਰ ਲਈ ਸਹਾਇਕ ਅਦਾਕਾਰ ਵਾਲੇ ਵਰਗ ਲਈ ਨਾਮਜ਼ਦ ਹੋਈ।

ਦਿਪਨਿਤਾ ਨੇ ਕੁਝ ਟੀ.ਵੀ. ਸੀਰੀਅਲਾਂ ਵਿਚ ਵੀ ਕੰਮ ਕੀਤਾ ਜਿਨ੍ਹਾਂ ਵਿਚ 'ਹਰ ਦਿਲ ਜੋ ਲਵ ਕਰੇਗਾ', 'ਵਿਲਜ਼ ਲਾਈਫ ਸਟਾਈਲ ਇੰਡੀਆ ਵੀਕ', 'ਫੇਅਰ ਫੈਕਟਰ- ਖਤਰੋਂ ਕੇ ਖਿਲਾੜੀ', 'ਐਮ.ਟੀ.ਵੀ. ਮੇਕਿੰਗ ਇ ਕੱਟ' ਅਤੇ 'ਪੀਆ ਕੇ ਘਰ ਜਾਨਾ ਹੈ' ਆਦਿ ਸ਼ਾਮਲ ਹਨ। ਲੰਮੀ-ਝੰਮੀ ਦਿਪਨਿਤਾ (ਉਹਦਾ ਕੱਦ 5 ਫੁੱਟ 9 ਇੰਚ ਹੈ) ਨੇ ਪਹਿਲਾਂ ਮਾਡਲਿੰਗ ਦੇ ਖੇਤਰ ਵਿਚ ਪੈਰ ਧਰਿਆ ਸੀ। ਉਸ ਦਾ ਜਨਮ ਆਸਾਮ ਦੇ ਕਸਬੇ ਦੂਲੀਆਜਾਨ ਵਿਚ ਹੋਇਆ ਜਿਥੇ ਉਸ ਦਾ ਡਾਕਟਰ ਬਾਪੂ ਤਾਇਨਾਤ ਸੀ। ਮੁਢਲੀ ਪੜ੍ਹਾਈ ਉਹਨੇ ਗੁਹਾਟੀ ਦੇ ਹੋਲੀ ਸਕੂਲ ਤੋਂ ਕੀਤੀ। ਬਾਅਦ ਵਿਚ ਦਿੱਲੀ ਵਿਚ ਇੰਦਰ ਪ੍ਰਸਥ ਕਾਲਜ ਤੋਂ ਗਰੈਜੂਏਸ਼ਨ ਕੀਤੀ। ਜਦੋਂ ਉਹ ਫਿਲਮੀ ਦੁਨੀਆਂ ਵਿਚ ਆਈ ਤਾਂ ਇਕ ਵਾਰ ਉਸ ਦਾ ਨਾਂ ਅਦਾਕਾਰ ਅਭਿਸ਼ੇਕ ਬੱਚਨ ਨਾਲ ਵੀ ਜੁੜਿਆ ਸੀ। ਉਂਜ ਦੋਹਾਂ ਨੇ ਕਿਸੇ ਆਪਸੀ ਰਿਸ਼ਤੇ ਤੋਂ ਸਦਾ ਹੀ ਇਨਕਾਰ ਕੀਤਾ। ਮਗਰੋਂ ਦਿਪਨਿਤਾ ਨੇ ਦਿੱਲੀ ਦੇ ਕਾਰੋਬਾਰੀ ਦਿਲਸ਼ੇਰ ਸਿੰਘ ਅਟਵਾਲ ਨਾਲ ਵਿਆਹ ਕਰਵਾ ਲਿਆ। ਦਿਲਸ਼ੇਰ ਦੇ ਘਰਦਿਆਂ ਦਾ ਖਣਨ ਦਾ ਕਾਰੋਬਾਰ ਹੈ। ਇਹ ਜੋੜਾ ਅੱਜ ਕੱਲ੍ਹ ਮੁੰਬਈ ਰਹਿੰਦਾ ਹੈ। ਉਸ ਹੁੱਬ ਕੇ ਆਖਦੀ ਹੈ ਕਿ ਉਸ ਦਾ ਖਾਵੰਦ ਉਸ ਦਾ ਫਿਲਮੀ ਕਰੀਅਰ ਚਮਕਾਉਣ ਵਿਚ ਬਰਾਬਰ ਦੀ ਮੱਦਦ ਕਰਦਾ ਹੈ।


ਫਿਲਮ 'ਟੇਕ ਇਟ ਇਜ਼ੀ' ਦੀ ਇਕ ਝਲਕ।


JAI Masta Di Entertainment
&
Master Deepak Ji
in association with
Miss Duniya Corporation
presents
Desi 1170AM
Exclusive Radio Partner
Grand Sponsor : Nuts & Spice (Sanjay Birla, Union City)
Platinum Sponsor : Ashwini Bhakhri (Attorney at Law)
Gold Sponsor : Paul (Rangoli Sweets)
The JOGIYA Tour
GURDAS MAAN
LIVE IN CONCERT
AUGUST 9th, 2014
TIME : 8:00 PM
SAN JOSE CENTER FOR PERFORMING ARTS
Tickets : $39, $49, $69, $79, $99, VIP, VVIP, ELITE
Online Tickets : jmdentertainment.com
Sulekha.com
For More Info., Call Avtar Lakha 209-200-0818 or 510-962-1911
Asha Sharma 831-406-7940, Vijay 707-392-9625
SUNNYVALE OFFICE: 460 Persian Dr. Unit 4, Sunnyvale, CA 94089, Ph: 408-734-1600
UNION CITY OFFICE: 123 Wendy Ct., Union City, CA 94587, Ph: 510-324-3100